
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 45
February 17, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸ੍ਰੀ ਗੁਰੂ ਰਵਿਦਾਸ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 26, 27, 28 ਫਰਵਰੀ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। *ਹੋਰ ਜਾਣਕਾਰੀ ਲਈ ਸਬੰਧਤ ਇਸ਼ਤਿਹਾਰ ਦੇਖੋ ਸਫਾ 2 'ਤੋਂ।*

# ਕਿਸਾਨ ਜਥੇਬੰਦੀਆਂ ਵੱਲੋਂ ਸਰ ਛੋਟੂ ਰਾਮ ਨੂੰ ਸ਼ਰਧਾਂਜਲੀਆਂ

## ਸੰਯੁਕਤ ਕਿਸਾਨ ਮੋਰਚਾ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਕਰੇਗਾ ਕਿਸਾਨਾਂ ਨੂੰ ਲਾਮਬੰਦ

**ਚੰਡੀਗੜ੍ਹ (ਬਿਊਰੋ)–** ਕਿਸਾਨਾਂ ਦੇ ਹੱਕਾਂ ਲਈ ਆਪਣਾ ਸਾਰਾ ਜੀਵਨ ਦਾਅ 'ਤੇ ਲਗਾਉਣ ਵਾਲੇ ਸਰ ਛੋਟੂ ਰਾਮ ਦੇ ਜਨਮ ਦਿਹਾੜੇ 'ਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਉਨ੍ਹਾਂ ਦੀ ਜਨਮ ਭੂਮੀ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੇ ਪਿੰਡ ਗੜ੍ਹੀ ਸਾਂਪਲਾ ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਉਨ੍ਹਾਂ ਕਿਸਾਨਾਂ ਦੀ ਲੜਾਈ ਇੱਕਜੁੱਟ ਹੋ ਕੇ ਲੜਨ ਦਾ ਸੱਦਾ ਦਿੱਤਾ। ਕਿਸਾਨ ਆਗੂਆਂ ਵੱਲੋਂ ਕੌਮੀ ਰਾਜਧਾਨੀ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋ ਕੇ ਅੰਦੋਲਨ ਨੂੰ ਹੋਰ ਤੇਜ਼ ਕਰਨ ਦੀ ਸਹੁੰ ਖਾਧੀ ਗਈ।



ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਕੇਂਦਰ ਸਰਕਾਰ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਧਰਮ ਅਤੇ ਜਾਤ ਦੇ ਨਾਮ 'ਤੇ ਫੁੱਟ ਪਵਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ, ਪਰ ਮੌਜੂਦਾ ਸਮੇਂ ਵਿੱਚ ਹਰ ਕਿਸੇ ਨੂੰ ਕਿਸਾਨਾਂ ਵਿੱਚ ਫੁੱਟ ਪਾਉਣ ਵਾਲਿਆਂ ਤੋਂ ਦੂਰ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰ ਛੋਟੂ ਰਾਮ ਨੇ ਸਾਰੀ ਜ਼ਿੰਦਗੀ ਕਿਸਾਨਾਂ ਦੀ ਆਵਾਜ਼ ਨੂੰ ਚੁੱਕਿਆ ਤੇ ਨੌਂ ਕਾਨੂੰਨ ਤਿਆਰ ਕਰਵਾਏ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਫ਼ੈਸਲੇ ਦਿੱਲੀ ਵਿੱਚ ਬੈਠ ਕੇ ਲਏ ਜਾ ਰਹੇ ਹਨ ਜਿੱਥੇ ਨਾ ਖੇਤੀਬਾੜੀ ਨਾਲ ਸਬੰਧਤ ਕੋਈ ਮੰਤਰਾਲਾ ਹੈ ਤੇ ਨਾ ਕੋਈ ਮੰਤਰੀ ਜਦਕਿ ਇੱਥੇ ਵਪਾਰੀਆਂ ਨੂੰ ਲਾਭ ਦੇਣ ਵਾਲੇ ਕਾਨੂੰਨ ਤਿਆਰ ਕੀਤੇ ਜਾ ਰਹੇ ਹਨ। ਸ੍ਰੀ ਟਿਕੈਤ ਨੇ ਕਿਹਾ ਕਿ ਦੇਸ਼ ਵਿੱਚ ਭੁੱਖ 'ਤੇ ਵਪਾਰ ਕਰਨ ਵਾਲੇ ਅੱਗੇ ਆ ਰਹੇ ਹਨ। ਜੇਕਰ ਦੇਸ਼ ਦਾ ਅਨਾਜ ਅਤੇ ਰੋਟੀ ਤਿਜੋਰੀ ਵਿੱਚ ਬੰਦ ਹੋ ਜਾਵੇਗੀ ਤਾਂ ਆਦਮੀ ਹੀ ਨਹੀਂ ਜਾਨਵਰ ਵੀ ਭੁੱਖਾ ਮਰੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਕਿਸਮਤ ਦਾ ਫ਼ੈਸਲਾ ਕਿਸਾਨ ਸੰਘਰਸ਼ ਅਤੇ ਕਿਸਾਨ ਪੰਚਾਇਤਾਂ ਕਰਨਗੀਆਂ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਗੁਜਰਾਤ, ਬੰਗਾਲ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਜਾ ਕੇ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰੇਗਾ। ਕਿਸਾਨ ਆਗੂ ਨੇ ਕਿਹਾ ਕਿ ਤੇਲ ਦਾ ਮੁੱਲ ਵਧਣ ਨਾਲ ਮਹਿੰਗਾਈ ਵਿੱਚ ਵਾਧਾ ਹੋਇਆ ਹੈ ਜਿਸ ਦਾ ਹਰ ਵਰਗ 'ਤੇ ਅਸਰ ਪਵੇਗਾ।

ਇਸੇ ਤਰ੍ਹਾਂ ਸਰ ਛੋਟੂ ਰਾਮ ਦਾ ਜਨਮ ਦਿਹਾੜਾ ਹਰਿਆਣਾ ਵਿੱਚ ਵੱਖ-ਵੱਖ ਥਾਂਵਾਂ 'ਤੇ ਮਨਾਇਆ ਗਿਆ। ਕਿਸਾਨਾਂ ਨੇ ਸਰ ਛੋਟੂ ਰਾਮ ਨੂੰ ਫੁੱਲ ਭੇਟ ਕਰ ਕੇ ਸ਼ਰਧਾਂਜਲੀ ਭੇਟ ਕੀਤੀ। ਸਿਰਸਾ ਵਿੱਚ ਨੌਜਵਾਨਾਂ ਨੇ ਮੋਟਰ ਸਾਈਕਲ ਮਾਰਚ ਕੱਢਿਆ। ਇਸ ਮੌਕੇ ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਤਿੰਨੋਂ ਖੇਤੀ ਕਾਨੂੰਨ ਰੱਦ ਕਰਕੇ ਐੱਮਐੱਸਪੀ 'ਤੇ ਫ਼ਸਲਾਂ ਦੀ ਖ਼ਰੀਦ ਦੀ ਗਾਰੰਟੀ ਵਾਲਾ ਕਾਨੂੰਨ ਲਿਆਂਦਾ ਜਾਵੇ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕਿਸਾਨ ਸੰਘਰਸ਼ ਹੁਣ ਜਨ ਅੰਦੋਲਨ ਬਣ ਚੁੱਕਿਆ ਹੈ, ਜਿਸ ਵਿੱਚ ਦੇਸ਼ ਭਰ ਤੋਂ ਹਰ ਤਬਕੇ ਦੇ ਲੋਕ ਸ਼ਾਮਲ ਹੋ ਰਹੇ ਹਨ। ਅੱਜ ਸਾਰਾ ਸਮਾਜ ਇੱਕ ਹੋ ਗਿਆ ਹੈ ਅਤੇ ਇਸ ਲੜਾਈ ਨੂੰ ਇੱਕ ਹੋ ਕੇ ਹੀ ਕਾਮਯਾਬ ਕੀਤਾ ਜਾ ਸਕਦਾ ਹੈ। ਗੁਰਨਾਮ ਸਿੰਘ ਚੜੂਨੀ ਨੇ ਭਾਜਪਾ ਆਗੂਆਂ ਦੇ ਬਾਈਕਾਟ ਦਾ ਸੱਦਾ ਦਿੰਦਿਆਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਦਾਖਲ ਨਾ ਹੋਣ ਦੇਣ ਦਾ ਸੱਦਾ ਦਿੱਤਾ। ਉਨ੍ਹਾਂ ਕਿਸਾਨਾਂ ਦੀ ਹਮਾਇਤ ਨਾ ਕਰਨ ਵਾਲੇ ਆਗੂਆਂ ਨੂੰ ਵੋਟ ਨਾ ਦੇਣ ਦੀ ਅਪੀਲ ਕੀਤੀ।

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212
(NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355



DHAN DHAN SRI GURU RAVIDASS JI
Bole' So Nirbhay! Guru Ravidass Maharaj Ki Jai!

**Guru- Piari Sadh Sangat Ji,**

**February 26-27-28, 2021** **Gurpurb Sri Guru Ravidass Ji**

Sri Guru Ravidass Sabha CA, Pittsburg is celebrating the 644th Parkash Utsav of SATGURU RAVIDASS JI on Sunday, February 28, 2021 at the temple as per program noted below:

**ARAMBH SHRI AKHAND PATH- February 26, 2021 (Friday) 9:30 AM,**

**Nishan Sahib Hoisting Ceremony- February 27, 2021(Saturday) at 10:30 AM.**

**BHOG SHRI AKHAND PATH- February 28, 2021 (Sunday) 9:30 AM followed by KIRTAN DIWAN**

Prominent Jatha of Bhai Vijay Singh from Milpitas, Giani Gurnam Singh & Giani Ompal Singh will enhance this Kirtan Diwan along with distinguished Speakers and community leaders well versed with life and teachings of Satguru Ravidass ji.

For the safety of the Sangat and Sewadards, SANGAT is requested to follow CDC/Contra Costa County COVID guidelines. Everyone must wear a mask/face covering, wash hands or use sanitizer before entering the Gurughar. Anyone with temperature or any COVID sysmptoms is humbly requested to refrain from coming to Gurughar.

Sri Guru Ravidass ji was born in 1377, in Kanshi, in India, in a humble family of Baba Santokh Dass ji and Mata Kalsa Devi ji. Guru Ravidass Ji was a great religious and social reformer. Guru Ji dedicated his whole life for the welfare of the humanity. He preached social harmony and equality among all human beings. He stood against caste based discrimination.

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸੁ ਖਿਰਾਜੁ ਨ ਮਾਲੁ ॥ ਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2

**Begumpura, 'the city without sorrow', is the name of the town. There is no suffering or anxiety there.**
**There are no troubles or taxes on commodities there. There is no fear, blemish or downfall there.**
**Now, I have found this most excellent city. There is lasting peace and safety there,**
**Oh my brother, God's Kingdom is steady, stable and eternal. There is no second or third status; all are equal there.**
**That city is populous and eternally famous. Those who live there are wealthy and contented.**

## "NANAK NAM CHARDI KALA TERE BHANE SARBAT DA BHALA"

**Sangat De Sewadar**

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar |

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਕੈਲੀਫੋਰਨੀਆ ਵਿੱਚ ਕੋਰੋਨਾ ਦੇ ਲੱਗਭਗ 34 ਮਿਲੀਅਨ, ਕੇਸ ਦਰਜ ਹੋਣ ਦੇ ਨਾਲ ਫਾਰਮੇਸੀਆਂ 'ਚ ਹੋਇਆ ਟੀਕਾਕਰਨ ਸ਼ੁਰੂ

**ਫਰਿਜ਼ਨੋ (ਕੈਲੀਫੋਰਨੀਆ), 15 ਫਰਵਰੀ 2021–** ਅਮਰੀਕੀ ਸੂਬੇ ਕੈਲੀਫੋਰਨੀਆ ਨੂੰ ਕੋਰੋਨਾ ਵਾਇਰਸ ਨੇ ਬਹੁਤ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਸੂਬੇ ਵਿੱਚ ਵਾਇਰਸ ਨੇ ਵੱਡੀ ਪੱਧਰ 'ਤੇ ਲੋਕਾਂ ਨੂੰ ਬਿਮਾਰ ਕਰਨ ਦੇ ਨਾਲ ਮੌਤ ਦੇ ਘਾਟ ਵੀ ਉਤਾਰਿਆ ਹੈ। ਕੈਲੇਫੋਰਨੀਆ ਦੇ ਸਿਹਤ ਵਿਭਾਗ ਅਨੁਸਾਰ ਵਾਇਰਸ ਦੇ ਤਾਜਾ ਅੰਕੜਿਆਂ ਅਨੁਸਾਰ ਵੈਲੇਨਟਾਈਨ ਡੇਅ 'ਤੇ ਕੋਰੋਨਾ ਵਾਇਰਸ ਦੇ ਤਕਰੀਬਨ 3,399,878 ਕੇਸ ਦਰਜ਼ ਹੋਏ ਹਨ , ਇਸਦੇ ਇਲਾਵਾ ਰਾਜ ਵਿੱਚ ਵਾਇਰਸ ਨਾਲ ਸਬੰਧਤ ਲੱਗਭਗ 46,843 ਮੌਤਾਂ ਵੀ ਦਰਜ਼ ਹੋਈਆਂ ਹਨ।



ਇਸਦੇ ਇਲਾਵਾ ਐਤਵਾਰ ਤੱਕ, ਰਾਜ ਨੇ ਦੱਸਿਆ ਕਿ ਕੋਰੋਨਾ ਵਾਇਰਸ ਲਈ ਕੁੱਲ 45,703,217 ਵਸਨੀਕਾਂ ਦੀ ਜਾਂਚ ਕੀਤੀ ਗਈ ਹੈ। ਇਸਦੇ ਇਲਾਵਾ ਰਾਜ ਵਿੱਚ ਟੀਕਾਕਰਨ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਫਾਰਮੇਸੀਆਂ ਵਿੱਚ ਵੀ ਟੀਕਾ ਲਗਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਸੀ ਵੀ ਐਸ, ਵਾਲਗਰੇਨਜ਼ ਅਤੇ ਵਾਲਮਾਰਟ ਨੇ ਫੈਡਰਲ ਰਿਟੇਲ ਫਾਰਮੇਸੀ ਪ੍ਰੋਗਰਾਮ ਦੇ ਹਿੱਸੇ ਵਜੋਂ ਰਾਜ ਅਤੇ ਸੰਘੀ ਪ੍ਰੋਗਰਾਮ ਤਹਿਤ, ਵਧੇਰੇ ਸੁਰੱਖਿਆ ਦੇ ਉਦੇਸ਼ ਨਾਲ ਟੀਕੇ ਲਗਾਉਣੇ ਸ਼ੁਰੂ ਕੀਤੇ ਹਨ ਸੂਬੇ ਵਿੱਚ ਫਾਰਮੇਸੀਆਂ ਸੰਬੰਧੀ ਟੀਕਾਕਰਣਨ ਕੇਂਦਰ ਲੱਭਣ ਲਈ, ਵਾਸੀਆਂ ਨੂੰ ਰਾਜ ਦੀ ਵੈਬਸਾਈਟ 'ਤੇ ਜਾਣ ਲਈ ਹਦਾਇਤ ਕਿਹਾ ਗਿਆ ਹੈ ਅਤੇ ਸੀ ਵੀ ਐਸ ਨੇ ਉਹਨਾਂ ਥਾਵਾਂ ਦੀ ਸੂਚੀ ਵੀ ਦਿੱਤੀ ਸੀ ਜਿਥੇ ਇਸਦੇ ਸਟੋਰਾਂ ਤੇ ਟੀਕੇ ਉਪਲੱਬਧ ਸਨ। ਸੂਬੇ ਦੇ ਫਰਿਜ਼ਨੋ ਖੇਤਰ ਵਿੱਚ, ਪੂਰਬੀ ਸ਼ਾਅ ਅਤੇ ਨਾਰਥ ਫਰਿਜ਼ਨੋ ਵਿੱਚ ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਫਾਰਮੇਸੀ ਸਟੋਰ ਤੇ ਕੋਰੋਨਾ ਵਾਇਰਸ ਟੀਕਾ ਲਗਾਇਆ ਗਿਆ ਸੀ।

# ਦੱਖਣੀ ਕੈਰੋਲਿਨਾ ਵਿੱਚ ਵੈਲੇਨਟਾਈਨ ਡੇਅ ਮੌਕੇ ਹੋਈ ਗੋਲੀਬਾਰੀ 'ਚ 1 ਦੀ ਮੌਤ, 4 ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆ), 15 ਫਰਵਰੀ 2021–** ਅਮਰੀਕਾ ਦੇ ਦੱਖਣੀ ਕੈਰੋਲਿਨਾ ਵਿੱਚ ਵੈਲਨਟਾਈਨ ਡੇਅ ਦੌਰਾਨ ਗੋਲੀਬਾਰੀ ਦੀਆਂ ਹੋਈਆਂ ਦੋ ਘਟਨਾਵਾਂ ਵਿੱਚ ਇੱਕ ਵਿਅਕਤੀ ਦੀ ਮੌਤ ਦੇ ਨਾਲ ਚਾਰ ਹੋਰ ਜਖਮੀ ਹੋਏ ਹਨ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 14 ਫਰਵਰੀ ਦੇ ਦਿਨ ਦੱਖਣੀ ਕੈਰੋਲਿਨਾ ਦੇ ਦੋ ਮਾਲਾਂ ,ਜਿਹਨਾਂ ਵਿੱਚ ਇਕ ਫੀਨਿਕਸ ਅਤੇ ਦੂਸਰਾ ਉੱਤਰੀ ਚਾਰਲਸਟਨ 'ਚ ਹੈ, ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਵਾਪਰੀਆਂ ਹਨ। ਇਸ ਸੰਬੰਧੀ ਫੀਨਿਕਸ ਵਿੱਚ, ਪੁਲਿਸ ਨੂੰ ਦਿਨ ਦੇ ਕਰੀਬ 12:40 ਵਜੇ ਗੋਲੀ ਲੱਗਣ ਦੀ ਸੂਚਨਾ ਮਿਲਣ ਤੇ ਕਾਰਵਾਈ ਕਰਦਿਆਂ ਡੀਜ਼ਰਟ ਸਕਾਈ ਮਾਲ ਦੇ ਅੰਦਰ ਰਿਟੇਲ ਕਿਓਸਕ ਵਿੱਚ ਗੋਲੀ ਲੱਗੇ ਦੋ ਵਿਅਕਤੀਆਂ ਮਿਲੇ ਅਤੇ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਕਿ ਗੋਲੀਬਾਰੀ ਤੋਂ ਪਹਿਲਾਂ ਇੱਕ ਗ੍ਰਾਹਕ ਅਤੇ ਕਿਓਸਕ ਕਰਮਚਾਰੀ ਵਿੱਚ ਬਹਿਸ ਹੋ ਗਈ ਸੀ। ਜਿਸ ਕਰਕੇ ਦੋਵੇਂ ਵਿਅਕਤੀਆਂ ਨੇ ਇੱਕ ਦੂਜੇ ਉੱਪਰ ਗੋਲੀਬਾਰੀ ਕੀਤੀ। ਪੁਲਿਸ ਅਧਿ–ਕਾਰੀ ਵਿਲੀਅਮਜ਼ ਅਨੁਸਾਰ ਦੋਵਾਂ ਵਿਅਕਤੀਆਂ ਨੂੰ ਜਾਨਲੇਵਾ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ, ਜਿੱਥੇ ਇੱਕ ਨੌਜਵਾਨ, ਦੀ ਬਾਅਦ ਵਿਚ ਮੌਤ ਹੋ ਗਈ। ਇਸਦੇ ਇਲਾਵਾ ਗੋਲੀਬਾਰੀ ਦੀ ਦੂਜੀ ਘਟਨਾ ਵਿੱਚ ਅਧਿਕਾਰੀ ਨਾਰਥਵੁੱਡਜ਼ ਮਾਲ ਦੇ ਅੰਦਰ ਤਿੰਨ ਲੋਕਾਂ ਨੂੰ ਜ਼ਖਮੀ ਕਰਨ ਦੇ ਦੋਸ਼ੀ ਬੰਦੂਕਧਾਰੀ ਦੀ ਭਾਲ ਕਰ ਰਹੇ ਹਨ। ਉੱਤਰੀ ਚਾਰਲਸਟਨ ਪੁਲਿਸ ਵਿਭਾਗ ਨੇ 1:30 ਵਜੇ ਤੋਂ ਪਹਿਲਾਂ ਕਾਰਵਾਈ ਕਰਦਿਆਂ ਗੋਲੀਬਾਰੀ ਦੇ ਜ਼ਖਮਾਂ ਨਾਲ ਪੀੜਤ ਤਿੰਨ ਵਿਅਕਤੀਆਂ ਨੂੰ ਸਹਾਇਤਾ ਦਿੱਤੀ। ਪੁਲਿਸ ਅਧਿਕਾਰੀਆਂ ਅਨੁਸਾਰ ਦੋ ਵਿਅਕਤੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ, ਜਦੋਂ ਕਿ ਤੀਜੇ ਦੀ ਹਾਲਤ ਗੰਭੀਰ ਹੈ। ਇਸ ਮਾਮਲੇ ਦੇ ਸੰਬੰਧ ਵਿੱਚ ਜਾਂਚਕਰਤਾਵਾਂ ਨੇ ਕਿਹਾ ਕਿ ਉਹ ਮਾਲ ਦੀ ਸੁਰੱਖਿਆ ਵੀਡੀਓ ਵਿੱਚ ਸਾਹਮਣੇ ਆਏ ਸ਼ੱਕੀ ਵਿਅਕਤੀ ਦੀ ਪਛਾਣ ਕਰਨ ਅਤੇ ਉਸਦਾ ਪਤਾ ਲਗਾਉਣ ਲਈ ਜਾਂਚ ਕਰ ਰਹੇ ਹਨ।

# ਟਰੰਪ ਦੇ ਮਹਾਂਦੋਸ਼ ਦੇ ਵਕੀਲ ਮਾਈਕਲ ਵੈਨ ਡੇਰ ਵੀਨ ਦੇ ਘਰ 'ਚ ਲਿਖੇ ਅਪਮਾਨਿਤ ਸ਼ਬਦ

**ਫਰਿਜ਼ਨੋ (ਕੈਲੀਫੋਰਨੀਆ), 16 ਫਰਵਰੀ 2021–** ਅਮਰੀਕਾ ਦੇ ਫਿਲਾਡੇਲਫੀਆ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਹਾਂਦੋਸ਼ ਵਕੀਲ ਮਾਈਕਲ ਵੈਨ ਡੇਰ ਵੀਨ ਦੇ ਘਰ ਨੂੰ ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ, ਜਿਸਦੇ ਘਰ ਵਿੱਚ ਡਰਾਈਵ ਵੇਅ ਉੱਤੇ ਲਾਲ ਰੰਗ ਵਿੱਚ "ਗੱਦਾਰ" ਸ਼ਬਦ ਦਾ ਚਿਤਰਨ ਕੀਤਾ ਸੀ। ਅਧਿਕਾਰੀਆਂ ਅਨੁਸਾਰ ਇਹ ਘਟਨਾ ਅਟਾਰਨੀ ਮਾਈਕਲ ਵੈਨ ਡੇਰ ਵੀਨ ਦੀ ਰਿਹਾਇਸ਼ ਤੇ ਸ਼ੁੱਕਰਵਾਰ ਸਵੇਰੇ 8 ਵਜੇ ਦੇ ਕਰੀਬ ਫਿਲਾਡੇਲਫੀਆ ਤੋਂ ਲੱਗਭਗ 30 ਮੀਲ ਦੱਖਣ ਪੱਛਮ ਵਿੱਚ, ਵੈਸਟ ਵ੍ਹਾਈਟਲੈਂਡ ਟਾਊਨਸ਼ਿਪ, ਪੈਨਸਿਲਵੇਨੀਆ ਵਿੱਚ ਵਾਪਰੀ। ਇਸ ਮਾਮਲੇ ਵਿੱਚ ਵੈਸਟ ਵ੍ਹਾਈਟਲੈਂਡ ਟਾਊਨਸ਼ਿਪ ਪੁਲਿਸ ਵਿਭਾਗ ਦੇ ਅਧਿਕਾਰੀ ਸਕੌਟ ਪੇਜ਼ਕਿ ਨੇ ਐਤਵਾਰ ਨੂੰ ਦੱਸਿਆ ਕਿ ਇਸ ਮਾਮਲੇ ਵਿੱਚ ਅਜੇ ਕੋਈ ਵੀ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ ਜਦਕਿ ਨਿਵਾਸ ਦੀ ਰੱਖਿਆ ਲਈ ਮਕਾਨ ਮਾਲਕ ਦੁਆਰਾ ਨਿੱਜੀ ਸੁਰੱਖਿਆ ਨੂੰ ਰੱਖਣ ਦੇ ਨਾਲ ਵੈਨ ਡੇਰ ਵੀਨ ਦੇ ਗੁਆਂਢ ਵਿੱਚ ਵੀ ਪੁਲਿਸ ਦੀ ਮੌਜੂਦਗੀ ਨੂੰ ਹੋਰ ਵਧਾ ਦਿੱਤਾ ਗਿਆ ਹੈ। ਪੇਜ਼ਕਿ ਅਨੁਸਾਰ ਵੈਨ ਡੇਰ ਵੀਨ ਦੀ ਪਤਨੀ ਨੇ ਇਹਨਾਂ ਲਿਖੇ ਹੋਏ ਸ਼ਬਦਾਂ ਬਾਰੇ ਪੁਲਿਸ ਨੂੰ ਦੱਸਿਆ। ਵੈਨ ਡੇਰ ਵੀਨ ਨੇ 6 ਜਨਵਰੀ ਨੂੰ ਕੈਪੀਟਲ ਦੀ ਇਮਾਰਤ 'ਤੇ ਹੋਏ ਹਮਲੇ ਨਾਲ ਸੰਬੰਧਤ ਮਹਾਂਦੋਸ਼ ਮੁਕੱਦਮੇ ਵਿੱਚ ਟਰੰਪ ਦਾ ਬਚਾਅ ਕਰਨ ਲਈ ਕਾਫੀ ਸਮਾਂ ਵਾਸ਼ਿੰਗਟਨ, ਡੀ.ਸੀ. ਵਿੱਚ ਬਿਤਾਇਆ ਹੈ ਅਤੇ ਟਰੰਪ ਨੂੰ ਸ਼ਨੀਵਾਰ ਦੇ ਦਿਨ ਸੈਨੇਟ ਨੇ ਇਸ ਮਾਮਲੇ ਵਿੱਚ ਬਰੀ ਕਰ ਦਿੱਤਾ ਸੀ।

# ਕੈਲੀਫੋਰਨੀਆ ਕੋਰੋਨਾ ਵਾਇਰਸ ਟੀਕੇ ਦੀ ਵੰਡ ਨੂੰ ਤੇਜ਼ ਕਰਨ ਲਈ ਕਰ ਸਕਦਾ ਹੈ, 15 ਮਿਲੀਅਨ ਡਾਲਰ ਤੱਕ ਦਾ ਭੁਗਤਾਨ

**ਫਰਿਜ਼ਨੋ (ਕੈਲੀਫੋਰਨੀਆ), 16 ਫਰਵਰੀ 2021–** ਕੈਲੀਫੋਰਨੀਆ ਸੂਬੇ ਵਿੱਚ ਕੋਰੋਨਾ ਵਾਇਰਸ ਟੀਕਿਆਂ ਨੂੰ ਵਧਾਉਣ ਅਤੇ ਵੰਡ ਨੂੰ ਤੇਜ਼ ਕਰਨ ਲਈ ਗਵਰਨਰ ਨਿਊਸਮ ਦੇ ਪ੍ਰਸ਼ਾਸਨ ਦੁਆਰਾ ਸੋਮਵਾਰ ਨੂੰ ਬੀਮਾ ਕੰਪਨੀ ਬਲਿਊ ਸ਼ੀਲਡ ਨਾਲ ਕੀਤੇ ਗਏ ਇਕਰਾਰਨਾਮੇ ਤਹਿਤ 15 ਮਿਲੀਅਨ ਡਾਲਰ ਤੱਕ ਦਾ ਭੁਗਤਾਨ ਕਰ ਸਕਦਾ ਹੈ। ਇਸ ਤਹਿਤ ਬਲਿਊ ਸ਼ੀਲਡ ਦਾ ਟੀਕੇ ਦੀ ਵੰਡ ਸੰਬੰਧੀ ਕੰਮ ਰਾਜ ਦੇ ਤੀਜੇ ਪ੍ਰਬੰਧਕ ਵਜੋਂ ਸੋਮਵਾਰ ਤੋਂ ਸ਼ੁਰੂ ਹੋਵੇਗਾ। ਇਸ ਸਮਝੌਤੇ ਤਹਿਤ ਇਹ ਕੰਪਨੀ ਰਾਜ ਨੂੰ ਤੀਜੀ ਧਿਰ ਦੇ ਖਰਚਿਆਂ ਸੰਬੰਧੀ 15 ਮਿਲੀਅਨ ਡਾਲਰ ਦਾ ਬਿੱਲ ਦੇਣ ਦੇ ਯੋਗ ਹੋਵੇਗੀ ਅਤੇ ਇਸ ਵਿੱਚ ਸਟਾਫ ਦਾ ਸਮਾਂ ਸ਼ਾਮਿਲ ਨਹੀਂ ਹੋਵੇਗਾ ਜੋ ਕਿ ਇਕਰਾਰਨਾਮੇ ਦੇ ਅਨੁਸਾਰ,ਬਲਿਊ ਸ਼ੀਲਡ ਕੰਪਨੀ ਮੁਫਤ ਪ੍ਰਦਾਨ ਕਰੇਗੀ।

ਪ੍ਰਸ਼ਾਸਨਿਕ ਅਧਿਕਾਰੀ, ਯੋਲਾਂਡਾ ਰਿਚਰਡਸਨ ਅਨੁਸਾਰ ਟੀਕਾਕਰਨ ਮੁਹਿੰਮ ਵਿੱਚ ਟੀਕੇ ਦੀ ਵੰਡ ਨੂੰ ਕੇਂਦਰੀਕਰਨ ਕਰਨ ਲਈ ਬਲਿਊ ਸ਼ੀਲਡ ਨਾਲ ਇਹ ਸਮਝੌਤਾ ਕੀਤਾ ਜਾ ਰਿਹਾ ਹੈ।

ਇਸਦੇ ਇਲਾਵਾ ਟੀਕਾਕਰਨ ਵਧਾਉਣ ਦੀਆਂ ਆਪਣੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ, ਕੈਲੀਫੋਰਨੀਆ ਕੈਸਰ ਪਰਮਾਨੇਂਟ ਨਾਲ ਵੀ ਇਕਰਾਰਨਾਮਾ ਕਰ ਰਿਹਾ ਹੈ, ਪਰ ਪ੍ਰਸ਼ਾਸਨ ਨੇ ਅਜੇ ਤੱਕ ਇਹ ਇਕਰਾਰਨਾਮਾ ਜਾਰੀ ਨਹੀਂ ਕੀਤਾ ਹੈ। ਇਸ ਨਵੇਂ ਇਕਰਾਰਨਾਮੇ ਦੇ ਤਹਿਤ, ਬਲਿਊ ਸ਼ੀਲਡ ਰਾਜ ਭਰ ਵਿੱਚ ਟੀਕੇ ਦੀ ਵੰਡ ਨੂੰ ਸੇਧ ਦੇਣ ਲਈ ਇੱਕ ਯੋਜਨਾ ਵਿਕਸਤ ਕਰੇਗੀ ਜਦਕਿ ਪ੍ਰਸ਼ਾਸਨ ਟੀਕੇ ਦੀ ਵੰਡ ਅਤੇ ਮਾਪਦੰਡ ਨਿਰਧਾਰਿਤ ਕਰਨ ਬਲਿਊ ਸ਼ੀਲਡ ਤੋਂ ਜਾਣਕਾਰੀ ਲੈ ਕੇ ਅੰਤਿਮ ਰੂਪ ਦੇਵੇਗਾ।




Happy 644th Parkash Utsav of Sri Guru Ravidass Ji.
May Satguru Ji Bless entire universe.

ਰਾਮ ਗੁਸਈਆ ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥

Ramesh Suman
and
Gyan Suman





Ramesh Suman, Broker,
DRE - 00871752
GRI, CDPE, RCS-D
RES.NET AMP REO Certified
HAFA Short Sale Specialist
AHOP Certified
President - Delta Association of Realtors
(925)366-3618
Ramesh@RameshSuman.com



Deo Raj "Dave" Singh, Realtor
DRE License - 01789784
Direct: (925)766-3280
E-mail: Dave@MajesticHomes.us



Rajbir S. Sarkaria, Realtor
DRE License - 01499991
Direct: (925)766-5784
E-mail: Raj@MajesticHomes.us



Wilfredo Martinez
DRE License - 01344119
Direct (925)642-2273
W.Martinez.Realtor@gmail.com



Vanessa Gonzalez
DRE - 02108832
Drect: (925)529-7091
RealtorVGonzalez@gmail.com

MAJESTIC HOMES
3711 Sunset Lane, Suite F, Antioch, CA 94509
WWW.MajesticHomes.US Office: (925)779-1234

Service Excellence - Experience the Difference
हन्दिी बोलने वालों का स्वागत है !
ਪੰਜਾਬੀ ਬੋਲਣ ਵਾਲਿਆਂ ਦਾ ਸਵਾਗਤ ਹੈ !
Estoy abierto al cambio para mejorar

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ

ਸ੍ਰੀ ਗੁਰੂ ਰਵਿਦਾਸ ਜੀ ਦਾ 644ਵਾਂ ਪ੍ਰਕਾਸ਼ ਦਿਹਾੜਾ ਗੁਰੂ ਰਵਿਦਾਸ ਸਭਾ ਫਰਿਜ਼ਨੋ ਵੱਲੋਂ 7 ਮਾਰਚ 2021 ਨੂੰ ਬੜੀ ਧੂੰਮ ਧਾਮ ਨਾਲ ਕਰੋਨਾ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਮਨਾਇਆ ਜਾ ਰਿਹਾ ਹੈ। 5 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਜਾਣਗੇ ਅਤੇ ਐਤਵਾਰ ਸਵੇਰੇ 10 ਵਜੇ ਭੋਗ ਪਾਏ ਜਾਣਗੇ। ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ 6 ਮਾਰਚ ਸ਼ਾਮੀ ਪੰਜ ਵਜੇ ਕੀਤੀ ਜਾਵੇਗੀ। ਇਸ ਪਵਿੱਤਰ ਦਿਹਾੜੇ ਤੇ ਵੱਖ-ਵੱਖ ਰਾਗੀ ਜਥੇ ਗੁਰੂ ਜੀ ਦੀ ਬਾਣੀ ਅਤੇ ਸਿੱਖਿਆਵਾਂ ਤੇ ਚਾਨਣਾ ਪਾਉਣਗੇ।

*(ਨੋਟ- ਸੰਗਤਾਂ ਨੂੰ ਬੇਨਤੀ ਹੈ ਕਿ ਕਰੋਨਾ ਵਾਇਰਸ ਨੂੰ ਮੁੱਖ ਰੱਖਦਿਆਂ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ)*






ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਦੀ ਪ੍ਰਬੰਧਕ ਕਮੇਟੀ ਦਾ ਇਕ ਫਾਈਲ ਚਿੱਤਰ

ਵਧੇਰੇ ਜਾਣਕਾਰੀ ਲਈ ਗਿਆਨੀ ਰਾਮ ਸਿੰਘ ਨਾਲ 559-486-3091 ਤੇ ਸੰਪਰਕ ਕੀਤਾ ਜਾ ਸਕਦਾ ਹੈ।

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**


# SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਉਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਕਾਂਗਰਸ 'ਗੰਨ ਲਾਅ' ਸੁਧਾਰਾਂ ਵੱਲ ਧਿਆਨ ਦੇਵੇ- ਜੋਅ ਬਾਇਡੇਨ

## 3 ਸਾਲ ਪਹਿਲਾਂ ਫਲੋਰੀਡਾ ਦੇ ਸਕੂਲ ਵਿਚ ਮਾਰੇ ਗਏ ਬੱਚਿਆਂ ਨੂੰ ਯਾਦ ਕੀਤਾ

**ਸੈਕਰਾਮੈਂਟੋ, ਕੈਲੀਫੋਰਨੀਆ-** ਰਾਸ਼ਟਰਪਤੀ ਜੋਅ ਬਾਇਡੇਨ ਨੇ ਜਾਰੀ ਇਕ ਬਿਆਨ ਵਿਚ 2018 ਵਿਚ ਪਾਰਕਲੈਂਡ, ਫਲੋਰੀਡਾ ਦੇ ਇਕ ਹਾਈ ਸਕੂਲ ਵਿਚ ਮਾਰੇ ਗਏ ਵਿਦਿਆਰਥੀਆਂ ਤੇ ਹੋਰ ਲੋਕਾਂ ਨੂੰ ਯਾਦ ਕਰਦਿਆਂ ਕਾਂਗਰਸ ਨੂੰ ਕਿਹਾ ਹੈ ਕਿ ਉਹ 'ਗੰਨ ਲਾਅ' ਸਬੰਧੀ ਸੁਧਾਰਾਂ ਵੱਲ ਤਵੱਜੋ ਦੇਵੇ। ਉਹਨਾਂ ਕਿਹਾ ਹੈ ਕਿ' ਤਿੰਨ ਸਾਲ ਹੋ ਗਏ ਹਨ ਪਾਰਕਲੈਂਡ ਦੇ ਪਰਿਵਾਰ ਜਨਮ ਦਿਨ ਤੇ ਛੁੱਟੀਆਂ ਆਪਣੇ ਪਿਆਰੇ ਬੱਚਿਆਂ ਤੋਂ ਬਿਨਾਂ ਮਨਾਉਂਦੇ ਆ ਰਹੇ ਹਨ। ਸਾਡੇ ਦੇਸ਼ ਵਾਸੀ ਸੋਚਦੇ ਹਨ ਕਿ ਕੀ ਕਦੇ ਸਭ ਕੁੱਝ ਠੀਕ ਠਾਕ ਹੋ ਜਾਵੇਗਾ?' 2018 ਵਿਚ ਮਾਰਜੋਰੀ ਸਟੋਨਮੈਨ ਡੌਗਲਸ ਹਾਈ ਸਕੂਲ ਵਿਚ ਇਕ ਬੰਦੂਕਧਾਰੀ ਵੱਲੋਂ ਕੀਤੀ ਗੋਲੀਬਾਰੀ ਵਿਚ 17 ਵਿਦਿਆਰਥੀ ਤੇ ਹੋਰ ਲੋਕ ਮਾਰੇ ਗਏ ਸਨ। ਇਸ ਗੋਲੀਬਾਰੀ ਤੋਂ ਬਾਅਦ 'ਗੰਨ ਲਾਅ' ਵਿੱਚ ਸੁਧਾਰਾਂ ਲਈ ਵਿਦਿਆਰਥੀਆਂ ਦੀ ਅਗਵਾਈ ਵਿਚ ਰਾਸ਼ਟਰ ਵਿਆਪੀ ਮੁਹਿੰਮ ਚੱਲੀ ਸੀ। ਰਾਸ਼ਟਰਪਤੀ ਨੇ ਵਾਈਟ ਹਾਊਸ ਤੋਂ ਜਾਰੀ ਬਿਆਨ ਵਿਚ ਕਿਹਾ ਹੈ ਕਿ ਪ੍ਰਸ਼ਾਸਨ ਅਗਲੇ ਸਮੂਹਿਕ ਕਤਲੇਆਮ ਦੀ ਉਡੀਕ ਨਹੀਂ ਕਰੇਗਾ। ਉਹਨਾਂ ਕਿਹਾ' ਅੱਜ ਮੈਂ ਕਾਂਗਰਸ ਨੂੰ ਕਹਿੰਦਾ ਹਾਂ ਕਿ ਉਹ ਸਾਰੇ ਗੰਨ ਵਿਕਰੇਤਾਵਾਂ ਦੇ ਪਿਛੋਕੜ ਦੀ ਜਾਂਚ ਕਰਨ, ਖਤਰਨਾਕ ਹਥਿਆਰਾਂ ਤੇ ਉੱਚ ਸਮਰੱਥਾ ਵਾਲੇ ਬਾਰੂਦ ਤੇ ਗੋਲੀ ਸਿੱਕੇ ਉਪਰ ਪਾਬੰਦੀ ਲਾਉਣ ਤੇ ਗੰਨ ਨਿਰਮਾਤਾ ਜੋ ਸਭ ਕੁਝ ਜਾਣਦਿਆਂ ਹੋਇਆਂ ਹਥਿਆਰ ਵੇਚ ਰਹੇ ਹਨ, ਦੇ ਅਧਿਕਾਰ ਖਤਮ ਕਰਨ ਸਮੇਤ ਗੰਨ ਦੀ ਵਿਕਰੀ ਸਬੰਧੀ ਕਾਨੂੰਨ ਵਿਚ ਸੁਧਾਰ ਕਰੋ।' ਹਾਲਾਂ ਕਿ ਵਾਇਟ ਹਾਊਸ ਨੇ ਰਸਮੀ ਤੌਰ 'ਤੇ ਗੰਨ ਸੁਰੱਖਿਆ ਸਬੰਧੀ ਕਾਂਗਰਸ ਨੂੰ ਕੋਈ ਸਿਫਾਰਿਸ਼ ਨਹੀਂ ਭੇਜੀ ਹੈ ਪਰ ਬਾਇਡੇਨ ਨੇ ਗੰਨ ਦੀ ਵਿਕਰੀ ਸਬੰਧੀ ਨਿਯਮ ਸਖ਼ਤ ਕਰਨ ਉਪਰ ਜੋਰ ਦਿੱਤਾ ਹੈ। ਬਾਇਡੇਨ ਨੇ ਕਿਹਾ ਹੈ ਕਿ ਹੁਣ ਸਮਾਂ ਤਬਦੀਲੀ ਤੇ ਕਾਰਵਾਈ ਕਰਨ ਦਾ ਹੈ। ਬਾਇਡੇਨ ਨੇ ਆਪਣੀ ਚੋਣ ਮੁਹਿੰਮ ਦੌਰਾਨ ਵੀ ਗੰਨ ਕੰਟਰੋਲ ਉਪਰ ਜੋਰ ਦਿੱਤਾ ਸੀ ਤੇ ਵਾਅਦਾ ਕੀਤਾ ਸੀ ਕਿ ਉਹ ਇਸ ਸਬੰਧੀ ਕਾਰਵਾਈ ਕਰਨਗੇ। ਗੰਨ ਕੰਟਰੋਲ ਕਾਰਕੁੰਨ ਵੀ ਬਾਇਡੇਨ ਪ੍ਰਸ਼ਾਸਨ ਉਪਰ ਇਸ ਸਬੰਧੀ ਛੇਤੀ ਕਾਰਵਾਈ ਕਰਨ ਲਈ ਜੋਰ ਪਾ ਰਹੇ ਹਨ। ਪਿਛਲੇ ਦਿਨੀਂ ਵਾਈਟ ਹਾਊਸ ਡੋਮੈਸਟਿਕ ਪੌਲਸੀ ਕੌਂਸਲ ਹੈੱਡਸੁਸਾਨਰਾਈਸ ਤੇ ਪਬਲਿਕ ਇਨਗੇਜਮੈਂਟ ਡਾਇਰੈਕਟਰ ਸੈਡਰਿਕ ਰਿਚਮੰਡ ਦੀ ਗੰਨ ਕੰਟਰੋਲ ਸਮਰਥਕਾਂ ਵਿਚਾਲੇ ਵਰਚੂਅਲ ਮੀਟਿੰਗ ਹੋਈ ਸੀ ਜਿਸ ਵਿਚ ਇਸ ਸਬੰਧੀ ਕਦਮ ਚੁੱਕਣ ਦਾ ਅਹਿਦ ਲਿਆ ਗਿਆ ਸੀ।

# ਅਮਰੀਕਾ ਵਿਚ ਜਬਰਦਸਤ ਬਰਫ਼ੀਲਾ ਤੂਫਾਨ, 3 ਮੌਤਾਂ

## ਟੈਕਸਾਸ ਵਿਚ ਲੱਖਾਂ ਲੋਕਾਂ ਦੀ ਬਿਜਲੀ ਹੋਈ ਗੁੱਲ, ਲੋਕਾਂ ਨੂੰ ਘਰਾਂ ਵਿਚ ਰਹਿ ਕੇ ਆਪਣਾ ਬਚਾਅ ਕਰਨ ਦੀ ਸਲਾਹ

**ਸੈਕਰਾਮੈਂਟੋ, ਕੈਲੀਫੋਰਨੀਆ 16 ਫਰਵਰੀ-** ਅਮਰੀਕਾ ਵਿਚ ਆਏ ਜਬਰਦਸਤ ਬਰਫ਼ੀਲੇ ਤੂਫਾਨ ਨੇ ਹੋਰ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ ਤੇ 25 ਰਾਜ ਇਸ ਦੀ ਲਪੇਟ ਵਿਚ ਹਨ। ਹੁਣ ਤੱਕ 3 ਲੋਕਾਂ ਦੇ ਮਾਰੇ ਜਾਣ ਦੀ ਰਿਪੋਰਟ ਹੈ ਤੇ ਜਨ ਜੀਵਨ ਪਟੜੀ ਤੋਂ ਲਹਿ ਚੁੱਕਾ ਹੈ। ਟੈਕਸਾਸ ਵਿਚ ਲੱਖਾਂ ਲੋਕ ਬਿਜਲੀ ਤੋਂ ਬਿਨਾਂ ਰਹਿਣ ਲਈ ਮਜਬੂਰ ਹਨ। ਬਰਫ਼ਬਾਰੀ ਕਾਰਨ ਆਵਾਜਾਈ ਠੱਪ ਹੋਣ ਦੇ ਕਾਗਾਰ 'ਤੇ ਹੈ। 25 ਰਾਜਾਂ ਦੇ 15 ਕਰੋੜ ਤੋਂ ਵਧ ਲੋਕਾਂ ਨੂੰ ਮੌਸਮ ਵਿਭਾਗ ਵੱਲੋਂ ਆਪਣਾ ਬਚਾਅ ਕਰਨ ਦੀ ਸਲਾਹ ਦਿੱਤੀ ਗਈ ਹੈ। ਨੈਸ਼ਨਲ ਵੈਦਰ ਸਰਵਿਸ ਅਨੁਸਾਰ



ਇਹ ਤੂਫਾਨ ਦੱਖਣੀ ਟੈਕਸਾਸ ਤੋਂ ਉੱਤਰੀ ਮੇਨੇ ਤੱਕ 2000 ਮੀਲ ਤੋਂ ਵਧ ਦੀ ਪੱਟੀ ਵਿਚ ਫੈਲਿਆ ਹੋਇਆ ਹੈ। ਕੈਪੀਟਲ ਮੌਸਮ ਵਿਭਾਗ ਅਨੁਸਾਰ ਅਗਲੇ ਕੁਝ ਦਿਨਾਂ ਦੌਰਾਨ ਤੂਫਾਨ ਨਾਲ ਸਬੰਧਤ ਖੇਤਰਾਂ ਵਿਚ ਤਾਪਮਾਨ ਜ਼ੀਰੋ ਤੋਂ ਹੇਠਾਂ ਡਿੱਗ ਸਕਦਾ ਹੈ ਜਿਸ ਕਾਰਨ ਲੋਕਾਂ ਦੀਆਂ ਮੁਸ਼ਕਿਲਾਂ ਹੋਰ ਵਧ ਸਕਦੀਆਂ ਹਨ। ਟਰਾਂਸਪੋਰਟੇਸ਼ਨ ਸਕੱਤਰ ਜਿਮ ਗੈਰੀ ਨੇ ਕਿਹਾ ਹੈ ਕੈਨਟਕੀ ਵਿਚ ਬਰਫ਼ਬਾਰੀ ਕਾਰਨ ਵਾਪਰੀਆਂ ਦੋ ਵੱਖ ਵੱਖ ਘਟਨਾਵਾਂ ਵਿਚ ਦੋ ਵਿਅਕਤੀ ਮਾਰੇ ਗਏ ਹਨ। ਗੈਰੀ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ਪੂਰੀ ਤਰਾਂ ਖਤਰਨਾਕ ਬਣ ਚੁੱਕੀਆਂ ਸੜਕਾਂ ਉਪਰ ਨਾ ਆਉਣ। ਲੁਈਸਿਆਨਾ ਦੇ ਸਿਹਤ ਵਿਭਾਗ ਅਨੁਸਾਰ ਇਕ 50 ਸਾਲਾ ਵਿਅਕਤੀ ਦਾ ਸਿਰ ਬਰਫ ਉਪਰ ਤਿਲਕ ਜਾਣ ਕਾਰਨ ਜਮੀਨ ਉਪਰ ਵੱਜਾ ਤੇ ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਗਵਰਨਰ ਜੌਹਨ ਬੈਲ ਐਡਵਰਡਜ ਨੇ ਕਿਹਾ ਹੈ ਕਿ ਲੁਈਸਿਆਨਾ ਦੀਆਂ ਸੜਕਾਂ ਉਪਰ ਆਵਾਜਾਈ ਸੰਭਵ ਨਹੀਂ ਹੈ। ਰਾਜ ਵਿਚ 150 ਹਾਦਸਿਆਂ ਦਾ ਰਿਪੋਰਟ ਹੈ ਜਿਨ੍ਹਾਂ ਵਿਚ ਕਈ ਲੋਕ ਜ਼ਖਮੀ ਹੋਏ ਹਨ। ਕਈ ਜ਼ਖਮੀਆਂ ਦੀਆਂ ਸੱਟਾਂ ਗੰਭੀਰ ਹਨ। ਕਰੋੜਾਂ ਲੋਕਾਂ ਨੂੰ ਬਿਜਲੀ ਨਾ ਮਿਲਣ ਕਾਰਨ ਉਨ੍ਹਾਂ ਲਈ ਹਾਲਾਤ ਹੋਰ ਗੰਭੀਰ ਹੋ ਗਏ ਹਨ। ਇਕੱਲੇ ਟੈਕਸਾਸ ਵਿਚ 36 ਲੱਖ ਲੋਕ ਹਨੇਰੇ ਵਿਚ ਰਹਿ ਰਹੇ ਹਨ ਤੇ ਬਿਜਲੀ ਦੀ ਸਪਲਾਈ ਕਦੋਂ ਬਹਾਲ ਹੋਵੇਗੀ ਇਸ ਬਾਰੇ ਅਜੇ ਨਿਸ਼ਚਤ ਤੌਰ 'ਤੇ ਕੁਝ ਵੀ ਨਹੀਂ ਕਿਹਾ ਜਾ ਰਿਹਾ। ਇਲੈਕਟੈਰਿਕ ਰੀਲਾਇਬਿਲਟੀ ਕੌਂਸਲ ਟੈਕਸਾਸ (ਐਰਕਾਟ) ਨੇ ਇਕ ਟਵੀਟ ਵਿਚ ਕਿਹਾ ਹੈ ਕਿ ਉਹ ਟੈਕਸਾਸ ਵਾਸੀਆਂ ਨੂੰ ਬੇਨਤੀ ਕਰਦੇ ਹਨ ਕਿ ਉਹ ਸੁਰੱਖਿਆ ਨੂੰ ਪਹਿਲ ਦੇਣ। ਰਾਜ ਵਿਚ ਆਰਥੁਰ ਬੰਦਰਗਾਹ ਵਿਖੇ ਸਥਿਤ ਅਮਰੀਕਾ ਦੀ ਵੱਡੀ ਤੇਲ ਰਿਫਾਈਨਰੀ ਖਰਾਬ ਮੌਸਮ ਕਾਰਨ ਬੰਦ ਕਰ ਦਿੱਤੀ ਗਈ ਹੈ।

# ਟਰੰਪ ਦਾ ਰਿਪਬਲੀਕਨ ਪਾਰਟੀ ਵਿਚ ਹੁਣ ਕੋਈ ਭਵਿੱਖ ਨਹੀਂ ਹੈ- ਨਿਕੀ ਹੇਲੀ

**ਸੈਕਰਾਮੈਂਟੋ, ਕੈਲੀਫੋਰਨੀਆ 15 ਫਰਵਰੀ-** ਸੰਯੁਕਤ ਰਾਸ਼ਟਰ ਦੀ ਅਮਰੀਕਾ ਦੀ ਸਾਬਕਾ ਰਾਜਦੂਤ ਨਿਕੀ ਹੇਲੀ ਨੇ 6 ਜਨਵਰੀ ਨੂੰ ਕੈਪੀਟਲ ਹਿੱਲ ਉਪਰ ਹੋਏ ਹਮਲੇ ਲਈ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਿੱਧੇ ਤੌਰ 'ਤੇ ਸਖ਼ਤ ਅਲੋਚਨਾ ਕੀਤੀ ਹੈ। ਪੋਲੀਟੀਕੋ ਮੈਗਜ਼ੀਨ ਵਿਚ ਪ੍ਰਕਾਸ਼ਿਤ ਇਕ ਮੁਲਾਕਾਤ ਵਿੱਚ ਉਹਨਾਂ ਕਿਹਾ ਹੈ ਕਿ' ਸਾਨੂੰ ਇਹ ਪ੍ਰਵਾਨ ਕਰਨਾ ਪਵੇਗਾ ਕਿ ਉਸ ਨੇ ਸਾਡੀ ਹੇਠੀ ਕੀਤੀ ਹੈ। ਉਹ ਉਸ ਰਾਹ ਉਪਰ ਚਲਾ ਗਿਆ ਜਿਸ ਉਪਰ ਉਸ ਨੂੰ ਨਹੀਂ ਜਾਣਾ ਚਾਹੀਦਾ ਸੀ। ਅਸੀਂ ਇਹ ਮੁੜ ਵਾਪਰਨ ਦੇਣਾ ਪ੍ਰਵਾਨ ਨਹੀਂ ਕਰ ਸਕਦੇ।' ਨਿਕੀ ਹੇਲੀ ਰਿਪਬਲੀਕਨ ਪਾਰਟੀ ਵਿਚ ਅਹਿਮ ਸਥਾਨ ਰਖਦੀ ਹੈ। ਉਸ ਨੇ 2018 ਵਿਚ ਟਰੰਪ ਪ੍ਰਸ਼ਾਸਨ ਨੂੰ ਅਲਵਿਦਾ ਕਹਿ ਦਿੱਤਾ ਸੀ ਜਦ ਕਿ ਇਸ ਦੇ ਉਲਟ ਹੋਰ ਬਹੁਤ ਸਾਰੇ ਅਧਿਕਾਰੀ ਸਾਬਕਾ ਰਾਸ਼ਟਰਪਤੀ ਹੱਥੋਂ ਜਨਤਿਕ ਤੌਰ 'ਤੇ ਜਲੀਲ ਹੋਏ ਸਨ। ਹੇਲੇ ਨੇ ਕਿਹਾ ਕਿ ਸੈਨੇਟ ਨੂੰ ਟਰੰਪ ਵੱਲੋਂ ਭਵਿੱਖ ਵਿਚ ਕੋਈ ਜਨਤਿਕ ਅਹੁਦਾ ਸੰਭਾਲਣ ਉਪਰ ਰੋਕ ਲਾਉਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਉਸ ਨੂੰ 2024 ਵਿਚ ਦੁਬਾਰਾ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਹੇਲੇ ਨੇ ਭਵਿੱਖਬਾਣੀ ਕਰਦਿਆਂ ਕਿਹਾ ਕਿ ਟਰੰਪ ਦੁਬਾਰਾ ਸੰਘੀ ਅਹੁਦੇ ਲਈ ਯਤਨ ਨਹੀਂ ਕਰੇਗਾ, ਉਸ ਦਾ ਰਿਪਬਲੀਕਨ ਪਾਰਟੀ ਵਿਚ ਕੋਈ ਭਵਿੱਖ ਨਹੀਂ ਹੈ। ਉਹਨਾਂ ਕਿਹਾ ਮੈ ਨਹੀਂ ਸੋਚਦੀ ਕਿ ਪਾਰਟੀ ਵੱਲੋਂ ਉਸ ਬਾਰੇ ਦੁਬਾਰਾ ਸੋਚਿਆ ਜਾਵੇਗਾ ਹਾਲਾਂ ਕਿ ਹੇਲੇ ਨੇ ਇਹ ਸਵੀਕਾਰ ਕੀਤਾ ਕਿ ਅਜੇ ਵੀ ਰਿਪਬਲੀਕਨਾਂ ਵਿਚ ਟਰੰਪ ਪ੍ਰਤੀ ਬਹੁਤ ਸਨੇਹ ਹੈ। ਹੇਲੇ ਨੇ 6 ਜਨਵਰੀ ਨੂੰ ਸਾਬਕਾ ਉੱਪ ਰਾਸ਼ਟਰਪਤੀ ਮਾਈਕ ਪੈਨਸ ਨਾਲ ਟਰੰਪ ਵੱਲੋਂ ਕੀਤੇ ਵਿਵਹਾਰ ਉਪਰ ਆਪਣਾ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਕਿ ਉਹ ਉਸ ਦਿਨ ਤੋਂ ਬਾਅਦ ਟਰੰਪ ਨਾਲ ਨਹੀਂ ਬੋਲੀ। ਟਰੰਪ ਨੇ ਟਵਿਟਰ ਉਪਰ ਪੈਨਸ ਨੂੰ ਨਿਸ਼ਾਨਾ ਬਣਾਉਂਦਿਆਂ ਲਿਖਿਆ ਸੀ ਕਿ ਉਹ ਇਲੈਕਟਰੋਲ ਕਾਲਜ ਵੋਟਾਂ ਗਿਣਨ ਲਈ ਕਾਂਗਰਸ ਦੀ ਅਗਵਾਈ ਕਰ ਰਿਹਾ ਹੈ। ਭੀੜ ਨੇ ਵੋਟਾਂ ਦੀ ਪੁਸ਼ਟੀ ਰੋਕਣ ਲਈ ਕੈਪੀਟਲ ਹਿੱਲ ਉਪਰ ਧਾਵਾ ਬੋਲ ਦਿੱਤਾ ਸੀ ਤੇ ਪੈਨਸ ਨੂੰ ਮਾਰ ਦੇਣ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ।



# ਪਰੋਨੀਤਾ ਗੁਪਤਾ ਰਾਸ਼ਟਰਪਤੀ ਬਾਇਡੇਨ ਦੀ ਵਿਸ਼ੇਸ਼ ਸਹਾਇਕ ਨਿਯੁਕਤ


**ਸੈਕਰਾਮੈਂਟੋ, ਕੈਲੀਫੋਰਨੀਆ 16 ਫਰਵਰੀ-** ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਪਰੋਨੀਤਾ ਗੁਪਤਾ ਨੂੰ ਰਾਸ਼ਟਰਪਤੀ ਜੋਅ ਬਾਇਡੇਨ ਦੀ ਕਿਰਤੀਆਂ ਸਬੰਧੀ ਵਿਸ਼ੇਸ਼ ਸਹਾਇਕ ਨਿਯੁਕਤ ਕੀਤਾ ਗਿਆ ਹੈ। ਵਾਈਟ ਹਾਊਸ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਪਰੋਨੀਤਾ ਗੁਪਤਾ ਵਰਕਰਾਂ ਦੀਆਂ ਨੌਕਰੀਆਂ ਵਿੱਚ ਸੁਧਾਰ ਸਬੰਧੀ ਨੀਤੀਆਂ ਨੂੰ



ਸਮਰਪਿਤ ਹੈ ਤੇ ਉਹ ਘੱਟ ਆਮਦਨੀ ਵਾਲੇ ਕੰਮਕਾਜੀ ਪਰਿਵਾਰਾਂ ਦੀ ਆਰਥਕ ਸੁਰੱਖਿਆ ਸਬੰਧੀ ਕੰਮ ਕਰੇਗੀ। ਸੈਂਟਰ ਫਾਰ ਲਾਅ ਐਂਡ ਸੋਸ਼ਲ ਪਾਲਸੀ ਨੇ ਪਰੋਨੀਤਾ ਗੁਪਤਾ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਉਹ ਇਕ ਵਿਲੱਖਣ ਆਗੂ ਹੈ ਜੋ ਘੱਟ ਆਮਦਨੀ ਵਾਲੇ ਤੇ ਕਾਲੇ ਲੋਕਾਂ ਦੀ ਭਲਾਈ ਨੂੰ ਸਮਰਪਿਤ ਹੈ।

# ਮੈਕੋਨਲ ਪਾਰਟੀ ਨੂੰ ਸੱਤਾ ਵਿਚ ਲਿਆਉਣ ਦੇ ਸਮਰੱਥ ਨਹੀਂ ਹੈ- ਡੋਨਾਲਡ ਟਰੰਪ





**ਸੈਕਰਾਮੈਂਟੋ, ਕੈਲੀਫੋਰਨੀਆ 17 ਫਰਵਰੀ-** ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਿਪਬਲੀਕਨ ਪਾਰਟੀ ਵਿਚ ਆਪਣੇ ਵਿਸ਼ਵਾਸ਼ ਨੂੰ ਮੁੜ ਬਹਾਲ ਕਰਨ ਦੇ ਮਕਸਦ ਨਾਲ ਪਾਰਟੀ ਦੇ ਸੈਨੇਟ ਵਿਚ ਬਹੁਗਿਣਤੀ ਆਗੂ ਮਿਕ ਮੈਕੋਨਲ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਹੈ ਕਿ ਉਹ ਭਾੜੇ ਦਾ ਟੱਟੂ ਹੈ, ਉਸ ਕੋਲੋਂ ਪਾਰਟੀ ਨੂੰ ਚੋਣਾਂ ਵਿਚ ਜਿਤਾਉਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਮੈਕੋਨਲ ਨੇ ਸੈਨੇਟ ਵਿਚ ਚੱਲੀ ਮਹਾਂਦੋਸ਼ ਕਾਰਵਾਈ ਦੌਰਾਨ ਸਾਬਕਾ ਰਾਸ਼ਟਰਪਤੀ ਨੂੰ 6 ਜਨਵਰੀ ਨੂੰ ਹੋਏ ਕੈਪੀਟਲ ਹਿੱਲ ਉਪਰ ਹਮਲੇ ਲਈ ਕਸੂਰਵਾਰ ਠਹਿਰਾਇਆ ਸੀ। ਉਹਨਾਂ ਕਿਹਾ ਸੀ ਕਿ ਟਰੰਪ ਵੱਲੋਂ ਜੋਅ ਬਾਇਡੇਨ ਕੋਲੋਂ ਹਾਰ ਜਾਣ ਬਾਅਦ ਚੋਣਾਂ ਵਿਚ ਧੋਖਾਧੜੀ ਦਾ ਝੂਠਾ ਦਾਅਵਾ ਕਰਕੇ ਆਪਣੇ ਅੱਤਵਾਦੀ ਚੇਲਿਆਂ ਨੂੰ ਹਿੰਸਾ ਲਈ ਉਕਸਾਇਆ ਗਿਆ ਸੀ। ਮੈਕੋਨਲ ਨੇ ਟਰੰਪ ਦੀ ਅਲੋਚਨਾ ਕਰਨ ਦੇ ਬਾਵਜੂਦ ਉਹਨਾਂ ਵਿਰੁੱਧ ਵੋਟ ਨਹੀਂ ਪਾਈ ਸੀ। ਉਹਨਾਂ ਦਾ ਪੱਖ ਸੀ ਕਿ ਸੰਵਿਧਾਨਕ ਤੌਰ 'ਤੇ ਸਾਬਕਾ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਕਾਰਵਾਈ ਅਣਉਚਿੱਤ ਹੈ। ਮੈਕੋਨਲ ਸੈਨੇਟ ਵਿਚ ਪਾਰਟੀ ਦੇ ਗਰੁੱਪ (ਜੀ ਓ ਪੀ) ਦੇ ਚੋਟੀ ਦੇ ਚੁਣੇ ਹੋਏ ਅਧਿਕਾਰੀ ਹਨ। ਟਰੰਪ ਨੇ ਇਕ ਲਿਖਤੀ ਬਿਆਨ ਵਿਚ ਕਿਹਾ ਕਿ 'ਰਿਪਬਲੀਕਨ ਪਾਰਟੀ ਮਿਕ ਮੈਕੋਨਲ ਵਰਗੇ ਆਗੂਆਂ ਨੂੰ ਆਪਣੇ ਪ੍ਰਸ਼ਾਸਨ ਵਿਚ ਕਦੀ ਵੀ ਥਾਂ ਨਹੀਂ ਦੇਵੇਗੀ।' ਰਾਜਸੀ ਐਕਸ਼ਨ ਕਮੇਟੀ ਵੱਲੋਂ ਸੇਵ ਅਮੈਰੀਕਾ ਦੇ ਸਿਰਲੇਖ ਹੇਠ ਜਾਰੀ ਬਿਆਨ ਵਿਚ ਟਰੰਪ ਨੇ ਕਿਹਾ ਕਿ ਮੈਕੋਨਲ ਪਾਰਟੀ ਨੂੰ ਜਿਤਾਉਣ ਦੇ ਸਮਰੱਥ ਨਹੀਂ ਹੈ।

ਪਾਰਟੀ ਵਿਚ 2024 ਦੀਆਂ ਚੋਣਾਂ ਲਈ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਨੂੰ ਲੈ ਕੇ ਖਿੱਚੋਤਾਣ ਸਿਖਰ 'ਤੇ ਹੈ। 6 ਜਨਵਰੀ ਨੂੰ ਜਿਸ ਦਿਨ ਕਾਂਗਰਸ ਨੇ ਇਲੈਕਟਰੋਲ ਵੋਟਾਂ ਦੀ ਪੁਸ਼ਟੀ ਕਰਨੀ ਸੀ, ਕੈਪੀਟਲ ਹਿੱਲ ਉਪਰ ਹੋਏ ਹਮਲੇ ਤੋਂ ਬਾਅਦ ਪਾਰਟੀ ਦੋ ਹਿੱਸਿਆਂ ਵਿਚ ਵੰਡੀ ਗਈ ਹੈ। ਹਾਲਾਂ ਕਿ ਮਹਾਦੋਸ਼ ਕਾਰਵਾਈ ਦੌਰਾਨ ਦੋ ਤਿਹਾਈ ਬਹੁਮਤ ਨਾ ਮਿਲਣ ਕਾਰਨ ਟਰੰਪ ਬਚ ਗਏ ਸਨ ਪਰ ਇਹ ਇਕ ਅਹਿਮ ਤੱਥ ਹੈ ਕਿ 10ਰਿਪਬਲੀਕਨ ਸਾਂਸਦਾਂ ਨੇ ਸਾਬਕਾ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਲਾਉਣ ਦੇ ਹੱਕ ਵਿਚ ਵੋਟ ਪਾਈ ਸੀ ਤੇ ਲੰਘੇ ਸ਼ਨਿਚਰਵਾਰ ਮਹਾਂਦੋਸ਼ ਮਤੇ ਉਪਰ ਵੋਟਿੰਗ ਦੌਰਾਨ ਪਾਰਟੀ ਦੇ 7 ਸੈਨੇਟ ਮੈਂਬਰਾਂ ਨੇ ਉਸ ਨੂੰ ਦੋਸ਼ੀ ਕਰਾਰ ਦੇਣ ਦੇ ਹੱਕ ਵਿਚ ਵੋਟ ਪਾਈ ਹੈ। ਇਹਨਾਂ ਤੋਂ ਇਲਾਵਾ ਪਾਰਟੀ ਦੇ ਹੋਰ ਕਈ ਸਾਂਸਦ ਟਰੰਪ ਨੂੰ ਅਗਲੀਆਂ ਚੋਣਾਂ ਦੌਰਾਨ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣਾਉਣ ਦੇ ਹੱਕ ਵਿਚ ਨਹੀਂ ਹਨ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com

ਦੇਸ਼ ਦੁਆਬਾ

## CONGRATULATIONS ON 644th THE BIRTH ANNIVERSARY OF SAHIB SHRI SATGURU RAVIDASS JI MAHARAJ

**Prem K. Chumber**
Editor-in-Chief: www.ambedkartimes.com

Guru Ravidass Ji Maharaj, whose 644th birth anniversary is being celebrated throughout the world, was a great Sant-poet/Guru of the golden medieval Bhakti movement of North India. He was born in the so-called lowest of the low castes in India whose touch was used to be considered polluting to the Savarnas/Upper Castes. He, through his unique form of social protest rooted in the universal value of 'humanity is one', boldly challenged the oppressive social structures of caste-based hierarchies. He totally rejected the institution of Brahmin priesthood as a mediator of reaching the Supreme Being. He was of the firm view that in the kingdom of almighty there are no categories of high and low. He said that God had made everyone in His own image. Everyone has equal worth and it was against the very principle of human equality that the system of caste system was created to promote the vested interests of the select few - the so-called upper caste peoples. He emphasized on the dignity of all forms of labor and strongly rejected the divisive and oppressive categorization of polluted jobs including mending and making shoes. He said one needs not to hide his caste or leave his low profession because of the false division between pure and polluted categories of jobs. He also underlined that there is no link between the kind of job one performs and his/her proximity/distance to God. He assigned dignity to the so-called polluted/lower category jobs while proving through his existential deeds that even a cobbler can reach exemplary heights of spiritual knowledge and command the respect of heads of the Brahmin priests (BipperPradhans). Guru Ravidass became a model for his fellow beings to overcome the hierarchical barriers of Brahminical Social Order and to establish Begumpura -a state without fear and sorrows. He elevated the status of the labor by emphasizing on the fact that honest labor is empowering. He completely rejected the concept of living on charity or miraculous ways of amassing ill-wealth. He proved that there was no linkage between any job performed and spiritual knowledge.

While defeating the famous Kashi Pundits in a formally organized Shastrartha, Guru Ravidass proved that merit is not the fiefdom of so called upper castes alone. Everybody is capable of worshipping Him irrespective of caste and kind of profession. He further dismantled the fourfold division of Hindu society as a big lie and a trick to make and keep a large section of the Indian society under the cruelty and control of the few in the name of purity-pollution principle made by the so-called crafty priests. It is against this very system of religiously sanctified social differentiation that Guru Ravidass envisioned establishing a state where there would be no place for fear, hunger, social bondages, untouchability and social oppression. For the social transformation of the society, Guru Ravidass laid emphasis on dignity of labor, compassion, virtue, prohibition of alcohol and all bad deeds. He also reiterated on the urgent need of remembering the formless God whom he addressed by varied names. Some scholars are of the view that Guru Ravidass did not form an organization nor he launched any consistent and systematic agitation against the system of untouchability. This is true. But to raise a loud voice at his times was no less than a clarion call to dismantle the unjust system of Brahminical social order. It is also true that the path told by him has become the beacon light for the Dalit movement in the country and abroad.

***Read more www.ambedkartimes.com***

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

*ਲੜੀ ਨੰਬਰ-168*

## ਛਨਿਛਰ (ਸ਼ਨੀਚਰ) ਬਾਰੇ ਵਿਸ਼ੇਸ਼



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਛਨਿਛਰ-ਪੰਜਾਬੀ ਅਤੇ ਸ਼ਨੈਸ਼ਚਰ ਸੰਸਕ੍ਰਿਤ ਸ਼ਬਦ ਹਨ। ਇਕ ਰਾਸ਼ੀ 'ਚ ਢਾਈ ਵਰ੍ਹੇ ਰਹਿਣ ਤੋਂ ਇਸ ਦੀ ਸੰਗਯਾ ਸ਼ਨੈਸ਼ਚਰ ਹੈ ਅਰਥਾਤ ਸ਼ਨੇ ਸ਼ਨੇ (ਹੌਲੌ ਹੌਲੀ) ਚਰ (ਚਲਨ) ਵਾਲਾ। ਇਸੇ ਗ੍ਰਹ ਦੇ ਨਾਮਪੁਰ ਸਪਤਾਹ ਦਾ ਇਕ ਦਿਨ ਸੈਚਰਡੇ ਅਰਥਾਤ ਸ਼ਨਿਚਰਵਾਰ ਹੈ-ਛਨਿਛਰ ਵਾਰਿ ਸਉਣ ਸਾਸਤ ਬੀਚਾਰੁ॥(ਮ:3-841)&;(ਮਹਾਨ ਕੋਸ਼)

ਸ਼ਨਿਚਰ-ਸੂਰਜ ਦਾ ਪੁੱਤ੍ਰ ਪ੍ਰਿਥਵੀ ਵਾਂਗ ਸੂਰਜ ਦੀ ਪ੍ਰਕਰਮਾ ਕਰਨ ਵਾਲਾ। (ਸ਼੍ਰੀ ਗ੍ਰੰਥ ਕੋਸ਼) ਇਸ ਬਾਰੇ ਧਾਰਨਾ ਹੈ ਕਿ ਇਸ ਦਾ ਰੰਗ ਤੇ ਬਸਤਰ ਕਾਲੇ ਅਤੇ ਬਹੁਤ ਚਮਕੀਲਾ ਹੈ। ਇਕ ਰਵਾਇਤ ਅਨੁਸਾਰ ਸੂਰਜ ਦਾ ਪੁੱਤ੍ਰ ਜੋ ਛਾਇਆ ਦੀ ਕੁੱਖੋਂ ਪੈਦਾ ਹੋਇਆ ਅਤੇ ਇਸ ਨੂੰ ਦੇਵਤਿਆਂ ਵਿੱਚ ਵੀ ਗਿਣਿਆ ਜਾਂਦਾ ਹੈ। ਹੁਣ ਜਰਾ ਸੋਚੋ! ਸੂਰਜ ਇੱਕ ਅੱਗ ਦਾ ਗੋਲਾ ਤੇ ਉਹਦੇ ਨਾਲ ਸਰੀਰਧਾਰੀ ਕਿਹੜੀ ਔਰਤ ਵਿਆਹ ਕਰਵਾ ਜਾਂ ਸਬੰਧ ਬਣਾ ਸਕਦੀ ਹੈ? ਵਿਸ਼ਕਰਮਾਂ ਨੂੰ ਦੇਵਤਾ ਮੰਨਣ ਵਾਲੇ ਕਹਿੰਦੇ ਹਨ ਕਿ ਸੂਰਜ ਦਾ ਤੇਜ ਘਟਾਉਣ ਵਾਸਤੇ ਵਿਸ਼ਕਰਮਾਂ ਨੇ ਇਸ ਨੂੰ ਖਰਾਦ ਤੇ ਲਾ ਕੇ ਛਿੱਲ ਦਿੱਤਾ ਸੀ। ਇਹ ਸਭ ਮਿਥਿਹਾਸਕ ਤੇ ਹਾਸੋਹੀਣੀਆਂ ਗਪੌੜਾਂ ਹਨ। ਪਹਿਲੇ ਲੋਕ ਵੀ ਬਹੁਤੇ ਅਨਪੜ ਹੋਣ ਕਰਕੇ, ਪੁਜਾਰੀਆਂ ਖਾਸ ਕਰ ਬ੍ਰਾਹਮਣਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਦੇ ਡਰਾਵੇ 'ਚ ਪਾ ਆਪਣਾ ਹਲਵਾ ਮੰਡਾ ਖੂਬ ਚਲਾਇਆ ਹੋਇਆ ਸੀ। ਲੋਕਾਂ ਨੂੰ ਕੁਦਰਤੀ ਸਰੋਤਾਂ ਦੀ ਪੂਜਾ ਕਰਨ ਲਾ ਦਿੱਤਾ ਗਿਆ। ਇਵੇਂ ਹੀ ਸ਼ਨੀਵਾਰ (ਸ਼ਨੀ ਦੇਵਤੇ-ਸ਼ਨੀ ਗ੍ਰਿਹ) ਨੂੰ ਕ੍ਰੋਪੀ ਨਾਲ ਜੋੜ ਦਿੱਤਾ ਗਿਆ। ਸ਼ਨੀ ਸਾੜ ਸਤੀ ਪੈਦਾ ਕਰਦਾ ਹੈ। ਸ਼ਨੀ ਗ੍ਰਿਹ ਬਹੁਤ ਮਾੜਾ ਹੁੰਦਾ ਹੈ। ਫਿਰ ਇਸ ਦੀ ਕਰੋਪੀ ਤੋਂ ਬਚਣ ਲਈ ਬ੍ਰਾਹਮਣ ਨੇ ਮੰਤ੍ਰ ਪੂਜਾ ਤੇ ਸਮੱਗਰੀ ਭੇਟ ਕਰਾਉਣੀ ਤੇ ਸ਼ਨੀ ਗ੍ਰਿਹ ਦੇ ਡਰਾਵੇ ਦੇਣੇ ਸ਼ੁਰੂ ਕਰ ਦਿੱਤੇ।&;ਇਥੇ ਹੀ ਬੱਸ ਨਹੀਂ ਸ਼ਨਿਚਰਵਾਰ, ਕਾਲੀ ਚੀਜ਼ ਜਾਂ ਤਾਂ ਗਲੀ&;'ਚ ਆਉਣ ਵਾਲੇ ਕਿਸੇ ਭਿਖਾਰੀ ਨੂੰ ਦੇ ਦੇਣਾ ਜਾਂ ਘਰ ਕਿਸੇ ਨੌਕਰ ਆਦਿ ਨੂੰ ਦਾਨ ਕਰ ਦੇਣਾ ਤੇ ਜੇਕਰ ਏਹ ਵੀ ਨਾ ਹੋ ਸਕੇ ਤਾਂ ਗੁਰੂ ਘਰ ਕਾਲੇ ਮਾਂਹ ਹੀ ਚੜ੍ਹਾ ਦਿੱਤੇ ਜਾਣ। ਹੁਣ ਸਿੱਖ ਵੀ ਬਹੁਤੇ ਗੁਰਦੁਆਰਿਆਂ 'ਚ ਸ਼ਨੀ ਦੇ ਗ੍ਰਹੁ ਤੋਂ ਬਚਣ ਲਈ ਕਾਲੇ ਮਾਂਹ, ਕਾਲੇ ਛੋਲੇ, ਸ਼ਰੋਂ ਦਾ ਤੇਲ ਵੀ ਚੜ੍ਹਾਈ ਜਾਂਦੇ ਹਨ। ਮੰਗਲਵਾਰ, ਵੀਰ ਵਾਰ ਤੇ ਸ਼ਨੀਵਾਰ ਸਿਰ ਨਹੀਂ ਨਹਾਉਣਾ, ਨਵੇਂ ਕਪੜੇ ਨਹੀਂ ਪਾਉਣੇ, ਜਮੀਨ ਨਹੀਂ ਖ੍ਰੀਦਨੀ, ਹਵਾਈ ਸਫਰ ਨਹੀਂ ਕਰਨਾ ਆਦਿਕ ਬਹੁਤ ਹੀ ਭਰਮ-ਭੁਲੇਖੇ ਤੇ ਵਹਿਮ-ਭਰਮ ਖੜੇ ਕਰ ਕੇ ਜਨਤਾ ਨੂੰ ਲੁੱਟਿਆ ਤੇ ਮਨੁੱਖੀ ਵਿਕਾਸ ਰੋਕਿਆ ਜਾ ਰਿਹਾ ਸੀ।

ਨੋਟ-ਜਦ ਵਿਗਿਆਨ ਨੇ ਤਰੱਕੀ ਕੀਤੀ ਤਾਂ ਅਜਿਹੇ ਬਹੁਤੇ ਵਹਿਮ-ਭਰਮ ਚਕਨਾ ਚੂਰ ਕਰਕੇ ਰੱਖ ਦਿੱਤੇ। ਪਹਿਲੇ ਵਹਿਮੀ ਤੇ ਅੰਧ-ਵਸ਼ਵਾਸ਼ੀ ਲੋਕ ਚੰਦ, ਸੂਰਜ, ਮੰਗਲ ਅਤੇ ਸ਼ਨੀ ਆਦਿਕ ਨੂੰ ਗ੍ਰਿਹ ਜਾਂ ਦੇਵਤੇ ਮੰਨਦੇ ਸਨ। ਹੁਣ ਸਾਂਇੰਸਦਾਨ ਵਿਗਿਆਨੀਆਂ ਨੇ ਖੋਜਾਂ ਤੇ ਤਜ਼ਰਬਿਆਂ ਰਾਹੀਂ ਸਿੱਧ ਕਰ ਦਿੱਤਾ ਹੈ ਕਿ ਇਹ ਗ੍ਰਿਹ ਜਾਂ ਦੇਵਤੇ ਨਹੀਂ ਸਗੋਂ ਵੱਖ-ਵੱਖ ਧਰਤੀਆਂ ਹਨ। ਹੁਣ ਚੰਦ, ਮੰਗਲ ਤੇ ਤਾਂ ਵਿਗਿਆਨੀ ਪਹੁੰਚ ਵੀ ਗਏ ਤੇ ਸ਼ਨੀ ਦਾ ਵੀ ਪਤਾ ਲੱਗ ਗਿਆ ਕਿ ਇੱਕ ਧਰਤੀ ਹੈ। ਸੋ ਸ਼ਨੀ ਮੰਗਲ ਆਦਿਕ ਤੋਂ ਡਰਨ ਦੀ ਲੋੜ ਨਹੀਂ।

ਗੁਰੂ ਸਾਹਿਬ ਇਨ੍ਹਾਂ ਦੇ ਪੂਜਨ ਵਾਲਿਆਂ ਨੂੰ ਮੂਰਖ ਆਖਦੇ ਹਨ-ਸਤਿਗੁਰ ਬਾਝਹੁ ਅੰਧੁ ਗੁਬਾਰੁ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥ ਨਾਨਕ ਗੁਰਮੁਖਿ ਬੂਝੈ ਸੋਝੀ ਪਾਇ॥ ਇਕਤੁ ਨਾਮਿ ਸਦਾ ਰਹਿਆ ਸਮਾਇ॥੧੦॥੨॥(ਮ:3-842-843)

# ਸਾਕਾ ਨਨਕਾਣਾ ਸਾਹਿਬ ਬਾਰੇ ਵਿਸ਼ੇਸ਼ ਜਾਣਕਾਰੀ

ਸਾਕਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਸ਼ਕ-ਸੰਮਤ ਅਤੇ ਸਾਕੇ ਬਹੁ ਵਚਨ ਸ਼ਬਦ ਹੈ। ਸਾਕਾ ਤੋਂ ਭਾਵ ਹੈ ਕਿ ਕੋਈ ਐਸਾ ਕਰਮ ਜੋ ਇਤਿਹਾਸ ਵਿੱਚ ਪ੍ਰਸਿੱਧ ਰਹਿਣ ਲਾਇਕ ਹੋਵੇ। ਸਿੱਖਾਂ ਤੋਂ ਪਹਿਲੇ ਵੀ ਸਾਕੇ ਵਰਤੇ ਹਨ ਹਰੇਕ ਸੱਚ ਦੇ ਪੁਜਾਰੀ ਨਾਲ ਕੋਈ ਨਾਂ ਕੋਈ ਸਾਕਾ ਵਰਤਿਆ ਹੀ ਹੈ ਜਿਵੇਂ ਮਨਸੂਰ, ਸਰਮਦ ਅਤੇ ਗੇਲੀਲੀਓ ਵਰਗੇ ਉੱਚ-ਕੋਟੀ ਦੇ ਸੂਫੀ ਅਤੇ ਵਿਗਿਆਨੀ ਇਸ ਦੀ ਢੁੱਕਵੀਂ ਮਿਸਾਲ ਹਨ। ਪਰ ਜੋ ਛੋਟੀ ਜਿਹੀ ਸਿੱਖ ਕੌਮ ਨੇ ਲਾਸਾਨੀ ਸਾਕੇ ਵਰਤਾਏ ਅਤੇ ਹੰਡਾਏ ਉਹ ਬੇਹੱਦ ਲਾਮਿਸਾਲ ਹਨ। ਸਿੱਖ ਧਰਮ ਦੇ ਬਾਨੀ ਗੁਰੂ ਬਾਬਾ ਨਾਨਕ ਜੀ ਨੇ ਪੁਜਾਰੀਵਾਦ, ਬ੍ਰਾਹਮਣੀ ਕਰਮਕਾਂਡ, ਅਖੌਤੀ ਰੀਤਾਂ ਰਸਮਾਂ, ਸਰਕਾਰੀ ਜ਼ੁਲਮ ਅਤੇ ਅਨਿਆਇ ਵਿਰੁੱਧ ਉੱਠ ਖੜੇ ਹੋਣ ਦਾ ਸਾਕਾ ਵਰਤਾਇਆ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਬਦ ਗੁਰੂ ਦੀ ਸ਼ਾਨ ਅਤੇ "ਸਭੇ ਸਾਂਝੀਵਾਲ ਸਦਾਇਨਿ" ਦੇ ਸਿਧਾਂਤ ਲਈ ਸ਼ਹੀਦੀ ਸਾਕਾ ਵਰਤਾਇਆ। ਗੁਰੂ ਤੇਗ ਬਹਾਦਰ ਜੀ ਨੇ ਮਜ਼ਲੂਮਾਂ ਦਾ ਧਰਮ ਬਚਾਉਣ ਲਈ ਆਪਾ ਵਾਰਿਆ, ਸਿੱਖ ਦੇਗਾਂ ਵਿੱਚ ਉਬਲੇ ਅਤੇ ਆਰਿਆਂ ਨਾਲ ਚੀਰੇ ਗਏ, ਇਉਂ ਸਾਕਿਆਂ ਦੀ ਲੜੀ ਚੱਲ ਪਈ। ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜ਼ਿਗਰ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਚਾਰੇ ਸਾਹਿਬਜ਼ਾਦਿਆਂ ਨੇ ਕ੍ਰਮਵਾਰ ਚਮਕੌਰ ਸਾਹਿਬ ਅਤੇ ਸਰਹਿੰਦ ਵਿਖੇ ਲਾਮਿਸਾਲ ਸਾਕੇ ਵਰਤਾ, ਵਿਲੱਖਣ ਇਤਿਹਾਸ ਸਿਰਜ ਦਿੱਤਾ। ਕਰੀਬ ੯੧ ਸਾਲ ਪਹਿਲੇ ਇਸੇ ਇਤਿਹਾਸ ਦੇ ਵਾਰਸਾਂ ਦੇ ਨਾਲ ੨੧ ਫਰਵਰੀ ੧੯੨੧ ਨੂੰ ਗੁਰੂ ਨਾਨਕ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਇਹ ਦਰਦਨਾਕ ਸ਼ਹੀਦੀ ਸਾਕਾ "ਸਾਕਾ ਨਨਕਾਣਾ ਸਾਹਿਬ" ਵਾਪਰਿਆ।

ਸਾਕਾ ਨਨਕਾਣਾ ਸਾਹਿਬ ਦਾ ਪਿਛੋਕੜ-ਗੁਰੂ ਕਾਲ ਸਮੇਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਦਾ ਕੰਮ ਗੁਰੂ ਸਾਹਿਬਾਨ ਦੀ ਆਪਣੀ ਨਿਗਰਾਨੀ ਹੇਠ ਹੁੰਦਾ ਸੀ ਜਾਂ ਉਨ੍ਹਾਂ ਵਲੋਂ ਨੀਯਤ ਕੀਤੇ ਹੋਏ ਕਹਿਣੀ ਤੇ ਕਰਨੀ ਦੇ ਸੂਰੇ ਸਿੱਖਾਂ ਸੇਵਕਾਂ ਦੇ ਹੱਥ ਹੋਇਆ ਕਰਦਾ ਸੀ। ਜਿਵੇਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਆਦਿਕ। ਇਸ ਸਮੇਂ ਗੁਰਦੁਆਰਾ ਪ੍ਰਬੰਧ ਵਿੱਚ ਕੋਈ ਢਿੱਲ੍ਹ ਨਹੀਂ ਆਈ। ਗੁਰਮਤਿ ਪ੍ਰਚਾਰ ਦੇ ਇਹ ਸੋਮੇਂ ਸਿੱਖ ਕੌਮ ਦੀ ਅਗਵਾਈ ਕਰਦੇ ਰਹੇ ਅਤੇ ਕੌਮ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੀ। ਸੰਨ ੧੬੧੭ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜਦੋਂ ਸਿੱਖ ਪੰਥ ਉੱਪਰ ਮੁਗ਼ਲ ਹਕੂਮਤ ਨੇ ਸਖ਼ਤੀ ਦਾ ਦੌਰ ਆਰੰਭ ਕੀਤਾ ਤਾਂ ਗੁਰੂ ਕੇ ਸਿੰਘ ਆਪਣੇ ਘਰ-ਘਾਟ ਤਿਆਗ ਕੇ ਪਹਾੜਾਂ, ਜੰਗਲਾਂ, ਰੇਗਿਸਤਾਨਾਂ ਅਤੇ ਹੋਰ ਸੁਰੱਖਿਅਤ ਥਾਵਾਂ ਤੇ ਜਾ ਆਪਣੀ ਦਿਨ-ਕਟੀ ਕਰਨ ਲੱਗੇ। ਉਸ ਬਿਖੜੇ ਸਮੇਂ ਸਿੱਖ ਪੰਥ ਆਪਣੇ ਪਵਿੱਤ੍ਰ ਗੁਰਧਾਮਾਂ ਦਾ ਪ੍ਰਬੰਧ ਨਾ ਕਰ ਸਕਿਆ ਤੇ ਗੁਰਧਾਮਾਂ ਦੀ ਸੇਵਾ-ਸੰਭਾਲ ਦੀ ਜ਼ੁੰਮੇਵਾਰੀ ਨਿਰਮਲੇ ਅਤੇ ਉਦਾਸੀ ਸੰਪਰਦਾਏ ਦੇ ਮਹੰਤਾਂ ਕੋਲ ਚਲੀ ਗਈ। ਸ਼ੁਰੂ-ਸ਼ੁਰੂ ਵਿੱਚ ਇਨ੍ਹਾਂ ਮਹੰਤਾਂ ਨੇ ਬੜੇ ਸੁਚੱਜੇ ਢੰਗ ਨਾਲ ਗੁਰਧਾਮਾਂ ਦੀ ਸੇਵਾ-ਸੰਭਾਲ ਕੀਤੀ ਪਰ ਹੌਲੀ ਹੌਲੀ ਇਨ੍ਹਾਂ ਨੇ ਗੁਰਦੁਰਿਆਂ ਅੰਦਰ ਮੰਦਰਾਂ ਵਾਂਗ ਹਿੰਦੂ ਰਹੁ-ਰੀਤੀਆਂ ਪ੍ਰਚੱਲਤ ਕਰ ਦਿੱਤੀਆਂ ਤੇ ਗੁਰਬਾਣੀ ਨੂੰ ਹਿੰਦੂ ਮਿਥਿਹਾਸਕ ਕਥਾ-ਕਹਾਣੀਆਂ ਦੀ ਰੰਗਤ ਦੇ ਕੇ ਪੇਸ਼ ਕਰਦੇ ਰਹੇ ਤੇ ਕਈ ਗੁਰਦੁਆਰਿਆਂ ਅੰਦਰ ਮੂਰਤੀਆਂ ਵੀ ਲਿਆ ਰੱਖੀਆਂ। ਗੁਰਦੁਆਰਿਆਂ ਵਿੱਚੋਂ ਗੁਰਮਤਿ ਦਾ ਪ੍ਰਚਾਰ ਅਤੇ ਸਿੱਖੀ-ਮਾਣ-ਮਰਯਾਦਾ ਹੌਲੀ-ਹੌਲੀ ਅਲੋਪ ਹੁੰਦੀ ਗਈ ਅਤੇ ਕਰਮਕਾਂਡਾ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿੱਚ ਸ਼ਕਤੀਸ਼ਾਲੀ ਖਾਲਸਾ ਰਾਜ ਕਾਇਮ ਹੋਇਆ। ਇਸ ਸਮੇਂ ਦੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਨੇ ਇਤਿਹਾਸਕ ਗੁਰਦੁਆਰਿਆਂ ਦੇ ਨਾਮ ਜਗੀਰਾਂ, ਜਾਇਦਾਦਾਂ ਲਗਵਾਈਆਂ ਤਾਂ ਕਿ ਇਨ੍ਹਾਂ ਦੀ ਆਮਦਨ ਦੇ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਇਆ ਜਾ ਸਕੇ। ਨਵੀਆਂ ਇਮਾਰਤਾਂ ਦੀ ਉਸਾਰੀ ਵੀ ਕੀਤੀ ਗਈ ਪਰ ਸਿੱਖ ਸਰਦਾਰਾਂ ਨੇ ਗੁਰਦੁਆਂਰਿਆਂ ਦੀ ਅੰਦਰੂਨੀ ਮਾਣ-ਮਰਯਾਦਾ ਅਤੇ ਪ੍ਰਬੰਧ ਵਲ ਕੋਈ ਉਚੇਚਾ ਧਿਆਨ ਨਾ ਦਿੱਤਾ। ਸਿੱਖ ਸਰਦਾਰਾਂ ਦੀ ਇਸ ਲਾਪਰਵਾਹੀ ਕਾਰਨ, ਗੁਰਦੁਆਰਿਆਂ ਅੰਦਰ ਗੁਰਮਤਿ ਪ੍ਰਚਾਰ ਅਤੇ ਸਿੱਖੀ-ਕਦਰਾਂ ਕੀਮਤਾਂ ਨੂੰ ਖੋਰਾ ਲਗਣਾ ਸ਼ੁਰੂ ਹੋ ਗਿਆ।

ਸਿੱਖ ਰਾਜ ਦੇ ਪਤਨ ਤੋਂ ਬਾਅਦ ਜਦ ੧੮੪੯ ਈ. ਵਿੱਚ ਪੰਜਾਬ ਦੀ ਧਰਤੀ ਉੱਪਰ ਅੰਗਰੇਜ਼ ਕਾਬਜ਼ ਹੋ ਗਏ ਤਾਂ ਉਨ੍ਹਾਂ ਨੇ ਸਿੱਖ ਧਰਮ ਨੂੰ ਖਤਮ ਕਰਨ ਲਈ ਅਤੇ ਈਸਾਈ ਧਰਮ ਦੇ ਪ੍ਰਚਾਰ ਲਈ ਕਈ ਤਰ੍ਹਾਂ ਦੇ ਕੋਝੇ ਜਤਨ ਆਰੰਭ ਕਰਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿੱਚੋਂ ਇੱਕ ਸਿੱਖ ਪੰਥ ਦੇ ਸਿੱਖੀ ਵਿਸ਼ਵਾਸ ਨੂੰ ਕਮਜ਼ੋਰ ਕਰਨਾ ਵੀ ਸੀ। ਉਨ੍ਹਾ ਦੀ ਕੋਸ਼ਿਸ਼ ਸੀ ਕਿ ਸਿਖਾਂ ਨੂੰ ਸਿੱਖੀ ਦੇ ਮੂਲ ਸੋਮੇ, ਗੁਰਦੁਆਰਿਆਂ ਨਾਲੋਂ ਤੋੜਿਆ ਜਾਵੇ। ਜਿਸ ਲਈ ਉਨ੍ਹਾ ਨੇ ਪੁਜਾਰੀ ਸ਼੍ਰੇਣੀ ਦੀ ਪਿੱਠ ਪੂਰਣੀ ਸ਼ੁਰੂ ਕਰ ਦਿੱਤੀ ਤਾਂ ਕਿ ਉਹ ਗੁਰਦੁਆਰਿਆਂ ਵਿੱਚ ਗੁਰਮਤਿ ਦੀ ਜਗਾ ਮਨਮੱਤ ਦਾ ਬੋਲ-ਬਾਲਾ ਕਰ ਦੇਣ।

ਗੁਰੁਦਵਾਰਿਆਂ ਦੀ ਪੁਜਾਰੀ ਸ਼੍ਰੇਣੀ ਜੋ ਕਿ ਲੰਬੇ ਸਮੇਂ ਤੋਂ ਪੀੜ੍ਹੀ ਦਰ ਪੀੜ੍ਹੀ, ਗੁਰਧਾਮਾਂ ਦੀ ਸੇਵਾ-ਸੰਭਾਲ ਕਰ ਰਹੀ ਸੀ। ਗੁਰਦੁਆਰਿਆਂ ਨੂੰ ਆਪਣੀ ਨਿਜੀ ਜਾਇਦਾਦ ਸਮਝਣ ਲਗ ਪਈ। ਉਨ੍ਹਾ ਦੇ ਆਚਰਣ ਵਿੱਚ ਗਿਰਾਵਟ ਆਉਣੀ ਸ਼ੁਰੂ ਹੋ ਗਈ। ਉਹ ਸ਼ਰਾਬੀ ਅਤੇ ਅਯਾਸ਼ ਹੋ ਗਏ ਜਿਸਦੇ ਮੁੱਖ ਕਾਰਣ ਚੋਖੀ ਆਮਦਨ ਅਤੇ ਅੰਗਰੇਜ਼ ਸਰਕਾਰ ਦੀ ਪੂਰੀ ਹਮਾਇਤ ਸੀ। ਗੁਰਦੁਆਰੇ ਸਿੱਖੀ ਜੀਵਨ ਜਾਚ ਦੇ ਕੇਂਦਰ ਨਾ ਰਹਿ ਕੇ ਅਯਾਸ਼ੀ ਦੇ ਅੱਡੇ ਬਣਾ ਦਿੱਤੇ ਗਏ। ਇਥੇ ਦਰਸ਼ਨ ਕਰਨ ਆਈਆਂ ਸੰਗਤਾਂ ਦੀ ਬੇਪਤੀ ਹੁੰਦੀ, ਔਰਤਾਂ ਦਾ ਸੋਸ਼ਣ ਕੀਤਾ ਜਾਂਦਾ, ਹੋਲੀ ਹੋਲੀ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਅਤੇ ਹੋਰ ਮਨਮੱਤਾਂ ਹੋਣੀਆਂ ਸ਼ੁਰੂ ਹੋ ਗਈਆਂ। ਗੁਰਦੁਆਰਿਆਂ ਨੂੰ ਚਰਚ ਵਿੱਚ ਬਦਲਣ ਲਈ ਪੁਜਾਰੀ ਸ਼੍ਰੇਣੀ ਗੁਰੁਦਵਾਰਿਆਂ ਨੂੰ ਈਸਾਈਆਂ ਕੋਲ ਵੇਚਣ ਲਈ ਵੀ ਤਿਆਰ ਹੋ ਗਏ। ਇਹ ਵੀ ਐਲਾਨ ਹੋਣ ਲੱਗ ਪਿਆ ਕਿ ਸਿੱਖੀ ਛੇਤੀ ਹੀ ਦੁਨੀਆਂ ਤੋਂ ਖਤਮ ਹੋ ਕੇ ਅਜਾਇਬ ਘਰਾਂ ਦੀਆਂ ਤਸਵੀਰਾਂ ਅਤੇ ਲਾਇਬ੍ਰੇਰੀ ਦੀਆਂ ਪੁਸਤਕਾਂ ਤੱਕ ਸੀਮਤ ਰਹਿ ਜਾਵੇਗੀ।

ਭਾਵੇਂ ੧੯ਵੀਂ ਸਦੀ ਦੇ ਅਖੀਰ ਵਿੱਚ ਸਿੱਖ ਪੰਥ ਨੂੰ ਪ੍ਰਫੁੱਲਤ ਕਰਨ ਲਈ ਨਾਮਧਾਰੀ, ਨਿਰੰਕਾਰੀ ਅਤੇ ਸਿੰਘ ਸਭਾ ਆਦਿਕ ਲਹਿਰਾਂ ਚੱਲੀਆਂ ਅਤੇ ਇਨ੍ਹਾਂ ਦੇ ਜਤਨਾਂ ਸਦਕਾ ਸਿੱਖੀ ਦੀ ਹੋਂਦ ਬਰਕਰਾਰ ਵੀ ਹੋਈ। ਨਾਮਧਾਰੀ (ਕੂਕੇ) ਬਾਬਾ ਰਾਮ ਸਿੰਘ ਤੱਕ ਠੀਕ ਰਹੇ ਪਰ ਸਮਾ ਪਾ ਕੇ ਏਨਾਂ ਚੋਂ ਨਾਮਧਾਰੀ ਤੇ ਨਕਲੀ ਨਰੰਕਾਰੀ ਗੁਰੂ ਦੇ ਗੱਦੀਦਾਰ ਸ਼ਰੀਕ ਬਣ ਗਏ। ਨਿਰੰਕਾਰੀਆਂ ਚੋਂ ਬਾਬਾ ਦਿਆਲ ਸਿੰਘ ਵਾਲੇ ਜਿੰਨ੍ਹਾਂ ਅਨੰਦ ਕਾਰਜ ਦੀ ਰਸਮ ਸ਼ੁਰੂ ਕੀਤੀ ਉਹ ਗੁਰਮਤਿਧਾਰੀ ਸਨ ਤੇ ਹਨ। ਇਸ ਤੋਂ ਪਿੱਛੋਂ ਜਦ ਪੰਥ ਦਰਦੀ ਸਿੱਖਾਂ ਨੇ ੫ ਅਕਤੂਬਰ ਸੰਨ ੧੯੨੦ ਈ. ਨੂੰ ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਲਿਆ ਤਾਂ ਸਿੱਖ ਪੰਥ ਵਿੱਚ ਇੱਕ ਨਵੀਂ ਜਾਗ੍ਰਿਤੀ ਪੈਦਾ ਹੋਈ। ਜੋ ਗੁਰਦੁਆਰਾ ਸੁਧਾਰ ਲਹਿਰ ਦੇ ਨਾਮ ਹੇਠ ਸੰਨ ੧੯੨੫ ਈ. ਵਿੱਚ ਗੁਰਦੁਆਰਾ ਐਕਟ ਬਣ ਜਾਣ ਤਕ ਚੱਲੀ। ਛੇਤੀ ਹੀ ਇੱਕ ਤੋਂ ਬਾਅਦ ਇੱਕ ਗੁਰਦੁਆਰਾ ਸਾਹਿਬਾਨ ਸਿੱਖ ਪੰਥ ਦੇ ਪ੍ਰਬੰਧ ਹੇਠ ਆਉਣੇ ਸ਼ੁਰੂ ਹੋ ਗਏ ਜਿਵੇਂ ਗੁਰੂਦਵਾਰਾ ਚੁਮਾਲਾ ਸਾਹਿਬ ਲਾਹੌਰ, ਗੁਰੂਦਵਾਰਾ ਭਾਈ ਜੋਗਾ ਸਿੰਘ ਪਿਸ਼ਾਵਰ, ਗੁਰਦੁਵਾਰਾ ਖਰਾ ਸੌਦਾ ਚੂਹੜਕਾਣਾ, ਗੁਰਦੁਵਾਰਾ ਪੰਜਾ ਸਾਹਿਬ ਅਤੇ ਗੁਰਦੁਵਾਰਾ ਦਰਬਾਰ ਸਾਹਿਬ ਤਰਨ ਤਾਰਨ ਆਦਿਕ।

ਇਸ ਵੇਲੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ 'ਚ ਆਏ ਜਿਸ ਨਾਲ ਸਿੱਖ ਪੰਥ ਨੂੰ ਮਜ਼ਬੂਤ ਜਥੇਬੰਦੀ ਪ੍ਰਾਪਤ ਹੋਈ ਅਤੇ ਮਹੰਤ ਸ਼੍ਰੇਣੀ ਅੰਦਰ ਇਹ ਡਰ ਪੈਦਾ ਹੋ ਗਿਆ ਕਿ ਛੇਤੀ ਹੀ ਗੁਰਦੁਆਰਿਆਂ ਦਾ ਪ੍ਰਬੰਧ ਉਨ੍ਹਾਂ ਤੋਂ ਖੁੱਸ ਜਾਵੇਗਾ ਕਿਉਂਕਿ ਉਹ ਤਾਂ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਅਤੇ ਆਮਦਨ ਦੇ ਸਾਧਨ ਸਮਝਦੇ ਸਨ। ਸਿੱਖ ਪੰਥ ਨੂੰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਆਪਣੇ ਹੱਥਾਂ ਵਿੱਚ ਲੈਣ ਲਈ ਕਾਫੀ ਘਾਲਣਾ ਘਾਲਣੀ ਅਤੇ ਕਈ ਕੁਰਬਾਨੀਆਂ ਦੇਣੀਆਂ ਪਈਆਂ।

ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸੰਨ ੧੯੨੦ ਵਿੱਚ ਮਹੰਤ ਨਰਾਇਣ ਦਾਸ ਕੋਲ ਸੀ ਜੋ ਅਤਿ ਦਰਜੇ ਦਾ ਸ਼ਰਾਬੀ, ਨਸ਼ਈ, ਅਯਾਸ਼ੀ ਅਤੇ ਭੈੜੇ ਆਚਰਣ ਵਾਲਾ ਹੈਵਾਨ ਸੀ। ਉਸ ਨੇ ਪਵਿੱਤ੍ਰ ਗੁਰਧਾਮ ਨੂੰ ਅਯਾਸ਼ੀ ਦਾ ਅੱਡਾ ਤੇ ਸ਼ਰਾਬੀਆਂ, ਭੰਗੀਆਂ, ਪੋਸਤੀਆਂ ਦੀ ਪਾਲਨਗਾਹ ਬਣਾ ਕੇ ਰਖਿਆ ਹੋਇਆ ਸੀ। ਗੁਰਦੁਆਰੇ ਅੰਦਰ ਸ਼ਰੇਆਮ ਸ਼ਰਾਬ ਦੇ ਦੌਰ ਚਲਦੇ ਤੇ ਉਸ ਨੇ ੧੯੧੭ ਈ. ਵਿੱਚ ਗੁਰਦੁਆਰੇ ਅੰਦਰ ਵੇਸਵਾ ਦਾ ਨਾਚ ਕਰਾਇਆ। ਮਹੰਤ ਦੀ ਇਸ ਹਰਕਤ ਨੇ ਸਿਖ ਜਗਤ ਅੰਦਰ ਉਸ ਦੇ ਖਿਲਾਫ਼ ਗੁੱਸੇ ਦੇ ਭਾਂਬੜ ਬਾਲ ਦਿਤੇ। ਅਖਬਾਰਾਂ, ਸਿੰਘ ਸਭਾਵਾਂ ਤੇ ਸੰਗਤਾਂ ਨੇ ਇਸ ਦੇ ਖਿਲਾਫ਼ ਮਤੇ ਪਾਸ ਕੀਤੇ। ਸਰਕਾਰ ਨੂੰ ਵੀ ਖਬਰ ਕੀਤੀ ਗਈ ਪਰ ਕੋਈ ਕਾਰਵਾਈ ਨਾ ਹੋਈ।

ਸੰਨ ੧੯੧੮ ਨੂੰ ਇੱਕ ਰਿਟਾਇਰਡ ਸਿੰਧੀ ਅਫਸਰ ਜਦ ਆਪਣੇ ਪਰਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਤਾਂ ਉਸ ਦੀ ੧੩ ਸਾਲਾ ਲੜਕੀ ਦਾ ਮਹੰਤ ਦੇ ਚੇਲੇ ਨੇ ਬਲਾਤਕਾਰ ਕੀਤਾ। ਉਸੇ ਸਾਲ ਹੀ ਜ਼ਿਲ੍ਹਾ ਲਾਇਲਪੁਰ ਤੋਂ ਦਰਸ਼ਨਾਂ ਲਈ ਆਈਆਂ ਛੇ ਬੀਬੀਆਂ ਦਾ ਵੀ ਮਹੰਤ ਦੇ ਚੇਲਿਆਂ ਨੇ ਇਹੋ ਹਸ਼ਰ ਕੀਤਾ। ਜਦ ਕੁਝ ਸਿੱਖਾਂ ਨੇ ਮਹੰਤ ਕੋਲ ਇਸ ਗੱਲ ਦਾ ਰੋਸ ਕੀਤਾ ਤਾਂ ਅੱਗੋਂ ਉਸ ਨੇ ਇਹ ਕਿਹਾ ਕਿ ਗੁਰਦੁਆਰਾ ਸਾਡਾ ਨਿੱਜੀ ਬਿਜਨਸ ਹੈ, ਇਥੇ ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ। ਇਸ ਮਹੰਤ ਦੀ ਵਧ ਰਹੀ ਗੁੰਡਾਗਰਦੀ ਨੂੰ ਵੇਖਦੇ ਹੋਏ ੨੬ ਜਨਵਰੀ ੧੯੨੧ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦੀ ਅਗਵਾਈ ਹੇਠ ਗੁਰਮਤਾ ਪਾਸ ਕੀਤਾ ਗਿਆ ਕਿ ੪, ੫ ਅਤੇ ੬ ਮਾਰਚ ੧੯੨੧ ਈ। ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਪੰਥ ਦਾ ਇੱਕ ਭਾਰੀ ਇਕੱਠ ਕੀਤਾ ਜਾਵੇ ਜਿਸ ਵਿੱਚ ਗੁਰਦੁਆਰਿਆਂ ਦੇ ਸਹੀ ਪ੍ਰਬੰਧ ਤੇ ਮਹੰਤਾਂ ਬਾਰੇ ਵਿਚਾਰ ਹੋਵੇਗੀ ਖਾਸ ਕਰਕੇ ਗੁ. ਨਨਕਾਣਾ ਸਾਹਿਬ ਦੇ ਮਹੰਤ ਬਾਰੇ।

ਜਦ ਮਹੰਤ ਨਰੈਣ ਦਾਸ ਨੂੰ ਇਸ ਫੈਸਲੇ ਦੀ ਸੂਹ ਮਿਲੀ ਤਾਂ ਉਸ ਨੇ ਵੀ ਇੱਕ ਸਨਾਤਨ ਸਿੱਖ ਕਾਨਫਰੰਸ ਲਾਹੌਰ ਵਿਖੇ ੧੯੨੧, ੨੦ ਅਤੇ ੨੧ ਫਰਵਰੀ ਨੂੰ ਬਾਬਾ ਕਰਤਾਰ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਸੱਦ ਲਈ, ਜਿਸ ਵਿੱਚ ਬਹੁਤ ਸਾਰੇ ਗੁਰਦੁਆਰਿਆਂ ਦੇ ਮਹੰਤਾਂ ਅਤੇ ਸਰਬਰਾਹਾਂ ਨੂੰ ਸੱਦਾ ਦਿੱਤਾ ਗਿਆ ਜਿਸ ਵਿਚ ਸ਼੍ਰੋਮਣੀ ਕਮੇਟੀ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦਿਆਂ ਸਾਧੂਆਂ ਤੇ ਮਹੰਤਾਂ ਦੀ ਆਪਣੀ ਵੱਖਰੀ ਕਮੇਟੀ ਕਾਇਮ ਕਰਨ ਦਾ ਮੁਦਾ ਰਖਦੇ "ਸੰਤ ਸੇਵਕ" ਇਕ ਅਖਬਾਰ ਕੱਢਣ ਦਾ ਨਿਰਣਾ ਵੀ ਕੀਤਾ। ਇਸ ਦੇ ਨਾਲ ਹੀ ਉਸ ਨੇ ਮਾਰਚ ਵਿੱਚ ਆਉਣ ਸਿੱਖ ਪੰਥ ਦੇ ਆਗੂਆਂ ਨੂੰ ਖਤਮ ਕਰਨ ਲਈ ਇਲਾਕੇ ਦੇ ਰਾਂਝੇ ਅਤੇ ਰੀਹਾਨੇ ਵਰਗੇ ਚੋਟੀ ਦੇ ਬਦਮਾਸ਼ਾਂ, ਗੁੰਡਿਆਂ ਨੂੰ ਇਕੱਠਾ ਕਰ ਲਿਆ ਤੇ ਗੁਰਦੁਵਾਰੇ ਅੰਦਰ ਛਵ੍ਹੀਆਂ, ਗੰਡਾਸੇ, ਬੰਦੂਕਾਂ, ਪਿਸਤੌਲਾਂ ਆਦਿ ਹਥਿਆਰ ਤੇ ਭਾਰੀ ਗਿਣਤੀ ਵਿੱਚ ਗੋਲੀ ਸਿੱਕਾ, ਮਿੱਟੀ ਦਾ ਤੇਲ ਅਤੇ ਲੱਕੜਾਂ ਦਾ ਜਖ਼ੀਰਾ ਜਮ੍ਹਾਂ ਕਰ ਲਿਆ।

**(ਬਾਕੀ ਅਗਲੇ ਸਫੇ 'ਤੇ)**



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਿਆਟਲ 'ਚ ਸਿੱਖ ਕੌਮ ਦੇ ਮਹਾਨ ਜਰਨੈਲ ਸ਼ਾਮ ਸਿੰਘ ਅਟਾਰੀਵਾਲਾ ਦਾ ਸ਼ਹੀਦੀ ਦਿਨ ਮਨਾਇਆ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਵਿਖੇ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਮੋਢੇ ਨਾਲ ਮੋਢਾ ਜੋੜ ਕੇ ਸਿੱਖ ਰਾਜ ਨੂੰ ਕਾਇਮ ਕਰਨ ਵਾਲੇ ਸ. ਸ਼ਾਮ ਸਿੰਘ ਅਟਾਰੀ ਵਾਲੇ 10 ਫਰਵਰੀ 1846 ਨੂੰ ਅੰਗਰੇਜ ਫੌਜ ਨਾਲ ਜੂਝਦਿਆਂ ਸਭਰਾਵਾਂ ਦੇ ਮੈਦਾਨ ਵਿਚ ਸਿੱਖ ਫੌਜਾਂ ਸਮੇਤ ਸ਼ਹੀਦ ਹੋ ਗਏ ਸਨ, ਜਿਹਨਾਂ ਦੀ ਯਾਦ ਵਿਚ ਸ਼ਹੀਦੀ ਦਿਵਸ ਬੜੀ







ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਕੀਰਤਨੀ ਜਥਿਆਂ ਭਾਈ ਦਲਜੀਤ ਸਿੰਘ ਅਤੇ ਭਾਈ ਬਲਬੀਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਦਮਦਮੀ ਟਕਸਾਲ ਦੇ ਕਥਾਵਾਚਕ ਭਾਈ ਅਮਨ ਸਿੰਘ ਨੇ ਸਿੱਖ ਕੌਮ ਦੇ ਮਹਾਨ ਜਰਨੈਲ ਸ. ਸ਼ਾਮ ਸਿੰਘ ਅਟਾਰੀ ਵਾਲਾ ਦੇ ਜੀਵਨ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਸੰਗਤ ਵੱਲੋਂ ਸਮੁੱਚੇ ਤੌਰ ਤੇ ਲੰਗਰਾਂ ਦੀ ਸੇਵਾ ਨਿਭਾਈ। ਸਿਆਟਲ ਵਿਚ ਭਾਰੀ ਬਰਫਬਾਰੀ ਪੈਣ ਕਰਕੇ ਸੰਗਤਾਂ ਦੀ ਹਾਜ਼ਰੀ ਸੀਮਤ ਰਹੀ।

# ਬਾਲੀਵੁੱਡ ਅਦਾਕਾਰ ਸੰਦੀਪ ਨਾਹਰ ਨੇ ਖੁਦਕੁਸ਼ੀ ਕੀਤੀ

**ਮੁੰਬਈ–** ਪੁਲੀਸ ਨੇ ਦੱਸਿਆ ਹੈ ਕਿ ਅਦਾਕਾਰ ਸੰਦੀਪ ਨਾਹਰ ਨੇ ਸੋਮਵਾਰ ਸ਼ਾਮ ਨੂੰ ਮੁੰਬਈ ਵਿੱਚ ਵੀਡੀਓ ਅਤੇ "ਸੁਸਾਈਡ ਨੋਟ" ਪੋਸਟ ਕਰਨ ਤੋਂ ਬਾਅਦ ਖੁਦਕੁਸ਼ੀ ਕਰ ਲਈ। ਉਸ ਨੇ ਕਿਹਾ ਹੈ ਕਿ ਉਹ ਆਪਣੀ ਪਤਨੀ ਤੇ ਬਾਲੀਵੁੱਡ ਵਿਚਲੀ "ਰਾਜਨੀਤੀ" ਤੋਂ ਤੰਗ ਆ ਕੇ ਜਾਨ ਦੇ ਰਿਹਾ ਹੈ। ਨਾਹਰ, ਜੋ ਆਪਣੇ 30ਵਿਆਂ ਵਿਚ ਸੀ ਅਤੇ ਅਕਸ਼ੈ ਕੁਮਾਰ ਦੀ 'ਕੇਸਰੀ' ਅਤੇ ਸੁਸ਼ਾਂਤ ਸਿੰਘ ਰਾਜਪੂਤ ਸਟਾਰਰ ਫਿਲਮ 'ਐੱਮਐੱਸ ਧੋਨੀ' ਵਰਗੀਆਂ ਫਿਲਮਾਂ 'ਚ ਨਜ਼ਰ ਆਇਆ ਸੀ, ਨੂੰ ਬੀਤੀ ਸ਼ਾਮ ਉਸ ਦੇ ਫਲੈਟ ਵਿੱਚ ਬੇਹੋਸ਼ ਦੇਖਿਆ ਤੇ ਇਸ ਤੋਂ ਬਾਅਦ ਉਸ ਦੀ ਪਤਨੀ ਕੰਚਨ ਅਤੇ ਦੋਸਤਾਂ ਨੇ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ, ਜਿਥੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਅਦਾਕਾਰ ਨੇ ਨੌਂ ਮਿੰਟ ਦੀ ਵੀਡੀਓ ਦੇ ਨਾਲ, ਫੇਸਬੁੱਕ ਉੱਤੇ "ਸੁਸਾਈਡ ਨੋਟ" ਪੋਸਟ ਕੀਤਾ ਸੀ। ਪੁਲੀਸ ਦਾ ਕਹਿਣਾ ਹੈ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਅਦਾਕਾਰ ਨੇ ਆਪਣੇ ਗੋਰੇਗਾਉਂ ਸਥਿਤ ਫਲੈਟ ਵਿਚਲੇ ਬੈੱਡਰੂਮ ਵਿੱਚ ਫਾਹਾ ਲੈ ਕੇ ਜਾਨ ਦਿੱਤੀ।



# ਮੰਗਲ ਗ੍ਰਹਿ 'ਤੇ ਚੱਕਰ ਲਗਾਵੇਗਾ ਨਾਸਾ ਦਾ 'ਹੈਲੀਕਾਪਟਰ'

ਵਾਸ਼ਿੰਗਟਨ – ਧਰਤੀ 'ਤੇ ਪਹਿਲੇ ਸੰਚਾਲਿਤ ਉਡਾਣ ਦੇ ਇਕ ਦਹਾਕੇ ਤੋਂ ਜ਼ਿਆਦਾ ਸਮਾਂ ਬੀਤਣ ਤੋਂ ਬਾਅਦ ਨਾਸਾ ਦੁਨੀਆ 'ਚ ਖ਼ੁਦ ਨੂੰ ਸਾਬਿਤ ਕਰਨ ਦੀ ਤਿਆਰੀ 'ਚ ਲੱਗਿਆ ਹੈ। ਵੀਰਵਾਰ ਨੂੰ ਮੰਗਲ ਗ੍ਰਹਿ 'ਤੇ ਨਾਸਾ ਦਾ ਇੰਜੀਨਿਊਟੀ ਸੈਟੇਲਾਈਟ ਪਹੁੰਚ ਚੁੱਕਿਆ ਹੈ। ਹਾਲਾਂਕਿ ਉਸ ਨੂੰ ਉਥੇ ਕਾਫ਼ੀ ਚੁਣੌਤੀਆਂ ਦਾ ਸਾਹਮਣਾ ਕਰਨਾ ਹੋਵੇਗਾ। ਇਸ ਨੂੰ ਹੈਲੀਕਾਪਟਰ ਕਿਹਾ ਜਾ ਸਕਦਾ ਹੈ, ਵੈਸੇ ਨੇੜਿਓਂ ਦੇਖਣ 'ਤੇ ਛੋਟੇ ਡ੍ਰੋਨ ਜਿਹਾ ਦਿਸਦਾ ਹੈ। ਸਿਰਫ਼ 4 ਪੌਂਡ ਯਾਨੀ 1.8 ਕਿਲੋਗ੍ਰਾਮ ਦੇ ਭਾਰ ਵਾਲੇ ਇਸ ਹੈਲੀਕਾਪਟਰ 'ਚ ਅਜਿਹੇ ਬਲੇਡ ਲੱਗੇ ਹਨ, ਜੋ ਆਮ ਤੋਂ ਪੰਜ ਗੁਣਾ ਜ਼ਿਆਦਾ ਤੇਜ਼ੀ ਨਾਲ ਘੁੰਮ ਸਕਦਾ ਹੈ।

**ਲੱਭਿਆ ਜਾਵੇਗਾ ਮਨੁੱਖੀ ਜ਼ਿੰਦਗੀ ਦਾ ਸਬੂਤ**

ਨਾਸਾ ਨੇ 2020 ਮਿਸ਼ਨ ਤਹਿਤ ਹੈਲੀਕਾ-ਪਟਰ ਨਾਲ ਮੰਗਲ ਗ੍ਰਹਿ 'ਤੇ ਭੇਜਿਆ ਗਿਆ ਰੋਵਰ ਜੀਵਨ ਦੀ ਜਾਣਕਾਰੀ ਇਕੱਠੀ ਕਰੇਗਾ। ਇਸ ਦੇ ਨਾਲ ਹੀ ਇਹ ਰੋਵਰ ਮੰਗਲ ਦੀ ਸਤਹ ਤੋਂ ਪੱਥਰ ਤੇ ਮਿੱਟੀ ਨੂੰ ਧਰਤੀ 'ਤੇ ਲੈ ਕੇ ਆਵੇਗਾ। ਨਾਸਾ ਨੇ ਆਪਣੇ ਇਸ ਮਿਸ਼ਨ ਦਾ ਜ਼ਿਕਰ 'ਤਕਨਾਲੋਜੀ ਡਿਮੈਂਸਟ੍ਰੇਸ਼ਨ' ਦੇ ਤੌਰ 'ਤੇ ਕੀਤਾ ਹੈ। ਇਸ ਹੈਲੀਕਾਪਟਰ ਨਾਲ ਭੇਜੇ ਗਏ ਰੋਵਰ 'ਚ ਕਈ ਕੈਮਰੇ ਤੇ ਮਾਈਕ੍ਰੋਫੋਨ ਲੱਗੇ ਹਨ, ਜੋ ਮੰਗਲ ਗ੍ਰਹਿ ਦੀਆਂ ਤਸਵੀਰਾਂ ਤੇ ਉਥੋਂ ਦੀ ਆਵਾਜ਼ ਰਿਕਾਰਡ ਕਰਨਗੇ। ਇਸ 'ਚ ਲੱਗੀਆਂ ਸੁਪਰ-ਸੈਨੀਟਾਈਜ਼ਡ ਸੈਂਪਲ ਰਿਟਰਨ ਟਿਊਬਾਂ ਚੱਟਾਨਾਂ ਤੋਂ ਨਮੂਨੇ ਇਕੱਠੇ ਕਰਨਗੀਆਂ, ਜਿਸ ਨਾਲ ਮੰਗਲ 'ਤੇ ਪ੍ਰਾਚੀਨ ਕਾਲ 'ਚ ਮਨੁੱਖੀ ਜੀਵਨ ਹੋਣ ਦਾ ਸਬੂਤ ਲੱਭਿਆ ਜਾਵੇਗਾ।

# ਸਾਕਾ ਨਨਕਾਣਾ ਸਾਹਿਬ ਬਾਰੇ ਵਿਸ਼ੇਸ਼ ਜਾਣਕਾਰੀ

(ਸਫਾ 6 ਦੀ ਬਾਕੀ)

ਭਾਈ ਵਰਿਆਮ ਸਿੰਘ ਜੋ ਸੂਹੀਏ ਤੇ ਤੌਰ ਤੇ ਮਹੰਤ ਕੋਲ ਛੱਡਿਆ ਹੋਇਆ ਸੀ ਦੇ ਰਾਹੀਂ ਭਾਈ ਕਰਤਾਰ ਸਿੰਘ ਝੱਬਰ ਹੋਰਾਂ ਨੂੰ ਜਦ ਇਸ ਗੱਲ ਦੀ ਖਬਰ ਲੱਗੀ ਤਾਂ ਉਸ ਨੇ ਇਲਾਕੇ ਦੇ ਮੁਖੀ ਸਿੰਘਾਂ ਜਿਵੇਂ ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਬੂਟਾ ਸਿੰਘ ਲਾਇਲਪੁਰੀ ਆਦਿ ਨਾਲ ਸਲਾਹ ਕੀਤੀ ਕਿ ਮਾਰਚ ਦੀ ਸਿੱਖ ਕਾਨ-ਫਰੰਸ ਤੋਂ ਪਹਿਲਾਂ ਹੀ ਮਹੰਤ ਨਾਲ ਸਿੱਝ ਲਿਆ ਜਾਵੇ। ਫਰਵਰੀ ੧੭, ੧੯੨੧ ਈ. ਨੂੰ ਗੁਰਦੁਵਾਰਾ ਖਰਾ ਸੌਦਾ ਚੂਹੜਕਾਣਾ 'ਚ ਫੈਸਲਾ ਹੋਇਆ ਜਿਸਦੇ ਅਨੁਸਾਰ ਕੁੱਝ ਜੋਸ਼ੀਲੇ ਸਿੱਖਾਂ ਨੇ ਸਲਾਹ ਬਣਾਈ ਕਿ ਮਾਰਚ ਦੀ ਮੀਟਿੰਗ ਤੱਕ ਉਡੀਕ ਕਰਨੀ ਦੂਰ ਦੀ ਗਲੈ ਜਦੋਂ ਮਹੰਤ ੧੯, ਫਰਵਰੀ ਨੂੰ ਸਿੱਖ ਸਨਾਤਨ ਕਾਨਫਰੰਸ ਲਈ ਲਾਹੌਰ ਜਾਵੇਗਾ, ਅਸੀਂ ਗੁਰਦੁਆਰੇ 'ਤੇ ਕਬਜਾ ਕਰ ਲਵਾਂਗੇ ਤੇ ਜਦ ਉਹ ਆਏਗਾ ਜੋ ਹੋਵੇਗਾ ਦੇਖੀ ਜਾਵੇਗੀ।

੧੯ ਫਰਵਰੀ ਨੂੰ ਭਾਈ ਲਛਮਣ ਸਿੰਘ ਡੇਢ ਕੁ ਸੌ ਸਿੰਘਾਂ ਦਾ ਜਥਾ ਅਤੇ ਭਾਈ ਕਰਤਾਰ ਸਿੰਘ ਝੱਬਰ ਨੇ ਵੀ ਗੁਰਦੁਆਰਾ ਖਰਾ ਸੌਦਾ ਵਿਖੇ ੨੨੦੦ ਸਿੰਘਾਂ ਦਾ ਜਥਾ ਇਕੱਠਾ ਕਰ ਲਿਆ। ਦੂਜੇ ਪਾਸੇ ੧੯ ਫਰਵਰੀ ਨੂੰ ਹੀ ਲਾਹੌਰ ਵਿਖੇ ਅਕਾਲੀ ਅਖ਼ਬਾਰ ਦੇ ਦਫ਼ਤਰ ਵਿੱਚ ਪੰਥਕ ਮੁਖੀਆਂ ਦੀ ਇਕੱਤਰਤਾ ਹੋਣੀ ਸੀ, ਜਿਸ ਵਿੱਚ ਮਾਸਟਰ ਤਾਰਾ ਸਿੰਘ, ਸ੍ਰ. ਤੇਜਾ ਸਿੰਘ ਸਮੁੰਦਰੀ, ਸ੍ਰ. ਹਰਚਰਨ ਸਿੰਘ, ਗਿਆਨੀ ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ੍ਰ. ਜਸਵੰਤ ਸਿੰਘ ਝਬਾਲ ਅਤੇ ਭਾਈ ਦਲੀਪ ਸਿੰਘ ਇਕੱਠੇ ਹੋਏ ਸਨ। ਉੱਥੇ ਪੰਥਕ ਆਗੂਆਂ ਨੂੰ ਭਾਈ ਕਰਤਾਰ ਸਿੰਘ ਝੱਬਰ ਹੋਰਾਂ ਦੇ ਫੈਸਲੇ ਦਾ ਪਤਾ ਲੱਗਾ ਤਾਂ ਉਨ੍ਹਾ ਨੇ ਦੋਨੋ ਜਥਿਆਂ ਨੂੰ ਸਨੇਹਾ ਭੇਜਿਆ ਕਿ ਮਿੱਥੇ ਹੋਏ ਪ੍ਰੋਗਰਾਮ ਤੋਂ ਪਹਿਲੋਂ ਕੋਈ ਵੀ ਜਥਾ ਗੁ. ਨਨਕਾਣਾ ਸਾਹਿਬ ਨਾ ਭੇਜਿਆ ਜਾਵੇ। ਭਾਈ ਕਰਤਾਰ ਸਿੰਘ ਜੀ ਇਸ ਸ਼ਰਤ ਤੇ ਮੰਨ ਗਏ ਕੀ ਭਾਈ ਲਛਮਣ ਸਿੰਘ ਦੇ ਜਥਿਆਂ ਨੂੰ ਵੀ ਰਾਹ ਵਿਚੋਂ ਰੋਕਿਆ ਜਾਏ ਤਾਂਕਿ ਉਨ੍ਹਾ ਨਾਲ ਕੋਈ ਅਨਹੋਣੀ ਨਾ ਹੋ ਜਾਏ। ਵਰਿਆਮ ਸਿੰਘ, ਦਲੀਪ ਸਿੰਘ ਤੇ ਹੋਰ ਸਿੰਘਾਂ ਨੇ ਬਥੇਰੀ ਕੋਸ਼ਿਸ਼ ਕੀਤੀ ਭਾਈ ਲਛਮਣ ਸਿੰਘ ਦੇ ਜਥੇ ਦੀ ਭਾਲ ਕਰਨ ਦੀ ਤੇ ਅੰਤ ਨੂੰ ਜਦ ਇਹ ਜਥਾ ਮਿਲਿਆ ਤਾਂ ਭਾਈ ਲਛਮਣ ਸਿੰਘ ਹੋਰੀਂ ਨੇ ਮੁੜ ਵਾਪਸ ਜਾਣ ਤੋਂ ਨਾਂਹ ਕਰ ਦਿਤੀ। ਉਹ ਕਹਿਣ ਲੱਗੇ ਅਸੀਂ ਗੁਰਦੁਆਰਾ ਨਨਕਾਣਾ ਸਾਹਿਬ ਜਨਮ ਅਸਥਾਨ ਨੂੰ ਮਹੰਤ ਕੋਲੋਂ ਅਜ਼ਾਦ ਕਰਾਉਣ ਲਈ ਅਰਦਾਸਾ ਸੋਧ ਕੇ ਤੁਰੇ ਹਾਂ ਹੁਣ ਵਾਪਸ ਨਹੀਂ ਮੁੜ ਸਕਦੇ ਚਾਹੇ ਸਿੱਟਾ ਕੁਝ ਵੀ ਹੋਵੇ। ਅਰਦਾਸਾ ਸੋਧ ਕੇ ਪਿੱਛੇ ਹੱਟਣਾ ਕਾਇਰਾਂ ਦਾ ਕੰਮ ਹੈ, ਸ਼ੇਰਾਂ ਦਾ ਨਹੀਂ, ਇਹ ਕਹਿ ਕੇ ਜਥਾ ਅੱਗੇ ਚੱਲ ਪਿਆ।

੨੦ ਫਰਵਰੀ ਨੂੰ ਸਵੇਰੇ ਛੇ ਵਜੇ ਭਾਈ ਲਛਮਣ ਸਿੰਘ ਦਾ ਜਥਾ ਸ਼ਬਦ ਪੜ੍ਹਦਾ ਹੋਇਆ ਗੁਰਦੁਆਰਾ ਸਾਹਿਬ ਵਿਖੇ ਦਾਖਲ ਹੋਇਆ। ਭਾਈ ਲਛਮਣ ਸਿੰਘ ਜੀ "ਸ਼ਬਦ ਗੁਰੂ ਗ੍ਰੰਥ ਸਾਹਿਬ" ਦੀ ਤਾਬਿਆ ਬੈਠ ਗਏ ਅਤੇ ਆਸਾ ਕੀ ਵਾਰ ਦਾ ਕੀਰਤਨ ਆਰੰਭ ਕਰ ਦਿੱਤਾ। ਕੁਝ ਸਮੇਂ ਬਾਅਦ ਮਹੰਤ ਆਪਣੇ ਗੁੰਡਿਆਂ ਸਮੇਤ ਸ਼ਰਾਬੀ ਹਾਲਤ ਵਿੱਚ ਆਇਆ। ਉਸ ਨੇ ਸਿੰਘਾਂ ਦਾ ਘਾਣ ਕਰਨ ਲਈ ਪਹਿਲਾਂ ਹੀ ਪੂਰੀ ਤਿਆਰੀ ਕੀਤੀ ਹੋਈ ਸੀ ਨੇ ਦਰਸ਼ਨੀ ਡਿਉਢੀ ਦਾ ਮੇਨ ਗੇਟ ਬੰਦ ਕਰਵਾ ਦਿੱਤਾ ਅਤੇ ਆਪਣੇ ਗੁੰਡਿਆਂ ਪਾਸੋਂ ਰੱਬੀ ਪਿਆਰ ਵਿੱਚ ਜੁੜੇ ਸ਼ਾਂਤਮਈ ਸਿੰਘਾਂ ਉੱਪਰ ਗੋਲੀਆਂ ਦੀ ਬੁਛਾੜ ਕਰਵਾ ਦਿੱਤੀ। ਸਿੰਘ ਸ਼ਾਂਤਮਈ ਰਹਿੰਦੇ ਹੋਏ ਸ਼ਹੀਦੀ ਪਾ ਰਹੇ ਸਨ। ਗੋਲੀਆਂ ਦੀ ਬੁਛਾੜ ਬੰਦ ਕਰਕੇ ਗੁੰਡੇ ਟੱਕੂਏ, ਕ੍ਰਿਪਾਨਾਂ, ਛਵ੍ਹੀਆਂ ਤੇ ਗੰਡਾਸੇ ਆਦਿ ਲੈ ਕੇ ਸਿੰਘਾਂ ਉੱਪਰ ਵਾਰ ਕਰਨ ਲੱਗ ਪਏ ਤੇ ਕਈਆਂ ਸਿੰਘਾਂ ਨੂੰ ਬਰਛਿਆਂ ਅਤੇ ਗੰਡਾਸਿਆਂ ਨਾਲ ਵੱਡਟੁੱਕ ਦਿੱਤਾ। ਸ਼ਹੀਦਾਂ ਅਤੇ ਜ਼ਖ਼ਮੀਆਂ ਦੇ ਢੇਰ ਇਕੱਠੇ ਕਰਕੇ ਤੇਲ ਪਾ ਕੇ ਸਾੜ ਦਿੱਤੇ ਗਏ। ਕਈਆਂ ਨੂੰ ਜੀਂਦਿਆਂ ਹੀ ਅੱਗ 'ਚ ਸੁੱਟ ਦਿੱਤਾ ਗਿਆ। ਭਾਈ ਲਛਮਣ ਸਿੰਘ ਨੂੰ ਜੰਡ ਨਾਲ ਪੁੱਠਾ ਲਟਕਾ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਏਨਾਂ ਦਿਲਕੰਬਾਊ ਦ੍ਰਿਸ਼ ਸੀ ਜਿਸ ਨੇ ਔਰੰਗਜ਼ੇਬ, ਨਾਦਰ ਸ਼ਾਹ ਅਬਦਾਲੀ ਅਤੇ ਮੀਰ ਮਨੂੰ ਵਰਗਿਆਂ ਦੇ ਜ਼ੁਲਮ ਵੀ ਮਾਤ ਪਾ ਦਿੱਤੇ।

ਭਾਈ ਦਲੀਪ ਸਿੰਘ ਨੇ, ਜਦੋਂ ਗੋਲੀਆਂ ਦੀ ਆਵਾਜ਼ ਸੁਣੀ ਤਾਂ ਉਹ ਇਹ ਕਹਿ ਕੇ ਗੁਰਦੁਆਰਾ ਸਾਹਿਬ ਵੱਲ ਦੌੜ ਪਏ ਕਿ ਲੱਗਦੈ ਕਿ ਮਹੰਤ ਨੇ ਕਾਰਾ ਕਰ ਦਿੱਤਾ ਹੈ। ਜਦ ਉਹ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਮਹੰਤ ਆਪਣੇ ਗੁੰਡਿਆਂ ਪਾਸੋਂ ਸਿੰਘਾਂ ਦਾ ਘਾਣ ਕਰਵਾ ਰਿਹਾ ਸੀ।

ਭਾਈ ਦਲੀਪ ਸਿੰਘ ਨੇ ਮਹੰਤ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਮਹੰਤ ਦੇ ਗੁੰਡਿਆਂ ਨੇ ਉਸ ਨੂੰ ਅਕਾਲੀ ਅਕਾਲੀ ਕਹਿ ਕੇ ਬਲਦੀ ਭੱਠੀ ਵਿੱਚ ਸੁੱਟ ਸ਼ਹੀਦ ਕਰ ਦਿੱਤਾ। ਇਹ ਸਾਰਾ ਕਾਰਾ ਕਰਨ ਤੋਂ ਬਾਅਦ ਮਹੰਤ ਨੇ ਲੱਕੜਾਂ ਦੇ ਢੇਰ ਲਗਾ ਉੱਪਰ ਮਿੱਟੀ ਦਾ ਤੇਲ ਪਾਇਆ ਅਤੇ ਉਸ 'ਤੇ ਸ਼ਹੀਦ ਹੋ ਚੁਕੇ ਅਤੇ ਜ਼ਖਮੀ ਸਿੰਘਾਂ ਨੂੰ ਸੁੱਟ ਕੇ ਅੱਗ ਲਗਾ ਦਿੱਤੀ।

ਇਸ ਖ਼ੂਨੀ ਸਾਕੇ ਦੀ ਖ਼ਬਰ ਜੰਗਲ ਦੀ ਅਗ ਵਾਂਗ ਸਾਰੇ ਦੇਸ਼ ਵਿੱਚ ਫੈਲ ਗਈ। ਕੁੱਝ ਹੀ ਘੰਟਿਆਂ ਵਿੱਚ ਸਭ ਪਾਸਿਆਂ ਤੋਂ ਸਿੱਖਾਂ ਨੇ ਨਨਕਾਣਾ ਸਾਹਿਬ ਵਲ ਵਹੀਰਾਂ ਪਾ ਦਿੱਤੀਆਂ। ਇਹ ਖ਼ਬਰ ਪੰਜਾਬ ਦੇ ਗਵਰਨਰ, ਕਮਿਸ਼ਨਰ, ਡੀ.ਸੀ. ਅਤੇ ਸ਼੍ਰੋਮਣੀ ਕਮੇਟੀ ਆਦਿ ਨੂੰ ਵੀ ਤਾਰਾਂ ਦੁਆਰਾ ਭੇਜੀ ਗਈ। ਡੀ. ਸੀ. ਮਿਸਟਰ ਕੈਰੀ ਜਦ ਗੁਰਦੁਆਰਾ ਨਨਕਾਣਾ ਸਾਹਿਬ ਪੁੱਜਾ ਤਾਂ ਉਸ ਸਮੇਂ ਮਹੰਤ ਦੇ ਆਦਮੀ ਲਾਸ਼ਾਂ ਨੂੰ ਸਾੜ ਫੂਕ ਰਹੇ ਸਨ, ਇਹ ਜ਼ੁਲਮੀ ਕਾਰਾ ਉਸ ਦੇ ਪਹੁੰਚਣ ਤੋਂ ਡੇਢ ਘੰਟੇ ਬਾਅਦ ਵੀ ਚੱਲਦਾ ਰਿਹਾ। ਮਹੰਤ ਨੂੰ ਅਜਿਹਾ ਕਰਨ ਤੋਂ ਕਿਸੇ ਨੇ ਵੀ ਨਾ ਰੋਕਿਆ। ਰਾਤ ਨੌਂ ਵਜੇ ਦੇ ਕਰੀਬ ਲਾਹੌਰ ਤੋਂ ਸਪੈਸ਼ਲ ਟਰੇਨ ਰਾਹੀਂ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਆਪਣੇ ਨਾਲ ਸੌ ਦੇ ਕਰੀਬ ਅੰਗਰੇਜ਼ ਅਫਸਰਾਂ ਅਤੇ ਸਿਪਾਹੀਆਂ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਪਹੁੰਚਿਆ ਤਾਂ ਉਸ ਵੇਲੇ ਵੀ ਮਹੰਤ ਦੇ ਹੱਥ ਵਿੱਚ ਬੰਦੂਕ ਸੀ। ਸਰਕਾਰ ਨੇ ਮਹੰਤ ਅਤੇ ਉਸ ਦੇ ੨੬ ਸਾਥੀਆਂ ਨੂੰ ਗ੍ਰਿਫਤਾਰ ਕਰਕੇ ਉਸ ਦੇ ਘਰੋਂ ਕਾਫੀ ਅਸਲਾ ਹਥਿਆਰ ਆਦਿਕ ਬਰਾਮਦ ਕਰ ਲਏ ਅਤੇ ਗੁਰਦੁਆਰੇ ਪਰ ਸਰਕਾਰ ਨੇ ਕਬਜ਼ਾ ਕਰ ਲਿਆ।

ਨਨਕਾਣਾ ਸਾਹਿਬ ਦੇ ਸਾਕੇ ਵੇਲੇ ਸਰਦਾਰ ਬਹਾਦਰ ਮਹਿਤਾਬ ਸਿੰਘ ਸਰਕਾਰੀ ਵਕੀਲ ਅਤੇ ਪੰਜਾਬ ਕੌਂਸਲ ਦੇ ਡਿਪਟੀ ਚੀਫ਼ ਵੀ ਮੌਜੂਦ ਸਨ। ੧੯੦ ਤੋਂ ਵੱਧ ਸਿੱਖਾਂ ਦਾ ਕਾਤਲ ਮਹੰਤ ਨਰੈਣੂ ਸਰਕਾਰੀ ਅਫ਼ਸਰਾਂ ਨਾਲ ਨੇੜਤਾ ਰਖਦਾ ਸੀ। ਇਸ ਕਰਕੇ ਪੁਲਸ ਉਸ ਦਾ ਕੇਸ ਕਮਜ਼ੋਰ ਰੱਖ ਕੇ ਉਸ ਨੂੰ ਬਚਾਉਣਾ ਚਾਹੁੰਦੀ ਸੀ। ਸਰਕਾਰੀ ਸਾਜ਼ਸ਼ਾਂ ਨੂੰ ਵੇਖ ਕੇ ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਸਰਕਾਰੀ ਵਕੀਲ ਦੇ ਅਹੁਦੇ ਤੋਂ ਅਤੇ ਪੰਜਾਬ ਕੌਂਸਲ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। ਅੰਗਰੇਜ਼ਾਂ ਨੂੰ ਮਜਬੂਰ ਹੋਕੇ ੨੦ ਫਰਵਰੀ ਦੀ ਰਾਤ ਨੂੰ ਹੀ ਮਹੰਤ ਅਤੇ ਉਸ ਦੇ ਸਾਥੀ ਕਾਤਲਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਭੇਜਣਾ ਪਿਆ।

ਅਗਲੇ ਦਿਨ ੨੧ ਫਰਵਰੀ ਨੂੰ ਸ੍ਰ. ਮਹਿਤਾਬ ਸਿੰਘ, ਸ੍ਰ. ਹਰਬੰਸ ਸਿੰਘ ਅਟਾਰੀ ਆਦਿ ਆਗੂ ਅਤੇ ਹੋਰ ਸੰਗਤਾਂ ਵੀ ਗੁ. ਨਨਕਾਣਾ ਸਾਹਿਬ ਪਹੁੰਚ ਗਈਆਂ ਅਤੇ ੨੧ ਫਰਵਰੀ ੧੯੨੧ ਨੂੰ ਸ਼ਾਮ ਵੇਲੇ ਤੱਕ ਜਥੇਦਾਰ ਕਰਤਾਰ ਸਿੰਘ ਝੱਬਰ ਵੀ ੨੨੦੦ ਸਿੰਘਾਂ ਦਾ ਸ਼ਹੀਦੀ ਜਥਾ ਲੈ ਕੇ ਨਨਕਾਣਾ ਸਾਹਿਬ ਪਹੁੰਚ ਗਿਆ। ਉੱਧਰ ਪੁਲਸ ਨੇ ਗੁਰਦੁਆਰੇ ਨੂੰ ਤਾਲਾ ਲਾਕੇ ਫੌਜੀ ਨਾਕਾਬੰਦੀ ਕੀਤੀ ਹੋਈ ਸੀ।

ਡਿਪਟੀ ਕਮਿਸ਼ਨਰ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕਦਿਆਂ ਹੁਕਮ ਦਿੱਤਾ ਕਿ ਅਗੇ ਵਧੇ ਤਾਂ ਮਸ਼ੀਨਗਨਾਂ ਦੀ ਗੋਲੀ ਚੱਲ ਜਾਏਗੀ। ਅਗੋਂ ਕਰਤਾਰ ਸਿੰਘ ਝਬੱਰ ਨੇ ਜੁਆਬ ਦਿੱਤਾ "ਅਸੀਂ ਅਰਦਾਸ ਕਰਕੇ ਚੱਲੇ ਹਾਂ ਕਿ ਗੁਰਦੁਆਰੇ ਦਾ ਕਬਜਾ ਬਦਮਾਸ਼ ਮਹੰਤ ਤੋਂ ਛਡੌਣੈ ਤੁਸੀਂ ਗੋਲੀ ਚਲਾਓ, ਤੁਹਾਡੀਆਂ ਮਸ਼ੀਨਗੱਨਾਂ ਸਾਨੂੰ ਰੋਕ ਨਹੀਂ ਸਕਦੀਆਂ। ਜਥੇਦਾਰ ਦੇ ਦ੍ਰਿੜਤਾ ਅੱਗੇ ਪਲੀਸ ਨੂੰ ਝੁਕਣਾ ਪਿਆ ਅਤੇ ਗੁਰਦੁਆਰੇ ਦੇ ਦਰਬਾਜੇ ਖੋਲ੍ਹ ਦਿੱਤੇ ਗਏ। ਇਸ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਹੋਰ ਤੇਜ ਹੁੰਦੀ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ, ਗੁਰਦੁਆਰਾ ਪ੍ਰਬੰਧ ਮਹੰਤਾਂ ਦੇ ਕਬਜੇ ਚੋਂ ਸ਼੍ਰੋਮਣੀ ਕਮੇਟੀ ਦੇ ਹੱਥ ਆਇਆ।

ਦੋਸ਼ੀਆਂ 'ਤੇ ਮੁਕੱਦਮਾ ਚਲਾ ਕੇ ਸਜ਼ਾਵਾਂ ਦਿੱਤੀਆਂ ਗਈਆਂ। ੧੨ ਅਕਤੂਬਰ ੧੯੨੧ ਨੂੰ ਸੈਸ਼ਨ ਜੱਜ ਨੇ ਇਸ ਘਟਨਾ ਵਿੱਚ ਸ਼ਾਮਲ ਮਹੰਤ ਅਤੇ ਉਸ ਦੇ ਸੱਤ ਸਾਥੀਆਂ ਕਾਦਰ ਜਲਾਲਾ-ਬਾਦੀ, ਆਤਮ ਰਾਮ ਖਾਨ ਕੀ, ਰਾਂਝਾ ਥਾਣਾ ਝੰਗ, ਹਰੀ ਨਾਥ ਕਨਫਟਾ ਜੋਗੀ, ਨੂਰ ਸ਼ਾਹ ਦੀਨ ਪਠਾਣ, ਸੁਰੈਣ ਸਿੰਘ ਲੁਲਿਆਣੀ, ਰੀਹਾਨਾ ਲੁਲਿਆਣੀ ਨੂੰ ਫਾਂਸੀ ਦੀ ਸਜ਼ਾ, ਅੱਠ ਨੂੰ ਕਾਲੇਪਾਣੀ ਦੀ ਅਤੇ ਬਾਕੀਆਂ ਨੂੰ 7-7 ਸਾਲ ਦੀ ਸਜ਼ਾ ਸੁਣਾਈ ਪਰ ਬਾਅਦ ਵਿੱਚ ਹਾਈਕੋਰਟ ਨੇ ਇਹ ਸਜ਼ਾਵਾਂ ਘੱਟ ਕਰ ਦਿੱਤੀਆਂ। ਮਹੰਤ ਦੀ ਸਜ਼ਾ ਫਾਂਸੀ ਤੋਂ ਘਟਾ ਕੇ ਕਾਲੇ-ਪਾਣੀ ਦੀ ਕੀਤੀ ਤੇ ਏਨਾਂ ਸੱਤਾਂ ਵਿਚੋਂ ਤਿੰਨ ਦੀ ਫਾਂਸੀ ਦੀ ਸਜ਼ਾ ਅਤੇ ਅੱਠ ਦੀ ਕਾਲੇ-ਪਾਣੀ ਦੀ ਸਜ਼ਾ ਵਿਚੋਂ ਦੋ ਦੀ ਕਾਲੇ-ਪਾਣੀ ਦੀ ਸਜ਼ਾ ਕਾਇਮ ਰਹੀ ਤੇ ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ। ਗੁਰਦੁਆਰਾ ਗੁਰਮਤਿ ਸਿਖਿਆ ਦਾ ਕੇਂਦਰ, ਯੂਨੀਵਰਸਟੀ ਅਤੇ ਸਿੱਖੀ ਦੀ ਟਕਸਾਲ ਹੈ। ਏਥੋਂ "ਸ਼ਬਦ ਗੁਰੂ ਗ੍ਰੰਥ ਸਾਹਿਬ" ਦੀ ਵਿਚਾਰਧਾਰਾ ਅਨੁਸਾਰ ਸਿੱਖੀ ਜੀਵਨ ਦੀ ਉਸਾਰੀ ਹੋਣੀ ਚਾਹੀਦੀ ਹੈ ਪਰ ਜਦ ਇਸਦੇ ਰਖਵਾਲੇ ਸਿੱਖੀ ਭੇਖ ਵਿੱਚ ਵਿਚਰ ਰਹੇ ਸੁਆਰਥੀ ਲੋਕ, ਜਿਨ੍ਹਾਂ ਵਿੱਚ ਮਸੰਦ, ਮੀਣੇ, ਰਾਮ ਰਾਈਏ, ਧੀਰਮੱਲੀਏ, ਨਿਰੰਕਾਰੀ, ਨਾਮਧਾਰੀ, ਅਜੋਕਾ ਸੰਤ-ਸਮਾਜ, ਬਹੁਤੇ ਡੇਰਿਆਂ ਵਾਲੇ ਬਾਬੇ, ਸੰਪਰਦਾਈ, ਧੁੰਮੇ ਵਰਗੇ ਟਕਸਾਲੀ, ਸਿੱਖੀ ਭੇਖ ਵਿੱਚ ਤਖ਼ਤਾਂ ਤੇ ਬੈਠੇ ਜਥੇਦਾਰ ਅਤੇ ਆਪੂੰ ਬਣੇ ਸਿੰਘ ਸਾਹਿਬਾਨ ਹੋਣ ਤਾਂ ਸਿੱਖੀ ਦੀ ਚੜ੍ਹਦੀ ਕਲਾ ਵੀ ਧੁੰਦਲੀ ਪੈ ਜਾਂਦੀ ਹੈ।

ਇਹ ਆਪਣੀਆਂ ਗੱਦੀਆਂ ਨੂੰ ਬਰਕਰਾਰ ਰਖਣ ਲਈ "ਸ਼ਬਦ ਗੁਰੂ ਗ੍ਰੰਥ" ਤੇ ਗੁਰੂਪੰਥ ਦੀ ਆਵਾਜ ਨੂੰ ਦਬੌਣ ਲਈ ਸਮੇਂ ਦੀਆਂ ਸਰਕਾਰਾਂ ਨਾਲ ਮਿਲਕੇ ਸਾਜਸ਼ਾਂ ਘੜਦੇ ਨੇ ਜਿਨ੍ਹਾਂ ਦੇ ਫਲ-ਸਰੂਪ ਸ਼ਹੀਦੀ ਸਾਕੇ ਹੁੰਦੇ ਹਨ। ਇਨ੍ਹਾਂ ਸ਼ਬਦ ਗੁਰੂ ਗ੍ਰੰਥ ਅਤੇ ਖ਼ਾਲਸਾ ਪੰਥ ਦੇ ਵਿਰੋਧੀ, ਸੁਆਰਥੀ ਲੋਕਾਂ ਦੀਆਂ ਸਾਜਸ਼ਾਂ ਕਾਰਨ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਹੋਈਆਂ, ਘਲੂੱਘਾਰੇ ਹੋਏ, ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ ਢਾਹੇ ਗਏ। ਅੱਜ ਇਸੇ ਸੋਚ ਦੇ ਮਾਲਕ, ਸਿੱਖੀ ਦੇ ਤਖ਼ਤਾਂ ਤੇ ਬੈਠੇ ਪੁਜਾਰੀ ਫਿਰ "ਸ਼ਬਦ ਗੁਰੂ ਗ੍ਰੰਥ" ਅਤੇ ਗੁਰੂਪੰਥ ਦੀ ਆਵਾਜ ਨੂੰ ਬੰਦ ਕਰਨ ਦੇ ਕੋਝੇ ਯਤਨ ਕਰ ਰਹੇ ਹਨ। ਇਸ ਤਰ੍ਹਾਂ ਸ਼ਹੀਦੀਆਂ ਦੇ ਕੇ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖ ਪੰਥ ਦੇ ਹੱਥਾਂ ਵਿੱਚ ਆਇਆ ਪਰ ੧੯੪੭ ਈ. ਦੀ ਦੇਸ਼ ਵੰਡ ਹੋਣ 'ਤੇ ਇਹ ਗੁਰਧਾਮ ਪਾਕਿਸਤਾਨ ਵਿੱਚ ਰਹਿ ਜਾਣ ਕਰਕੇ ਫਿਰ ਪੰਥ ਇਸ ਦੇ ਦਰਸ਼ਨ ਦੀਦਾਰਿਆਂ ਤੋਂ ਵਾਂਝਾ ਹੋ ਗਿਆ ਜਿਸ ਦੇ ਖੁੱਲ੍ਹੇ ਦਰਸ਼ਨਾਂ ਦੀ ਸਿੱਕ ਲੈ ਕੇ ਅੱਜ ਵੀ ਹਰੇਕ ਸਿੱਖ ਅਰਦਾਸ ਕਰਦਾ ਹੈ। ਇਹ ਸ਼ਹੀਦੀਆਂ ਸਿੱਖਾਂ ਦੀ ਰੋਜ਼ਾਨਾ ਅਰਦਾਸ ਦਾ ਹਿੱਸਾ ਬਣ ਗਈਆਂ। ਅੱਜ ਵੀ ਜਦ ਸਿੱਖ ਅਰਦਾਸ ਕਰਦੈ ਤਾਂ ਇਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਦਾ ਆਖਦੈ "ਜਿੰਨ੍ਹਾਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ"।

ਇਹ ਸੀ ਗੁਰਦੁਆਰਾ ਜਨਮ ਅਸਥਾਨ ਗੁਰੂ ਨਾਨਕ ਸਾਹਿਬ ਦਾ ਸੰਖੇਪ ਇਤਿਹਾਸ ਜੋ ਏਨਾਂ ਚਾਰ ਸਰੋਤਾਂ-ਮਿਸ਼ਨਰੀ ਲਿਟ੍ਰੇਚਰ "ਸਾਕਾ ਨਨਕਾਣਾ ਸਾਹਿਬ" ਸਫਾ ੧੧, ਡਾ. ਹਰਜਿੰਦਰ ਸਿੰਘ ਦਿਲਗੀਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ? ਦੇ ਸਫਾ-੩੩ ਅਤੇ ਡਾ. ਸੰਗਤ ਸਿੰਘ, ਇਤਿਹਾਸ 'ਚ ਸਿੱਖ, ਸਫਾ-੧੫੬, "ਸ਼ਬਦ ਗੁਰੂ ਗ੍ਰੰਥ" ਮਹਲਾ ੧-ਜੇ ਜੀਵੈ ਪਤਿ ਲਥੀ ਜਾਇ॥ ਸਭ ਹਰਾਮ ਜੇਤਾ ਕਿਛ ਖਾਇ॥੪॥ (ਪੰਨਾ-੧੪੨) ਅਤੇ ਕੁਝ ਹੋਰ ਸਰੋਤਾਂ ਦੇ ਅਧਾਰ ਤੇ ਲਿਆ ਗਿਆ ਹੈ। ਅਜੋਕੇ ਡੇਰੇਦਾਰ ਸੰਪ੍ਰਦਾਈ ਵੀ ਉਸੇ ਨਰੈਣੂ ਮਹੰਤ ਦੇ ਵਾਰਸ ਨੇ ਜੋ "ਸ਼ਬਦ ਗੁਰੂ ਗ੍ਰੰਥ" ਦੀ ਸਿਧਾਂਤਕ ਵਿਚਾਰਧਾਰਾ ਦੀ ਥਾਂ ਆਪੋ-ਆਪਣੇ ਸੰਤਾਂ-ਗ੍ਰੰਥਾਂ, ਡੇਰੇਦਾਰਾਂ, ਗੱਦੀਦਾਰ ਜਾਂਨਸ਼ੀਨ ਜਥੇਦਾਰਾਂ ਅਤੇ ਸੂਰਜ ਪ੍ਰਕਾਸ਼ ਵਰਗੇ ਗਪੌੜੀ ਗ੍ਰੰਥਾਂ ਦਾ ਹਿੱਕ ਠੋਕ ਕੇ ਪ੍ਰਚਾਰ ਕਰਦੇ ਗੁਰਮਤਿ ਦਾ ਸ਼ਰੇਆਮ ਘਾਣ ਕਰਦੇ ਆਪੋ-ਆਪਣੀ ਕਰਮਕਾਂਡੀ-ਮਰਯਾਦਾ ਚਲਾ ਰਹੇ ਹਨ। ਓਦੋਂ ਤਾਂ ਸਿੱਖਾਂ ਨੇ ਕੁਰਬਾਨੀਆਂ ਦੇ ਗੁਰੂ ਦੋਖੀ ਮਹੰਤਾਂ ਨੂੰ ਗੁਰਦੁਆਰਿਆਂ ਚੋਂ ਭਜਾ ਦਿੱਤਾ। ਹਰ ਸਾਲ ਸਾਕੇ ਮਨੌਣ ਵਾਲਿਓ ਜਰਾ ਸੋਚੋ! ਅਜੋਕੇ ਡੇਰੇਦਾਰਾਂ ਨੂੰ ਕਿਵੇਂ ਤੇ ਕਦੋਂ ਭਜਾਓਗੇ? ਜੋ ਸ਼੍ਰੋਮਣੀ ਕਮੇਟੀ ਤੋਂ ਲੈ ਕੇ, ਹੋਰ ਬਹੁਤੀਆਂ ਸੰਸਥਾਵਾਂ, ਹਰ ਦੇਸ਼, ਪ੍ਰਾਂਤ, ਸ਼ਹਿਰ ਅਤੇ ਪਿੰਡ ਦੇ ਗੁਰਦੁਆਰਿਆਂ 'ਤੇ ਕਿਸੇ ਨਾ ਕਿਸੇ ਰੂਪ ਵਿੱਚ ਕਾਬਜ ਹਨ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਫਰਿਜ਼ਨੋ (ਕੈਲੀਫੋਰਨੀਆਂ) ਹਫਤਾਵਾਰੀ ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਵਾਈਟ ਹਾਊਸ ਦੇ ਡਿਪਟੀ ਪ੍ਰੈਸ ਸਕੱਤਰ ਨੇ ਪੱਤਰਕਾਰ ਨੂੰ ਧਮਕਾਉਣ ਦੇ ਮਾਮਲੇ 'ਚ ਦਿੱਤਾ ਅਸਤੀਫ਼ਾ

**ਫਰਿਜ਼ਨੋ (ਕੈਲੀਫੋਰਨੀਆ), 14 ਫਰਵਰੀ 2021-** ਵਾਈਟ ਹਾਊਸ ਦੇ ਡਿਪਟੀ ਪ੍ਰੈਸ ਸਕੱਤਰ ਟੀ ਜੇ ਡਕਲੋ ਨੇ ਸ਼ਨੀਵਾਰ ਨੂੰ ਐਲਾਨ ਕਰਦਿਆਂ ਦੱਸਿਆ ਕਿ ਉਹ ਜਨਵਰੀ ਵਿੱਚ ਇੱਕ ਮਹਿਲਾ ਰਿਪੋਰਟਰ ਨੂੰ ਅਪਮਾਨਜਨਕ ਧਮਕੀਆਂ ਦੇਣ ਦੇ ਮਾਮਲੇ ਵਿੱਚ ਅਸਤੀਫ਼ਾ ਦੇ ਰਹੇ ਹਨ। ਡਕਲੋ ਦਾ ਆਪਣੇ ਅਹੁਦੇ ਤੋਂ ਅਸਤੀਫ਼ਾ, ਉਸਦੀ ਇਸ ਘਟਨਾ ਦੇ ਸੰਬੰਧ ਵਿੱਚ ਕੀਤੀ ਇੱਕ ਹਫ਼ਤੇ ਦੀ ਮੁਅੱਤਲੀ ਤੋਂ ਬਾਅਦ ਆਇਆ ਹੈ। ਇਸ ਮਾਮਲੇ ਬਾਰੇ ਵੈਨਿਟੀ ਫੇਅਰ ਦੁਆਰਾ ਸ਼ੁੱਕਰਵਾਰ ਨੂੰ ਜਾਰੀ ਕੀਤੀ ਰਿਪੋਰਟ ਅਨੁਸਾਰ ਡਕਲੋ ਨੇ ਰਾਜਨੀਤਕ ਰਿ-ਪੋਰਟਰ ਤਾਰਾ ਪਾਲਮੇਰੀ ਨੂੰ ਐਕਸਿਓਜ਼ ਦੀ ਰਿਪੋਰਟਰ



ਅਲੈਕਸੀ ਮੈਕਮੰਡ ਨਾਲ ਉਸ ਦੇ ਰਿਸ਼ਤੇ ਦੀ ਸਟੋਰੀ ਦੇ ਸੰਬੰਧ ਵਿੱਚ "ਖਤਮ ਕਰਨ" ਦੀ ਧਮਕੀ ਦਿੱਤੀ ਸੀ। ਮੈਕਮੰਡ ਨੇ ਜੋਅ ਬਾਈਡੇਨ ਦੀ ਚੋਣ ਮੁਹਿੰਮ ਨੂੰ ਨਵੰਬਰ ਤੱਕ ਕਵਰ ਕੀਤਾ ਸੀ, ਜਿਸ ਦੌਰਾਨ ਉਸਨੇ ਆਪਣੇ ਸੰਪਾਦਕਾਂ ਨੂੰ ਡਕਲੋ ਨਾਲ ਉਸਦੇ ਸੰਬੰਧਾਂ ਬਾਰੇ ਦੱਸਿਆ ਸੀ। ਡਕਲੋ ਨੇ ਇਸ ਸੰਬੰਧੀ ਟਵਿੱਟਰ 'ਤੇ ਜਾਰੀ ਇੱਕ ਬਿਆਨ ਵਿੱਚ, ਕਿਹਾ ਕਿ ਉਹ ਵਾਈਟ ਹਾਊਸ ਵਿੱਚ ਰਾਸ਼ਟਰਪਤੀ ਅਤੇ ਹੋਰਾਂ ਨੂੰ ਸ਼ਰਮਿੰਦਾ ਕਰਨ ਤੋਂ ਤੰਗ ਆ ਚੁੱਕੇ ਹਨ। ਪ੍ਰੈਸ ਸਕੱਤਰ ਜੇਨ ਪਸਾਕੀ ਨੇ ਸ਼ਨੀਵਾਰ ਨੂੰ ਅਸਤੀਫ਼ੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਸਨੇ ਸ਼ਨੀਵਾਰ ਸ਼ਾਮ ਨੂੰ ਡਕਲੋ ਨਾਲ ਗੱਲਬਾਤ ਕੀਤੀ ਸੀ ਅਤੇ ਵਾਈਟ ਹਾਊਸ ਦੇ ਚੀਫ਼ ਆਫ਼ ਸਟਾਫ ਰੋਨ ਕਲੇਨ ਨੇ ਵੀ ਗੱਲਬਾਤ ਦੀ ਹਮਾਇਤ ਕੀਤੀ ਸੀ।

ਇਸਦੇ ਇਲਾਵਾ ਵਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਰਾਸ਼ਟਰਪਤੀ ਬਾਈਡੇਨ ਸਥਿਤੀ ਤੋਂ ਜਾਣੂੰ ਹਨ ਅਤੇ ਡਕਲੋ ਦੇ ਅਸਤੀਫ਼ਾ ਦੇਣ ਦੇ ਫੈਸਲੇ ਦਾ ਸਮਰਥਨ ਕਰਦੇ ਹਨ।

# ਕੈਰੋਲਿਨਾ ਵਿੱਚ 12 ਸਾਲਾ ਬੱਚੇ ਨੇ ਲੁੱਟ ਕਰਨ ਆਏ ਘੁਸਪੈਠੀਏ ਨੂੰ ਗੋਲੀ ਮਾਰ ਕੇ ਕੀਤਾ ਕਤਲ

**ਫਰਿਜ਼ਨੋ (ਕੈਲੀਫੋਰਨੀਆ), 14 ਫਰਵਰੀ 2021-** ਅਮਰੀਕਾ ਦੇ ਉੱਤਰੀ ਕੈਰੋਲਿਨਾ ਵਿੱਚ ਇੱਕ 12 ਸਾਲਾ ਬੱਚੇ ਨੇ ਸ਼ਨੀਵਾਰ ਦੀ ਸਵੇਰ ਲੁੱਟ ਕਰਨ ਆਏ ਇੱਕ ਹਥਿਆਰਬੰਦ




ਘੁਸਪੈਠੀਏ ਨੂੰ ਕਥਿਤ ਤੌਰ ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਹੈ। ਇਸ ਘਟਨਾ ਸੰਬੰਧੀ ਗੋਲਡਸਬਰੋ ਪੁਲਿਸ ਵਿਭਾਗ ਦੇ ਅਨੁਸਾਰ, ਵਾਰਦਾਤ ਦੌਰਾਨ ਨਕਾਬਪੋਸ਼ ਘੁਸਪੈਠੀਏ ਦੁਆਰਾ ਅਪਾਰਟਮੈਂਟ ਦੀ ਰਹਿਣ ਵਾਲੇ ਇੱਕ ਬਜ਼ੁਰਗ ਨੂੰ ਵੀ ਗੋਲੀ ਮਾਰੀ ਗਈ ਸੀ। ਪੁਲਿਸ ਅਧਿਕਾਰੀਆਂ ਨੇ ਸਵੇਰੇ 1 ਵਜੇ ਤੋਂ ਪਹਿਲਾਂ ਅਪਾਰਟਮੈਂਟ ਵਿੱਚ ਹੋਈ ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਕਾਰਵਾਈ ਕਰਨ ਦੌਰਾਨ ਇੱਕ 73 ਸਾਲਾਂ ਔਰਤ ਨੂੰ ਗੋਲੀ ਲੱਗਣ ਕਾਰਨ ਜ਼ਖਮੀ ਹਾਲਤ ਵਿੱਚ ਪਾਇਆ। ਇਸਦੇ ਇਲਾਵਾ ਪੁਲਿਸ ਅਨੁਸਾਰ ਇੱਕ ਦੂਜਾ ਵਿਅਕਤੀ ਅਪਾਰਟਮੈਂਟ ਦੇ ਇੱਕ ਚੌਰਾਹੇ 'ਚ ਜ਼ਖਮੀ ਹਾਲਤ ਵਿੱਚ ਮਿਲਿਆ ,ਜਿਸ ਦੀ ਪਛਾਣ ਗੋਲਡਸਬਰੋ ਦੇ ਰਹਿਣ ਵਾਲੇ 19 ਸਾਲਾ ਖਲੀਲ ਹੈਰਿੰਗ ਵਜੋਂ ਹੋਈ ਜੋ ਕਿ ਦੋ ਨਕਾਬਪੋਸ਼ ਸ਼ੱਕੀ ਵਿਅਕਤੀਆਂ ਵਿਚੋਂ ਇੱਕ ਸੀ।ਗੋਲੀਬਾਰੀ ਦੇ ਸਿਕਾਰ ਹੋਏ ਲੋਕਾਂ ਨੂੰ ਸਥਾਨਕ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਹੈਰਿੰਗ ਦੀ ਜ਼ਖਮੀ ਹਾਲਤ ਵਿੱਚ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ ਮੁੱਢਲੇ ਸਬੂਤਾਂ ਤੋਂ ਪਤਾ ਚਲਦਾ ਹੈ ਕਿ ਨਕਾਬਪੋਸ਼ਾਂ ਨੇ ਅਪਾਰਟਮੈਂਟ ਵਿੱਚ ਜਾ ਕੇ ਪੈਸੇ ਦੀ ਮੰਗ ਕੀਤੀ ਅਤੇ ਬਜ਼ੁਰਗ ਮਹਿਲਾ ਨਿਵਾਸੀ ਨੂੰ ਗੋਲੀ ਮਾਰ ਦਿੱਤੀ। ਇਸਦੇ ਇਲਾਵਾ 12 ਸਾਲਾ ਬੱਚਾ, ਜੋ ਕਿ ਅਪਾਰਟਮੈਂਟ ਦਾ ਹੀ ਰਹਿਣ ਵਾਲਾ ਦੱਸਿਆ ਸੀ, ਨੇ ਇਸ ਦੌਰਾਨ ਆਤਮ ਰੱਖਿਆ ਵਿੱਚ ਸ਼ੱਕੀ ਵਿਅਕਤੀਆਂ 'ਤੇ ਗੋਲੀ ਚਲਾਈ।ਪੁਲਿਸ ਵਿਭਾਗ ਅਨੁਸਾਰ ਇਸ ਨਾਬਾਲਗ ਖਿਲਾਫ਼ ਦੋਸ਼ ਲਾਏ ਜਾਣ ਦੀ ਸੰਭਾਵਨਾ ਨਹੀਂ ਹੈ। ਪੁਲਿਸ ਦੇ ਬੁਲਾਰੇ ਅਨੁਸਾਰ ਵਿਭਾਗ ਮਾਮਲੇ ਬਾਰੇ ਕੋਈ ਵਾਧੂ ਜਾਣਕਾਰੀ ਜਾਰੀ ਨਹੀਂ ਕਰ ਰਿਹਾ ਹੈ ਅਤੇ ਇਸ ਹਥਿਆਰਬੰਦ ਲੁੱਟ ਤੇ ਗੋਲੀਬਾਰੀ ਦੀ ਜਾਂਚ ਚੱਲ ਰਹੀ ਹੈ।

# ਨਿਊਯਾਰਕ ਦੀ ਸਬਵੇਅ ਲਾਈਨ 'ਚ ਹੋਈ ਛੁਰੇਮਾਰੀ ਵਿੱਚ ਹੋਈਆਂ 2 ਮੌਤਾਂ

**ਫਰਿਜ਼ਨੋ (ਕੈਲੀਫੋਰਨੀਆ), 14 ਫਰਵਰੀ 2021-** ਨਿਊਯਾਰਕ ਦੀ ਸਬਵੇਅ ਲਾਈਨ ਵਿੱਚ ਛੁਰੇਮਾਰੀ ਦੀਆਂ ਤਕਰੀਬਨ 24 ਘੰਟਿਆਂ ਦੌਰਾਨ ਹੋਈਆਂ ਚਾਰ ਵੱਖ ਵੱਖ ਵਾਰਦਾਤਾਂ ਵਿੱਚ ਦੋ ਮੌਤਾਂ ਹੋਈਆਂ ਹਨ। ਇਸ ਸੰਬੰਧੀ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਸ਼ਨੀਵਾਰ ਦੇਰ ਰਾਤ ਇਸ ਵਾਰਦਾਤ ਲਈ ਹਿਰਾਸਤ ਵਿੱਚ ਵੀ ਲਿਆ ਗਿਆ। ਜਦਕਿ ਵਿਅਕਤੀ ਖ਼ਿਲਾਫ਼ ਦੋਸ਼ ਲਗਾਉਣੇ ਅਜੇ ਵੀ ਬਾਕੀ ਹਨ। ਨਿਊਯਾਰਕ ਪੁਲਿਸ ਵਿਭਾਗ ਦੇ ਕਮਿਸ਼ਨਰ ਦਰਮਾਟ ਸ਼ੀਆ ਨੇ ਸ਼ਨੀਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਬ ਲਾਈਨ ਏ ਵਿੱਚ ਵਾਪਰੀਆਂ ਇਹਨਾਂ ਘਟਨਾਵਾਂ ਵਿੱਚ ਘੱਟੋ ਘੱਟ ਤਿੰਨ ਆਫਿਸ ਵਿੱਚ ਸੰਬੰਧਿਤ ਲੱਗਦੀਆਂ ਹਨ, ਅਤੇ ਚੌਥੀ ਘਟਨਾ ਦੇ ਸੰਬੰਧਿਤ ਹੋਣ ਬਾਰੇ ਕਾਰਵਾਈ ਹੋ ਰਹੀ ਹੈ। ਪੁਲਿਸ ਅਨੁਸਾਰ ਛੁਰੇਮਾਰੀ ਦੀ ਪਹਿਲੀ ਘਟਨਾ ਸ਼ੁੱਕਰਵਾਰ ਸਵੇਰੇ 11:20 ਵਜੇ ਵਾਪਰੀ, ਜਿਸ 'ਚ ਇੱਕ 67 ਸਾਲਾ ਵਿਅਕਤੀ ਨੂੰ ਅਣਪਛਾਤੇ ਵਿਅਕਤੀ ਨੇ ਮੈਨਹੱਟਨ ਸਟੇਸ਼ਨ ਦੀ ਪੱਛਮੀ 181ਵੀਂ ਸਟਰੀਟ 'ਤੇ ਚਾਕੂ ਮਾਰ ਦਿੱਤਾ ਜੋ ਕਿ ਹਸਪਤਾਲ ਵਿੱਚ ਜੇਰੇ ਇਲਾਜ ਹੈ। ਇਸਦੇ ਬਾਅਦ ਰਾਤ 11 ਵਜੇ ਤੋਂ ਥੋੜੇਹੀ ਦੇਰ ਬਾਅਦ, ਕੁਈਨਜ਼ ਦੇ ਫਰ ਰੌਕਾਵੇ ਮੋਂਟ ਐਵੀਨਿਊ ਸਟੇਸ਼ਨ 'ਤੇ ਇਕ ਵਿਅਕਤੀ ਨੂੰ ਰੇਲ ਵਿੱਚ ਚਾਕੂ ਦੇ ਜ਼ਖਮਾਂ ਨਾਲ ਪੀੜਤ ਹੋਣ ਦੇ ਬਾਅਦ ਘਟਨਾ ਵਾਲੀ ਥਾਂ 'ਤੇ ਹੀ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਇਸ ਉਪਰੰਤ ਦੋ ਘੰਟੇ ਬਾਅਦ, ਸ਼ਨੀਵਾਰ ਸ਼ਨੀਵਾਰ ਰਾਤ 1:30 ਵਜੇ, ਇੱਕ ਐਮ ਟੀ ਏ ਕਰਮਚਾਰੀ ਨੇ ਇੱਕ 44 ਸਾਲਾ ਔਰਤ ਨੂੰ ਚਾਕੂਆਂ ਦੇ ਜ਼ਖਮਾਂ ਨਾਲ ਰੇਲਗੱਡੀ 'ਤੇ ਬੇਹੋਸ਼ ਹੋਇਆ ਪਾਇਆ, ਜਿਸਨੂੰ ਨੇੜਲੇ ਹਸਪਤਾਲ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ। ਇਸਦੇ ਇਲਾਵਾ ਚੌਥੀ ਘਟਨਾ



ਮੈਨਹੱਟਨ ਦੇ ਵੈਸਟ 181 ਵੇਂ ਸਟੈਰੀਟ ਸਟੇਸ਼ਨ 'ਤੇ ਵਾਪਰੀ, ਜਿੱਥੇ ਇੱਕ 43 ਸਾਲਾ ਵਿਅਕਤੀ ਨੂੰ ਚਾਕੂ ਮਾਰਿਆ ਗਿਆ। ਪੁਲਿਸ ਅਨੁਸਾਰ ਮਾਰੇ ਗਏ ਸਾਰੇ ਲੋਕ ਬੇਘਰ ਹੋਣ ਦੀ ਸੰਭਾਵਨਾ ਹੈ ਅਤੇ ਕਮਿਸ਼ਨਰ ਸ਼ੀਆ ਨੇ ਦੱਸਿਆ ਕਿ ਇਸ ਮਾਰੂ ਹਿੰਸਾ ਦੇ ਮੱਦੇਨਜ਼ਰ, ਪੁਲਿਸ ਵਿਭਾਗ ਵੱਲੋਂ ਸ਼ਹਿਰ ਦੀ ਆਵਾਜਾਈ ਪੈਰਣਾਲੀ ਦੀ ਸੁਰੱਖਿਆ ਲਈ 500 ਹੋਰ ਅਧਿ-ਕਾਰੀ ਤਾਇਨਾਤ ਕੀਤੇ ਜਾਣਗੇ।






# ਬਸਪਾ ਦਾ ਕਾਮਯਾਬ ਤਜਰਬਾ ਕਾਂਗਰਸ ਲਈ ਖਤਰੇ ਦੀ ਘੰਟੀ - ਜਸਵੀਰ ਸਿੰਘ ਗੜ੍ਹੀ



## ਬਸਪਾ ਦੀ ਪੁਨਰ ਸੁਰਜੀਤੀ ਕਾਂਗਰਸ ਲਈ ਖਤਰਾ

ਨਗਰ ਕੌਂਸਲ ਦੀਆਂ ਚੋਣਾਂ ਵਿੱਚ ਬਸਪਾ ਨੇ 100 ਦੇ ਲਗਭਗ ਉਮੀਦਵਾਰ ਚੋਣ ਨਿਸ਼ਾਨ ਹਾਥੀ ਤੇ ਅਤੇ ਇੰਨੇ ਹੀ ਅਜ਼ਾਦ ਸਮਰਥਕ ਖੜ੍ਹੇ ਕੀਤੇ ਸਨ। ਬਸਪਾ ਦੇ ਲਗਭਗ 25 ਦੇ ਕਰੀਬ ਉਮੀਦਵਾਰ ਜਿੱਤਣ ਦੀਆ ਖ਼ਬਰਾਂ ਨੇ ਬਸਪਾ ਸਮਰਥਕਾਂ ਵਿਚ ਜੋਸ਼ ਦੀ ਨਵੀਂ ਲਹਿਰ ਖੜ੍ਹੀ ਕੀਤੀ ਹੈ। ਬਸਪਾ ਦੀ ਪੁਨਰ ਸੁਰਜੀਤੀ ਕਾਂਗਰਸ ਲਈ ਵੱਡਾ ਰਾਜਨੀਤਿਕ ਖਤਰਾ ਬਣ ਗਈ ਹੈ। ਇਹਨਾ ਚੋਣਾਂ ਵਿੱਚ ਬਸਪਾ ਦੇ ਨਵਾਂਸ਼ਹਿਰ ਤੋਂ ਇਕ, ਰਾਹੋਂ ਤੋਂ ਦੋ, ਫਿਲੌਰ ਤੋਂ ਇਕ, ਨਕੋਦਰ ਤੋਂ ਦੋ, ਨੂਰਮਹਿਤ ਤੋਂ ਤਿੰਨ, ਅਲਾਵਲਪੁਰ ਤੋਂ ਪੰਜ, ਆਦਮਪੁਰ ਤੋਂ ਇਕ, ਗੜ੍ਹਸ਼ੰਕਰ ਤੋਂ ਇਕ, ਸ਼ਾਮਚੁਰਾਸੀ ਤੋਂ ਇਕ, ਖਮਾਣੋਂ ਤੋਂ ਇਕ, ਸਾਮਾਣਾ ਤੋਂ ਇਕ, ਭਾਈਰੂਪਾ ਤੋਂ ਇਕ, ਤਪਾ ਮੰਡੀ ਤੋਂ ਇਕ, ਬੋਹਾ ਤੋ ਇਕ ਆਦਿ ਉਮੀਦਵਾਰ ਵੱਡੇ ਫਰਕ ਨਾਲ ਜਿੱਤ ਦਰਜ ਕਰਾ ਚੁੱਕੇ ਹਨ। ਬਸਪਾ ਦਾ ਹਰ ਕੋਸਿਲ ਵਿਚ ਖਾਤਾ ਖੁੱਲਣਾ ਇਕ ਨਵੇਂ ਉੱਭਰ ਦੀ ਨਿਸ਼ਾਨੀ ਬਣਕੇ ਉੱਭਰ ਰਿਹਾ ਹੈ। ਉਲੇਖਯੋਗ ਹੈ ਕਿ ਬਸਪਾ ਨੇ ਕਦੀ ਵੀ ਕੌਂਸਿਲ ਚੋਣਾਂ ਆਪਣੇ ਚੋਣ ਨਿਸ਼ਾਨ ਤੇ ਨਹੀਂ ਲੜੀਆਂ। ਬਸਪਾ ਦਾ ਇਹ ਕਾਮਯਾਬ ਤਜੁਰਬਾ ਬਸਪਾ ਵਰਕਰਾਂ ਲਈ ਰਾਜਨੀਤਿਕ ਸੰਜੀਵਨੀ ਹੈ। ਬਸਪਾ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਵੋਟਰਾਂ ਵੱਲੋਂ ਦਿੱਤੇ ਸਮਰਥਨ ਲਈ ਧੰਨਵਾਦ ਕੀਤਾ ਹੈ ਅਤੇ ਬਸਪਾ ਵਰਕਰਾਂ ਨੂੰ 2022 ਲਈ ਕਮਰਕੱਸਾ ਕਰਨ ਲਈ ਅਪੀਲ ਕੀਤੀ ਹੈ। ਸ ਗੜ੍ਹੀ ਨੇ ਕਿਹਾ ਹੈ ਕਿ ਭਵਿੱਖ ਦੀ ਰਾਜਨੀਤਕ ਪੜਚੋਲ ਲਈ ਸੂਬਾ ਪੱਧਰੀ ਮੀਟਿੰਗ 22 ਫਰਵਰੀ ਨੂੰ ਸੂਬਾ ਦਫਤਰ ਜਲੰਧਰ ਵਿਖੇ ਬੁਲਾ ਲਈ ਹੈ।

# ਹੁਣ ਜਿਹੜੇ ਭੈਣ ਨੌਦੀਪ ਕੌਰ ਗੰਧੜ ਨੂੰ ਬਦਨਾਮ ਕਰਦੇ ਹਨ ਸੁਣੋ ਫਿਰ ਸੱਚ!

ਉਹ ਤਿੰਨ ਮੁੰਡੇ ਜਿੰਨਾਂ ਨੇ ਜਨਵਰੀ 2014 ਨੂੰ ਅਮਨਦੀਪ ਕੌਰ ਸਪੁੱਤਰੀ ਭੋਲਾ ਸਿੰਘ ਮਜ਼ਦੂਰ ਪਿੰਡ ਗੰਧੜ, ਤਹਿਸੀਲ ਸ੍ਰੀ ਮੁਕਤਸਰ ਸਾਹਿਬ ਸਬ ਤਹਿਸੀਲ ਲੱਖੇਵਾਲੀ , ਥਾਣਾ ਲੱਖੋਵਾਲ ਮੰਡੀ ਪਿੰਡ ਗੰਧੜ ਦੀ ਨਬਾਲਗ਼ ਬੱਚੀ ਨੂੰ ਧੁੰਦਾਂ ਦਾ ਫ਼ਾਇਦਾ ਉਠਾਉਂਦੇ ਹੋਏ ਸਕੂਲ ਜਾਂਦੀ ਨੂੰ ਚੁੱਕ ਲਿਆ ਸੀ ਜਦੋਂ ਸਕੂਲ ਟੀਚਰਾਂ ਨੂੰ ਬਾਕੀ ਬੱਚਿਆ ਨੇ ਦੱਸਿਆ ਕਿ ਸਕੂਲ ਕੋਲ ਇੱਕ ਕਿਸੇ ਬੱਚੇ ਦਾ ਬੈਗ ਡਿੱਗਿਆ ਪਿਆ ਤਾਂ ਸਕੂਲ ਟੀਚਰਾਂ ਨੇ ਜਾ ਕਿ ਦੇਖਿਆ ਤਾਂ ਪਤਾ ਲੱਗਿਆ ਕਿ ਇਹ ਬੈਗ ਉਸੇ ਨਬਾਲਗ਼ ਕੁੜੀ ਅਮਨਦੀਪ ਕੌਰ ਦਾ ਹੈ?

ਟੀਚਰਾਂ ਨੇ ਕੁੜੀ ਦੇ ਘਰ ਤੇ ਮੌਜੂਦਾ ਸਰਪੰਚ ਨਾਲ ਸੰਪਰਕ ਕੀਤਾ ਜਿਹੜਾ ਸਰਪੰਚ 2014 ਵਿੱਚ ਸੀ ਉਸ ਨੇ ਹੀ ਇਹਨਾਂ ਬਦਮਾਸ਼ ਬਲਾਤਕਾਰੀਆਂ ਮੁੰਡਿਆ ਦੇ ਖਿਲਾਫ ਕੁੜੀ ਦਾ ਸਾਥ ਦਿੱਤਾ ਪੁਲੀਸ ਥਾਣਾ ਕੋਈ ਸੁਣਵਾਈ ਕਰਨ ਲਈ ਤਿਆਰ ਨਹੀਂ ਸੀ ਬਹੁਤ ਸਾਰੀਆਂ ਕਿਸਾਨ ਮਜ਼ਦੂਰ ਜੱਥੇਬੰਦੀਆਂ ਨੇ ਪੀੜਤ ਨਬਾਲਗ਼ ਬੱਚੀ ਦਾ ਸਾਥ ਦਿੱਤਾ ਉਸ ਤੋਂ ਬਾਅਦ ਵੱਡੀ ਪੱਧਰ ਤੇ ਧਰਨੇ ਲਗਾਏ ਕਿਉਂ ਕਿ ਇਹ ਜਿਹੜੇ ਅੱਜ ਆਪਣੇ ਆਪ ਨੂੰ ਬੇਕਸੂਰ ਦੱਸ ਰਹੇ ਹਨ ਇਹਨਾਂ ਮਗਰ ਵੱਡੇ ਵੱਡੇ ਅਧਿਕਾਰੀ ਤੇ ਸਿਆਸੀ ਲੋਕ ਖੜ੍ਹੇ ਸਨ ! ਜੋ ਥਾਣੇ ਵਿੱਚ ਐਫ.ਆਈ.ਆਰ. ਤੱਕ ਦਰਜ ਨਹੀਂ ਕਰਨ ਦੇ ਰਹੇ ਸਨ ਉਸ ਸਮੇਂ ਨਿਰੋਲ ਕਿਸਾਨ ਜੱਥੇਬੰਦੀਆਂ ਵੀ ਮਜਦੂਰਾਂ ਦੇ ਹੱਕ ਧਰਨਿਆਂ ਵਿੱਚ ਸ਼ਾਮਿਲ




ਹੋਈਆ ਸਨ ਤਾਂ ਜਾ ਕਿ ਇਹਨਾਂ ਨੂੰ ਜੇਲ੍ਹ ਜਾਣਾ ਪਿਆ ਇਹ ਹੁਣ ਫਿਰ ਪੈਸੇ ਦੇ ਜ਼ੋਰ ਨਾਲ ਬਾਹਰ ਜ਼ਮਾਨਤਾਂ ਤੇ ਆਏ ਹੋਏ ਹਨ ... ਅਤੇ ਕਿੰਨੇ ਹੌਸਲੇ ਸਿਆਸੀ ਲੋਕਾਂ ਨਾਲ ਹਿੱਕਾਂ ਚੌੜੀਆਂ ਕਰਕੇ ਘੁੰਮਦੇ ਹਨ ਇਹ ਦਰਿੰਦੇ ਮੀਡੀਆ ਸਾਹਮਣੇ ਆਪਣੇ ਆਪ ਨੂੰ ਬੇਕਸੂਰ ਦੱਸਦੇ ਹਨ ਪਰ ਉਸ ਸੰਘਰਸ਼ ਦੌਰਾਨ ਭੈਣ ਨੌਦੀਪ ਕੌਰ ਜੀ ਦੀ ਮਾਤਾ ਬੀਬੀ ਸਵਰਨਜੀਤ ਕੌਰ ਨੇ ਅੱਗੇ ਹੋ ਕਿ ਬਠਿੰਡਾ ਪੁਲੀਸ ਜ਼ਿਲ੍ਹਿਾ ਦੇ ਦਫਤਰ ਨੂੰ ਘੇਰਿਆ ਜਿਸ ਤੇ ਭੈਣ ਸਵਰਨਜੀਤ ਕੌਰ ਗੰਧੜ ਤੇ ਉਸ ਪੀੜਤ ਨਬਾਲਗ਼ ਅਮਨਦੀਪ ਕੌਰ ਦੇ ਮਾਂ ਪਿਓ ਭੋਲਾ ਸਿੰਘ ਨੂੰ ਪੁਲੀਸ ਨੇ ਵੱਖ ਵੱਖ ਅਪਰਾਧਕ ਧਰਾਵਾ ਲਗਾ ਕਿ ਬਠਿੰਡਾਂ ਸੈਂਟਰ ਜੇਲ੍ਹ ਵਿੱਚ ਬੰਦ ਕਰਕੇ ਅੰਨਾਂ ਤਸੱਦਦ ਕੀਤਾ ਵਧੇਰੇ ਜਾਣਕਾਰੀ ਲਈ ਉਸ ਸਮੇਂ 31/04/2014 ਦਾ ਪੰਜਾਬੀ ਟ੍ਰਿਬਿਊਨ ਪੜ ਸਕਦੇ ਹੋ।

ਫਿਰ ਦੁਬਾਰਾ ਕਿਸਾਨ ਮਜ਼ਦੂਰ ਜੱਥੇਬੰਦੀਆਂ ਵੱਲੋ ਸੰਘਰਸ਼ ਤੇਜ਼ ਕੀਤਾ ਤਾਂ ਜਾ ਕਿ ਸਿਆਸੀ ਪਹੁੰਚ ਵਾਲੇ ਧਨਾਢ ਲੋਕ ਤੇ ਪੁਲਸ ਪ੍ਰਸ਼ਾਸਨ ਝੁੱਕਿਆ ਦੋਸੀਆਂ ਨੂੰ ਗਿਰਫਤਾਰ ਕੀਤਾ ਸੀ। ਜਿਹੜੇ ਪਿੰਡ ਗੰਧੜ ਦੇ ਇਹ ਬਲਾਤਕਾਰੀ ਗੁੰਡੇ ਬਦਮਾਸ਼ ਮੀਡੀਆਂ ਰਾਹੀਂ ਭੈਣ ਨੌਦੀਪ ਕੌਰ ਤੇ ਜਾਂ ਉਹਨਾਂ ਦੇ ਪਰਵਾਰ ਤੇ ਟਿੱਪਣੀਆਂ ਕਰਕੇ ਝਿੱਕੜ ਸੁੱਟ ਰਹੇ ਹਨ ਉਹਨਾਂ ਬਾਰੇ ਵੀ ਹੁਣ ਸ਼ੰਘਰਸ਼ ਕਰਕੇ ਉਸ ਕੇਸ ਤੇ ਪਹਿਰਾ ਦਿੱਤਾ ਜਾਣਾ ਚਾਹੀਦਾ ਤਾਂ ਜੋ ਪਿੰਡ ਗੰਧੜ ਦੀ ਬੱਚੀ ਨੂੰ ਇੰਨਸਾਫ ਮਿਲ ਸਕੇ ਇਹ ਫਾਂਸੀ ਤੇ ਚੜ ਸਕਣ ਆਓ ਕਿਸਾਨ ਮਜ਼ਦੂਰੋ ਦਿਓ ਸਾਥ। ਪੰਜਾਬੀਓ ਹੁਣ ਭੈਣ ਨੌਦੀਪ ਕੌਰ ਜਿਸ ਕੋਲ ਇੱਕ ਮਰਲਾ ਜ਼ਮੀਨ ਨਹੀਂ ਉਸਨੇ ਕਰੀਬ ਪੰਦਰਾਂ ਸੌ ਨੌਜੁਆਨ ਮੁੰਡੇ ਕੁੜੀਆਂ ਨੂੰ ਨਾਲ ਲੈ ਕੇ ਕਿਸਾਨ ਮਜ਼ਦੂਰ ਏਕਤਾ ਸ਼ੰਘਰਸ਼ ਦੌਰਾਨ ਕਿਸਾਨਾਂ ਦਾ ਸਾਥ ਦੇ ਕੇ ਪੰਜਾਬ ਦੀ ਸ਼ੇਰਨੀ ਭੈਣ ਹੋਣ ਦਾ ਇਤਿਹਾਸ ਰਚਿਆ ਜੋ ਤੁਹਾਡੇ ਸਾਹਮਣੇ ਹੈ ਕਿ ਉਸਦੀ ਕੰਪਨੀ ਨੇ ਕਿਹਾ ਸੀ ਕਿ ਕੋਈ ਮਜ਼ਦੂਰ ਜਾਂ ਸਾਡਾ ਵਰਕਰ ਕਿਸਾਨਾਂ ਦੇ ਧਰਨੇ ਵਿੱਚ ਨਾਂ ਜਾਵੇ ਜੋ ਜਾਣਾ ਚਹੁੰਦਾ ਉਹ ਨੌਕਰੀ ਤੋਂ ਅਸਤੀਫ਼ਾ (ਰਿਜਾਈਨ) ਦੇ ਕਿ ਜਾਵੇ ਪਰ ਭੈਣ ਨੌਦੀਪ ਕੌਰ ਨੇ ਕਿਸਾਨ ਮਜ਼ਦੂਰ ਅੰਦੋਲਨ ਨੂੰ ਪਹਿਲ ਦਿੰਦੇ ਹੋਏ ਨੌਕਰੀ ਛੱਡ ਦੇਣਾ ਹੀ ਸਹੀ ਸਮਝਿਆ ਤੇ ਹੋਰ ਬਹੁਤ ਕੁਝ ਲਿਖਿਆਂ ਜਾ ਸਕਦਾ ਜੋ ਫਿਰ ਲਿਖਾਂਗੇ ਧੰਨਵਾਦ ਜੀ।

**ਕਿਸਾਨ ਮਜ਼ਦੂਰ ਏਕਤਾ ਸ਼ੰਘਰਸ਼ ਜਿੰਦਾਬਾਦ**

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price



Free Estimates
Free Towing




510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh


L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables





New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।











Baksho Kaur Bisla Hardev Singh Bisla
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ‘ਅਮਰੀਕਨ ਸਿੱਖ ਸੰਗਤ’ ਨੇ ਕਿਸਾਨਾਂ ਦੇ ਸੰਘਰਸ਼ ਦਾ ਵਿਰੋਧ ਕਰ ਰਹੇ ਕਲਾਕਾਰ ਅਤੇ ਖਿਡਾਰੀਆਂ ਦਾ ਅਮਰੀਕਾ ਵਿੱਚ ਵਿਰੋਧ ਕਰਨ ਦਾ ਕੀਤਾ ਐਲਾਨ






**ਸੈਕਰਾਮੈਂਟੋ, ਕੈਲੀਫੋਰਨੀਆ–** ਸਮੂਹ ਅਮਰੀਕਾ ਭਰ ਦੀਆਂ ਸਿੱਖ ਜੱਥੇਬੰਦੀਆਂ ਨੇ ਉਥੋਂ ਦੀਆਂ ਸਮਾਜਿਕ ਸੰਸਥਾਵਾਂ ਨਾਲ ਮਿਲ ਕੇ ਫਰਿਜ਼ਨੋ, ਕੈਲੇਫੋਰਨੀਆਂ ਵਿਖੇ 'ਅਮਰੀਕਨ ਸਿੱਖ ਸੰਗਤ' ਦੇ ਨਾਮ ਹੇਠ ਦਿੱਲੀ ਦੇ ਬਾਰਡਰਾਂ ਤੇ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕਰ ਰਹੇ ਕਿਸਾਨਾਂ ਦੀ ਇਕਜੁੱਟਤਾ ਤੇ ਚੜ੍ਹਦੀ ਕਲਾ ਲਈ ਇਕ ਵਿਸ਼ੇਸ਼ ਸਭਾ ਬੁਲਾਈ। ਸਾਰੇ ਅਮਰੀਕਾ ਵਿੱਚੋਂ ਲੱਗਭਗ 80 ਜਥੇਬੰਦੀਆਂ ਨੇ ਇਸ ਸਭਾ ਵਿੱਚ ਹਿੱਸਾ ਲਿਆ ਅਤੇ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਨਾਲ ਵੀਡੀਓ ਕਾਨਫਰੰਸ ਰਾਹੀਂ ਵਿਚਾਰ ਵਟਾਂਦਰੇ ਕੀਤੇ।

ਇਸ ਦੌਰਾਨ ਫਰਿਜ਼ਨੋ, ਕੈਲੀਫੋਰਨੀਆ ਦੇ ਮੇਅਰ ਜੈਰੀ ਡਾਇਰ ਉਚੇਚੇ ਤੌਰ ਤੇ ਸ਼ਾਮਲ ਹੋਏ। ਸੰਗਤ ਨੂੰ ਸੰਬੋਧਨ ਕਰਦਿਆਂ ਮੇਅਰ ਨੇ ਕਿਹਾ ਕਿ ਵਿਸ਼ਵ ਵਿੱਚ ਕਿਤੇ ਵੀ ਚਾਹੇ ਉਹ ਭਾਰਤ ਹੋਵੇ ਜਾਂ ਅਮਰੀਕਾ ਜੇਕਰ ਲੋਕਤੰਤਰ ਦਾ ਘਾਣ ਹੁੰਦਾ ਹੈ ਤਾਂ ਸਾਰਿਆਂ ਨੂੰ ਮਿਲ ਕੇ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਚਾਹੀਦੀ ਹੈ। ਕਿਸਾਨਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ ਅਤੇ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਉੱਤੇ ਗੌਰ ਕਰਦਿਆਂ ਇਨ੍ਹਾਂ ਦਾ ਹੱਲ ਲੱਭਣਾ ਚਾਹੀਦਾ ਹੈ। ਸੰਗਤ ਵੱਲੋਂ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਾਉਣ ਦਾ ਵੀ ਪ੍ਰਣ ਕੀਤਾ ਗਿਆ।

ਸਭਾ ਦੇ ਦੌਰਾਨ ਦਿੱਲੀ ਵਿੱਚ 26 ਜਨਵਰੀ ਨੂੰ ਹੋਏ ਘਟਨਾਕ੍ਰਮ ਤੋਂ ਬਾਅਦ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾ, ਕਿਸਾਨਾ ਅਤੇ ਪੱਤਰਕਾਰਾਂ ਦੀ ਪੈਰਵਾਈ ਕਰ ਰਹੇ ਐਡਵੋਕੇਟਅਮਰਵੀਰ ਸਿੰਘ ਭੁੱਲਰ ਕੋਲੋਂ ਇਨ੍ਹਾਂ ਕੇਸਾਂ ਦੀ ਜਾਣਕਾਰੀ ਲਈ ਗਈ।

ਇਸ ਦੌਰਾਨ ਐਕਟਿਵਿਸਟ ਨੌਦੀਪ ਕੌਰ ਅਤੇ ਉਨ੍ਹਾਂ ਦੀ ਰਿਹਾਈ ਲਈ ਕੀਤੇ ਜਾ ਰਹੇ ਯਤਨਾਂ ਸਬੰਧੀ ਵੀ ਵਿਚਾਰ ਵਟਾਂਦਰੇ ਕੀਤੇ ਗਏ। ਖਾਲਸਾ ਏਡ, ਏਸ਼ੀਆ ਦੇ ਮੁਖੀ ਅਮਰਪ੍ਰੀਤ ਸਿੰਘ ਨੇ ਮੋਰਚੇ ਦੀ ਅਜੋਕੀ ਸਥਿਤੀ ਦੱਸੀ ਅਤੇ ਮੋਰਚੇ ਦੀ ਚੜ੍ਹਦੀ ਕਲਾ ਦੀ ਅਰਦਾਸ ਲਈ ਅਪੀਲ ਕੀਤੀ। ਸਭਾ ਦੇ ਅੰਤ ਵਿਚ ਸਮੂਹ ਸੰਗਤ ਵੱਲੋਂ ਸਾਰਿਆਂ ਦੀ ਸਹਿਮਤੀ ਦੇ ਨਾਲ ਮਤੇ ਪਾਏ ਗਏ।


ਜਿਸ ਵਿੱਚ ਅਮਰੀਕਾ ਦੀ ਸੰਗਤ ਵੱਲੋਂ ਬੇਨਤੀ ਕੀਤੀ ਗਈ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਤੇ ਨੌਜਵਾਨ, ਸੰਯੁਕਤ ਕਿਸਾਨ ਮੋਰਚੇ ਦੇ ਨਾਲ ਸਾਂਝ ਬਣਾ ਕੇ ਉਨ੍ਹਾਂ ਦੀ ਅਗਵਾਹੀ ਵਿੱਚ ਇੱਕਠੇ ਹੋ ਕੇ ਕਿਸਾਨਾਂ ਦੀ ਆਵਾਜ਼ ਬਣਨ ਕਿਉਂ ਜੋ ਇਹ ਸਮੇ ਦੀ ਮੰਗ ਹੈ। ਜੇਕਰ ਸੰਘਰਸ਼ ਕਰ ਰਹੀਆਂ ਧਿਰਾਂ ਵਿੱਚ ਕੋਈ ਮਨ ਮੁਟਾਵ ਹੈ ਤਾਂ ਸਾਰਿਆਂ ਦੀ ਇਕਜੁਟਤਾ ਨੂੰ ਬਹਾਲ ਕਰਨ ਲਈ ਅਮਰੀਕਾ ਦੀ ਸੰਗਤ ਮੀਡੀਏਟਰ ਦੀ ਭੂਮਿਕਾ ਨਿਭਾਉਣ ਲਈ ਤਿਆਰ ਹੈ। ਇਸ ਮੀਟਿੰਗ ਤੋਂ ਬਾਅਦ ਅਮਰੀਕਾ ਦੀ ਸੰਗਤ ਵੱਲੋਂ ਸਾਰੀਆਂ ਧਿਰਾਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ। ਅਮਰੀਕਾ ਦੀ ਸਿੱਖ ਸੰਗਤ ਵੱਲੋਂ ਕਿਸਾਨ ਯੂਨੀਅਨ ਲੀਡਰਾਂ ਨੂੰ ਬੇਨਤੀ ਗਈ ਕਿ ਜਿਹੜੇ ਨੌਜਵਾਨ, ਬਜ਼ੁਰਗ, ਪੱਤਰਕਾਰ ਜਾਂ ਸਮਾਜ ਸੇਵੀ ਸੰਘਰਸ਼ ਦੌਰਾਨ ਰਾਜਨੀਤਿਕ ਦਬਾਅ ਹੇਠ ਲਗਾਤਾਰ ਪੁਲੀਸ ਦੁਆਰਾ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿੱਚ ਡੱਕੇ ਜਾ ਰਹੇ ਹਨ, ਉਨ੍ਹਾਂ ਨੂੰ ਰਿਹਾ ਕਰਵਾਉਣ ਦੀ ਸੁਰਤ ਨੂੰ ਪਹਿਲ ਦੇ ਅਧਾਰ ਤੇ ਰੱਖਿਆ ਜਾਵੇ ਤਾਂ ਜੋ ਪਿੰਡਾਂ ਵਿੱਚੋਂ ਆਉਣ ਵਾਲੀ ਸੰਗਤ ਦਾ ਹੌਸਲਾ ਬੁਲੰਦ ਰਹੇ।

ਅਮਰੀਕਾ ਦੀ ਸੰਗਤ ਨੇ ਐਲਾਨ ਕੀਤਾ ਕਿ ਜਿਹੜੇ ਬਾਲੀਵੁੱਡ ਦੇ ਕਲਾਕਾਰਾ ਅਤੇ ਖਿਡਾਰੀਆਂ ਨੇ ਆਪਣੀਆਂ ਜ਼ਮੀਰਾਂ ਗਿਰਵੀ ਰੱਖ ਕੇ ਦੇਸ਼ ਦੇ ਅੰਨਦਾਤਾ ਦੇ ਖਿਲਾਫ ਭੰਡੀ ਪ੍ਰਚਾਰ ਕੀਤਾ ਹੈ, ਅਤੇ ਜਿਹੜੇ ਅੱਗੋਂ ਅਜਿਹਾ ਕਰਨਗੇ, ਉਹਨਾਂ ਦਾ ਅਮਰੀਕਾ ਵਿਚ ਹਰ ਜਗ੍ਹਾ ਤੇ ਬਾਈਕਾਟ ਕੀਤਾ ਜਾਵੇਗਾ।

ਜੇ ਕਿਸੇ ਪ੍ਰਮੋਟਰ ਨੇ ਅਮਰੀਕਾ ਦੀ ਧਰਤੀ ਉੱਤੇ ਉਹਨਾਂ ਦਾ ਸਾਥ ਦਿੱਤਾ ਤਾਂ ਉਸ ਦਾ ਵੀ ਵੱਡੇ ਪੱਧਰ ਤੇ ਵਿਰੋਧ ਕੀਤਾ ਜਾਵੇਗਾ। ਅਮਰੀਕਾ ਦੀ ਸਿੱਖ ਸੰਗਤ ਨੇ ਐਲਾਨ ਕੀਤਾ ਕਿ ਸੰਗਤ ਜਥੇਬੰਦੀਆਂ ਦੀ ਹਰ ਪੱਖੋਂ ਉਦੋਂ ਤਕ ਮਦਦ ਕਰੇਗੀ ਜਦੋਂ ਤੱਕ ਤਿੰਨੇ ਬਿੱਲ ਵਾਪਸ ਅਤੇ ਬਾਕੀ ਦੀਆਂ ਮੰਗਾਂ ਪੂਰੀਆਂ ਨਹੀਂ ਹੋ ਜਾਂਦੀਆਂ।

# ਟੈਕਸਾਸ ਵਿੱਚ 100 ਤੋਂ ਵੱਧ ਕਾਰਾਂ ਦਾ ਇਕੋ ਵਾਰ ਹੋਏ ਐਕਸੀਡੈਂਟ ਚ 6 ਦੀ ਮੌਤ





**ਸੈਕਰਾਮੈਂਟੋ, ਕੈਲੀਫੋਰਨੀਆ–** ਫੋਰਟਵਰਥ, ਟੈਕਸਾਸ ਵਿੱਚ ਇੱਕ ਵੱਡੇ ਫ੍ਰੀਵੇਅ ਐਕਸੀਡੈਂਟ ਵਿੱਚ ਜਿਸ ਵਿੱਚ ਸੌ ਤੋਂ ਵੱਧ ਕਾਰਾਂ ਤੇ ਟਰੱਕਾਂ ਦਾ ਐਕਸੀਡੈਂਟ ਹੋਣ ਕਾਰਨ ਛੇ ਵਿਅਕਤੀਆਂ ਦੀ ਮੌਤ ਹੋ ਗਈ ਹੈ ਤੇ ਸਾਰੇ ਦੇ ਸਾਰੇ ਵਹੀਕਲਨੁਕਸਾਨੇ ਗਏ ਤੇ ਬਹੁਤੇ ਵਹੀਕਲ ਤਾਂ ਪੂਰੇ ਨੁਕਸਾਨੇ ਗਏ। ਪੁਲੀਸ ਤੇ ਅੱਗ ਬੁਝਾਊ ਵਿਭਾਗ ਨੇ ਦੱਸਿਆ ਕਿ ਵੀਰਵਾਰ ਸਵੇਰੇ ਆਈ –35 'ਤੇ ਹੋਏ ਹਾਦਸੇ ਵਿਚ 100 ਤੋਂ ਜ਼ਿਆਦਾ ਵਾਹਨ ਸ਼ਾਮਲ ਸਨ ਅਤੇ ਕਈ ਲੋਕ ਉਨ੍ਹਾਂ ਦੀਆਂ ਕਾਰਾਂ ਵਿਚ ਫਸੇ ਕੱਢੇ ਗਏ। ਇਸ ਦੌਰਾਨ ਅਧਿਕਾਰੀਆਂ ਨੇ ਕਿਹਾ ਕਿ ਪੈਂਹਠ ਲੋਕ ਜ਼ਖਮੀ ਹੋਏ ਸਨ। ਪੁਲਿਸ ਨੇ ਦੱਸਿਆ ਕਿ ਘਟਨਾ ਸਥਾਨ ਤੋਂ 32 ਵਿਅਕਤੀਆਂ ਨੂੰ ਹਸਪਤਾਲ ਲਿਜ–'ਇਆ ਗਿਆ, ਇਹ ਦੁਰਘਟਨਾਂ ਜਿਸ ਵਿੱਚ ਸਾਰੇ ਵਹੀਕਲ ਸ਼ਾਮਿਲ ਸਨ ਜੋ ਲਗਭਗ 1 ਮੀਲ ਲੰਬਾ ਸੀ। ਪੁਲਿਸ ਨੇ ਕਿਹਾ ਕਿ ਬਹੁਤ ਸਾਰੇ ਮਰੀਜ਼ਾਂ ਦਾ ਇਲਾਜ ਕੀਤਾ ਗਿਆ ਅਤੇ ਉਨ੍ਹਾਂ ਨੂੰ ਮੌਕੇ 'ਤੇ ਰੀਲੀਜ ਕਰ ਦਿੱਤਾ ਗਿਆ, ਜਦ ਕਿ ਦੂਸਰੇ ਸੀਰੀਅਸ ਹਸਪਤਾਲਾਂ ਵਿੱਚ ਹਨ।

ਫੋਰਟਵਰਥ ਪੁਲਿਸ ਨੇ ਕਿਹਾ ਕਿ ਕਰੈਸ਼ ਮੌਸਮ ਦੇ ਕਾਰਨ ਹੋਇਆ ਸੀ ਤੇ ਠੰਡ ਦੀ ਬਾਰਸ਼ ਕਾਰਨ ਫੋਰਟਵਰਥ ਖੇਤਰ ਦੀਆਂ ਸੜਕਾਂ ਵੀ ਕਾਰਨ ਬਣੀਆਂ ਫੋਰਟਵਰਥ ਪੁਲਿਸ ਨੇ ਕਿਹਾ ਕਿ ਬਰਫ ਸੰਭਾਵਤ ਤੌਰ ਤੇ ਇੱਕ ਕਾਰਣ ਸੀ। "

ਫੋਰਟਵਰਥ ਦੇ ਮੇਅਰ ਬੇਟਸੀਪ੍ਰਾਈਸ ਨੇ ਟਵੀਟ ਕੀਤਾ ਕਿ "ਮੇਰਾ ਦਿਲ ਸਾਡੀ ਕਮਿਊਨਿਟੀ ਲਈ ਟੁੱਟ ਰਿਹਾ ਹੈ, ਇਥੇ ਸਭ ਤੋਂ ਵੱਧ ਜ਼ਰੂਰਤ ਤੁਹਾਡੇ ਲਈ ਪ੍ਰਾਰਥਨਾਵਾਂ ਦੀ ਹੈ"। ਪੁਲਿਸ ਨੇ ਦੱਸਿਆ ਕਿ ਘਟਨਾ ਸਥਾਨ ਤੋਂ 32 ਵਿਅਕਤੀਆਂ ਨੂੰ ਲਿਜਾਇਆ ਗਿਆ, ਜਿਨ੍ਹਾਂ ਵਿੱਚ ਤਿੰਨ ਦੀ ਵੀ ਹਾਲਤ ਗੰਭੀਰ ਬਣੀ ਹੋਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਸਥਾਨ 'ਤੇ ਪਤਾ ਲਗਾਇਆ ਗਿਆ ਕਿ ਸਾਰੇ ਪੀੜਤ ਬਾਲਗ ਸਨ। ਇਹ ਘਟਨਾ ਵੀਰਵਾਰ ਸਵੇਰੇ ਸਾਢੇ ਛੇ ਵਜੇ ਦੇ ਕਰੀਬ ਅੰਤਰਰਾਸ਼ਟਰੀ35 ਡਬਲਯੂ'ਤੇ ਸ਼ਹਿਰ ਦੇ ਫੋਰਟਵਰਥ ਦੇ ਬਿਲਕੁਲ ਉੱਤਰ ਵਿੱਚ ਵਾਪਰੀ।

ਹਾਦਸੇ ਤੋਂ ਬਾਅਦ ਕਈ ਲੋਕ ਕਈ ਘੰਟੇ ਕਰੈਸ਼ ਹੋਏ ਵਾਹਨਾਂ ਦੇ ਅੰਦਰ ਫਸੇ ਹੋਏ ਦੇਖੇ ਗਏ, ਜਿਨ੍ਹਾਂ ਵਿਚ ਕਈ 18 ਪਹੀਆ ਵਾਹਨ ਵੱਡੇ ਟਰੱਕ ਵੀ ਸ਼ਾਮਲ ਸਨ। ਪੁਲੀਸ ਤੇ ਅੱਗ ਬੁਝਾਊ ਵਿਭਾਗ ਅਜੇ ਵੀ ਅੱਧੀ ਸਵੇਰ ਤੱਕ ਮਲਬੇ ਵਿਚ ਫਸੇ ਲੋਕਾਂ ਦੀ ਭਾਲ ਕਰ ਰਹੇ ਸਨ।

# ਭਾਰਤੀ ਮੂਲ ਦੇ 200 ਵਿਅਕਤੀ 15 ਮੁਲਕਾਂ ’ਚ ਅਹਿਮ ਅਹੁਦਿਆਂ ’ਤੇ ਕਾਬਜ਼

**ਵਾਸ਼ਿੰਗਟਨ–** ਭਾਰਤੀ ਪਰਵਾਸੀਆਂ ਨਾਲ ਕੰਮ ਕਰ ਰਹੀ ਅਮਰੀਕਾ ਦੀ ਇੱਕ ਸੰਸਥਾ ਵੱਲੋਂ ਤਿਆਰ ਆਪਣੀ ਕਿਸਮ ਦੀ ਇੱਕ ਪਹਿਲੀ ਸੂਚੀ ਮੁਤਾਬਕ ਅਮਰੀਕਾ ਅਤੇ ਯੂਕੇ ਸਮੇਤ 15 ਮੁਲਕਾਂ ਵਿੱਚ ਪ੍ਰਮੁੱਖ ਅਹੁਦਿਆਂ ’ਤੇ ਭਾਰਤੀ ਮੂਲ ਦੇ 200 ਤੋਂ ਵੱਧ ਵਿਅਕਤੀਆਂ ਦਾ ਦਬਦਬਾ ਹੈ, ਜੋ ਭਵਿੱਖ ਦੀਆਂ ਪੀੜ੍ਹੀਆਂ ਲਈ ਵੀ ਸ਼ਾਨਦਾਰ ਵਿਰਾਸਤ ਦਾ ਨਿਰਮਾਣ ਕਰ ਰਹੇ ਹਨ। ਸੋਮਵਾਰ ਨੂੰ ਜਾਰੀ ‘ਦਿ 2021 ਇੰਡੀਆਸਪੋਰਾ ਗਵਰਨਮੈਂਟ ਲੀਡਰਜ਼ ਲਿਸਟ’ ਤਿਆਰ ਕਰਨ ਲਈ ਸਰਕਾਰੀ ਵੈੱਬਸਾਈਟਾਂ ਅਤੇ ਹੋਰ ਜਨਤਕ ਤੌਰ ’ਤੇ ਉਪਲੱਬਧ ਸਰੋਤਾਂ ਦੀ ਵਰਤੋਂ ਕੀਤੀ ਗਈ ਹੈ, ਜਿਸ ਰਾਹੀਂ ਵੱਖ–ਵੱਖ ਖਿੱਤਿਆਂ ਵਿੱਚ ਇਨ੍ਹਾਂ ਆਗੂਆਂ ਦੀਆਂ ਪ੍ਰਾਪਤੀਆਂ ਬਾਰੇ ਵੀ ਦੱਸਿਆ ਗਿਆ ਹੈ।

ਰਿਪੋਰਟ ਮੁਤਾਬਕ ਭਾਰਤੀ ਮੂਲ ਦੇ 200 ਤੋਂ ਵੱਧ ਆਗੂ ਵਿਸ਼ਵ ਭਰ ਦੇ 15 ਮੁਲਕਾਂ ਵਿੱਚ ਉੱਚ ਅਹੁਦਿਆਂ ’ਤੇ ਪਹੁੰਚੇ ਹਨ, ਜਿਨ੍ਹਾਂ ’ਚੋਂ 60 ਜਣੇ ਕੈਬਨਿਟ ਪੁਜ਼ੀਸ਼ਨਾਂ ’ਤੇ ਬਿਰਾਜਮਾਨ ਹਨ।

‘ਇੰਡੀਆਸਪੋਰਾ’ ਦੇ ਬਾਨੀ ਸਿਲੀਕਾਨ ਵੈਲੀ ਨਾਲ ਸਬੰਧਤ ਇੱਕ ਉੱਦਮੀ ਅਤੇ ਨਿਵੇਸ਼ਕਰਤਾ ਐੱਮ ਆਰ ਰੰਗਸਵਾਮੀ ਨੇ ਕਿਹਾ, ‘ਇਹ ਬਹੁਤ ਵੱਡੇ ਮਾਣ ਵਾਲੀ ਗੱਲ ਹੈ ਕਿ ਵਿਸ਼ਵ ਦੇ ਸਭ ਤੋਂ ਪੁਰਾਣੇ ਲੋਕਤੰਤਰੀ ਮੁਲਕ ਦੀ ਪਹਿਲੀ ਮਹਿਲਾ ਅਤੇ ਪਹਿਲੀ ਅਸ਼ਵੇਤ ਉਪ–ਰਾਸ਼ਟਰਪਤੀ ਹੋਣ ਦਾ ਮਾਣ ਭਾਰਤੀ ਮੂਲ ਦੀ ਔਰਤ ਨੂੰ ਮਿਲਿਆ ਹੈ। ਅਸੀਂ ਇਸ ਮਾਣਮੱਤੀ ਪ੍ਰਾਪਤੀ ਦਾ ਜ਼ਿਕਰ ‘ਪ੍ਰੈਜ਼ੀਡੈਂਟ’ਜ਼ ਡੇਅ’ ਵਾਲੇ ਦਿਨ ਕਰ ਕੇ ਸਰਕਾਰੀ ਸੇਵਾਵਾਂ ’ਚ ਅਹਿਮ ਅਹੁਦਿਆਂ ’ਤੇ ਬਿਰਾਜਮਾਨ ਭਾਰਤੀ ਪਰਵਾਸੀਆਂ ਦਾ ਜ਼ਿਕਰ ਵੀ ਕਰਨਾ ਚਾਹਾਂਗੇ।’ ਉਹ ਕਮਲਾ ਹੈਰਿਸ ਵੱਲ ਇਸ਼ਾਰਾ ਕਰ ਰਹੇ ਸਨ, ਜਿਨ੍ਹਾਂ ਨੂੰ ਅਮਰੀਕਾ ਦੀ ਪਹਿਲੀ ਮਹਿਲਾ ਉਪ ਰਾਸ਼ਟਰਪਤੀ ਬਣਨ ਦਾ ਮਾਣ ਮਿਲਿਆ ਹੈ।

***

# ਨਿਊਜ਼ੀਲੈਂਡ ਪ੍ਰਧਾਨ ਮੰਤਰੀ ਨੇ ਅਸਥਾਈ ਵੀਜ਼ੇ ਵਾਲਿਆਂ ਲਈ ਵੀ ਫ੍ਰੀ ਟੀਕਾਕਰਣ ਦਾ ਕੀਤਾ ਐਲਾਨ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਪ੍ਰਧਾਨ ਮੰਤਰੀ ਮਾਣਯੋਗ ਜੈਸਿੰਡਾ ਆਰਡਨ ਨੇ ਐਲਾਨ ਕੀਤਾ ਹੈ ਕਿ ਨਿਊਜ਼ੀਲੈਂਡ ਦੀ ਧਰਤੀ ਉਤੇ ਜੋ ਵੀ ਹੈ, ਚਾਹੇ ਉਹ ਇਥੇ ਦਾ ਨਾਗਰਿਕ ਹੈ, ਪੱਕਾ ਹੈ ਅਤੇ ਕੱਚਾ ਹੈ, ਸਾਰਿਆਂ ਦੇ ਟੀਕ–'ਕਰਣ ਫ੍ਰੀ ਲਗਾਇਆ ਜਾਵੇਗਾ। ਰਿਪੋਰਟ ਅਨੁਸਾਰ ਇਸ ਵੇਲੇ 170, 942 ਲੋਕ ਵਰਕ ਵੀਜੇ ਉਤੇ ਹਨ ਜਦ ਕਿ ਹਜ਼ਾਰਾਂ ਦੀ ਗਿਣਤੀ ਵਿਚ ਵਿਜਟਰ ਵੀਜੇ ਵਾਲੇ ਹਨ। &;ਵਰਨਣਯੋਗ ਹੈ ਕਿ ਅੱਜ ਸਵੇਰੇ 60,000 ਡੋਜਜ਼ ਫਾਇਜ਼ਰ ਕੰਪਨੀ ਤੋਂ ਪਹੁੰਚ ਚੁੱਕੀਆਂ ਹਨ। ਬਾਰਡਰ ਅਤੇ ਫਰੰਟ ਲਾਈਨ ਉਤੇ ਕੰਮ ਕਰਨ ਵਾਲਿਆਂ ਦਾ ਪਹਿਲਾਂ ਟੀਕਾਕਰਣ ਕੀਤਾ ਜਾਵੇਗਾ। ਇਹ ਦਵਾਈ




ਸਿੱਧੀ ਟੀਕਾਕਰਣ ਵਾਸਤੇ ਨਹੀਂ ਵਰਤੀ ਜਾਵੇਗੀ ਸਗੋਂ ਮੈਡ ਸੇਫ (ਨਿਊਜ਼ੀਲੈਂਡ ਮੈਡੀਸਨ ਐਂਡ ਮੈਡੀਕਲ ਡਿਵਾਈਸਜ਼ ਸੇਫਟੀ ਅਥਾਰਟੀ) ਪਹਿਲਾਂ ਇਸ ਨੂੰ ਚੈਕ ਕਰੇਗੀ ਅਤੇ ਫਿਰ ਵੈਕਸੀਨੇਸ਼ਨ ਵਾਸਤੇ ਉਪਲਬਧ ਕਰਵਾਏਗੀ। ਬੈਲਜੀਅਮ ਤੋਂ ਇਹ ਦਵਾਈ ਸਿੰਗਾਪੁਰ ਏਅਰ ਲਾਈਨ ਰਾਹੀਂ ਅੱਜ ਪਹੁੰਚੀ ਹੈ। ਆਉਂਦੇ ਸ਼ਨੀਵਾਰ ਇਹ ਟੀਕੇ ਲੱਗਣੇ ਸ਼ੁਰੂ ਹੋ ਜਾਣੇ ਹਨ। ਇਨ੍ਹਾਂ ਨੂੰ –70 ਡਿਗਰੀ ਸੈਲਸੀਅਸ ਉਤੇ ਰੱਖਿਆ ਜਾ ਰਿਹਾ ਹੈ। ਨਿਊਜ਼ੀਲੈਂਡ ਦੇ ਵਿਚ ਇਸ ਵੇਲੇ ਕੁੱਲ 47 ਕੇਸ ਕਰੋਨਾ ਦੇ ਹਨ ਸਾਰੇ ਆਈਸੋਲੇਟ ਕੀਤੇ ਹੋਏ ਹਨ। ਕਮਿਊਨਿਟੀ ਦੇ ਵਿਚੋਂ 3 ਕੇਸ ਕੱਲ੍ਹ ਆਏ ਸਨ ਅਤੇ ਲਾਕਡਾਊਨ ਲਗਾ ਦਿੱਤਾ ਗਿਆ ਸੀ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਅਮਰੀਕਾ ਦੇ ਸਿਹਤਮੰਦ ਸ਼ਹਿਰਾਂ ਦੀ ਸੂਚੀ ਵਿੱਚ ਸਾਨ ਫ੍ਰਾਂਸਿਸਕੋ ਨੇ ਮਾਰੀ ਬਾਜੀ

**ਫਰਿਜ਼ਨੋ (ਕੈਲੀਫੋਰਨੀਆ), 9 ਫਰਵਰੀ 2021–** ਅਮਰੀਕਾ ਵਿੱਚ ਵਾਲੇਟ ਹੱਬ ਦੁਆਰਾ ਸੋਮਵਾਰ ਨੂੰ ਦੇਸ਼ ਦੇ ਸਿਹਤਮੰਦ ਸ਼ਹਿਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਇਸ ਸੂਚੀ ਦੇ ਅਨੁਸਾਰ ਕੈਲੀਫੋਰਨੀਆ ਸੂਬੇ ਦੇ ਇੱਕ ਸ਼ਹਿਰ ਨੇ ਦੇਸ਼ ਦੇ ਸਭ ਤੋਂ ਸਿਹਤਮੰਦ ਸ਼ਹਿਰਾਂ ਦੀ ਸੂਚੀ ਵਿੱਚ ਪਹਿਲੇ ਨੰਬਰ 'ਤੇ ਆਪਣਾ ਨਾਮ ਦਰਜ਼ ਕਰਵਾਇਆ ਹੈ। ਕੈਲੀਫੋਰਨੀਆ ਦੇ ਇਸ ਸ਼ਹਿਰ ਦਾ ਨਾਮ ਹੈ ,ਸਾਨ ਫ੍ਰਾਂਸਿਸਕੋ ਜਿਸਨੇ ਇਸ ਸੂਚੀ ਵਿੱਚ ਆਪਣੇ ਸਿਹਤਮੰਦ ਜੀਵਨ ਪੱਧਰ ਕਾਰਨ ਆਪਣਾ ਨਾਮ ਪਹਿਲੇ ਨੰਬਰ ਤੇ ਦਰਜ਼ ਕਰਵਾਇਆ ਹੈ। ਇਸਦੇ ਇਲਾਵਾ ਪਹਿਲੇ ਪੰਜ ਸਿਹਤਮੰਦ ਸ਼ਹਿਰਾਂ ਵਿੱਚ ਸਿਆਟਲ, ਪੋਰਟਲੈਂਡ, ਸੈਨ ਡਿਏਗੋ ਅਤੇ ਹੋਨੋਲੂਲੂ ਸ਼ਹਿਰ



ਸ਼ਾਮਿਲ ਹੋਏ ਹਨ।

ਇਸ ਨਿੱਜੀ ਵਿੱਤੀ ਵੈਬਸਾਈਟ ਨੇ ਦੇਸ਼ ਦੇ 150 ਸਭ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਦਾ ਮੁਲਾਂਕਣ ਕੀਤਾ , ਜਿਸਦੇ ਤਹਿਤ ਹਰੇਕ ਰਾਜ ਦੇ ਘੱਟੋ ਘੱਟ ਦੋ ਸਭ ਤੋਂ ਵੱਧ ਆਬਾਦੀ ਵਾਲੇ ਸ਼ਹਿਰ ਸ਼ਾਮਿਲ ਕੀਤੇ ਗਏ। ਜਿਸਦੇ ਬਾਅਦ ਚਾਰ ਸ਼੍ਰੇਣੀਆਂ ਸਿਹਤ ਸੰਭਾਲ, ਭੋਜਨ, ਤੰਦਰੁਸਤੀ ਅਤੇ ਹਰਿਆਵਲ ਸਥਾਨਾਂ ਦੇ 44 ਕਾਰਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਮੁਲਾਂਕਣ ਕੀਤਾ ਗਿਆ। ਸਾਨ ਫ੍ਰਾਂਸਿਸਕੋ ਦੀ ਸਭ ਤੋਂ ਉੱਚੀ ਰੈਂਕਿੰਗ ਹਰਿਆਵਲ ਸਥਾਨ ਅਤੇ ਭੋਜਨ ਦੀਆਂ ਸ਼੍ਰੇਣੀਆਂ ਦੋਵਾਂ ਵਿੱਚੋਂ ਨੰਬਰ 1 ਸੀ। ਭੋਜਨ ਸ਼੍ਰੇਣੀ ਵਿੱਚ ਪ੍ਰਤੀ ਵਿਅਕਤੀ ਪੌਸ਼ਟਿਕ ਖੁਰਾਕ ਜਿਸਨੂੰ ਵਸਨੀਕ ਖਾਂਦੇ ਹਨ।

ਇਸਦੇ ਇਲਾਵਾ ਇਸ ਸ਼੍ਰੇਣੀ ਵਿੱਚ ਪ੍ਰਤੀ ਵਿਅਕਤੀ ਹੈਲਥੀ ਰੈਸਟੋਰੈਂਟਾਂ ਦੀ ਗਿਣਤੀ ਵੀ ਸ਼ਾਮਿਲ ਹੁੰਦੀ ਹੈ। ਹਰੀ ਸਪੇਸ ਸ਼੍ਰੇਣੀ ਸਰੀਰਕ ਗਤੀਵਿਧੀਆਂ ਅਤੇ ਮਨੋਰੰਜਨ ਦੇ ਨਾਲ ਨਾਲ ਸ਼ਹਿਰ ਦੇ ਸਾਈਕਲ ਚਲਾਉਣ ਅਤੇ ਤੁਰਨ ਸੰਬੰਧੀ ਸਥਾਨਾਂ ਦੇ ਨਾਲ ਹੋਰ ਕਾਰਕਾਂ ਨੂੰ ਵੀ ਵੇਖਦੀ ਹੈ।

# 11 ਔਰਤਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਸੀਰੀਅਲ ਕਿੱਲਰ ਦੀ ਜੇਲ੍ਹ ਵਿੱਚ ਹੋਈ ਮੌਤ

**ਫਰਿਜ਼ਨੋ (ਕੈਲੀਫੋਰਨੀਆ), 9 ਫਰਵਰੀ 2021–** ਅਮਰੀਕੀ ਸੂਬੇ ਓਹੀਓ ਵਿੱਚ ਇੱਕ ਸੀਰੀਅਲ ਕਿਲਰ ਜੋ ਕਿ 11 ਔਰਤਾਂ ਦੇ ਕਤਲ ਦੇ ਦੋਸ਼ ਵਿੱਚ ਸਜ਼ਾ ਕੱਟ ਰਿਹਾ ਸੀ , ਦੀ ਜੇਲ੍ਹ ਵਿੱਚ ਮੌਤ ਹੋ ਗਈ ਹੈ। ਇਸ ਸੰਬੰਧੀ ਅਧਿਕਾਰੀਆਂ ਨੇ ਦੱਸਿਆ ਕਿ ਕਲੀਵਲੈਂਡ ਵਿੱਚ 11 ਔਰਤਾਂ ਦੀ ਹੱਤਿਆ ਕਰਨ ਵਾਲੇ ਇਸ ਦੋਸ਼ੀ ਦੀ ਸੋਮਵਾਰ ਨੂੰ ਓਹੀਓ ਦੀ ਇੱਕ ਜੇਲ੍ਹ ਵਿੱਚ ਕਿਸੇ ਬਿਮਾਰੀ ਕਾਰਨ ਮੌਤ ਹੋ ਗਈ ਹੈ। ਸੁਧਾਰ ਵਿਭਾਗ ਦੇ ਬੁਲਾਰੇ ਅਨੁਸਾਰ 61 ਸਾਲਾ ਐਂਥਨੀ ਸਵੈਲ ਨੂੰ 21 ਜਨਵਰੀ ਦੇ ਦਿਨ ਕੋਲੰਬਸ ਦੀ ਇੱਕ ਮੈਡੀਕਲ ਇਲਾਜ ਵਾਲੀ ਜੇਲ੍ਹ ਵਿੱਚ ਦਾਖਲ ਕਰਵਾਇਆ ਗਿਆ ਸੀ। ਜਿਸਦੇ ਕਈ ਦਿਨਾਂ ਬਾਅਦ ਸਵੈਲ ਨੂੰ ਸੋਮਵਾਰ ਦੁਪਹਿਰ 3:25 ਵਜੇ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਸਵੈਲ, ਜਿਸ ਨੇ ਇੱਕ ਮੈਰੀਨ ਵਜੋਂ ਕੰਮ ਕੀਤਾ ਸੀ, ਨੂੰ 2011 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਜਿਊਰੀ ਵੱਲੋਂ ਉਸ ਨੂੰ ਕਤਲ, ਬਲਾਤਕਾਰ, ਅਗਵਾ, ਲਾਸ਼ਾਂ ਨਾਲ ਬਦਸਲੂਕੀ ਅਤੇ ਸਬੂਤਾਂ ਨਾਲ ਛੇੜਛਾੜ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਸ ਮਾਮਲੇ ਵਿੱਚ ਵਕੀਲਾਂ ਅਨੁਸਾਰ ਉਸਨੇ 2007 ਵਿੱਚ ਔਰਤਾਂ ਨੂੰ ਆਪਣੇ ਘਰ ਲਿਜਾਣਾ ਸ਼ੁਰੂ ਕੀਤਾ ਅਤੇ ਦੋ ਸਾਲ ਬਾਅਦ



ਇੱਕ ਮਹਿਲਾ ਦੁਆਰਾ ਪੁਲਿਸ ਨੂੰ ਉਸਦੇ ਘਰ 'ਚ ਉਸ ਨਾਲ ਬਲਾਤਕਾਰ ਹੋਣ ਦੀ ਰਿਪੋਰਟ ਦੇਣ ਦੇ ਬਾਅਦ ਅਧਿਕਾਰੀਆਂ ਵੱਲੋਂ ਕੀਤੀ ਕਾਰਵਾਈ ਦੌਰਾਨ ਸਵੈਲ ਦੇ ਘਰੋਂ ਦੋ ਲਾਸ਼ਾਂ ਅਤੇ ਇੱਕ ਨਵੀਂ ਖੋਦੀ ਕਬਰ ਮਿਲੀ ਸੀ। ਇਸਦੇ ਇਲਾਵਾ ਬਾਅਦ ਵਿੱਚ ਪੁਲਿਸ ਨੂੰ ਦੂਜੀਆਂ ਔਰਤਾਂ ਦੀਆਂ ਰਹਿੰਦੀਆਂ ਲਾਸ਼ਾਂ ਕੂੜੇ ਦੀਆਂ ਥੈਲੀਆਂ ਅਤੇ ਪਲਾਸਟਿਕ ਬੈਗਾਂ ਵਿੱਚ ਉਸਦੇ ਘਰ ਦੱਬੀਆਂ ਹੋਈਆਂ ਬਰਾਮਦ ਹੋਈਆਂ। ਸਵੈਲ ਨੇ ਆਪਣੀ ਮੌਤ ਦੀ ਸਜ਼ਾ ਨੂੰ ਅਪੀਲ ਰਾਹੀ ਉਲਟਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਸਵੈਲ ਕੋਲ ਲੋੜੀਂਦੇ ਗਵਾਹ ਨਾਂ ਹੋਣ ਕਾਰਨ ਤਿੰਨ ਜੱਜਾਂ ਦੇ ਪੈਨਲ ਨੇ ਪਿਛਲੇ ਸਾਲ ਇਸ ਅਪੀਲ ਨੂੰ ਖਾਰਜ ਕਰ ਦਿੱਤਾ ਸੀ।

# ਅਮਰੀਕਾ ਵਿੱਚ ਫੇਸਬੁੱਕ ਦੇਵੇਗੀ ਕੋਰੋਨਾ ਟੀਕਾਕਰਨ ਕੇਂਦਰਾਂ ਦੀ ਜਾਣਕਾਰੀ

**ਫਰਿਜ਼ਨੋ (ਕੈਲੀਫੋਰਨੀਆ), 9 ਫਰਵਰੀ 2021–** ਇੰਟਰਨੈਂਟ ਨੇ ਅਜੋਕੇ ਸਮੇਂ ਵਿੱਚ ਇੱਕ ਤਰ੍ਹਾਂ ਦੀ ਕ੍ਰਾਂਤੀ ਪੈਦਾ ਕੀਤੀ ਹੈ। ਇਸ ਦੀ ਮੱਦਦ ਨਾਲ ਦੁਨੀਆਂ ਭਰ ਵਿੱਚ ਦੋਸਤ ਬਣਾਉਣ,ਆਪਣੇ ਵਿਚਾਰ ਪ੍ਰਗਟ ਕਰਨ, ਜਾਣਕਾਰੀ ਸਾਂਝੀ ਕਰਨ ਅਤੇ ਕਈ ਹੋਰ ਉਦੇਸ਼ਾਂ ਦੀ ਪੂਰਤੀ ਕਰਨ ਲਈ ਸ਼ੋਸਲ ਮੀਡੀਆ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿੱਚ ਫੇਸਬੁੱਕ ਦੀ ਸ਼ੋਸਲ ਮੀਡੀਆ ਦੇ ਤੌਰ ਤੇ ਵਰਤੋਂ ਵੱਡੀ ਪੱਧਰ 'ਤੇ ਕੀਤੀ ਜਾਂਦੀ ਹੈ। ਅਮਰੀਕਾ ਵਿੱਚ ਕੋਰੋਨਾ ਮਹਾਂਮਾਰੀ ਦੇ ਸਮੇਂ ਟੀਕਾਕਰਨ ਮੁਹਿੰਮ ਵਿੱਚ ਸਹਾਇਤਾ ਕਰਨ ਦੇ ਮੰਤਵ ਨਾਲ ਇਸ ਕੰਪਨੀ ਨੇ ਸੋਮਵਾਰ ਨੂੰ ਐਲਾਨ ਕਰਦਿਆਂ ਦੱਸਿਆ ਕਿ ਫੇਸਬੁੱਕ ਯੂ ਐਸ ਦੇ ਉਪਭੋਗਤਾਵਾਂ ਨੂੰ ਇਸ ਹਫਤੇ ਤੋਂ ਕੋਰੋਨਾ ਟੀਕਾ ਲਗਵਾਉਣ ਲਈ ਸਹੀ ਵੈਕਸੀਨ ਕੇਂਦਰਾਂ ਦੀ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਾਲ ਟੀਕਾ ਕਦੋਂ ਲਗਵਾਉਣਾ ਹੈ, ਦੇ ਬਾਰੇ ਵੀ ਦੱਸੇਗੀ। ਫੇਸਬੁੱਕ ਅਨੁਸਾਰ ਇਸਦੇ ਕੋਵਿਡ -19 ਜਾਣਕਾਰੀ ਕੇਂਦਰ ਦੇ ਹਿੱਸੇ ਵਜੋਂ, ਫੇਸਬੁੱਕ ਉਪਭੋਗਤਾਵਾਂ ਨੂੰ ਸਥਾਨਕ ਸਿਹਤ ਏਜੰਸੀ ਦੀਆਂ



ਵੈਬਸਾਈਟਾਂ 'ਤੇ ਨਿਰਦੇਸ਼ ਦੇਵੇਗੀ, ਜਿੱਥੇ ਉਹ ਟੀਕ-ਾਕਰਨ ਲਈ ਉਨ੍ਹਾਂ ਦੀ ਯੋਗਤਾ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਸਦੇ ਇਲਾਵਾ ਇਹ ਸਹੂਲਤ ਆਉਣ ਵਾਲੇ ਹਫ਼ਤਿਆਂ ਵਿੱਚ ਵਿਸ਼ਵ ਦੇ ਹੋਰ ਭਾਗਾਂ ਵਿੱਚ ਵੀ ਮੁਹੱਈਆ ਕਰਵਾਈ ਜਾਵੇਗੀ। ਇਹ ਕੰਪਨੀ ਵਿਸ਼ਵ ਭਰ ਦੀਆਂ ਸਿਹਤ ਏਜੰਸੀਆਂ ਨੂੰ 120 ਮਿਲੀਅਨ ਡਾਲਰ ਦੇ ਵਿਗਿਆਪਨ ਕ੍ਰੈਡਿਟ ਵੀ ਪ੍ਰਦਾਨ ਕਰੇਗੀ ਤਾਂ ਜੋ ਕੋਵਿਡ -19 ਟੀਕਿਆਂ ਬਾਰੇ ਮੁਹਿੰਮ ਚਲਾਉਣ ਵਿੱਚ ਮੱਦਦ ਮਿਲ ਸਕੇ। ਇਸਦੇ ਨਾਲ ਹੀ, ਕੰਪਨੀ ਨੇ ਵਿਸ਼ਵ ਸਿਹਤ ਸੰਗਠਨ ਨਾਲ ਮਿਲ ਕੇ ਕੋਰੋਨਾ ਵਾਇਰਸ ਨਾਲ ਜੁੜੇ ਝੂਠੇ ਦਾਅਵਿਆਂ ਦੀ ਸੂਚੀ ਨੂੰ ਵਧਾਉਣ ਲਈ ਵੀ ਕੰਮ ਕੀਤਾ ਹੈ ,ਜਿਹਨਾਂ ਨੂੰ ਫੇਸਬੁੱਕ ਦੁਆਰਾ ਹਟਾਇਆ ਜਾਵੇਗਾ। ਫੇਸਬੁੱਕ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਕੋਰੋਨਾ ਟੀਕਿਆਂ ਦੀ ਘੱਟ ਪਹੁੰਚ ਵਾਲੀਆਂ ਕਮਿਊਨੀਟੀਜ਼ ਵਿੱਚ ਸਪਲਾਈ ਨੂੰ ਯਕੀਨੀ ਬਣਾਉਣ ਲਈ ਜੋਨਜ਼ ਹਾਪਕਿੰਸ ਬਲੂਮਬਰਗ ਸਕੂਲ ਆਫ਼ ਪਬਲਿਕ ਹੈਲਥ ਨਾਲ ਵੀ ਸਾਂਝੇਦਾਰੀ ਕਰ ਰਹੀ ਹੈ।

# ਕੈਲੀਫੋਰਨੀਆ 'ਚ ਖੁੱਲ੍ਹੇਗਾ ਇੱਕ ਹੋਰ ਵੱਡਾ ਟੀਕਾਕਰਨ ਕੇਂਦਰ

**ਫਰਿਜ਼ਨੋ (ਕੈਲੀਫੋਰਨੀਆ), 9 ਫਰਵਰੀ 2021–**ਰਾਸ਼ਟਰਪਤੀ ਜੋਅ ਬਾਈਡੇਨ ਦੁਆਰਾ ਦੇਸ਼ ਵਿੱਚ ਕੋਰੋਨਾ ਟੀਕਾਕਰਨ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਹਨਾਂ ਯਤਨਾਂ ਵਿੱਚੋਂ ਇੱਕ ਦੇਸ਼ ਭਰ ਵਿੱਚ ਕੋਰੋਨਾ ਟੀਕਾਕਰਨ ਕੇਂਦਰ ਖੋਲ੍ਹਣੇ ਹਨ, ਤਾਂ ਕਿ ਜ਼ਿਆਦਾ ਲੋਕਾਂ ਨੂੰ ਵਾਇਰਸ ਦਾ ਟੀਕਾ ਲਗਾਇਆ ਜਾ ਸਕੇ।

ਇਸ ਮੁਹਿੰਮ ਤਹਿਤ ਰਾਜਾਂ ਵਿੱਚ ਕਈ ਵੱਡੇ ਟੀਕਾਕਰਨ ਕੇਂਦਰ ਖੋਲ੍ਹੇ



ਗਏ ਹਨ। ਇਸੇ ਹੀ ਲੜੀ ਤਹਿਤ ਕੈਲੀਫੋਰਨੀਆ ਸੂਬੇ ਨੂੰ ਇੱਕ ਹੋਰ ਵੱਡਾ ਵੈਕਸੀਨ ਕੇਂਦਰ ਮਿਲਣ ਜਾ ਰਿਹਾ ਹੈ। ਇਸ ਸੰਬੰਧੀ ਕੈਲੀਫੋਰਨੀਆ ਦੇ ਅਸੈਂਬਲੀ ਮੈਂਬਰ ਜੋਆਕੁਇਨ ਅਰਾਮਬੁਲਾ ਦੇ ਇੱਕ ਬੁਲਾਰੇ ਨੇ ਸੋਮਵਾਰ ਨੂੰ ਪੁਸ਼ਟੀ ਕਰਦਿਆਂ ਦੱਸਿਆ ਕਿ ਸੂਬੇ ਦੀ ਕਾਉਂਟੀ ਫਰਿਜ਼ਨੋ ਨੂੰ ਓਕਲੈਂਡ ਅਤੇ ਸੈਨ ਡਿਏਗੋ ਵਿਚਲੇ ਟੀਕਾਕਰਨ ਕੇਂਦਰਾਂ ਦੇ ਨਾਲ ਮਿਲਦੀ ਜੁਲਦੀ ਰਾਜ ਦੀ ਜਨਤਕ ਕੋਵਿਡ -19 ਟੀਕਾਕਰਨ ਸਾਈਟ ਮਿਲੇਗੀ।

ਇਸ ਨਵੇਂ ਕੇਂਦਰ ਲਈ ਸਹੀ ਜਗ੍ਹਾ ਦੀ ਪੁਸ਼ਟੀ ਅਜੇ ਨਹੀਂ ਹੋ ਸਕੀ, ਪਰ ਡੈਮੋਕਰੇਟ ਅਰੇਮਬੁਲਾ ਲਈ ਕੰਮ ਕਰਨ ਵਾਲੇ ਫੈਲੀਸੀਆ ਮੈਟਲੋਜ਼ ਅਨੁਸਾਰ ਇਸ ਕੇਂਦਰ ਲਈ ਫਰਿਜ਼ਨੋ ਇੱਕ ਢੁੱਕਵਾਂ ਸਥਾਨ ਹੋਵੇਗਾ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਵੀ ਸੋਮਵਾਰ ਨੂੰ ਘੋਸ਼ਣਾ ਕਰਦਿਆਂ ਦੱਸਿਆ ਕਿ ਇੱਕ ਵਿਸ਼ਾਲ ਟੀਕਾਕਰਨ ਕੇਂਦਰ ਸੈਂਟਰਲ ਵੈਲੀ ਵਿੱਚ ਖੋਲ੍ਹਿਆ ਜਾਵੇਗਾ। ਨਿਊਸਮ ਨੇ ਜਾਣਕਾਰੀ ਦਿੱਤੀ ਕਿ ਰਾਜ ਨੇ ਕੋਵਿਡ -19 ਸ਼ਾਟ ਲੈਣ ਦੇ ਚਾਹਵਾਨ ਲੋਕਾਂ ਦੀ ਗਿਣਤੀ ਵਧਾਉਣ ਲਈ ਰਾਜ ਭਰ ਵਿੱਚ 110 ਕਮਿਊਨਿਟੀ ਸੰਗਠਨਾਂ ਨਾਲ ਭਾਈਵਾਲੀ ਕੀਤੀ ਹੈ ਅਤੇ ਗਵਰਨਰ ਅਨੁਸਾਰ ਸੈਂਟਰਲ ਵੈਲੀ ਵਿੱਚ ਅਗਲੇ ਕੁੱਝ ਦਿਨਾਂ ਦੌਰਾਨ ਇੱਕ ਨਵੀਂ ਵੈਕਸੀਨ ਸਾਈਟ ਦੀ ਘੋਸ਼ਣਾ ਕੀਤੀ ਜਾਵੇਗੀ। ਫਰਿਜ਼ਨੋ ਸਿਟੀ ਕਾਉਂਸਲ ਮੈਂਬਰ ਮਿਗੁਅਲ ਅਰਿਆਸ ਦੇ ਅਨੁਸਾਰ ਸ਼ਹਿਰ ਦੇ ਸੇਵ ਮਾਰਟ ਸੈਂਟਰ ਨੂੰ ਵੈਕਸੀਨ ਕੇਂਦਰ ਲਈ ਵਰਤਿਆ ਜਾ ਸਕਦਾ ਹੈ, ਇਸ ਲਈ ਸੇਵ ਮਾਰਟ ਸੈਂਟਰ ਨੂੰ ਨਵੇਂ ਕੇਂਦਰ ਦੀ ਜਗ੍ਹਾ ਲਈ ਪੇਸ਼ਕਸ਼ ਕੀਤੀ ਗਈ ਹੈ।

ਜਦਕਿ ਵਾਇਰਸ ਸੰਬੰਧੀ ਅੰਕੜਿਆਂ ਅਨੁਸਾਰ ਫਰਿਜ਼ਨੋ ਕਾਉਂਟੀ ਨੇ ਸੋਮਵਾਰ ਨੂੰ ਕੋਵਿਡ -19 ਦੇ 671 ਨਵੇਂ ਕੇਸ ਦਰਜ਼ ਕੀਤੇ ਹਨ ,ਜਿਸ ਨਾਲ ਕਾਉਂਟੀ ਵਿੱਚ ਮਾਰਚ ਤੋਂ ਬਾਅਦ ਕੁੱਲ ਮਾਮਲੇ ਤਕਰੀਬਨ 91,184 ਹੋ ਗਏ ਹਨ।

# ਪੈਂਟਾਗਨ ਨੇ ਕੋਰੋਨਾ ਟੀਕਾਕਰਨ ਵਿੱਚ ਸਹਾਇਤਾ ਲਈ ਦਿੱਤੀ ਹੋਰ ਸੈਨਿਕਾਂ ਦੀ ਤਾਇਨਾਤੀ ਲਈ ਮਨਜ਼ੂਰੀ

**ਫਰਿਜ਼ਨੋ (ਕੈਲੀਫੋਰਨੀਆ), 13 ਫਰਵਰੀ 2021–** ਅਮਰੀਕਾ ਵਿੱਚ ਕੋਰੋਨਾ ਵਾਇਰਸ ਟੀਕਾਕਰਨ ਮੁਹਿੰਮ ਨੂੰ ਤੇਜ਼ ਅਤੇ ਆਸਾਨ ਕਰਨ ਲਈ




ਹੋਰ ਸੈਨਿਕਾਂ ਦੀ ਤਾਇਨਾਤੀ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਸੰਬੰਧੀ ਰੱਖਿਆ ਸਕੱਤਰ ਲੋਇਡ ਆਸਟਿਨ ਨੇ ਕੋਵਿਡ -19 ਟੀਕਾਕਰਨ ਦੇ ਯਤਨਾਂ ਦੇ ਸਮਰਥਨ ਲਈ ਤਕਰੀਬਨ 25 ਟੀਮਾਂ ਨੂੰ ਡਿਊਟੀ ਸੈਨਿਕਾਂ ਲਈ ਅਧਿਕਾਰਤ ਕੀਤਾ ਹੈ। ਪੈਂਟਾਗਨ ਵੱਲੋਂ ਇਹ ਕਦਮ ਫੈਡਰਲ ਐਮਰਜੈਂਸੀ ਪ੍ਰਬੰਧਨ ਏਜੰਸੀ (ਫੇਮਾ) ਦੀ ਬੇਨਤੀ ਦੇ ਜਵਾਬ ਵਿੱਚ ਪੁੱਟਿਆ ਗਿਆ ਹੈ। ਪੈਂਟਾਗਨ ਦੇ ਬੁਲਾਰੇ ਜੌਹਨ ਕਿਰਬੀ ਨੇ ਸ਼ੁੱਕਰਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਸਟਿਨ ਨੇ 20 ਵਾਧੂ ਟੀਮਾਂ ਨੂੰ ਅਧਿਕਾਰਤ ਕੀਤਾ ਹੈ, ਜਿਸ ਨਾਲ ਟੀਕਾਕਰਨ ਦੇ ਯਤਨ 'ਤੇ ਫੇਮਾ ਦਾ ਸਮਰਥਨ ਕਰਨ ਜਾਂ ਤਿਆਰੀ ਕਰਨ ਵਾਲੇ ਸਰਗਰਮ ਡਿਊਟੀ ਕਰਮਚਾਰੀਆਂ ਦੀ ਕੁੱਲ ਸੰਖਿਆ 4,700 ਤੋਂ ਵੀ ਵੱਧ ਤੱਕ ਹੋ ਜਾਵੇਗੀ।

ਇਸ ਮੁਹਿੰਮ ਲਈ ਪਹਿਲੀਆਂ ਪੰਜ ਟੀਮਾਂ ਦਾ ਐਲਾਨ ਪਿਛਲੇ ਹਫ਼ਤੇ ਕੀਤਾ ਗਿਆ ਸੀ, ਅਤੇ 222 ਜਵਾਨਾਂ ਦੀ ਪਹਿਲੀ ਟੁਕੜੀ ਅਗਲੇ ਹਫਤੇ ਲਾਸ ਏਂਜਲਸ ਵਿੱਚ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਦੀ "ਮੈਗਾ-ਸਾਈਟ" ਨੂੰ ਸ਼ੁਰੂ ਕਰਨ ਲਈ ਮੈਦਾਨ ਵਿੱਚ ਆ ਗਈ ਹੈ। ਨਵੀਂਆਂ ਟੀਮਾਂ ਵਿਚੋਂ 10 ਟੀਮਾਂ ਦੇ 222 ਜਵਾਨ ਮੈਗਾ-ਸਾਈਟਾਂ ਦਾ ਸਮਰਥਨ ਕਰਨ ਲਈ ਹੋਣਗੇ, ਜਦੋਂ ਕਿ 10 ਹੋਰ ਟੀਮਾਂ ਦੇ 139 ਸੈਨਿਕ ਛੋਟੀਆਂ ਸਾਈਟਾਂ ਦੇ ਸਮਰਥਨ ਲਈ ਤਾਇਨਾਤ ਹੋਣਗੇ। ਫੈਮਾ ਨੇ ਤਕਰੀਬਨ 100 ਟੀਕਾਕਰਨ ਸਾਈਟਾਂ ਲਈ ਸਹਾਇਤਾ ਦੀ ਬੇਨਤੀ ਕੀਤੀ ਹੈ। ਇਸਦੇ ਇਲਾਵਾ ਫੇਮਾ ਦੁਆਰਾ ਕੋਰੋਨਾ ਟੀਕਾ ਲਗਾਉਣ ਵਿੱਚ ਸਹਾਇਤਾ ਲਈ ਸਿਖਲਾਈ ਪ੍ਰਾਪਤ ਟੀਕਾਕਰਤਾਵਾਂ ਨੂੰ ਵੀ ਟੀਮ ਵਿੱਚ ਸ਼ਾਮਿਲ ਕਰਨ ਯੋਜਨਾ ਹੈ, ਜਿਸ ਲਈ ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਇੱਕ ਬਿਆਨ ਅਨੁਸਾਰ ਏਜੰਸੀ ਮਾਰਚ ਦੇ ਅੱਧ ਤੱਕ ਹਜ਼ਾਰਾਂ ਮੈਡੀਕਲ ਕਰਮਚਾਰੀਆਂ ਨਾਲ ਸਮਝੌਤਾ ਕਰਨ ਦੀ ਯੋਜਨਾ ਬਣਾ ਰਹੀ ਹੈ। ਫੇਮਾ ਨੇ ਰਾਜਾਂ, ਕਬੀਲਿਆਂ, ਪ੍ਰਦੇਸ਼ਾਂ ਅਤੇ ਵਾਸ਼ਿੰਗਟਨ ਡੀ. ਸੀ. ਨੂੰ ਕੋਵਿਡ -19 ਟੀਕਾਕਰਨ ਨਾਲ ਸਬੰਧਿਤ ਖਰਚਿਆਂ ਲਈ 3.22 ਬਿਲੀਅਨ ਡਾਲਰ ਤੋਂ ਵੱਧ ਦੀ ਸਹਾਇਤਾ ਦਿੱਤੀ ਹੈ। ਜਦਕਿ ਇਸ ਸਰਕਾਰੀ ਏਜੰਸੀ ਨੇ ਮੌਜੂਦਾ ਟੀਕਾਕਰਨ ਕੇਂਦਰਾਂ ਦੀ ਸਹਾਇਤਾ ਲਈ ਦੇਸ਼ ਭਰ ਵਿੱਚ ਲੱਗਭਗ 2 ਹਜ਼ਾਰ ਸਟਾਫ ਮੈਂਬਰ ਵੀ ਤਾਇਨਾਤ ਕੀਤੇ ਹਨ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਵ੍ਹਾਈਟ ਹਾਊਸ ਦੇ ਡਿਪਟੀ ਪ੍ਰੈਸ ਸਕੱਤਰ ਨੂੰ ਇੱਕ ਰਿਪੋਰਟਰ ਨੂੰ ਧਮਕਾਉਣ ਲਈ ਕੀਤਾ 1 ਹਫ਼ਤੇ ਲਈ ਮੁਅੱਤਲ

**ਫਰਿਜ਼ਨੋ (ਕੈਲੀਫੋਰਨੀਆ), 9 ਫਰਵਰੀ 2021–** ਅਮਰੀਕਾ ਵਿੱਚ ਵ੍ਹਾਈਟ ਹਾਊਸ ਦੇ ਡਿਪਟੀ ਪ੍ਰੈਸ ਸਕੱਤਰ ਨੂੰ ਇੱਕ ਪੱਤਰਕਾਰ ਨੂੰ ਧਮਕਾਉਣ ਦੇ ਮਾਮਲੇ ਵਿੱਚ ਇੱਕ ਹਫਤੇ ਲਈ ਮੁਅੱਤਲ ਕੀਤਾ ਗਿਆ ਹੈ। ਇਸ ਸੰਬੰਧੀ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਸ਼ੁੱਕਰਵਾਰ ਨੂੰ ਐਲਾਨ ਕਰਦਿਆਂ ਦੱਸਿਆ ਕਿ ਕੀਤਾ ਕਿ ਡਿਪਟੀ ਪ੍ਰੈਸ ਸੱਕਤਰ ਟੀ ਜੇ ਡਕਲੋ ਨੂੰ ਇੱਕ ਹਫਤੇ ਲਈ ਮੁਅੱਤਲ ਕਰ ਦਿੱਤਾ ਗਿਆ ਹੈ।



ਪਸਾਕੀ ਅਨੁਸਾਰ, ਡਕਲੋ ਨੂੰ ਬਿਨਾਂ ਤਨਖਾਹ ਦੇ ਇੱਕ ਹਫ਼ਤੇ ਲਈ ਮੁਅੱਤਲ ਕੀਤਾ ਜਾਵੇਗਾ ਅਤੇ ਸੇਵਾਵਾਂ ਵਾਪਿਸ ਸ਼ੁਰੂ ਕਰਨ 'ਤੇ ਉਸਨੂੰ ਪੱਤਰਕਾਰਾਂ ਨਾਲ ਕੰਮ ਕਰਨ ਲਈ ਨਹੀਂ ਦਿੱਤਾ ਜਾਵੇਗਾ। ਇਸ ਸੰਬੰਧੀ ਵੈਨਿਟੀ ਫੇਅਰ ਦੀ ਸ਼ੁੱਕਰਵਾਰ ਨੂੰ ਜਾਰੀ ਰਿਪੋਰਟ ਅਨੁਸਾਰ ਡਕਲੋ ਨੇ ਜਨਵਰੀ ਦੇ ਅਖੀਰ ਵਿੱਚ ਰਿਪੋਰਟਰ ਤਾਰਾ ਪਲਮੇਰੀ ਨੂੰ ਡਕਲੋ ਦੀ ਇੱਕ ਪੱਤਰਕਾਰ ਅਲੈਕਸੀ ਮੈਕਮੰਡ ਨਾਲ ਰਿਸ਼ਤੇ ਬਾਰੇ ਇੱਕ ਸਟੋਰੀ ਉੱਤੇ ਟਿੱਪਣੀ ਕਰਨ ਲਈ ਪੁੱਛਣ 'ਤੇ ਧਮਕੀ ਦਿੱਤੀ ਸੀ। ਇਸਦੇ ਇਲਾਵਾ ਪਸਾਕੀ ਅਨੁਸਾਰ ਡਕਲੋ ਦੀਆਂ ਇਸ ਤਰ੍ਹਾਂ ਦੀਆਂ ਧਮਕੀਆਂ ਮਨਜ਼ੂਰ ਨਹੀਂ ਹਨ ਅਤੇ ਵ੍ਹਾਈਟ ਹਾਊਸ ਵਿੱਚ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇੰਨਾ ਹੀ ਨਹੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਵੀ ਦਫ਼ਤਰ ਦੇ ਪਹਿਲੇ ਦਿਨ ਹੀ ਆਪਣੇ ਸਟਾਫ ਨੂੰ ਚੇਤਾਵਨੀ ਦਿੱਤੀ ਸੀ ਕਿ ਉਸ ਦੇ ਵ੍ਹਾਈਟ ਹਾਊਸ ਵਿੱਚ ਸਹਿਯੋਗੀਆਂ ਦਾ ਨਿਰਾਦਰ ਨਹੀਂ ਕੀਤਾ ਜਾਵੇਗਾ।

ਇਸ ਸੰਬੰਧੀ ਪਸਾਕੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਕਲੋ ਨੂੰ ਮੁਅੱਤਲ ਕਰਨ ਦਾ ਫੈਸਲਾ ਉਸ ਦੁਆਰਾ ਕੀਤਾ ਗਿਆ ਹੈ ਅਤੇ ਇਸ ਸੰਬੰਧੀ ਉਸ ਨੇ ਚੀਫ਼ ਆਫ ਸਟਾਫ ਰੋਨ ਕਲੇਨ ਨਾਲ ਵੀ ਗੱਲਬਾਤ ਕੀਤੀ ਸੀ ਜਦਕਿ ਇਸ ਮਾਮਲੇ ਵਿੱਚ ਬਾਈਡੇਨ ਸ਼ਾਮਿਲ ਨਹੀਂ ਸਨ।

# ਮਿਨੇਸੋਟਾ ਦੇ ਸਿਹਤ ਕਲੀਨਿਕ ਵਿੱਚ ਗੋਲੀਬਾਰੀ ਨੇ ਲਈ 1 ਦੀ ਜਾਨ, 4 ਹੋਏ ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆ), 12 ਫਰਵਰੀ 2021–** ਅਮਰੀਕਾ ਦੇ ਸੂਬੇ ਮਿਨੇਸੋਟਾ ਦੇ ਇੱਕ ਸਿਹਤ ਕਲੀਨਕ ਵਿੱਚ ਮੰਗਲਵਾਰ ਨੂੰ ਹੋਈ ਗੋਲੀਬਾਰੀ ਨੇ ਇੱਕ ਵਿਅਕਤੀ ਦੀ ਜਾਨ ਲੈ ਲਈ ਹੈ ਜਦਕਿ ਇਸ ਘਟਨਾ ਵਿੱਚ ਚਾਰ ਹੋਰ ਲੋਕ ਜਖਮੀ ਵੀ ਹੋਏ ਹਨ। ਇਸ ਸੰਬੰਧੀ ਪੁਲਿਸ ਨੇ ਜਾਣਕਾਰੀ ਦਿੱਤੀ ਕਿ ਕਲੀਨਿਕ ਦੀਆਂ ਸਿਹਤ ਸੇਵਾਵਾਂ ਤੋਂ ਨਾਖੁਸ਼ ਇੱਕ 67 ਸਾਲਾ ਵਿਅਕਤੀ ਨੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ, ਇਸਦੇ ਇਲਾਵਾ ਬੰਬ ਟੈਕਨੀਸ਼ੀਅਨ ਇਸ ਕਲੀਨਕ ਅਤੇ ਮੋਟਲ ਜਿੱਥੇ ਇਹ ਵਿਅਕਤੀ ਰਹਿ ਰਿਹਾ ਸੀ, ਦੇ ਵਿੱਚ ਮਿਲੇ ਸ਼ੱਕੀ ਉਪਕਰਣਾਂ ਦੀ ਵੀ ਜਾਂਚ ਕਰ ਰਹੇ ਹਨ। ਅਧਿਕਾਰੀਆਂ ਅਨੁਸਾਰ ਇਸ ਗੋਲੀਬਾਰੀ ਦੇ ਪੰਜ ਪੀੜਤਾਂ ਨੂੰ ਹਸਪਤਾਲ ਲਿਜਾਇਆ ਗਿਆ,ਜਿੱਥੇ ਹਸਪਤਾਲ ਮੰਗਲਵਾਰ ਰਾਤ ਦੀ ਰਾਤ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਤਿੰਨ ਜਖਮੀਆਂ ਦੀ ਹਾਲਤ ਸਥਿਰ ਪਰ ਨਾਜ਼ੁਕ ਹੈ ਜਦਕਿ ਚੌਥੇ ਵਿਅਕਤੀ ਨੂੰ ਛੁੱਟੀ ਦੇ ਦਿੱਤੀ ਗਈ ਹੈ। ਇਸ ਹਾਦਸੇ ਬਾਰੇ ਹੋਰ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ




ਇਹ ਹਮਲਾ ਮੰਗਲਵਾਰ ਸਵੇਰੇ ਬਫੇਲੋ ਦੇ ਅਲੀਨਾ ਨਾਮਕ ਇੱਕ ਹੈਲਥ ਕਲੀਨਿਕ ਵਿੱਚ ਹੋਇਆ ਜੈ ਕਿ ਮਿਨੀਐਪੋਲਿਸ ਦੇ ਉੱਤਰ ਪੱਛਮ ਵਿੱਚ ਲੱਗਭਗ 40 ਮੀਲ (64 ਕਿਲੋਮੀਟਰ) ਦੂਰ ਕਰੀਬ 15,000 ਲੋਕਾਂ ਦੀ ਕਮਿਊਨਿਟੀ ਵਾਲਾ ਖੇਤਰ ਹੈ। ਇਸ ਕਲੀਨਕ ਵਿੱਚ ਗ੍ਰੈਗਰੀ ਪਾਲ ਅਲਰਿਚ ਨਾਮ ਦੇ ਵਿਅਕਤੀ ਨੇ ਗੋਲੀਆਂ ਚਲਾਈਆਂ ਜਿਸ ਨੂੰ ਦੁਪਹਿਰ ਤੋਂ ਪਹਿਲਾਂ ਗ੍ਰਿਫਤਾਰ ਕਰ ਲਿਆ ਗਿਆ।

ਹਾਲਾਂਕਿ ਪੁਲਿਸ ਅਨੁਸਾਰ ਇਹ ਅਜੇ ਸਪੱਸ਼ਟ ਨਹੀ ਹੈ ਕਿ ਅਲਰਿਚ ਨੇ ਕਿਸੇ ਖਾਸ ਡਾਕਟਰ ਨੂੰ ਨਿਸ਼ਾਨਾ ਬਣਾਉਣ ਲਈ ਗੋਲੀਬਾਰੀ ਕੀਤੀ ਸੀ ਜਾਂ ਕੋਈ ਹੋਰ ਮੰਤਵ ਸੀ। ਅਧਿਕਾਰੀਆਂ ਦੁਆਰਾ ਕਲੀਨਿਕ ਵਿੱਚ ਹੋਰ ਪੀੜਤਾਂ ਦੀ ਭਾਲ ਕਰਨ ਉਪਰੰਤ ਇੱਕ ਸ਼ੱਕੀ ਉਪਕਰਣ ਮਿਲਿਆ , ਜਿਸ ਕਰਕੇ ਇਮਾਰਤ ਨੂੰ ਖਾਲੀ ਕਰਵਾ ਲਿਆ ਸੀ। ਪੁਲਿਸ ਅਧਿਕਾਰੀ ਦੁਆਰਾ ਇਸ ਮਾਮਲੇ ਦੇ ਦੋਸ਼ੀ ਨੂੰ ਹਿਰਾਸਤ ਵਿੱਚ ਲੈ ਕੇ ਅਗਲੀ ਜਾਂਚ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਕੈਲੀਫੋਰਨੀਆ ਵਿੱਚ ਏਸ਼ੀਅਨ ਅਮਰੀਕੀ ਲੋਕਾਂ 'ਤੇ ਹਮਲਾ ਕਰਨ ਦੇ ਦੋਸ਼ 'ਚ ਸ਼ੱਕੀ ਵਿਅਕਤੀ ਗ੍ਰਿਫਤਾਰ

**ਫਰਿਜ਼ਨੋ (ਕੈਲੀਫੋਰਨੀਆ), 12 ਫਰਵਰੀ 2021–** ਕੈਲੀਫੋਰਨੀਆ ਦੇ ਓਕਲੈਂਡ ਵਿੱਚ ਏਸ਼ੀਅਨ ਭਾਈਚਾਰੇ ਦੇ ਲੋਕਾਂ ਉੱਪਰ ਹਿੰਸਕ ਹਮਲਿਆਂ ਦੇ ਸੰਬੰਧ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਦੱਸਿਆ ਕਿ ਪਿਛਲੇ ਮਹੀਨੇ ਓਕਲੈਂਡ ਦੇ ਚਾਈਨਾ ਟਾਊਨ ਵਿੱਚ ਏਸ਼ੀਆਈ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਤਿੰਨ ਹਮਲਿਆਂ ਦੇ ਸੰਬੰਧ ਵਿੱਚ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਕੇਸ ਦੇ ਮਾਮਲੇ ਵਿੱਚ ਅਲਮੇਡਾ ਕਾਉਂਟੀ ਸ਼ੈਰਿਫ ਦੇ ਦਫਤਰ ਦੇ ਅਨੁਸਾਰ, ਯਾਹਯਾ ਮੁਸਲਿਮ(28) ਨਾਮ ਦੇ ਵਿਅਕਤੀ 'ਤੇ ਹਮਲੇ, ਬਜ਼ੁਰਗਾਂ ਨਾਲ ਬਦਸਲੂਕੀ ਅਤੇ ਹੋਰ ਦੋਸ਼ ਲਗਾਏ ਗਏ ਹਨ। ਇੰਨਾ ਹੀ ਨਹੀ ਦਫਤਰ ਨੇ ਦੱਸਿਆ ਕਿ ਮੁਸਲਿਮ ਨੂੰ ਪਹਿਲਾ ਵੀ ਦੋ ਗੰਭੀਰ ਹਮਲਿਆਂ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਸੀ।

ਓਕਲੈਂਡ ਦੇ ਪੁਲਿਸ ਮੁਖੀ ਲੀਰੋਨ ਆਰਮਸਟ੍ਰਾਂਗ ਨੇ ਸੋਮਵਾਰ ਨੂੰ ਇਸ ਗ੍ਰਿਫਤਾਰੀ ਦਾ ਐਲਾਨ ਕੀਤਾ ਅਤੇ ਦੱਸਿਆ ਕਿ ਇਹ ਵਿਅਕਤੀ ਮੁਸਲਿਮ 31 ਜਨਵਰੀ ਨੂੰ ਇੱਕ ਵੀਡੀਓ ਵਿੱਚ ਸਾਹਮਣੇ ਆਏ 91 ਸਾਲਾ ਵਿਅਕਤੀ ਉੱਪਰ ਹਮਲੇ ਦੇ ਮਾਮਲੇ ਵਿੱਚ ਦੋਸ਼ੀ ਹੈ। ਇਸਦੇ ਨਾਲ ਹੀ ਉਸ 'ਤੇ ਉਸੇ ਹੀ ਦਿਨ ਦੋ ਹੋਰ 60 ਸਾਲਾ ਆਦਮੀ ਅਤੇ 55 ਸਾਲਾ ਔਰਤ' ਤੇ ਹਮਲਾ ਕਰਨ ਦਾ ਵੀ ਦੋਸ਼ ਹੈ।

ਅਲੇਮੇਡਾ ਕਾਉਂਟੀ ਦੀ ਜ਼ਲ੍ਹਿਾ ਅਟਾਰਨੀ, ਨੈਨਸੀ ਓ ਮੇਲੀ ਅਨੁਸਾਰ ਇਹਨਾਂ ਹਮਲਿਆਂ ਦੇ ਨਸਲੀ ਹਮਲਿਆਂ ਨਾਲ ਸੰਬੰਧਿਤ ਹੋਣ ਬਾਰੇ ਜਾਂਚ ਕੀਤੀ ਜਾ ਰਹੀ ਹੈ। ਇਸਦੇ ਇਲਾਵਾ ਨੈਨਸੀ ਦੁਆਰਾ ਏਸ਼ੀਅਨ ਅਮੈਰੀਕਨ ਖ਼ਾਸਕਰ ਬੁੱਢੇ ਏਸ਼ੀਆਈ ਲੋਕਾਂ ਲਈ ਇੱਕ ਵਿਸ਼ੇਸ਼ ਪ੍ਰਤੀਕ੍ਰਿਆ ਯੂਨਿਟ ਬਣਾਉਣ ਦੀ ਵੀ ਘੋਸ਼ਣਾ ਕੀਤੀ ਹੈ। ਇਹਨਾਂ ਹਮਲਿਆਂ ਤੋਂ ਬਿਨਾਂ ਸਾਨ ਫ੍ਰਾਂਸਿਸਕੋ ਵਿੱਚ ਥਾਈਲੈਂਡ ਦੇ ਇੱਕ 84 ਸਾਲਾ ਵਿਅਕਤੀ ਦੀ 28 ਜਨਵਰੀ ਨੂੰ ਹਮਲਾ ਹੋਣ ਤੋਂ ਬਾਅਦ ਮੌਤ ਹੋ ਗਈ ਸੀ। ਜਿਸਦੇ ਸੰਬੰਧ ਵਿੱਚ ਇੱਕ 19 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਜਿਕਰਯੋਗ ਹੈ ਕਿ ਓਕਲੈਂਡ ਵਿੱਚ ਏਸ਼ੀਅਨ ਭਾਈਚਾਰੇ ਦੀ ਸੁਰੱਖਿਆ ਦੇ ਮੰਤਵ ਨਾਲ ਕਮਿਊਨਿਟੀ ਪ੍ਰਬੰਧਕਾਂ ਨੇ ਚਾਈਨਾ ਟਾਊਨ ਵਿੱਚ ਹਥਿਆਰਬੰਦ ਨਿੱਜੀ ਸੁਰੱਖਿਆ ਪ੍ਰਾਪਤ ਕਰਨ ਲਈ ਇੱਕ ਫੰਡ ਦੀ ਸਥਾਪਨਾ ਕੀਤੀ ਹੈ, ਜਿਸ ਵਿੱਚ ਮੰਗਲਵਾਰ ਤੱਕ, 62,000 ਡਾਲਰ ਤੋਂ ਵੱਧ ਦਾਨ ਇਕੱਠਾ ਹੋਇਆ ਹੈ।


Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-13J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri 9:00 AM to 6:00 PM Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਲੂਈਸਿਆਨਾ ਦੇ 2 ਸੇਨੀਟੇਸ਼ਨ ਕਰਮਚਾਰੀਆਂ ਨੇ 10 ਸਾਲਾਂ ਬੱਚੀ ਨੂੰ ਅਗਵਾ ਹੋਣ ਤੋਂ ਬਚਾਇਆ

**ਫਰਿਜ਼ਨੋ (ਕੈਲੀਫੋਰਨੀਆ), 12 ਫਰਵਰੀ 2021–** ਲੂਸੀਆਨਾ ਦੇ ਦੋ ਸਵੱਛਤਾ ਕਰਮਚਾਰੀਆਂ ਨੇ ਆਪਣੀ ਬਹਾ-ਦਰੀ ਅਤੇ ਅਕਲਮੰਦੀ ਦਿਖਾਉਂਦਿਆਂ ਇੱਕ 10 ਸਾਲ ਦੀ ਲੜਕੀ ਨੂੰ ਅਗਵਾ ਹੋਣ ਤੋਂ ਬਚਾਇਆ ਹੈ। ਇਹਨਾਂ ਕਾਮਿਆਂ ਦੇ ਇਸ ਕੰਮ ਲਈ ਉਹਨਾਂ ਦੀ ਨਾਇਕਾਂ ਵਜੋਂ ਸ਼ਲਾਘਾ ਕੀਤੀ ਜਾ ਰਹੀ ਹੈ । ਇਸ ਮਾਮਲੇ ਬਾਰੇ ਆਈਬੇਰੀਆ ਪੁਲਿਸ ਵਿਭਾਗ ਦੇ ਅਨੁਸਾਰ, ਜਾਲੀਸਾ ਲਾਸਲੇ(10) ਐਤਵਾਰ ਨੂੰ 1 ਤੋਂ 2 ਵਜੇ ਦੇ ਵਿਚਕਾਰ ਆਪਣੇ ਆਈਬੇਰੀਆ ਸਥਿਤ ਘਰ ਤੋਂ ਲਾਪਤਾ ਹੋ ਗਈ ਸੀ। ਜਿਸ ਤੇ ਕਰਵਾਈ ਕਰਦਿਆਂ ਜਾਂਚਕਰਤਾਵਾਂ ਨੇ ਇੱਕ ਸਲੇਟੀ ਰੰਗ ਦੀ ਨਿਸ਼ਾਨ ਕਾਰ ,ਜਿਸ ਕੋਲ ਜਾਲੀਸਾ ਨੂੰ ਆਖਰੀ ਵਾਰ ਵੇਖਿਆ ਗਿਆ ਸੀ, ਦੇ ਵੇਰਵੇ ਦੇ ਕੇ ਅੱਧੀ ਰਾਤ ਦੇ ਸਮੇਂ ਅਲਰਟ ਜਾਰੀ ਕੀਤਾ ਸੀ। ਜਦਕਿ ਪੇਲੀਕਨ ਵੇਸਟ ਐਂਡ ਡੈਬ੍ਰਿਸ ਕੰਪਨੀ ਦੇ ਦੋ ਕਾਮੇ ਡੀਓਨ ਮੇਰਿਕ ਅਤੇ ਬ੍ਰੈਂਡਨ ਐਂਟੋਇਨ ਜੋ ਕਿ ਕੂੜਾ ਚੁੱਕਣ ਲਈ ਆਪਣੇ ਰਾਹ ਤੇ ਸਨ ਨੇ ਸੋਮਵਾਰ ਦੀ ਸਵੇਰ ਸੇਂਟ ਮਾਰਟਿਨ ਪੈਰਿਸ਼ ਵਿੱਚ ਲੱਗਭਗ ਇੱਕ ਖੇਤ ਦੇ ਵਿਚਕਾਰ



ਸਿਲਵਰ ਰੰਗ ਦੀ ਇੱਕ ਸੇਡਾਨ ਕਾਰ ਵੇਖੀ। ਮੇਰਿਕ ਨੇ ਦੱਸਿਆ ਕਿ ਕਾਰ ਸੰਬੰਧੀ ਸ਼ੱਕ ਪੈਦਾ ਹੋਣ ਤੇ ਉਨ੍ਹਾਂ ਨੇ ਕਾਰ ਨੂੰ ਰੋਕਣ ਲਈ ਕੂੜੇ ਦੇ ਟਰੱਕ ਦੀ ਵਰਤੋਂ ਕੀਤੀ ਅਤੇ ਪੁਲਿਸ ਨੂੰ ਬੁਲਾਇਆ। ਜਿਸ ਉਪਰੰਤ ਪੁਲਿਸ ਅਧਿਕਾਰੀ ਵੱਲੋਂ ਕਾਰਵਾਈ ਕਰਦਿਆਂ, ਲੜਕੀ ਦੇ ਸੁਰੱਖਿਆਤ ਮਿਲਣ ਤੇ ਇਹਨਾਂ ਕਾਮਿਆਂ ਦੀ ਤਾਰੀਫ ਕੀਤੀ।

ਪੇਲੀਕਨ ਦੇ ਸੀ ਈ ਓ ਰੋਡੀ ਮੈਥਰਨ ਨੇ ਵੀ ਇਸ ਕੰਮ ਲਈ ਆਪਣੇ ਕਰਮਚਾਰੀਆਂ ਦੀ ਪ੍ਰਸ਼ੰਸਾ ਕੀਤੀ। ਇਸ ਮਾਮਲੇ ਦਾ ਦੋਸ਼ੀ ਮਾਈਕਲ ਸੀਰੇਲ (33) ਲੜਕੀ ਦੇ ਪਰਿਵਾਰਕ ਮੈਂਬਰਾਂ ਵਿਚੋਂ ਇੱਕ ਦਾ ਜਾਣੂੰ ਦੱਸਿਆ ਜਾਂਦਾ ਹੈ ਅਤੇ ਆਨਲਾਈਨ ਜੇਲ੍ਹ ਰਿਕਾਰਡ ਦੇ ਅਨੁਸਾਰ, ਆਈਬੇਰੀਆ ਦੀ ਪੈਰਿਸ਼ ਜੇਲ੍ਹ ਵਿੱਚ ਬੰਦ ਹੈ। ਲੂਈਸਿਆਨਾ ਸਟੇਟ ਪੁਲਿਸ ਅਨੁਸਾਰ ਬੱਚੀ ਦਾ ਪਤਾ ਲੱਗਣ ਤੋਂ ਬਾਅਦ ਉਸ ਦਾ ਡਾਕਟਰੀ ਮੁਲਾਂਕਣ ਕੀਤਾ ਗਿਆ ਹੈ ਅਤੇ ਪੁਲਿਸ ਦੁਆਰਾ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਟੈਕਸਾਸ ਦੀ ਕਾਂਗਰਸ ਵੂਮੈਨ ਦੇ ਘਰ ਸਾਹਮਣੇ ਇੱਕ ਵਿਅਕਤੀ ਨੇ ਗੋਲੀ ਮਾਰ ਕੇ ਕੀਤੀ ਖੁਦਕੁਸ਼ੀ


**ਫਰਿਜ਼ਨੋ (ਕੈਲੀਫੋਰਨੀਆ), 12 ਫਰਵਰੀ 2021–** ਟੈਕਸਾਸ ਸੂਬੇ ਦੇ ਇੱਕ ਵਿਅਕਤੀ ਨੇ ਕਾਂਗਰਸ ਪ੍ਰਤੀਨਿਧ ਮਹਿਲਾ ਦੇ ਘਰ ਬਾਹਰ ਆਪਣੇ ਆਪ ਨੂੰ ਗੋਲੀ ਮਾਰ ਕੇ ਜਾਨ ਦੇ ਦਿੱਤੀ ਹੈ। ਇਸ ਘਟਨਾ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਬੁੱਧਵਾਰ ਨੂੰ 4 ਵਜੇ ਤੋਂ ਪਹਿਲਾਂ ਟੈਕਸਾਸ ਦੀ ਰਿਪਬਲਿਕਨ ਕਾਂਗਰਸ ਪ੍ਰਤੀਨਿਧ ਬੈਥ ਵੈਨ ਡਯਨੇ ਦੇ ਇਰਵਿੰਗ ਸਥਿਤ ਘਰ ਦੇ ਸਾਹਮਣੇ ਖੁਦ ਨੂੰ ਗੋਲੀ ਮਾਰ ਦਿੱਤੀ। ਪੁਲਿਸ ਅਧਿਕਾਰੀਆਂ ਨੇ ਘਟਨਾ ਸਥਾਨ ਤੇ ਕਾਰਵਾਈ ਕਰਨ ਦੌਰਾਨ ਪੀੜਤ ਦੀ ਗੋਲੀ ਲੱਗੀ ਲਾਸ਼ ਨੂੰ ਫੁੱਟਪਾਥ ਤੋਂ ਬਰਾਮਦ ਕੀਤਾ ਜਦਕਿ ਮ੍ਰਿਤਕ ਦੀ ਪਛਾਣ ਅਜੇ ਜਾਰੀ ਨਹੀਂ ਕੀਤੀ ਗਈ




ਹੈ। ਇਹ ਰਿਪਬਲਿਕਨ ਮਹਿਲਾ ਵੈਨ ਡਯਨੇ ਜੋ ਕਿ ਇਰਵਿੰਗ ਦੀ ਸਾਬਕਾ ਮੇਅਰ ਹੈ, ਹਾਲ ਹੀ ਵਿੱਚ ਸਦਨ 'ਚ ਸੇਵਾਵਾਂ ਦੇਣ ਲਈ ਚੁਣੀ ਗਈ ਹੈ।

ਜਿਸ ਸਮੇਂ ਵਿਅਕਤੀ ਨੇ ਆਪਣੇ ਆਪ ਨੂੰ ਗੋਲੀ ਮਾਰੀ ਤਾਂ ਉਸ ਵੇਲੇ ਡਯਨੇ ਘਰ ਵਿੱਚ ਮੌਜੂਦ ਸੀ ਅਤੇ ਉਸਨੇ ਗੋਲੀ ਦੀ ਆਵਾਜ਼ ਸੁਣਕੇ ਆਪਣੇ ਘਰ ਸਾਹਮਣੇ ਲਾਸ਼ ਦੇਖ ਕੇ ਪੁਲਿਸ ਨੂੰ ਬੁਲਾਇਆ। ਪੁਲਿਸ ਅਧਿਕਾਰੀਆਂ ਦੁਆਰਾ ਉਸ ਵਿਅਕਤੀ ਦੇ ਘਰ ਦੀ ਹੱਦ ਵਿੱਚ ਦਾਖਲ ਹੋਣ ਅਤੇ ਖੁਦਕੁਸ਼ੀ ਕਰਨ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਜਾਂਚ ਵਿੱਚ ਐਫ ਬੀ ਆਈ ਵੀ ਸਹਾਇਤਾ ਕਰ ਰਹੀ ਹੈ।

# ਮਿਨੀਸੋਟਾ ਦੇ ਹੈਲਥ ਕਲੀਨਿਕ 'ਚ ਗੋਲੀਬਾਰੀ ਕਰਨ ਵਾਲੇ ਵਿਅਕਤੀ 'ਤੇ ਲੱਗੇ ਕਤਲ ਦੇ ਦੋਸ਼



**ਫਰਿਜ਼ਨੋ (ਕੈਲੀਫੋਰਨੀਆ), 12 ਫਰਵਰੀ 2021–** ਮਿਨੇਸੋਟਾ ਦੇ ਇੱਕ ਸਿਹਤ ਕਲੀਨਿਕ ਵਿੱਚ ਮੰਗਲਵਾਰ ਨੂੰ ਹੋਈ ਗੋਲੀਬਾਰੀ ਦੇ ਜ਼ਿੰਮੇਵਾਰ ਵਿਅਕਤੀ 'ਤੇ ਵੀਰਵਾਰ ਨੂੰ ਕਤਲ ਦਾ ਇਲਜ਼ਾਮ ਲਗਾਇਆ ਗਿਆ ਹੈ। ਇਸ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋਣ ਦੇ ਨਾਲ ਚਾਰ ਹੋਰ ਜ਼ਖਮੀ ਹੋ ਗਏ ਸਨ। ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਾਮਲੇ ਦੀ ਇੱਕ ਅਪਰਾਧਿਕ ਸ਼ਿਕਾਇਤ ਅਨੁਸਾਰ 67 ਸਾਲਾ ਗ੍ਰੇਗਰੀ ਅਲਰਿਚ 'ਤੇ ਦੂਜੀ ਡਿਗਰੀ ਕਤਲ, ਚਾਰ ਕਤਲਾਂ ਦੀ ਕੋਸਿਸ਼ ਦਾ ਮਾਮਲਾ ,ਧਮਾਕੇ ਵਾਲੇ ਯੰਤਰ ਦੀ ਵਰਤੋਂ ਕਰਨ ਅਤੇ ਬਿਨਾਂ ਕਿਸੇ ਪਰਮਿਟ ਦੇ ਪਿਸਤੌਲ ਰੱਖਣ ਦੇ ਦੋਸ਼ ਲਗਾਏ ਗਏ ਹਨ। ਇਸ ਅਪਰਾਧਿਕ ਸ਼ਿਕਾਇਤ ਦੇ ਅਨੁਸਾਰ, ਅਲਰਿਚ ਸਵੇਰੇ 11 ਵਜੇ ਤੋਂ ਪਹਿਲਾਂ ਕਲੀਨਿਕ ਵਿੱਚ ਦਾਖਲ ਹੋਇਆ ਅਤੇ ਅਰਧ ਆਟੋਮੈਟਿਕ ਹੈਂਡਗਨ ਨਾਲ ਸਟਾਫ ਨੂੰ ਧਮਕੀਆਂ ਦੇਣ ਉਪਰੰਤ ਰਿਸੈਪਸ਼ਨ ਏਰੀਆ ਵਿੱਚ ਦਾਖਲ ਹੋ ਕੇ ਦੋ ਪੀੜਤਾਂ ਨੂੰ ਗੋਲੀ ਮਾਰੀ। ਇਸਦੇ ਬਾਅਦ ਅਲਰਿਚ ਨੇ ਕਲੀਨਿਕ ਦੇ ਅੰਦਰਲੇ ਹਿੱਸੇ ਵਿਚ ਜਾ ਕੇ ਤਿੰਨ ਹੋਰ ਵਿਅਕਤੀਆਂ ਨੂੰ ਗੋਲੀ ਮਾਰ ਦਿੱਤੀ । ਇਸ ਗੋਲੀਬਾਰੀ ਨਾਲ ਪਹਿਲੇ ਚਾਰ ਪੀੜਤ ਬਚ ਗਏ, ਪਰ ਆਖਰੀ ਪੀੜਤ,ਗੋਲੀ ਲੱਗਣ ਕਾਰਨ ਜਿਗਰ ਅਤੇ ਰੀੜ੍ਹ ਦੀ ਹੱਡੀ ਦੀ ਸੱਟ ਨਾਂ ਸਹਾਰਦੀ ਹੋਈ ਆਪਣੀ ਜਾਨ ਗਵਾ ਬੈਠੀ। ਇਸ ਮ੍ਰਿਤਕ ਮਹਿਲਾ ਦੀ ਪਛਾਣ ਅਲੀਨਾ ਹੈਲਥ ਦੀ 37 ਸਾਲਾਂ ਮੈਡੀਕਲ ਸਹਾਇਕ ਲਿੰਡਸੇ ਓਵਰਬੇ ਵਜੋਂ ਹੋਈ ਹੈ, ਜਿਸ ਨੇ ਨਵੰਬਰ 2018 ਤੋਂ ਅਲੀਨਾ ਸਿਹਤ ਕਲੀਨਿਕ ਵਿੱਚ ਕੰਮ ਸ਼ੁਰੂ ਕੀਤਾ ਸੀ। ਅਧਿਕਾਰੀਆਂ ਅਨੁਸਾਰ ਗੋਲੀਬਾਰੀ ਦੇ ਬਾਅਦ ਸਵੇਰੇ ਤਕਰੀਬਨ 10:58 ਵਜੇ, ਅਲਰਿਚ ਨੇ 911 'ਤੇ ਫੋਨ ਕਰਕੇ ਆਤਮ ਸਮਰਪਣ ਕਰਨ ਦੀ ਗੱਲ ਕੀਤੀ, ਜਿਸ ਉਪਰੰਤ ਪੁਲਿਸ ਦੁਆਰਾ ਦੋਸ਼ੀ ਨੂੰ ਹਿਰਾਸਤ ਵਿੱਚ ਲਿਆ ਗਿਆ।

# ਅਮਰੀਕਾ ਦੇ ਤਕਰੀਬਨ 40 ਰਾਜਾਂ ਵਿੱਚ ਬਰਫੀਲੇ ਤੂਫਾਨਾਂ ਦੀ ਚਿਤਾਵਨੀ ਜਾਰੀ

**ਫਰਿਜ਼ਨੋ (ਕੈਲੀਫੋਰ-ਨੀਆ), 12 ਫਰਵਰੀ 2021–** ਅਮਰੀਕਾ ਵਿੱਚ ਇਹਨੀ ਦਿਨੀ ਬਰਫੀਲੇ ਤੂਫਾਨ ਦਸਤਕ ਦੇ ਰਹੇ ਹਨ, ਜਿਹਨਾਂ ਦੇ ਚਲਦਿਆਂ, ਓਰੇਗਨ ਤੋਂ ਲੈ ਕੇ ਵਰਜੀਨੀਆ ਤੱਕ ਬਰਫਬਾਰੀ, ਅਤੇ ਬਰਫੀਲੀ ਬਾਰਿਸ਼ ਹੋ ਰਹੀ ਹੈ। ਇਸ ਦੌਰਾਨ ਸਭ ਤੋਂ ਜਿਆਦਾ ਬਰਫ ਕੈਂਟਕੀ ਅਤੇ ਇਲੀਨੋਏ ਵਿੱਚ ਦਰਜ਼ ਕੀਤੀ ਗਈ ਹੈ। ਇਸਦੇ ਨਾਲ ਹੀ ਟੈਕਸਾਸ ਤੋਂ ਵਰਜੀਨੀਆ ਤੱਕ ਦੇ ਸਾਰੇ ਰਸਤੇ ਅਤੇ ਅਰਕਨਸਾਸ ਤੋਂ ਕੈਂਟਕੀ ਤੱਕ ਵੀ ਬਰਫ਼ ਦੇ ਤੂਫਾਨ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਜਦਕਿ ਉੱਤਰ-ਪੂਰਬ ਵਿੱਚ, ਜ਼ਿਆਦਾਤਰ ਬਰਫ ਫਿਲਾਡੈਲਫੀਆ ਤੋਂ ਨਿਊਯਾਰਕ ਸਿਟੀ ਵਿੱਚ ਪੈ ਰਹੀ ਹੈ, ਜਿਸ ਕਾਰਨ ਉੱਤਰ-ਪੂਰਬ ਵਿੱਚ ਹੁਣ ਤੱਕ 2 ਤੋਂ 5 ਇੰਚ ਤੱਕ ਬਰਫ ਪਈ ਹੈ। ਇਸਦੇ ਇਲਾਵਾ ਵੀਰਵਾਰ ਨੂੰ, ਦੇਸ਼ ਦੇ 40 ਰਾਜ ਓਰੇਗਨ ਤੋਂ ਵਰਜੀਨੀਆ ਤੱਕ ਭਾਰੀ ਬਰਫਬਾਰੀ ਅਤੇ ਠੰਢ ਲਈ ਅਲਰਟ 'ਤੇ ਹਨ। ਦੇਸ਼ ਦੇ ਪੈਸੀਫਿਕ ਉੱਤਰ



ਪੱਛਮ ਵਿੱਚ ਪੋਰਟਲੈਂਡ, ਓਰੇਗਨ ਵਿੱਚ ਸਰਦੀਆਂ ਦਾ ਤੂਫਾਨ ਅੱਗੇ ਵਧ ਰਿਹਾ ਹੈ ਅਤੇ ਇਹਨਾਂ ਸ਼ਹਿਰਾਂ ਵਿੱਚ ਕਈ ਇੰਚ ਤੱਕ ਬਰਫ ਪੈਣ ਦੀ ਉਮੀਦ ਹੈ। ਮੌਸਮ ਵਿਭਾਗ ਅਨੁਸਾਰ ਇਹ ਤੂਫਾਨ ਸ਼ਨੀਵਾਰ ਤੱਕ ਦੱਖਣ ਵੱਲ ਵਧੇਗਾ ਅਤੇ ਟੈਕਸਾਸ ਤੋਂ ਵਰਜੀਨੀਆ ਤੱਕ ਵਧੇਰੇ ਬਰਫੀਲੇ ਮੌਸਮ ਦੇ ਨਾਲ, ਸ਼ਨੀਵਾਰ ਰਾਤ ਤੋਂ ਐਤਵਾਰ ਸਵੇਰ ਤੱਕ, ਇਹ ਤੂਫਾਨ ਉੱਤਰ-ਪੂਰਬ ਵਿੱਚ ਹੋਵੇਗਾ। ਇਹਨਾਂ ਸਾਰੇ ਤੂਫਾਨਾਂ ਦੇ ਦੇਸ਼ ਭਰ ਵਿੱਚ ਚੱਲਣ ਕਾਰਨ, ਹਫਤੇ ਦੇ ਅੰਤ ਵਿੱਚ ਵਧੇਰੇ ਬਰਫ ਪੈਣ ਦੀ ਭਵਿੱਖਬਾਣੀ ਕੀਤੀ ਜਾਂਦੀ ਹੈ ਅਤੇ ਕਈ ਥਾਵਾਂ 'ਤੇ ਕਈ ਫੁੱਟ ਬਰਫ ਜਮ੍ਹਾਂ ਹੋਣ ਦੀ ਸੰਭਾਵਨਾ ਹੈ। ਇਸਦੇ ਇਲਾਵਾ ਕਈ ਝੀਲਾਂ ਅਤੇ ਉੱਤਰ ਪੂਰਬ ਦੇ ਕੁੱਝ ਹਿੱਸੇ, ਹਫਤੇ ਦੇ ਅੰਤ ਵਿੱਚ ਤਕਰੀਬਨ ਅੱਧੇ ਫੁੱਟ ਤੱਕ ਦੀ ਬਰਫਬਾਰੀ ਦਾ ਸਾਹਮਣਾ ਕਰ ਸਕਦੇ ਹਨ।

# ਅਮਰੀਕੀ ਬਾਸਕਿਟਬਾਲ ਖਿਡਾਰੀ ਮਾਈਕਲ ਜੋਰਡਨ ਨੇ ਸਿਹਤ ਕਲੀਨਿਕ ਖੋਲ੍ਹਣ ਲਈ ਦਿੱਤਾ 10 ਮਿਲੀਅਨ ਡਾਲਰ ਦਾ ਦਾਨ

**ਫਰਿਜ਼ਨੋ (ਕੈਲੀਫੋਰਨੀਆ), 16 ਫਰਵਰੀ 2021–** ਅਮਰੀਕਾ ਵਿੱਚ ਬਾਸਕਿਟਬਾਲ ਦੇ ਮਸ਼ਹੂਰ ਖਿਡਾਰੀ ਮਾਈਕਲ ਜੋਰਡਨ ਨੇ ਦੱਖਣੀ ਕੈਰੋਲਿਨਾ ਦੀ ਨਿਊ ਹੈਰੋਵਰ ਕਾਉਂਟੀ ਵਿੱਚ ਦੋ ਨਵੇਂ ਮੈਡੀਕਲ ਕਲੀਨਿਕ ਖੋਲ੍ਹਣ ਦੀ ਸਹਾਇਤਾ ਵਜੋਂ 10 ਮਿ-ਲੀਅਨ ਦਾ ਦਾਨ ਦਿੱਤਾ ਹੈ। ਜੋਰਡਨ ਨੇ ਇਹ ਦਾਨ ਰਾਸ਼ੀ ਨੋਵਾਂਤ ਹੈਲਥ ਸੰਸਥਾ ਨੂੰ ਦਿੱਤੀ ਹੈ ਜਿਸ ਨਾਲ ਕਿ ਕਲੀਨਿਕ ਖੁੱਲ੍ਹਣ ਕਰਕੇ ਜੋਰਡਨ ਦੇ ਗ੍ਰਹਿ ਸ਼ਹਿਰ ਵਿਲਮਿੰਗਟਨ, ਉੱਤਰੀ ਕੈਰੋਲਿਨਾ ਵਿੱਚ ਸਿਹਤ ਸੰਭਾਲ ਦੀ ਪ੍ਰਕਿਰਿਆ ਵਿੱਚ ਸੁਧਾਰ ਹੋਵੇਗਾ। ਇਹਨਾਂ ਦੋ ਨਵੇਂ ਸਿਹਤ ਕਲੀਨਿਕਾਂ ਦੀ ਸ਼ੁਰੂਆਤ 2022 ਦੇ ਸ਼ੁਰੂ ਵਿੱਚ ਹੋਵੇਗੀ ਹਾਲਾਂਕਿ ਕਲੀਨਿਕਾਂ ਲਈ ਨਿਰਧਾਰਿਤ ਕੀਤੀ ਜਗ੍ਹਾ ਬਾਰੇ ਅਜੇ ਨਹੀ ਦੱਸਿਆ ਗਿਆ ਹੈ। ਇਸ ਸੰਬੰਧੀ ਜੋਰਡਨ ਨੇ ਨੋਵਾਂਤ ਹੈਲਥ ਨਾਲ ਚਾਰਲੋਟ ਵਿੱਚ ਦੋ ਮਾਈਕਲ ਜੋਰਡਨ ਫੈਮਲੀ ਕਲੀਨਿਕ ਖੋਲ੍ਹਣ ਲਈ ਭਾਈਵਾਲੀ ਕੀਤੀ ਸੀ , ਜਿਹਨਾਂ ਨੇ ਖੇਤਰ ਦੀਆਂ ਸਭ ਤੋਂ ਕਮਜ਼ੋਰ ਕਮਿਊਨਿਟੀਆਂ ਲਈ ਵਿਵਹਾਰਕ ਸਿਹਤ ਅਤੇ ਸਮਾਜਿਕ ਸਹਾਇਤਾ ਸੇਵਾਵਾਂ ਸਮੇਤ ਵਿਆਪਕ ਪ੍ਰਾਇਮਰੀ ਦੇਖਭਾਲ ਦੀ ਪੇਸ਼ਕਸ਼ ਕੀਤੀ। ਜੋਰਡਨ ਦਾ ਇਹ ਤੋਹਫ਼ਾ ਨੋਵਾਂਤ ਹੈਲਥ ਨੂੰ ਵਿਲਮਿੰਗਟਨ ਦੇ ਹੋਰ ਪੇਂਡੂ ਅਤੇ ਦਿਹਾਤੀ ਖੇਤਰਾਂ ਵਿੱਚ ਬੀਮਾ ਰਹਿਤ ਜਾਂ ਕਮਜ਼ੋਰ ਬਿਮਾਰ ਵਿਅਕਤੀਆਂ ਲਈ ਸੇਵਾਵਾਂ ਦੀ ਪੇਸ਼ਕਸ਼ ਕਰੇਗਾ। ਜਿਕਰਯੋਗ ਹੈ ਕਿ ਮਾਈਕਲ ਜੋਰਡਨ, ਨੂੰ 2009 ਵਿੱਚ ਨੈਸਮਿਥ ਮੈਮੋਰੀਅਲ ਬਾਸਕਿਟਬਾਲ ਹਾਲ ਆਫ ਫੇਮ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਉਹ ਐਨ ਬੀ ਏ ਦੇ ਚਾਰਲੋਟ ਹੋਰਨੇਟਸ ਦਾ ਸਹਿ-ਮਾਲਕ ਵੀ ਹੈ। ਇਸਦੇ ਇਲਾਵਾ ਜੋਰਡਨ ਨੇ ਹਾਲ ਹੀ ਵਿੱਚ ਡਰਾਈਵਰ ਡੈਨੀ ਹੈਮਲਿਨ ਨਾਲ ਇੱਕ ਨਵੀਂ ਐਨ ਐਸ ਏ ਸੀ ਆਰ ਟੀਮ, 23 ਇਲੈਵਨ ਰੇਸਿੰਗ ਦੇ ਸਹਿ-ਮਾਲਕ ਵਜੋਂ ਸਾਂਝੇਦਾਰੀ ਕੀਤੀ ਹੈ।



# ਵ੍ਹਾਈਟ ਹਾਊਸ ਨੇੜੇ ਹਥਿਆਰਾਂ ਸਮੇਤ ਦੋ ਵਿਅਕਤੀ ਗ੍ਰਿਫਤਾਰ

**ਫਰਿਜ਼ਨੋ (ਕੈਲੀਫੋਰਨੀਆ), 16 ਫਰਵਰੀ 2021–** ਸੰਯੁਕਤ ਰਾਜ ਦੀ ਗੁਪਤ ਸੇਵਾ ਦੇ ਬੁਲਾਰੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਹਫਤੇ ਦੇ ਅਖੀਰ ਵਿੱਚ ਵ੍ਹਾਈਟ ਹਾਊਸ ਨੇੜੇ ਦੋ ਵਿਅਕਤੀਆਂ ਨੂੰ ਹਥਿਆਰਾਂ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹਨਾਂ ਅਣਪਛਾਤੇ ਵਿਅਕਤੀਆਂ ਨਾਲ ਸੀਕ੍ਰੇਟ ਸਰਵਿਸ ਅਧਿਕਾਰੀਆਂ ਵੱਲੋਂ ਸ਼ਨੀਵਾਰ ਸ਼ਾਮ ਨੂੰ 5:30 ਵਜੇ ਤੋਂ ਪਹਿਲਾਂ ਵਾਸ਼ਿੰਗਟਨ, ਡੀ.ਸੀ. 'ਚ 15 ਵੀਂ ਸਟ੍ਰੀਟ ਅਤੇ ਪੈਨਸਿਲਵੇਨੀਆ ਐਵੀਨਿਊ ਨੇੜੇ ਸੰਪਰਕ ਬਣਾਇਆ ਗਿਆ ਅਤੇ ਇੱਕ ਵਿਅਕਤੀ ਦੁਆਰਾ ਉਸ ਕੋਲ ਇੱਕ ਹਥਿਆਰ ਹੋਣ ਬਾਰੇ ਦੱਸਣ 'ਤੇ ਉਸਨੂੰ ਤੁਰੰਤ ਹਿਰਾਸਤ ਵਿੱਚ ਲੈ ਲਿਆ ਗਿਆ। ਜਦਕਿ ਦੂਜੇ ਵਿਅਕਤੀ ਨੇ ਨੇੜੇ ਦੇ ਵਾਹਨ ਵਿੱਚ ਇੱਕ ਵਾਧੂ ਹਥਿਆਰ ਹੋਣ ਦਾ ਖੁਲਾਸਾ ਕੀਤਾ ਤਾਂ ਸੀਕ੍ਰੇਟ ਸਰਵਿਸ ਦੇ ਅਧਿਕਾਰੀਆਂ ਦੁਆਰਾ ਕਾਰ ਨੂੰ ਲੱਭ ਕੇ ਹਥਿਆਰ ਨੂੰ ਬਰਾਮਦ ਕੀਤਾ ਗਿਆ। ਇਸ ਮਾਮਲੇ ਬਾਰੇ ਅਧਿਕਾਰੀਆਂ ਅਨੁਸਾਰ ਪਹਿਲੇ ਵਿਅਕਤੀ ਨੂੰ ਇੱਕ ਬੀ ਬੀ ਬੰਦੂਕ ਰੱਖਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ , ਜਦੋਂ ਕਿ ਦੂਸਰੇ ਵਿਅਕਤੀ ਨੂੰ ਬਿਨਾਂ ਲਾਇਸੈਂਸ ਤੋਂ ਪਿਸਤੌਲ ਰੱਖਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਇਸ ਗ੍ਰਿਫਤਾਰੀ ਦੌਰਾਨ ਦੋਸ਼ੀ ਵਿਅਕਤੀਆਂ ਦੁਆਰਾ ਕਿਸੇ ਵੀ ਤਰ੍ਹਾਂ ਦੀ ਕੋਈ ਵਿਰੋਧੀ ਪ੍ਰਕਿਰਿਆ ਨਹੀ ਦਿਖਾਈ ਗਈ। ਪੁਲਿਸ ਅਨੁਸਾਰ ਹਥਿਆਰਾਂ ਦੇ ਸੰਬੰਧ ਵਿੱਚ ਇਹਨਾਂ ਗ੍ਰਿਫਤਾਰੀਆਂ ਦੇ ਹੋਣ ਦੌਰਾਨ ਰਾਸ਼ਟਰਪਤੀ ਜੋਅ ਬਾਈਡੇਨ ਕੈਂਪ ਡੇਵਿਡ ਦੀ ਆਪਣੀ ਪਹਿਲੀ ਰਾਸ਼ਟਰਪਤੀ ਯਾਤਰਾ 'ਤੇ ਸਨ।



## ਨਿਊਜ਼ੀਲੈਂਡ ਖਬਰਨਾਮਾ / ਹਰਜਿੰਦਰ ਸਿੰਘ ਬਸਿਆਲਾ

# ਹਮਿਲਟਨ ਤੋਂ ਔਕਲੈਂਡ ਲਈ ਨਵ ਟ੍ਰੇਨ 6 ਅਪ੍ਰੈਲ ਤੋਂ-5 ਦਿਨ ਰੋਜ਼ਾਨਾ ਸਵੇਰੇ ਚੱਲੇਗੀ ਤੇ ਸ਼ਾਮੀ ਮੁੜੇਗੀ

**ਆਕਲੈਂਡ-** ਨਿਊਜ਼ੀਲੈਂਡ ਸਰਕਾਰ ਨੇ ਦਸੰਬਰ 2018 ਦੇ ਵਿਚ ਐਲਾਨ ਕੀਤਾ ਸੀ ਕਿ ਹਮਿਲਟਨ ਤੋਂ ਔਕਲੈਂਡ ਲਈ ਨਵ ਯਾਤਰੀ ਟ੍ਰੇਨ ਚਲਾਈ ਜਾਵੇਗੀ। ਇਸ ਸਬੰਧੀ 78 ਮਿਲੀਅਨ ਡਾਲਰ (ਸੰਨ 2019 ਤੋਂ 2024) ਦਾ ਫੰਡ ਵੀ ਰੱਖਿਆ ਗਿਆ ਸੀ। ਇਸ ਵਿਚੋਂ 9.8 ਮਿਲੀਅਨ ਵਾਇਕਾਟੋ ਕੌਂਸਿਲ ਦੇ ਹਿੱਸੇ ਆਇਆ ਸੀ। ਇਸ ਵੇਲੇ ਰੇਲਵੇ ਲਾਈਨ ਅੱਪਗ੍ਰੇਡ ਕਰਨ ਦਾ ਕੰਮ ਜ਼ੋਰ-ਸ਼ੋਰ ਨਾਲ ਪੂਰਾ ਹੋਣ ਦੇ ਨੇੜੇ ਹੈ। ਬ੍ਰਿਟੇਨ ਤੋਂ ਕਿਸੇ ਵੇਲੇ ਆਈਆਂ ਐਸ. ਏ. ਐਸ. ਡੀ. (ਮਾਡਲ) ਡੀਜ਼ਲ ਰੇਲ ਗੱਡੀਆਂ ਨੂੰ ਨਵੇਂ ਸਿਰਿਓਂ ਲਿਸ਼ਕਾ ਕੇ ਰੇਲਵੇ ਟ੍ਰੈਕ ਉਤੇ ਦੌੜਾਇਆ ਜਾਵੇਗਾ।

ਇਸ ਟ੍ਰੇਨ ਦਾ ਨਾਂਅ ਰਹੇਗਾ 'ਟੀ ਹੂਈਆ'। ਇਹ ਨਾਂਅ ਦੇਸ਼ ਦੇ ਇਕ ਅਲੋਪ ਹੋ ਚੁੱਕੇ ਸੁੰਦਰ ਪੰਛੀ 'ਟੀ ਹੂਈਆ' (ਭਾਰਤੀ ਨਾਂਅ ਚੱਕੀਰਾਹਾ) ਦੇ ਨਾਂਅ ਉਤੇ ਹੈ। ਇਸ ਪੰਛੀ ਦੀ ਚੁੰਝ ਲੰਬੀ ਹੁੰਦੀ ਬੈ, ਰੰਗ ਕਾਲਾ ਹੁੰਦਾ ਹੈ ਅਤੇ ਪੂਛ ਦੇ ਉਤੇ ਚਿੱਟੇ ਰੰਗ ਦਾ ਬਾਰਡਰ ਹੁੰਦਾ ਹੈ। ਇਸ ਨਾਂਅ ਪਿੱਛੇ ਮਕਸਦ ਸ਼ਾਇਦ ਐਨਾ ਹੈ ਕਿ ਦੇਸ਼ ਦੇ ਵਿਚ ਪੰਛੀਆਂ ਦੀ ਪ੍ਰਜਾਤੀ ਨੂੰ ਵੀ ਯਾਦ ਰੱਖਿਆ ਜਾ ਸਕੇ। ਅੰਗਰੇਜ਼ੀ ਦੇ ਵਿਚ ਇਸ ਪੰਛੀ ਨੂੰ 'ਵੂਡਪੇਕਰ' ਵੀ ਕਿਹਾ ਜਾਂਦਾ ਹੈ। ਮਾਦਾ ਟੀ ਹੂਈਆ ਦੀ ਚੁੰਝ ਕੁਝ ਮੁੜੀ ਹੁੰਦੀ ਹੈ ਤੇ ਨਰ ਤੋਂ ਜਿਆਦਾ ਲੰਬਾਈ ਵਿਚ ਹੁੰਦੀ ਹੈ। 1888 ਦੇ ਵਿਚ ਇਥੇ 646 ਦੇ ਕਰੀਬ ਟੀ ਹੂਈਆਂ ਪੰਛੀ ਮਾਰ ਦਿੱਤੇ ਗਏ ਸਨ ਕਿਉਂਕਿ ਇਸਦੇ ਖੰਭ ਕਾਫੀ ਮਹਾਨਤਾ




ਰੱਖਦੇ ਸਨ ਅਤੇ ਪਹਿਨੇ ਵੀ ਜਾਂਦੇ ਸਨ। ਰਾਜੇ ਮਹਾਰਾਜਿਆਂ ਨੂੰ ਇਹ ਸੌਗਾਤ ਵਿਚ ਦਿਤੇ ਜਾਂਦੇ ਸਨ। 1892 ਵਿਚ ਇਕ ਕਾਨੂੰਨ ਪਾਸ ਹੋਇਆ ਕਿ ਇਹ ਪੰਛੀ ਨਾ ਹੀ ਮਾਰੇ ਜਾਣ ਅਤੇ ਨਾ ਹੀ ਫੜੇ ਜਾਣ। ਇਹ ਵੀ ਸੰਭਵ ਮੰਨਿਆ ਜਾ ਰਿਹਾ ਹੈ ਕਿ 1875 ਦੇ ਵਿਚ ਇਥੇ ਇਕ ਮੈਨਾ ਨਾਂਅ ਦਾ ਪੰਛੀ ਭਾਰਤ ਤੋਂ ਲਿਆਂਦਾ ਗਿਆ ਸੀ ਅਤੇ ਉਸ ਤੋਂ ਕੁਝ ਬਿਮਾਰੀ ਇਥੇ ਆ ਗਈ ਅਤੇ ਫਿਰ ਉਹ ਬਿਮਾਰੀ ਟੀ ਹੂਈਆ ਪੰਛੀਆਂ ਦੇ ਵਿਚ ਫੈਲ ਗਈ। ਇਸ ਪੰਛੀ ਨੂੰ 1907 ਦੇ ਵਿਚ ਆਖਰੀ ਵਾਰ ਇਥੇ ਵੇਖਿਆ ਮੰਨਿਆ ਜਾਂਦਾ ਹੈ। ਸੋ ਲੁਪਤ ਹੋ ਰਹੀਆਂ ਪ੍ਰਜਾਤੀਆਂ ਨੂੰ ਯਾਦ ਰੱਖਣ ਦਾ ਇਹ ਇਕ ਵਧੀਆ ਤਰੀਕਾ ਹੈ ਕਿ ਰੇਲ ਗੱਡੀ ਦਾ ਨਾਂਅ ਹੀ ਪੰਛੀ ਦੇ ਨਾਂਅ ਉਤੇ ਰੱਖ ਦਿੱਤਾ ਜਾਵੇ ਤੇ ਗੱਡੀ ਵੀ ਉਡਦੀ-ਉਡਦੀ ਜਾਵੇ। ਨਵ ਚੱਲਣ ਵਾਲੀ ਇਹ ਟ੍ਰੇਨ ਹਮਿਲਟਨ ਸ਼ਹਿਰ ਤੋਂ ਸਵੇਰੇ 5.46 ਮਿੰਟ ਅਤੇ 6.30 ਉਤੇ ਔਕਲੈਂਡ ਲਈ ਚੱਲਿਆ ਕਰੇਗੀ ਅਤੇ ਫਿਰ ਸ਼ਾਮ ਨੂੰ 5 ਵਜੇ ਅਤੇ 6.30 ਵਜੇ ਵਾਪਿਸ ਜਾਇਆ ਕਰੇਗੀ।

ਟ੍ਰੇਨ ਦੇ ਵਿਚ ਚਾਰ ਡੱਬੇ ਲਗਾਏ ਗਏ ਹਨ। ਹਮਿਲਟਨ ਤੋਂ ਔਕਲੈਂਡ ਦਾ ਕਿਰਾਇਆ 12.20 ਡਾਲਰ ਰਹੇਗਾ। ਜਦ ਕਿ ਹੰਟਲੀ ਤੋਂ ਔਕਲੈਂਡ ਲਈ ਕਿਰਾਇਆ 7.80 ਡਾਲਰ ਰਹੇਗਾ। ਪਾਪਾਕੁਰਾ ਤੋਂ ਸਵਾਰੀਆਂ ਉਤਰ ਕੇ ਦੂਸਰੀ ਟ੍ਰੇਨ ਦੇ ਵਿਚ ਚੜ੍ਹਿਆ ਕਰਨਗੀਆਂ। ਇਸ ਟ੍ਰੇਨ ਸਬੰਧੀ ਟ੍ਰਾਂਸਪੋਰਟ ਮੰਤਰੀ ਮਾਈਕਲ ਵੁੱਡ ਦੀ ਪੋਸਟ ਉਤੇ ਕਈ ਕੌੜੇ ਕਸੈਲੇ ਕੁਮੈਂਟ ਵੀ ਆਏ ਹਨ ਕਿ ਇਹ ਟ੍ਰੇਨ ਔਕਲੈਂਡ ਪਹੁੰਚਣ ਤੱਕ 3 ਘੰਟੇ ਤੱਕ ਦਾ ਸਮਾਂ ਲਵੇਗੀ ਅਤੇ 'ਕੀਵੀ ਬਿਲਡ' ਹੀ ਸਾਬਿਤ ਹੋਵੇਗੀ।

# ਮਾਲਵਾ ਕਲੱਬ ਮਹਿਲਾਵਾਂ ਵੱਲੋਂ 'ਪਿੰਕ ਰਿਬਨ' ਸੁਨੇਹੇ ਨਾਲ 'ਲੇਡੀਜ਼ ਕਲਚਰਲ ਨਾਈਟ' ਦਾ ਪੋਸਟਰ ਜਾਰੀ

**ਆਕਲੈਂਡ-** ਜ਼ਿੰਦਗੀ ਅਨਰਜੀ ਅਤੇ ਸਾਹਾਂ ਦੀ ਡੋਰ ਨਾਲ ਬੱਝੀ ਹੋਈ ਹੈ। ਕਈ ਵਾਰ ਇਨਸਾਨ ਲਾਇਲਾਜ ਕਾਲੀ ਬਿਮਾਰੀ ਨਾਲ ਪੀੜਤ ਹੋ ਜਾਂਦਾ ਹੈ। ਅਜਿਹੀ ਬਿਮਾਰੀ ਦੇ ਵਿਚ ਸ਼ਾਮਿਲ ਹੈ ਬ੍ਰੈਸਟ ਕੈਂਸਰ। ਮਹਿਲਾਵਾਂ ਇਸ ਦੀਆਂ ਜਿਆਦਾ ਸ਼ਿਕਾਰ ਹਨ। 2018 ਦੇ ਅੰਕੜੇ ਵੇਖੀਏ ਤਾਂ 12.3% ਨਵੇਂ ਕੇਸ ਬ੍ਰੈਸਟ ਕੈਂਸਰ ਦੇ ਆ ਰਹੇ ਹਨ। ਨਿਊਜ਼ੀਲੈਂਡ ਦੀ ਪਿੰਕ ਰਿਬਨ ਸੰਸਥਾ ਇਸ ਬਿਮਾਰੀ ਦੇ ਇਲਾਜ ਅਤੇ ਖੋਜ ਲਈ ਵੱਡਾ ਕੰਮ ਕਰ ਰਹੀ ਹੈ। 14% ਸਰਕਾਰੀ ਅਤੇ ਬਾਕਾ ਰਾਸ਼ੀ ਚੈਰਿਟੀ ਤੋਂ ਲੈ ਕੇ ਕੰਮ ਕਰਦੀ ਹੈ। ਅੱਜ ਮਾਲਵਾ ਸਪੋਰਟਸ ਐਂਡ ਕਲਚਰਸ ਤਸੱਹ ਜੀਆਂ ਮਹਿਲਾਵਾਂ ਨੇ 27 ਫਰਵਰੀ ਦਿਨ ਸ਼ਨੀਵਾਰ ਨੂੰ ਵੋਡਾਫੋਨ ਈਵੈਂਟ ਸੈਂਟਰ ਵਿਚ ਹੋਣ ਵਾਲੀ 'ਲੇਡੀਜ਼ ਕਲਚਰਲ ਨਾਈਟ' ਵਾਸਤੇ ਇਕ ਡਿਨਰ ਕੀਤਾ ਅਤੇ ਮਹਿਲਾਵਾਂ ਨੇ ਹੀ ਰੰਗਦਾਰ ਪੋਸਟਰ ਜਾਰੀ ਕੀਤਾ ਤਾਂ ਕਿ ਮਹਿਲਾਵਾਂ ਦੇ ਵਿਚ ਇਸ ਪੋਸਟਰ ਦੇ ਜ਼ਰੀਏ ਪਿੰਕ ਰਿਬਨ ਫਾਊਂਡੇਸ਼ਨ ਦਾ ਸੁਨੇਹਾ ਛੱਡਿਆ ਜਾ ਸਕੇ। ਤੜਕਾ ਰੈਸਟੋਰੈਂਟ ਬੌਟਨੀ ਜੰਕਸ਼ਨ ਵਿਖੇ ਇਸ ਪ੍ਰਭਾਵਸ਼ਾਲੀ ਸਮਾਗਮ ਦੇ ਵਿਚ ਇਹ ਪੋਸਟਰ ਅੱਜ ਮਾਲਵਾ ਕਲੱਬ ਦੀਆਂ ਮਹਿਲਾਵਾਂ ਨੇ ਜਾਰੀ ਕੀਤਾ।

ਵਰਨਣਯੋਗ ਹੈ ਕਿ 27 ਫਰਵਰੀ ਦਿਨ ਸ਼ਨੀਵਾਰ ਨੂੰ ਸ਼ਾਮ 6 ਵਜੇ ਸ਼ੁਰੂ ਹੋਣ ਵਾਲੀ ਇਹ ਸਭਿਆਚਾਰਕ ਸ਼ਾਮ ਮਹਿਲਾਵਾਂ ਦੇ ਨਾਂਅ ਰਹੇਗੀ। ਇਸਦੇ ਵਿਚ ਸਿਰਫ ਖੁਸ਼ੀਆਂ ਸਾਂਝੀਆ ਕਰਨ ਲਈ ਗਿੱਧਾ ਭੰਗੜਾ ਅਤੇ ਡੀ.ਜੇ. ਹੀ ਨਹੀਂ ਹੋਵੇਗਾ ਸਗੋਂ ਇਸ ਸਮਾਗਮ ਦੀਆਂ ਟਿਕਟਾਂ ਦੀ ਵਿਕਰੀ ਵਿਚੋਂ ਵੱਡਾ ਹਿੱਸਾ ਕੀਵੀ ਚੈਰਿਟੀ ਕਾਰਜਾਂ ਦੇ ਲਈ ਦਿੱਤਾ ਜਾ ਰਿਹਾ ਹੈ। ਮਹਿਲਾਵਾਂ ਦੇ ਲਈ ਕਈ ਸਾਰੇ ਇਨਾਮ ਵੀ ਨਿਕਲਣੇ ਜਿਵੇਂ ਰਾਫਲ ਵਿਚ ਡਾਇਮੰਡ ਦੀ ਮੁੰਦਰੀ ਸਾਡੇਆਲਾ ਰੇਡੀਓ ਵਲੋਂ, ਲੇਡੀਜ਼ ਟਿੱਕਾ ਸਪਾਰਕਲ ਜਿਊਲਰ ਵਲੋਂ, ਮਾਲਵਾ ਕਲੱਬ ਵੱਲੋਂ ਵੀ ਮੁੰਦਰੀਆਂ, ਲਵ ਪੰਜਾਬ ਰੈਸਟੋਰੈਂਟ ਵੱਲੋਂ ਡਿਨਰ ਕੂਪਨ, ਇੰਡੋ ਸਪਾਈਸ ਵੱਲੋਂ ਕਈ ਇਨਾਮ ਰੱਖੇ ਗਏ ਹਨ। ਚਟਪਟਾ ਖਾਣ-ਪੀਣ ਲਈ ਨਾਵਲਟੀ ਸਵੀਟਸ ਵਲੋਂ ਫੂਡ ਸਟਾਲ ਹੋਣਗੇ।



ਗਿੱਧੇ-ਭੰਗੜੇ ਵਾਲੀਆਂ ਆਈਟਮਾਂ ਨੂੰ ਘੱਟ ਸਮਾਂ ਅਤੇ ਗਿੱਧੇ ਦੇ ਖੁੱਲ੍ਹੇ ਵਿਹੜੇ (ਡੀ.ਜੇ.) ਨੂੰ ਜਿਆਦਾ ਸਮਾਂ ਦਿੱਤਾ ਜਾਵੇਗਾ। ਸ੍ਰੀਮਤੀ ਬਲਜੀਤ ਕੌਰ ਔਲਖ, ਸ੍ਰੀਮਤੀ ਸਿਮਰਨ ਕੌਰ ਧਾਲੀਵਾਲ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪਿੰਕ ਰਿਬਨ ਫਾਊਂਡੇਸ਼ਨ ਤੋਂ ਉਨ੍ਹਾਂ ਦੀਆਂ ਪ੍ਰਤੀਨਿਧਾਂ ਵੀ ਪਹੁੰਚਣਗੀਆਂ। ਮੇਲੇ ਵਿਚ ਗੁਬਾਲੀ ਰੰਗ ਦੇ ਸੂਟ ਆਦਿ ਪਾ ਕੇ ਆਉਣ ਦੀ ਅਪੀਲ ਕੀਤੀ ਗਈ। ਪੋਸਟਰ ਜਾਰੀ ਕਰਨ ਵੇਲੇ ਸ਼ਗਨ ਵਜੋਂ ਪੰਜਾਬੀ ਬੋਲੀ ਵੀ ਪਾਈ ਗਈ। ਅੱਜ ਨਿਊਜ਼ੀਲੈਂਡ ਦੇ ਵਿਚ ਕਰੋਨਾ ਲੈਵਲ-2 ਕਰ ਦਿੱਤਾ ਗਿਆ ਅਤੇ ਔਕਲੈਂਡ ਖੇਤਰ ਦੇ ਵਿਚ ਤਿੰਨ ਦਿਨ ਦੇ ਲਈ ਲਾਕਡਾਊਨ ਲੈਵਲ 3 ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਇਸ ਨਾਈਟ ਸਬੰਧੀ ਅੱਪਡੇਟ ਕੀਤਾ ਜਾਵੇ।





ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਲੰਡਨ 'ਚ ਘੱਟ ਤਾਪਮਾਨ ਨੇ ਦਹਾਕਿਆਂ ਬਾਅਦ ਜਮਾਇਆ ਥੇਮਜ਼ ਨਦੀ ਦਾ ਪਾਣੀ



**ਗਲਾਸਗੋ/ਲੰਡਨ–** ਯੂਕੇ ਇਸ ਸਾਲ ਭਾਰੀ ਬਰਫਬਾਰੀ ਅਤੇ ਵੱਡੇ ਪੱਧਰ 'ਤੇ ਤਾਪਮਾਨ ਵਿੱਚ ਗਿਰਾਵਟ ਦਰਜ਼ ਕਰ ਰਿਹਾ ਹੈ। ਇਸ ਘੱਟ ਤਾਪਮਾਨ ਦੇ ਚਲਦਿਆਂ ਲੰਡਨ ਵਿਚਲੀ ਥੇਮਜ਼ ਨਦੀ ਦਾ ਇੱਕ ਵੱਡਾ ਹਿੱਸਾ ਜੰਮ ਕੇ ਬਰਫ ਵਿੱਚ ਤਬਦੀਲ ਹੋਇਆ ਹੈ ਜੋ ਕਿ ਸਥਾਨਕ ਲੋਕਾਂ ਅਨੁਸਾਰ ਦਹਾਕਿਆਂ ਬਾਅਦ ਪਹਿਲੀ ਵਾਰ ਹੋਇਆ ਹੈ। ਦੇਸ਼ ਭਰ ਵਿੱਚ ਬਰਫੀਲੇ ਤੂਫਾਨ ਡੇਰਸੀ ਦੀ ਆਮਦ ਨਾਲ ਲੰਡਨ ਵਿੱਚ ਤਾਪਮਾਨ -2 ਸੀ ਤੱਕ ਦਰਜ਼ ਕੀਤਾ ਗਿਆ ਹੈ। ਇਸਦੇ ਇਲਾਵਾ ਬਾਲਟਿਕ ਖੇਤਰਾਂ ਤੋਂ ਆਈ ਕੜਕਦੀ ਠੰਡ ਦੇ ਸਿੱਟੇ ਵਜੋਂ ਥੇਮਜ਼ ਦਾ ਇੱਕ ਹਿੱਸਾ ਦੱਖਣੀ ਪੱਛਮੀ ਲੰਡਨ ਦੇ ਟੇਡਿੰਗਟਨ ਵਿੱਚ ਜੰਮਿਆ ਹੋਇਆ ਪਾਇਆ ਗਿਆ ਹੈ। ਇਸ ਸਾਲ ਯੂਕੇ ਨੇ ਤਕਰੀਬਨ 25 ਸਾਲਾਂ ਦੌਰਾਨ ਫਰਵਰੀ ਦੀ ਸਭ ਤੋਂ ਠੰਢੀ ਰਾਤ ਦਾ ਅਨੁਭਵ ਕੀਤਾ ਵੀ ਹੈ ,ਜਿੱਥੇ ਕਿ ਦੇਸ਼ ਦੇ ਕੁੱਝ ਹਿੱਸਿਆਂ ਵਿੱਚ ਤਾਪਮਾਨ -20 ਡਿਗਰੀ ਤੋਂ ਵੀ ਹੇਠਾਂ ਦਰਜ਼ ਹੋਇਆ ਹੈ। ਭਾਰੀ ਬਰਫਬਾਰੀ ਕਾਰਨ ਰਾਜਧਾਨੀ ਅਤੇ ਦੱਖਣ ਪੂਰਬ ਵਿੱਚ, ਰੇਲ ਸੇਵਾਵਾਂ ਨੂੰ ਵੀ ਰੱਦ ਕਰ ਦਿੱਤਾ ਗਿਆ ਹੈ। ਥੈਮਜ਼ ਨਦੀ ਦੇ ਇਸ ਦੁਰਲੱਭ ਦ੍ਰਿਸ਼ ਨੂੰ ਸਥਾਨਕ ਆਰ ਐਨ ਐਲ ਆਈ ਦਲ ਦੀ ਇੱਕ ਮੈਂਬਰ ਦੁਆਰਾ ਸਵੇਰੇ 10 ਵਜੇ ਕੈਮਰੇ ਵਿੱਚ ਵੀ ਕੈਦ ਗਿਆ ਹੈ। ਇਸ ਮੈਂਬਰ ਅਨੁਸਾਰ ਉਸਦੀ ਖੇਤਰ ਵਿੱਚ 13 ਸਾਲਾਂ ਦੀ ਰਿਹਾਇਸ ਦੌਰਾਨ ਉਸਨੇ ਨਦੀ ਦੇ ਇਸ ਹਿੱਸੇ ਨੂੰ ਜੰਮਿਆ ਨਹੀਂ ਵੇਖਿਆ। ਇਸਦੇ ਪਹਿਲਾਂ ਥੈਮਜ਼ ਪਿਛਲੇ ਸਮੇਂ ਵਿੱਚ ਆਖਰੀ ਵਾਰ ਜਨਵਰੀ 1963 ਵਿੱਚ ਪੂਰੀ ਤਰ੍ਹਾਂ ਜੰਮੀ ਸੀ, ਜਿਸ ਸਮੇਂ ਬਰਫੀਲੇ ਤੂਫਾਨ ਦੇ ਨਾਲ ਤਾਪਮਾਨ -20 ਸੀ ਨੇ ਨਦੀ ਨੂੰ ਜਮਾਇਆ ਸੀ। ਇਹਨੀ ਦਿਨੀਂ ਰਾਜਧਾਨੀ ਵਿੱਚ ਤਾਪਮਾਨ 0 ਅਤੇ -1 ਦੇ ਆਸ ਪਾਸ ਰਹਿਣ ਦੀ ਉਮੀਦ ਹੈ, ਪਰ ਹਵਾ ਦੀ ਠੰਢ ਕਾਰਨ ਤਾਪਮਾਨ -5 ਸੈਂਟੀਗਰੇਡ ਵੀ ਹੋ ਸਕਦਾ ਹੈ। ਇਸਦੇ ਇਲਾਵਾ ਐਬਰਡੀਨਸ਼ਾਇਰ ਦੇ ਬ੍ਰੈਮਰ ਪਿੰਡ ਵਿੱਚ ਬੁੱਧਵਾਰ ਦੀ ਰਾਤ ਨੂੰ ਪਾਰਾ 23 ਡਿਗਰੀ ਸੈਂਟੀਗਰੇਡ ਹੋ ਗਿਆ ਸੀ ਅਤੇ ਇਹ 1995 ਤੋਂ ਯੂਕੇ ਵਿਚ ਸਭ ਤੋਂ ਠੰਢਾ ਤਾਪਮਾਨ ਨੋਟ ਕੀਤਾ ਗਿਆ ਹੈ।

# ਯੂਕੇ ਨੇ ਯਾਤਰਾ ਨਿਯਮ ਤੋੜਨ ਵਾਲਿਆਂ 'ਤੇ ਕਸਿਆ ਸਿਕੰਜਾ, ਹੋ ਸਕਦੀ ਹੈ 10 ਸਾਲ ਤੱਕ ਦੀ ਕੈਦ




**ਗਲਾਸਗੋ/ਲੰਡਨ–**ਯੂਕੇ ਸਰਕਾਰ ਕੋਰੋਨਾ ਵਾਇਰਸ 'ਤੇ ਕਾਬੂ ਪਾਉਣ ਲਈ ਸਖਤ ਰੁਖ ਅਖਤਿਆਰ ਕਰ ਰਹੀ ਹੈ।ਵਾਇਰਸ ਦੇ ਤੇਜੀ ਨਾਲ ਫੈਲਣ ਵਾਲੇ ਨਵੇਂ ਰੂਪਾਂ ਦੇ ਵਾਧੇ ਨੂੰ ਰੋਕਣ ਲਈ ਯਾਤਰਾ ਸੰਬੰਧੀ ਪਾਬੰਦੀਆਂ ਨੂੰ ਸਖਤ ਕੀਤਾ ਜਾ ਰਿਹਾ ਹੈ। ਇਹਨਾਂ ਨਵੇਂ ਸਖਤ ਨਿਯਮਾਂ ਤਹਿਤ ਯੂਕੇ ਪਹੁੰਚਣ ਵਾਲੇ ਯਾਤਰੀਆਂ ਨੂੰ ਸਰਕਾਰੀ ਯਾਤਰਾ ਸੰਬੰਧੀ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ 10,000 ਪੌਂਡ ਤੱਕ ਦਾ ਜ਼ੁਰਮਾਨਾ ਜਾਂ 10 ਸਾਲ ਤੱਕ ਦੀ ਕੈਦ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਿਹਤ ਸਕੱਤਰ ਮੈਟ ਹੈਨਕਾਕ ਨੇ ਮੰਗਲਵਾਰ ਨੂੰ ਕਾਮਨਜ਼ ਵਿੱਚ ਕੋਵਿਡ ਦੇ ਨਵੇਂ ਰੂਪਾਂ ਦੇ ਦੇਸ਼ ਵਿਚ ਦਾਖਲ ਹੋਣ ਦੇ ਮਾਮਲੇ ਵਿੱਚ ਨਵੇਂ ਸਖ਼ਤ ਜ਼ੁਰਮਾਨੇ ਤੈਅ ਕੀਤੇ ਹਨ। ਇਹ ਉਪਾਅ ਇਸ ਹਫਤੇ ਇੰਗਲੈਂਡ ਵਿਚ ਲਾਗੂ ਹੋਣ ਲਈ ਤੈਅ ਕੀਤੇ ਗਏ ਹਨ, ਹਾਲਾਂਕਿ ਇਸ ਤਰ੍ਹਾਂ ਦੀਆਂ ਪ੍ਰਣਾਲੀਆਂ ਨੂੰ ਲਾਗੂ ਕਰਨ ਲਈ ਦੂਜੇ ਖੇਤਰਾਂ ਨਾਲ ਵਿਚਾਰ ਵਟਾਂਦਰੇ ਜਾਰੀ ਹਨ।ਮੈਟ ਹਾਨਕਾਕ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਇਹਨਾਂ ਨਵੇਂ ਨਿਯਮਾਂ ਤਹਿਤ ਵਾਇਰਸ ਸੰਬੰਧੀ ਰੈਡ ਲਿਸਟ ਵਾਲੇ ਦੇਸ਼ਾਂ ਤੋਂ ਆਉਣ ਵਾਲੇ ਯਾਤਰੀ ਜੇਕਰ ਸਰਕਾਰੀ ਮਨਜੂਰਸ਼ੁਦਾ ਹੋਟਲਾਂ ਵਿੱਚ ਇਕਾਂਤਵਾਸ ਹੋਣ 'ਚ ਅਸਫਲ ਰਹਿੰਦੇ ਹਨ ਤਾਂ ਉਹਨਾਂ ਨੂੰ 10,000 ਪੌਂਡ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਜਿਹੜਾ ਵੀ ਵਿਅਕਤੀ ਯਾਤਰੀ ਲੋਕੇਟਰ ਫਾਰਮ ਤੇ ਝੂਠ ਬੋਲ ਕੇ ਲਾਲ ਸੂਚੀ ਵਾਲੇ ਦੇਸ਼ ਦੀ ਯਾਤਰਾ ਨੂੰ ਲੁਕਾਉਣ ਦੀ ਕੋਸ਼ਿਸ਼ ਕਰਨਗੇ , ਨੂੰ 10 ਸਾਲ ਕੈਦ ਦੀ ਸਜਾ ਹੋ ਸਕਦੀ ਹੈ। ਇਸਦੇ ਇਲਾਵਾ ਦੇਸ਼ ਵਿੱਚ ਦਾਖਲ ਹੋਣ ਤੇ ਲਾਜ਼ਮੀ ਕੋਵਿਡ ਟੈਸਟ ਦੇਣ ਵਿੱਚ ਅਸਫਲ ਯਾਤਰੀਆਂ ਨੂੰ 1000 ਪੌਂਡ ਦਾ ਜੁਰਮਾਨਾ ਹੋਵੇਗਾ, ਜੋ ਕਿ ਦੂਜੀ ਵਾਰ ਟੈਸਟ ਨਾ ਦੇਣ ਦੀ ਸੂਰਤ ਵਿੱਚ 2,000 ਪੌਂਡ ਤੱਕ ਹੋ ਜਾਵੇਗਾ। ਇਸਦੇ ਇਲਾਵਾ ਯੂਕੇ ਅਤੇ ਆਇਰਿਸ਼ ਨਿਵਾਸੀ ਜੋ ਪਿਛਲੇ 10 ਦਿਨਾਂ ਤੋਂ ਵਾਇਰਸ ਸੰਬੰਧੀ ਲਾਲ ਸੂਚੀ ਵਾਲੇ ਦੇਸ਼ਾਂ ਵਿੱਚ ਹਨ, ਨੂੰ 15 ਫਰਵਰੀ ਤੋਂ ਨਿਰਧਾਰਤ ਹੋਟਲ ਵਿੱਚ ਅਲੱਗ ਰਹਿਣਾ ਪਵੇਗਾ, ਜਿਸ ਲਈ ਉਨ੍ਹਾਂ ਨੂੰ ਇੱਕ ਪੈਕੇਜ ਦੇ ਰੂਪ ਵਿੱਚ 1,750 ਪੌਂਡ ਦਾ ਭੁਗਤਾਨ ਕਰਨਾ ਹੋਵੇਗਾ, ਜਿਸ ਵਿੱਚ ਇੱਕ ਹੋਟਲ ਵਿੱਚ ਠਹਿਰਨਾ, ਯਾਤਰਾ ਅਤੇ ਕੋਵਿਡ ਟੈਸਟਿੰਗ ਸ਼ਾਮਿਲ ਹੈ। ਇਸਦੇ ਨਾਲ ਹੀ ਯਾਤਰਾ ਕਰਨ ਤੋਂ ਪਹਿਲਾਂ, ਸਾਰੇ ਯਾਤਰੀਆਂ ਨੂੰ ਵੀਰਵਾਰ ਤੋਂ ਲਾਈਵ ਹੋ ਰਹੀ ਇੱਕ ਬੁਕਿੰਗ ਪ੍ਰਣਾਲੀ ਦੇ ਜ਼ਰੀਏ ਉਨ੍ਹਾਂ ਦੇ 'ਕੁਆਰੰਟੀਨ ਪੈਕੇਜ' ਨੂੰ ਆਨਲਾਈਨ ਬੁੱਕ ਅਤੇ ਭੁਗਤਾਨ ਕਰਨਾ ਲਾਜ਼ਮੀ ਹੈ।

# ਬਰਮਿੰਘਮ ਦੀਆਂ ਸੜਕਾਂ 'ਤੇ ਜਾਨ ਬਚਾਉਣ ਲਈ ਬੁੱਚੜਖਾਨੇ ਚੋਂ ਬਚ ਨਿਕਲਿਆ ਭੇਡਾਂ ਦਾ ਝੁੰਡ



**ਗਲਾਸਗੋ/ਲੰਡਨ–** ਆਪਣੀ ਜਾਨ ਹਰ ਕਿਸੇ ਨੂੰ ਪਿਆਰੀ ਹੁੰਦੀ ਹੈ , ਚਾਹੇ ਉਹ ਇਨਸਾਨ ਹੋਵੇ ਜਾਂ ਜਾਨਵਰ ਅਤੇ ਇਸਨੂੰ ਬਚਾਉਣ ਲਈ ਹਰ ਕੋਈ ਆਪਣੀ ਵਾਹ ਲਗਾਉਂਦਾ ਹੈ। ਅਜਿਹਾ ਹੀ ਇੱਕ ਵਾਕਿਆ ਬਰਮਿੰਘਮ 'ਚ ਹੋਇਆ ਹੈ, ਜਿੱਥੇ ਸਪੱਸ਼ਟ ਤੌਰ 'ਤੇ ਬੁੱਚੜਖਾਨੇ ਲਈ ਤਿਆਰ ਕੀਤਾ ਗਿਆ ਭੇਡਾਂ ਦਾ ਸਮੂਹ ਆਪਣੀ ਜਾਨ ਬਚਾਉਣ ਲਈ ਏਕਤਾ ਦੀ ਮਿਸਾਲ ਦਿੰਦੇ ਹੋਏ ਸ਼ਹਿਰ ਦੀਆਂ ਸੜਕਾਂ 'ਤੇ ਵੇਖਿਆ ਗਿਆ। ਲੱਗਭਗ 25 ਭੇਡਾਂ ਦੇ ਝੁੰਡ ਨੂੰ ਵੀਰਵਾਰ ਦੇ ਦਿਨ ਆਪਣੇ ਆਪ ਨੂੰ ਬਚਾਉਣ ਦੀ ਆਖਰੀ ਕੋਸ਼ਿਸ਼ ਵਿੱਚ, ਸਪਾਰਕਬਰੂਕ ਵਿੱਚ ਪੌਪਲਰ ਰੋਡ 'ਤੇ ਪਾਰਕਿੰਗ ਵਾਲੀਆਂ ਕਾਰਾਂ ਦੇ ਵਿਚਕਾਰ ਦੌੜਦਿਆਂ ਵੇਖਿਆ ਗਿਆ, ਜਿਹਨਾਂ ਦਾ ਪਿੱਛਾ ਬੁੱਚੜਖਾਨੇ ਦੇ ਕਰਮਚਾਰੀ ਦੁਆਰਾ ਕੀਤਾ ਗਿਆ। ਇਹਨਾਂ ਜਾਨਵਰਾਂ ਨੂੰ ਇਸ ਖੇਤਰ ਨੇੜਲੇ ਸਿਰਫ ਦੋ ਮਿੰਟ ਦੀ ਦੂਰੀ ਤੇ ਸਥਿਤ ਲੀਨਸਲੇ ਬੁੱਚੜਖਾਨੇ ਤੋਂ ਫਰਾਰ ਹੋਇਆ ਮੰਨਿਆ ਗਿਆ ਹੈ ਪਰ ਬੁੱਚੜਖਾਨੇ ਦੇ ਇੱਕ ਕਰਮਚਾਰੀ ਨੇ ਅਜਿਹੀ ਕੋਈ ਘਟਨਾ ਬਾਰੇ ਪਤਾ ਹੋਣ ਤੋਂ ਇਨਕਾਰ ਕੀਤਾ ਹੈ। ਇਸ ਵਰਤਾਰੇ ਨੂੰ ਵੇਖ ਹੈਰਾਨ ਸਥਾਨਕ ਲੋਕਾਂ ਭੇਡਾਂ ਨੂੰ ਜਿੰਨੀ ਜਲਦੀ ਹੋ ਸਕੇ, ਭੱਜਣ ਲਈ ਉਤਸ਼ਾਹਿਤ ਕੀਤਾ ਪਸ਼ੂ ਅਧਿਕਾਰ ਸਮੂਹ ਪੇਟਾ ਦੀ ਅਲੀਸ਼ਾ ਐਲਨ ਅਨੁਸਾਰ ਭੇਡਾਂ ਦੇ ਇਸ ਝੁੰਡ ਨੇ ਹੁਸ਼ਿਆਰੀ, ਏਕਤਾ ਅਤੇ ਦ੍ਰਿੜਤਾ ਦਿਖਾਈ ਹੈ, ਬਿਨਾਂ ਸ਼ੱਕ ਉਨ੍ਹਾਂ ਨੂੰ ਆਜ਼ਾਦੀ ਦੇਣੀ ਚਾਹੀਦੀ ਹੈ। ਇਸਦੇ ਬਾਅਦ ਇਹਨਾਂ ਜਾਨਵਰਾਂ ਦਾ ਕੀ ਹੋਇਆ , ਇਸਦੀ ਜਾਣਕਾਰੀ ਫਿਲਹਾਲ ਨਹੀ ਦਿੱਤੀ ਗਈ ਹੈ।

# ਯੂਕੇ ਵਿੱਚ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਿਨਾਂ ਕਿਸੇ ਕਾਰਵਾਈ ਦੇ ਮਿਲੇਗੀ ਕੋਰੋਨਾ ਵੈਕਸੀਨ



**ਗਲਾਸਗੋ/ਲੰਡਨ–**ਯੂਕੇ ਵਿੱਚ ਲੱਖਾਂ ਦੀ ਗਿਣਤੀ ਵਿੱਚ ਗੈਰ ਕਾਨੂੰਨੀ ਪ੍ਰਵਾਸੀ ਰਹਿ ਰਹੇ ਹਨ ਅਤੇ ਦੇਸ਼ ਵਿੱਚ ਇਸ ਸਮੇਂ ਕੋਰੋਨਾ ਮਹਾਂਮਾਰੀ ਦੇ ਖਿਲਾਫ ਚੱਲ ਰਹੀ ਟੀਕਾਕਰਨ ਪ੍ਰਕਿਰਿਆ ਵਿੱਚ ਸਰਕਾਰ ਦਾ ਯਤਨ ਹਰ ਇੱਕ ਵਿਅਕਤੀ ਨੂੰ ਸੁਰੱਖਿਅਤ ਕਰਨ ਦਾ ਹੈ, ਜੋ ਇੱਥੇ ਰਹਿ ਰਿਹਾ ਹੈ। ਇਸ ਲਈ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਢੁੱਕਵੇ ਕਾਗਜਾਂ ਤੋਂ ਬਿਨਾਂ ਰਹਿ ਰਹੇ ਲੋਕਾਂ ਲਈ ਵੀ ਟੀਕਾਕਰਨ ਦੀ ਜਰੂਰਤ ਨੂੰ ਸਮਝਦਿਆਂ ਹੋਇਆ ਇੱਕ ਰਿਪੋਰਟ ਦੇ ਅਨੁਸਾਰ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕੋਵਿਡ ਟੀਕਿਆਂ ਲਈ ਅੱਗੇ ਆਉਣ ਵਾਸਤੇ ਕਿਸੇ ਤਰ੍ਹਾਂ ਦੀ ਕਾਰਵਾਈ ਵਿੱਚ ਮਾਫੀ ਦਿੱਤੀ ਜਾਵੇਗੀ। ਬ੍ਰਿਟੇਨ ਦੇ ਇਸ ਕਦਮ ਦਾ ਉਦੇਸ਼ ਕੋਰੋਨਾ ਤੋਂ ਬਚਾਅ ਅਤੇ ਤਾਲਾਬੰਦੀ ਨੂੰ ਸੌਖਾ ਬਣਾਉਣਾ ਹੈ। ਅਧਿਕਾਰੀਆ ਅਨੁਸਾਰ ਗੈਰ ਕਾਨੂੰਨੀ ਪ੍ਰਵਾਸੀ ਟੀਕੇ ਲਗਾਉਣ ਲਈ ਕਤਾਰ ਨਹੀਂ ਲਗਾ ਸਕਣਗੇ, ਇਸ ਲਈ ਉਹਨਾਂ ਨੂੰ ਜੀ.ਪੀ. ਕੋਲ ਰਜਿਸਟ੍ਰੇਸ਼ਨ ਕਰਵਾਉਣ ਦੀ ਅਪੀਲ ਕੀਤੀ ਜਾਂਦੀ ਹੈ ਅਤੇ ਇਸ ਪ੍ਰਕਿਰਿਆ ਲਈ ਗ੍ਰਹਿ ਦਫਤਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਦੇਸ਼ ਵਿੱਚ 'ਅਨਿਯਮਿਤ ਸਥਿਤੀ' ਵਾਲੇ ਵਿਦੇਸ਼ੀ ਲੋਕਾਂ ਦੀ ਕੋਈ ਅਧਿਕਾਰਤ ਗਿਣਤੀ ਮੌਜੂਦ ਨਹੀਂ ਹੈ ਪਰ ਅਨੁਮਾਨ ਅਨੁਸਾਰ ਇਹ ਅੰਕੜਾ 1.3 ਮਿਲੀਅਨ ਤੱਕ ਹੋ ਸਕਦਾ ਹੈ। ਅਧਿਕਾਰੀਆਂ ਅਨੁਸਾਰ ਜਦੋਂ ਮਰੀਜ਼ ਰਜਿਸਟਰ ਹੁੰਦਾ ਹੈ ਤਾਂ ਜੀਪੀ ਸਰਜਰੀ ਨੂੰ ਪਛਾਣ ਜਾਂ ਇਮੀਗ੍ਰੇਸ਼ਨ ਸਥਿਤੀ ਦੇ ਪ੍ਰਮਾਣ ਪੁੱਛਣ ਦੀ ਜ਼ਰੂਰਤ ਨਹੀਂ ਹੁੰਦੀ ਹਾਲਾਂਕਿ, ਕੁੱਝ ਕੇਸਾਂ ਵਿੱਚ ਉਹ ਪਛਾਣ ਲਈ ਕਹਿ ਸਕਦੇ ਹਨ। ਇਸ ਮੁਹਿੰਮ ਵਿੱਚ ਸਾਰੀਆਂ ਸ਼੍ਰੇਣੀਆਂ ਦੇ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਲਈ ਟੀਕੇ ਸੰਬੰਧੀ ਅੱਗੇ ਆਉਣ ਲਈ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਹੋਣ ਦੀ ਗਰੰਟੀ ਹੋਵੇਗੀ। ਇਸ ਸੰਬੰਧੀ ਐਨ ਐਚ ਐਸ ਟਰੱਸਟ ਨੂੰ ਵੀ ਟੀਕਾਕਰਨ ਲਈ ਅੱਗੇ ਆਉਣ ਵਾਲੇ ਮਰੀਜ਼ਾਂ ਦੀ ਕੋਈ ਇਮੀਗ੍ਰੇਸ਼ਨ ਸਟੇਟਸ ਜਾਂਚ ਨਾ ਕਰਨ ਬਾਰੇ ਕਿਹਾ ਗਿਆ ਹੈ।

# ਨਕਲੀ ਕੈਂਸਰ ਦਾ ਬਹਾਨਾ ਕਰਕੇ 45,000 ਪੌਂਡ ਇਕੱਠੇ ਕਰਨ ਵਾਲੀ ਔਰਤ ਨੂੰ ਹੋਈ ਜੇਲ੍ਹ



**ਗਲਾਸਗੋ/ਲੰਡਨ–** ਯੂਕੇ ਵਿੱਚ ਇੱਕ ਔਰਤ ਨੇ ਆਪਣੇ ਆਪ ਨੂੰ ਕੈਂਸਰ ਦੀ ਮਰੀਜ਼ ਦੱਸਕੇ ਇੱਕ ਆਨਲਾਈਨ ਫੰਡ ਇਕੱਠੇ ਕਰਨ ਵਾਲੇ ਪੇਜ਼ ਦੇ ਜਰੀਏ 45000 ਪੌਂਡ ਤੋਂ ਵੱਧ ਦੀ ਰਾਸ਼ੀ ਦਾਨੀਆਂ ਕੋਲੋਂ ਹਥਿਆਈ ਹੈ। ਨਿਕੋਲ ਐਲਕਬਾਬਸ ਨਾਮ ਦੀ ਇਸ ਔਰਤ ਨੇ "ਗੋ ਫੰਡ ਮੀ" ਪੇਜ 'ਤੇ ਆਪਣੀ ਇੱਕ ਹਸਪਤਾਲ ਦੇ ਬਿ-ਸਤਰੇ 'ਤੇ ਪਈ ਦੀ ਤਸਵੀਰ ਦੀ ਵਰਤੋਂ ਕਰਦਿਆਂ ਲੋਕਾਂ ਨੂੰ ਭਾਵਨਾਤਮਕ ਤੌਰ 'ਤੇ ਗੁੰਮਰਾਹ ਕੀਤਾ। ਇਸ ਔਰਤ ਨੇ ਦਾਨ ਵਿੱਚ ਇਕੱਠੇ ਹੋਏ ਪੈਸੇ ਨੂੰ ਬਾਰਸੀਲੋਨਾ ਅਤੇ ਰੋਮ ਦੀਆਂ ਯਾਤਰਾਵਾਂ, ਜੂਆ ਖੇਡਣ, ਅਤੇ ਟੋਟੇਨੈਮ ਹੌਟਸਪੁਰ ਫੁੱਟਬਾਲ ਕਲੱਬ ਰਾਹੀਂ ਉਡਾਇਆ। ਵਕੀਲਾਂ ਅਨੁਸਾਰ ਨਿਕੋਲ ਨੇ ਆਪਣੀ ਯੋਜਨਾ ਦੇ ਦੌਰਾਨ ਕੈਂਸਰ ਦੀ ਜਾਂਚ, ਸਰਜਰੀ ਅਤੇ ਕੀਮੋਥੈਰੇਪੀ ਆਦਿ ਦੇ ਇਲਾਜ ਬਾਰੇ ਝੂਠ ਬੋਲਿਆ। ਬ੍ਰਾਂਡਸਟੇਅਰਜ਼, ਕੈਂਟ ਨਾਲ ਸੰਬੰਧਿਤ ਇਸ 42 ਸਾਲਾ ਔਰਤ ਨੂੰ ਪਿਛਲੇ ਸਾਲ ਨਵੰਬਰ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਹੁਣ ਬੁੱਧਵਾਰ ਦੇ ਦਿਨ ਕੈਂਟਰਬਰੀ ਕ੍ਰਾਊਨ ਕੋਰਟ ਵਿੱਚ ਪੇਸ਼ ਦੌਰਾਨ ਉਸ ਨੂੰ ਦੋ ਸਾਲ ਅਤੇ ਨੌਂ ਮਹੀਨਿਆਂ ਦੀ ਕੈਦ ਦੀ ਸਜ਼ਾ ਹੋਈ ਹੈ। ਨਿਕੋਲ ਦੀ ਸੁਣਵਾਈ ਦੌਰਾਨ ਸਾਹਮਣੇ ਆਇਆ ਕਿ ਉਸਨੇ ਆਨਲਾਈਨ ਪੇਜ ਦੁਆਰਾ 600 ਤੋਂ ਵੱਧ ਲੋਕਾਂ ਦੇ ਚੰਦੇ ਨਾਲ 45,000 ਪੌਂਡ ਤੋਂ ਵੱਧ ਦੀ ਕਮਾਈ ਕੀਤੀ।

# ਬ੍ਰਿਟੇਨ ਦੇ ਲੋਕਾਂ ਤੋਂ ਪਹਿਲਾਂ ਸੈਂਕੜੇ ਸ਼ਰਨਾਰਥੀਆਂ ਨੂੰ ਲਗਾਇਆ ਕੋਰੋਨਾ ਵਾਇਰਸ ਦਾ ਟੀਕਾ



**ਗਲਾਸਗੋ/ਲੰਡਨ–**ਯੂਕੇ ਵਿੱਚ ਇਸ ਹਫਤੇ ਇੱਕ 'ਸਮੂਹਕ ਟੀਕਾਕਰਨ' ਪ੍ਰਕਿਰਿਆ ਦੌਰਾਨ ਸੈਂਕੜੇ ਸ਼ਰਨਾਰਥੀਆਂ ਨੂੰ ਟੀਕਾਕਰਨ ਦੇ ਚਾਰ ਤਰਜੀਹੀ ਸਮੂਹਾਂ ਵਿੱਚ ਨਾ ਹੋਣ ਦੇ ਬਾਵਜੂਦ ਕੋਰੋਨਾ ਟੀਕਾ ਲਗਾਇਆ ਗਿਆ ਹੈ। ਲਗਭਗ 320 ਪ੍ਰਵਾਸੀ ਪਨਾਹਗੀਰ ਇਸ ਸਮੇਂ ਹੀਥਰੋ ਹਵਾਈ ਅੱਡੇ ਦੇ ਨੇੜੇ ਚਾਰ ਸਿਤਾਰਾ ਕ੍ਰਾਊਨ ਪਲਾਜ਼ਾ ਵਿਖੇ ਰਹਿ ਰਹੇ ਹਨ। ਜਿਹਨਾਂ ਵਿੱਚੋਂ ਬਹੁਤ ਸਾਰੇ ਆਪਣੀ ਪਨਾਹ ਦੇ ਦਾਅਵਿਆਂ ਦੇ ਫੈਸਲੇ ਦੀ ਉਡੀਕ ਵੀ ਕਰ ਰਹੇ ਹਨ। ਇਹਨਾਂ ਦੀ ਟੀਕਾਕਰਨ ਪ੍ਰਕਿਰਿਆ ਸੰਬੰਧੀ ਇਹ ਮੰਨਿਆ ਜਾਂਦਾ ਹੈ ਕਿ ਇਹ ਫੈਸਲਾ ਸਥਾਨਕ ਜੀ ਪੀ ਸੰਸਥਾ ਦੁਆਰਾ ਆਪਣੇ ਐਨ ਐਚ ਐਸ ਟਰੱਸਟ ਜਾਂ ਗ੍ਰਹਿ ਦਫਤਰ ਦੀ ਜਾਣਕਾਰੀ ਤੋਂ ਬਿਨਾਂ ਕੀਤਾ ਸੀ। ਇਹਨਾਂ ਪਨਾਹਗੀਰਾਂ ਵਿੱਚੋਂ ਸੁਡਾਨ ਦੇ ਇੱਕ 27 ਸਾਲਾ ਵਿਅਕਤੀ ਨੇ ਦੱਸਿਆ ਕਿ ਉਸ ਨੂੰ ਇਹ ਟੀਕਾ ਹੋਰਾਂ ਦੇ ਨਾਲ ਉਮਰ ਦੀ ਪਰਵਾਹ ਕੀਤੇ ਬਿਨਾਂ ਲਗਾਇਆ ਗਿਆ ਸੀ ਅਤੇ ਇਸ ਲਈ ਕੁੱਝ ਵੀ ਅਦਾ ਨਹੀ ਕਰਨਾ ਪਿਆ। ਇਹ ਟੀਕਾ ਲਗਵਾਉਣ ਵਾਲੇ 320 ਪ੍ਰਵਾਸੀਆਂ ਵਿਚੋਂ ਸਿਰਫ 80 ਲੋਕਾਂ ਦੀ ਉਮਰ 70 ਸਾਲ ਤੋਂ ਵੱਧ ਸੀ, ਜਿਸ ਕਰਕੇ ਉਨ੍ਹਾਂ ਨੂੰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਉੱਚ ਤਰਜੀਹ ਦਿੱਤੀ। ਹਾਲਾਂਕਿ, ਬਹੁਤ ਸਾਰੇ ਪਨਾਹਗੀਰ ਜੋ ਸਰਕਾਰ ਦੇ ਪ੍ਰਮੁੱਖ ਚਾਰ ਤਰਜੀਹ ਸਮੂਹਾਂ ਵਿੱਚ ਫਿੱਟ ਨਹੀਂ ਬੈਠਦੇ ਉਹਨਾਂ ਨੂੰ ਵੀ ਇਹ ਟੀਕਾ ਲਗਾਇਆ ਗਿਆ ਸੀ ਜਦਕਿ ਦੇਸ਼ ਅੰਦਰ ਬਹੁਤ ਸਾਰੇ ਕਮਜ਼ੋਰ ਲੋਕਾਂ ਨੂੰ ਅਜੇ ਵੀ ਟੀਕਿਆਂ ਦੀ ਜਰੂਰਤ ਹੈ।ਇਸਦੇ ਇਲਾਵਾ ਟੀਕਾਕਰਨ ਨਾਲ ਸੰਬੰਧਿਤ ਇੱਕ ਸਰਕਾਰੀ ਬੁਲਾਰੇ ਅਨੁਸਾਰ ਉਹਨਾਂ ਨੇ ਜੇ ਸੀ ਵੀ ਆਈ (ਟੀਕ-ਾਕਰਨ ਦੀ ਸੰਯੁਕਤ ਕਮੇਟੀ) ਦੀ ਸਲਾਹ ਦਾ ਪਾਲਣ ਕੀਤਾ ਹੈ ਅਤੇ ਇਸਦੀ ਪਹਿਲੀ ਤਰਜੀਹ ਸਮਾਜ ਦੇ ਸਭ ਤੋਂ ਕਮਜ਼ੋਰ ਲੋਕਾਂ ਦਾ ਟੀਕਾਕਰਨ ਹੈ ਅਤੇ ਕਿਸੇ ਵੀ ਵਿਅਕਤੀ ਲਈ ਆਪਣੇ ਨਿਯਮ ਤੈਅ ਕਰਨ ਦੇ ਨਾਲ ਦਿਸ਼ਾ ਨਿਰਦੇਸ਼ਾਂ ਨੂੰ ਨਜ਼ਰ ਅੰਦਾਜ਼ ਕਰਨਾ ਪੂਰੀ ਤਰ੍ਹਾਂ ਅਸਵੀਕਾਰਯੋਗ ਹੈ। ਲੰਡਨ ਵਿੱਚ ਐਨ ਐਚ ਐਸ ਦੇ ਖੇਤਰੀ ਨਿਰਦੇਸ਼ਕ ਡੇਵਿਡ ਸਲੋਮਨ ਅਨੁਸਾਰ, ਟੀਕ-ਾਕਰਨ ਬਾਰੇ ਜੀ ਪੀ ਦੁਆਰਾ ਲਏ ਗਏ ਇਸ ਸੁਤੰਤਰ ਫੈਸਲੇ ਸੰਬੰਧੀ ਗੱਲਬਾਤ ਕੀਤੀ ਜਾ ਰਹੀ ਹੈ ਤਾਂ ਜੋ ਇਸ ਤਰ੍ਹਾਂ ਦੁਬਾਰਾ ਨਾ ਹੋਵੇ, ਇਹ ਯਕੀਨੀ ਬਣਾਇਆ ਜਾ ਸਕੇ।

# ਸਕਾਟਲੈਂਡ ਦੇ ਕੁੱਝ ਖੇਤਰਾਂ 'ਚ ਬਰਫਬਾਰੀ ਨੇ ਪ੍ਰਭਾਵਿਤ ਕੀਤੀ ਘਰਾਂ ਵਿਚਲੀ ਪਾਣੀ ਦੀ ਸਪਲਾਈ




**ਗਲਾਸਗੋ/ਲੰਡਨ–**ਸਕਾਟਲੈਂਡ ਵਿੱਚ ਭਾਰੀ ਬਰਫਬਾਰੀ ਨੇ ਖੇਤਰ ਵਿਚਲੇ ਕਈ ਕੰਮਕਾਰਾਂ ਨੂੰ ਪ੍ਰਭਾਵਿਤ ਕੀਤਾ ਹੈ ,ਜਿਹਨਾਂ ਵਿੱਚ ਘਰਾਂ ਵਿਚਲੇ ਪਾਣੀ ਦੀ ਸਪਲਾਈ ਵੀ ਪ੍ਰਮੁੱਖ ਹੈ। ਸਕਾਟਲੈਂਡ ਦੇ ਇਨਵਰਕਲਾਈਡ ਵਿੱਚ ਹਜ਼ਾਰਾਂ ਘਰ ਲੌਕ ਥੌਮ ਵਿਖੇ ਗ੍ਰੀਨੋਕ ਵਾਟਰ ਟ੍ਰੀਟਮੈਂਟ ਵਰਕਸ ਪਲਾਂਟ ਵਿੱਚ ਬਰਫ ਜੰਮਣ ਕਾਰਨ ਹੋਈ ਰੁਕਾਵਟ ਕਰਕੇ ਪਾਣੀ ਦੇ ਵਿਘਨ ਦਾ ਸਾਹਮਣਾ ਕਰ ਰਹੇ ਹਨ। ਇਸ ਸੰਬੰਧੀ ਸਕਾਟਿਸ਼ ਵਾਟਰ ਵਿਭਾਗ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਪਾਣੀ ਦੇ ਪਲਾਂਟ ਨੂੰ ਸਾਫ ਕਰਨ ਲਈ ਗੋਤਾਖੋਰਾਂ ਨੂੰ ਤਾਇਨਾਤ ਕਰਨ ਦੇ ਨਾਲ ਹੋਰ ਉਪਾਵਾਂ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ। ਪਾਣੀ ਦੇ ਪਲਾਂਟ ਵਿੱਚ ਪਈ ਇਸ ਰੁਕਾਵਟ ਕਰਕੇ ਗ੍ਰੀਨੋਕ, ਗੌਰੋਕ, ਇਨਵਰਕਿਪ, ਵੇਮਿਸ ਬੇਅ ਅਤੇ ਸਕੈਲਮੋਰਲੀ ਵਿੱਚ ਤਕਰੀਬਨ 13,000 ਘਰਾਂ ਅਤੇ ਕਾਰੋਬਾਰਾਂ ਲਈ ਸਪਲਾਈ ਪ੍ਰਭਾਵਿਤ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ। ਇਸ ਸਮੱਸਿਆ ਨੂੰ ਦੂਰ ਕਰਨ ਲਈ ਇੰਜੀਨੀਅਰਾਂ ਨੇ ਵਾਟਰ ਟ੍ਰੀਟਮੈਂਟ ਵਰਕਸ ਦੁਆਰਾ ਪਾਣੀ ਸਪਲਾਈ ਕੀਤੇ ਜਾਂਦੇ ਖੇਤਰ ਨੂੰ ਘੱਟ ਤੋਂ ਘੱਟ ਕਰਨ ਲਈ ਇਸਦੇ ਨੈਟਵਰਕ ਦਾ ਪੁਨਰਗਠਨ ਕੀਤਾ ਹੈ। ਇਸਦੇ ਇਲਾਵਾ ਸਕਾਟਿਸ਼ ਵਾਟਰ ਦੇ ਇਕ ਬੁਲਾਰੇ ਅਨੁਸਾਰ ਵਿਭਾਗ ਦੀ ਟੀਮ ਗ੍ਰੀਨੋਕ ਵਾਟਰ ਟ੍ਰੀਟਮੈਂਟ ਵਰਕਸ ਵਿਖੇ ਜਮ੍ਹਾਂ ਕੀਤੇ ਗਏ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਬਹਾਲ ਕਰਨ ਲਈ ਦਿਨ ਭਰ ਕੰਮ ਕਰ ਰਹੇ ਹਨ।

ਗਲਾਸਗੋ/ ਲੰਡਨ ਹਫਤਾਵਾਰੀ ਖ਼ਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਕੋਰੋਨਾ ਟੀਕਾਕਰਨ ਕੇਂਦਰ 'ਚ ਲੱਗੀ ਅੱਗ, ਲੋਕਾਂ ਨੂੰ ਕੱਢਿਆ ਗਿਆ ਸੁਰੱਖਿਅਤ

**ਗਲਾਸਗੋ/ਲੰਡਨ–** ਯੂਕੇ ਵਿੱਚ ਇੱਕ ਕੋਰੋਨਾ ਟੀਕਾਕਰਨ ਕੇਂਦਰ ਵਿੱਚ ਅੱਗ ਲੱਗਣ ਤੋਂ ਬਾਅਦ ਉੱਥੇ ਮੌਜੂਦ ਟੀਕਾ ਲੱਗਣ ਦਾ ਇੰਤਜ਼ਾਰ ਕਰ ਰਹੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਸਰੀ ਦੇ ਟੇਮਜ਼ ਡਿੱਟਨ ਐਂਬਰਬਰੂਕ ਕਮਿਊਨਿਟੀ ਹੈਲਥ ਸੈਂਟਰ ਕੋਰੋਨਾ ਟੀਕਾਕਰਨ ਕੇਂਦਰ ਵਿੱਚ ਸ਼ਨੀਵਾਰ ਦੁਪਹਿਰ ਕਰੀਬ 3.30 ਵਜੇ ਅੱਗ ਲੱਗਣ ਦੀ ਘਟਨਾ ਵਾਪਰੀ ਹੈ।





ਇਸ ਅੱਗ ਨੂੰ ਬੁਝਾਉਣ ਲਈ ਅੱਗ ਬੁਝਾਊ ਵਿਭਾਗ ਦੇ ਛੇ ਫਾਇਰ ਇੰਜਣਾਂ ਨਾਲ ਕਰਮਚਾਰੀਆਂ ਨੇ ਜੱਦੋ ਜਹਿਦ ਕੀਤੀ। ਇਸਦੇ ਨਾਲ ਹੀ ਅੱਗ ਲੱਗਣ ਦੀ ਸੂਚਨਾ ਮਿਲਦਿਆਂ ਐਮਰਜੈਂਸੀ ਸੇਵਾਵਾਂ ਪੰਜ ਮਿੰਟਾਂ ਤੋਂ ਵੀ ਘੱਟ ਸਮੇਂ ਵਿੱਚ ਟੀਕਾਕਰਨ ਕੇਂਦਰ ਪਹੁੰਚੀਆਂ। ਅੱਗ ਬੁਝਾਊ ਦਸਤੇ ਦੇ ਕਰਮਚਾਰੀਆਂ ਵੱਲੋਂ ਦੱਸਿਆ ਗਿਆ ਕਿ ਕੇਂਦਰ ਵਿੱਚ ਮੌਜੂਦ ਲੋਕਾਂ ਨੂੰ ਬਾਹਰ ਕੱਢਣ ਦੇ ਨਾਲ ਟੀਕਿਆਂ ਨਾਲ ਭਰੀ ਫਰਿੱਜ ਬਚਾ ਵੀ ਲਈ ਗਈ ਸੀ। ਅਧਿਕਾਰੀਆਂ ਅਨੁਸਾਰ ਅੱਗ ਲੱਗਣ ਦੇ ਕਾਰਨ ਫਿਲਹਾਲ ਅਸਪੱਸ਼ਟ ਹਨ, ਜਿਹਨਾਂ ਦਾ ਪਤਾ ਲਗਾਉਣ ਲਈ ਜਾਂਚ ਚੱਲ ਰਹੀ ਹੈ। ਐਂਬਰਬਰੂਕ ਕਮਿਊਨਿਟੀ ਹੈਲਥ ਸੈਂਟਰ ਕੋਰੋਨਾ ਟੀਕਾਕਰਨ ਸੈਂਟਰ ਸਰੀ ਡਾਨਜ਼ ਖੇਤਰ ਵਿੱਚ ਜੀ ਪੀ ਦੀ ਅਗਵਾਈ ਵਾਲੀਆਂ ਤਿੰਨ ਹੋਰ ਸਾਈਟਾਂ ਵਿੱਚੋਂ ਇੱਕ ਹੈ।

## ਬਰਤਾਨਵੀ ਪੰਜਾਬੀ ਸੰਗੀਤ 'ਚ ਵੱਡਾ ਨਾਂ ਬਲਵਿੰਦਰ ਸਫ਼ਰੀ 24 ਫਰਵਰੀ ਨੂੰ ਪਾਉਣਗੇ "ਧਮਾਲਾਂ"

**ਗਲਾਸਗੋ/ਲੰਡਨ–** ਬਲਵਿੰਦਰ ਸਫ਼ਰੀ ਬਰਤਾਨੀਆ ਵਿੱਚ ਪੰਜਾਬੀ ਸੰਗੀਤ ਦਾ ਅਮਿਟ ਸਿਰਨਾਵਾਂ ਹੈ। "ਸਫ਼ਰੀ ਬੁਆਇਜ਼" ਰਾਹੀਂ ਸੰਗੀਤਕ ਸਫ਼ਰ ਵਿੱਚ ਨਿ- ਵੇਕਲੀਆਂ ਪੈੜਾਂ ਪਾਉਣ ਵਾਲ਼ੇ ਬਲਵਿੰਦਰ ਸਫ਼ਰੀ ਅਜੇ ਵੀ ਨਿਰੰਤਰ ਗਤੀਸ਼ੀਲ ਹਨ। ਆਪਣੀ ਤੂੰਬੀ ਦੀ ਟੁਣਕਾਰ ਵਰਗੀ ਆਵਾਜ਼ ਰਾਹੀਂ 24 ਫਰਵਰੀ ਨੂੰ "ਧਮਾਲਾਂ" ਗੀਤ ਰਾਹੀਂ ਹਾਜ਼ਰੀ ਲਗਵਾਉਣ ਆ ਰਹੇ ਹਨ। ਇਸ ਗੀਤ ਨੂੰ ਸੰਗੀਤਕ ਧੁਨਾਂ ਵਿੱਚ ਡੀ ਜੇ ਸੈਮ ਨੇ ਪ੍ਰੋਇਆ ਹੈ ਤੇ ਕਲਮੀ ਛੋਹ ਦਿੱਤੀ ਹੈ ਮਰਹੂਮ ਗੀਤਕਾਰ ਦੇਵ ਰਾਜ ਜੱਸਲ ਜੀ ਨੇ। ਬਰੇਕਲੈੱਸ ਪ੍ਰੋਡਕਸ਼ਨ ਵੱਲੋਂ ਸੰਗੀਤ ਜਗਤ ਦੀ ਝੋਲੀ ਪਾਏ ਜਾ ਰਹੇ ਇਸ ਗੀਤ ਸੰਬੰਧੀ ਬੋਲਦਿਆਂ ਉਹਨਾਂ ਕਿਹਾ ਹੈ ਕਿ ਸਾਡੀ ਸਾਰੀ ਟੀਮ ਆਸਵੰਦ ਹੈ ਕਿ ਹਰ ਵਾਰ ਦੀ ਤਰ੍ਹਾਂ ਇਸ ਗੀਤ ਨੂੰ ਵੀ ਰੱਜਵਾਂ ਪਿਆਰ ਮਿਲੇਗਾ।

## ਯੂਕੇ ਦੀ ਸੀਰੀਅਲ ਕਿੱਲਰ ਰੋਜ਼ ਵੈਸਟ ਨੂੰ ਜੇਲ੍ਹ ਵਿੱਚ ਲਗਾਇਆ ਗਿਆ ਕੋਰੋਨਾ ਟੀਕਾ

**ਗਲਾਸਗੋ/ਲੰਡਨ–** ਯੂਕੇ ਦੀ ਇੱਕ ਸੀਰੀਅਲ ਕਿੱਲਰ ਔਰਤ ਰੋਜ਼ ਵੈਸਟ ਨੇ ਜੇਲ੍ਹ ਸਟਾਫ ਦੇ ਅੱਗੇ ਕੋਰੋਨਾ ਵਾਇਰਸ ਟੀਕਾ ਲਗਵਾਇਆ ਹੈ। ਵੈਸਟ ਨੂੰ ਕੋਰੋਨਾ ਟੀਕਾ ਉਸ ਦੀ ਸਿਹਤ ਨੂੰ ਧਿਆਨ 'ਚ ਰੱਖਦਿਆਂ ਹੋਇਆ ਲਗਾਇਆ ਗਿਆ ਹੈ, ਕਿਉਂਕਿ ਉਸਨੂੰ ਮੋਟਾਪਾ ਅਤੇ ਕਮਜੋਰ ਨਿਗ੍ਹਾ ਕਰਕੇ ਬਹੁਤ ਕਮਜ਼ੋਰ ਮੰਨਿਆ ਜਾਂਦਾ ਹੈ। ਇਸ 67 ਸਾਲਾ ਕੈਦੀ ਅਤੇ ਉਸਦੇ ਪਤੀ ਫਰੈਡ ਨੇ 1960 ਤੋਂ 1980 ਦੇ ਦਹਾਕੇ ਤੱਕ ਕਈ ਲੜਕੀਆਂ ਨੂੰ ਅਗਵਾ, ਜਿਨਸੀ ਸ਼ੋਸ਼ਣ ਅਤੇ ਕਤਲ ਕੀਤਾ ਸੀ। ਫਰੈਡ ਵੈਸਟ ਨੇ ਕਾਫੀ ਸਮਾਂ ਪਹਿਲਾਂ ਆਪਣੀ ਸੁਣਵਾਈ ਤੋਂ ਪਹਿਲਾਂ ਆਪਣੇ ਆਪ ਨੂੰ ਮਾਰ ਲਿਆ ਸੀ ਜਦਕਿ ਰੋਜ਼ ਨੇ ਪਿਛਲੇ ਤਕਰੀਬਨ 26 ਸਾਲ ਸਲਾਖਾਂ ਪਿੱਛੇ ਬਿਤਾਏ ਹਨ। ਇਸ ਲਈ ਜੇਲ੍ਹ ਵਿੱਚ ਸਜ਼ਾ ਭੁਗਤ ਰਹੀ ਵੈਸਟ ਨੂੰ ਸ਼ੁੱਕਰਵਾਰ ਦੀ ਰਾਤ



ਵੈਸਟ ਯੌਰਕਸ਼ਾਇਰ ਦੇ ਐਚ ਐਮ ਪੀ ਨਿਊ ਹਾਲ ਵਿਖੇ ਕੋਰੋਨਾ ਟੀਕਾ ਲਗਾਇਆ ਗਿਆ ਹੈ। ਇਸ ਟੀਕਾਕਰਨ ਲਈ ਕਈਆਂ ਨੇ ਨਾਰਾਜ਼ਗੀ ਵੀ ਪ੍ਰਗਟ ਕੀਤੀ ਹੈ ਕਿ ਵੈਸਟ ਨੂੰ ਟੀਕਾ ਲਗਾਉਣ ਲਈ ਇੰਤਜ਼ਾਰ ਨਹੀ ਕੀਤਾ ਗਿਆ। ਜਦਕਿ ਅਧਿਕਾਰੀਆਂ ਅਨੁਸਾਰ ਵੈਸਟ ਦੀ ਸਿਹਤ ਵਧੀਆ ਨਾ ਹੋਣ ਕਾਰਨ ਬਿਨਾਂ ਸ਼ੱਕ ਉਸ ਨੂੰ ਕੋਵਿਡ ਦੇ ਜੋਖਮ ਦਾ ਖਤਰਾ ਜ਼ਿਆਦਾ ਹੋਣ ਕਾਰਨ ਉਸ ਨੂੰ ਪਹਿਲ ਦਿੱਤੀ ਗਈ ਹੈ। ਜਿਕਰਯੋਗ ਹੈ ਕਿ ਫਰੈਡ ਅਤੇ ਰੋਜ਼ ਵੈਸਟ ਨੇ ਗਲੋਸਟਰ ਵਿੱਚ ਉਨ੍ਹਾਂ ਦੇ ਹਾਊਸ ਆਫ਼ ਹਾੱਰਰਸ ਵਿਚ ਦਫ਼ਨਾਉਣ ਤੋਂ ਪਹਿਲਾਂ 12 ਮਹਿਲਾਵਾਂ ਨੂੰ ਅਗਵਾ ਕਰਕੇ ਉਨ੍ਹਾਂ ਨਾਲ ਬਦਸਲੂਕੀ ਕੀਤੀ ਸੀ, ਜਿਹਨਾਂ ਦੀਆਂ ਲਾਸ਼ਾਂ ਪੁਲਿਸ ਦੁਆਰਾ ਕੋਠੇ, ਫਰਸ਼, ਚਿਮਨੀ ਆਦਿ ਦੇ ਹੇਠਾਂ ਅਤੇ ਬਗੀਚੇ ਵਿੱਚੋਂ ਬਰਾਮਦ ਕੀਤਾ ਗਿਆ ਸੀ।

## ਸਕਾਟਲੈਂਡ ਨੂੰ ਉੱਤਰੀ ਆਇਰਲੈਂਡ ਨਾਲ ਜੋੜਨ ਵਾਲੀ 315 ਮੀਲ ਲੰਮੀ ਸੁਰੰਗ ਦੀ ਯੋਜਨਾ ਨੇਪਰੇ ਚੜ੍ਹਨ ਕਿਨਾਰੇ

**ਗਲਾਸਗੋ/ਲੰਡਨ–** ਸਕਾਟਲੈਂਡ ਨੂੰ ਉੱਤਰੀ ਆਇਰ- ਲੈਂਡ ਨਾਲ ਜੋੜਨ ਵਾਲੀ ਪਾਣੀ ਵਿਚਲੀ ਇੱਕ ਸੁਰੰਗ ਲਈ ਯੋਜਨਾ ਅਗਲੇ ਮਹੀਨੇ ਜਾਰੀ ਕੀਤੀ ਜਾ ਸਕਦੀ ਹੈ। ਇਹ ਵੱਡਾ ਪ੍ਰਜੈਕਟ ਉੱਤਰੀ ਚੈਨਲ ਦੇ ਪਾਰ ਸਟ੍ਰੈਨਰੇਅਰ, ਡੰਫਰੀਜ਼ ਅਤੇ ਗੈਲੋਵੇ ਨੂੰ ਉੱਤਰੀ ਆਇਰਲੈਂਡ ਦੇ ਲਾਰਨੇ ਨਾਲ ਜੋੜ ਦੇਵੇਗਾ। ਜੇਕਰ ਇਹ ਯੋਜਨਾ ਮਨਜੂਰ ਹੋ ਜਾਂਦੀ ਹੈ ਤਾਂ ਇਹ ਲਿੰਕ ਸਕ- ਾਟਲੈਂਡ ਦੇ ਲੋਕਾਂ ਨੂੰ ਉੱਤਰੀ ਆਇਰਲੈਂਡ ਵੱਲ ਘੱਟ ਸਮੇਂ ਵਿੱਚ ਜਾਣ ਲਈ ਸਹਾਇਕ ਹੋਵੇਗਾ। ਇੱਕ ਰਿਪੋਰਟ ਦੇ ਅਨੁਸਾਰ ਨੈਟਵਰਕ ਰੇਲ ਦੇ ਚੇਅਰਮੈਨ ਸਰ ਪੀਟਰ ਹੈਂਡੀ ਦੁਆਰਾ ਕੀਤਾ ਅਧਿਐਨ ਦੱਸੇਗਾ ਕਿ ਸਟ੍ਰੈਨਰੇਅਰ ਅਤੇ ਲਾਰਨੇ ਦੇ ਵਿਚਕਾਰ ਇਸ ਸੁਰੰਗ ਦੁਆਰਾ ਲਿੰਕ ਸੰਭਵ ਹੈ ਜਾਂ ਨਹੀਂ।

ਇਸਦੇ ਇਲਾਵਾ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਇਹ ਸੁਰੰਗ ਜੋ ਕਿ ਚੈਨਲ ਸੁਰੰਗ ਦੇ ਬਰਾਬਰ ਦੀ ਲੰਬਾਈ, 31.5 ਮੀਲ ਦੀ ਹੋਵੇਗੀ ਅਤੇ ਬ੍ਰੈਕਸਿਟ ਦੁਆਰਾ ਸਾਹਮਣੇ ਆਏ ਵਪਾਰਿਕ ਮਸਲਿਆਂ ਨੂੰ ਹੱਲ ਕਰਨ ਵਿੱਚ ਸਹਾਇਤਾ ਕਰੇਗੀ। "ਬੋਰਿਸ ਬੁਰੋ" ਦੇ ਸੰਭਾਵੀ ਉਪਨਾਮ ਦੇ ਨਾਲ ਜਾਣੀ ਜਾਣ ਵਾਲੀ ਇਹ ਸੁਰੰਗ ਇਸ ਸਮੇਂ ਯੂਰਪੀ ਸੰਘ ਦੁਆਰਾ ਲਗਾਈਆਂ ਗਈਆਂ ਕਿਸ਼ਤੀਆਂ ਦੀਆਂ ਪਾਬੰਦੀਆਂ ਨੂੰ ਵੀ ਸੌਖਾ ਕਰੇਗੀ।

ਇਸ ਸੰਬੰਧੀ ਪੀਟਰ ਤੋਂ ਕੁੱਝ ਹਫ਼ਤਿਆਂ ਤੱਕ ਆਪਣੀ ਰਿਪੋਰਟ ਪ੍ਰਕਾਸ਼ਿਤ ਕੀਤੇ ਜਾਣ ਦੀ ਉਮੀਦ ਹੈ ਜਦਕਿ ਉਹਨਾਂ ਨੇ ਇਸ ਬਾਰੇ ਆਪਣੀਆਂ ਖੋਜਾਂ ਦੇ ਵਿਚਾਰ ਵਟਾਂਦਰੇ ਲਈ ਬੋਰਿਸ ਜੌਹਨਸਨ ਨਾਲ ਪਹਿਲਾਂ ਹੀ ਮੁਲਾਕਾਤ ਕੀਤੀ ਹੈ। ਪ੍ਰਧਾਨ ਮੰਤਰੀ ਇਸ ਸਮੁੰਦਰ ਹੇਠਲੀ ਸੁਰੰਗ ਸਮਰਥਕ ਹਨ ਤੇ ਉਹਨਾਂ ਨੇ ਸਭ ਤੋਂ ਪਹਿਲਾਂ ਸਾਲ 2018 ਵਿੱਚ ਵੀ ਆਇਰਸ਼ ਸਾਗਰ ਦੇ ਪਾਰ ਇੱਕ ਲਿੰਕ ਦਾ ਸੁਝਾਅ ਦਿੱਤਾ ਸੀ।

## ਸਕਾਟਲੈਂਡ: ਵਿਦੇਸ਼ ਤੋਂ ਆ ਰਹੇ ਹਰ ਯਾਤਰੀ ਲਈ ਅੱਜ ਤੋਂ ਲਾਗੂ ਹੋਵੇਗਾ ਹੋਟਲ ਇਕਾਂਤਵਾਸ

**ਗਲਾਸਗੋ/ਲੰਡਨ–** ਸਕਾਟਲੈਂਡ ਸਰਕਾਰ ਵੱਲੋਂ ਕੋਰੋਨਾ ਵਾਇਰਸ ਦੇ ਨਵੇਂ ਰੂਪਾਂ ਦੀ ਲਾਗ ਨੂੰ ਰੋਕਣ ਦੇ ਮੰਤਵ ਨਾਲ ਕੌਮਾਂਤਰੀ ਯਾਤਰਾ ਸੰਬੰਧੀ ਹੋਟਲ ਇਕਾਂਤਵਾਸ ਦੇ ਨਿਯਮ ਅੱਜ ਤੋਂ ਲਾਗੂ ਹੋ ਰਹੇ ਹਨ। ਇਹਨਾਂ ਸਖਤ ਨਵੇਂ ਕੋਰੋਨਾ ਵਾਇਰਸ ਨਿਯਮਾਂ ਤਹਿਤ ਵਿਦੇਸ਼ਾਂ ਤੋਂ ਸਕਾਟਲੈਂਡ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਅੱਜ ਤੋਂ ਭਾਵ 15 ਫਰਵਰੀ ਤੋਂ ਹੀ ਹੋਟਲਾਂ ਵਿੱਚ ਦਾਖਲ ਹੋਣਾ ਜਰੂਰੀ ਹੈ। ਇਸ ਪ੍ਰਕਿਰਿਆ ਲਈ ਦੇਸ਼ ਵਿੱਚ ਦਾਖਲ ਹੋਣ ਵਾਲੇ ਯਾਤਰੀਆਂ ਨੂੰ ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਨਿਰਧਾਰਿਤ ਕੀਤੇ ਗਏ ਛੇ ਹੋਟਲਾਂ ਵਿੱਚੋਂ ਇੱਕ ਹੋਟਲ 'ਚ ਇਕਾਂਤਵਾਸ ਦੀ ਬੁਕਿੰਗ ਕਰਨ&; ਲਈ 1,750 ਪੌਂਡ ਦਾ ਭੁਗਤਾਨ ਕਰਨਾ ਪਵੇਗਾ, ਜਿਸ ਨਾਲ ਯਾਤਰੀਆਂ ਨੂੰ ਹੋਟਲ ਦੇ ਅੰਦਰ ਦਸ ਦਿਨਾਂ ਦੇ ਇਕਾਂਤਵਾਸ ਦੌਰਾਨ ਸਟਾਫ ਦੁਆਰਾ ਖਾਣ ਅਤੇ ਪੀਣ ਵਾਲੇ ਪਦਾਰਥ ਮੁਹੱਈਆ ਕਰਵਾਏ ਜਾਣਗੇ। ਇਸਦੇ ਇਲਾਵਾ ਸਾਰੇ ਆਉਣ ਵਾਲੇ ਲੋਕਾਂ ਨੂੰ ਹੋਟਲ ਦੇ ਅੰਦਰ ਇਕਾਂਤਵਾਸ ਦੌਰਾਨ ਦੂਜੇ ਅਤੇ ਅੱਠਵੇ ਦਿਨ ਕੋਰੋਨਾ ਵਾਇਰਸ ਦੇ ਦੋ ਟੈਸਟ ਕਰਵਾਉਣੇ ਵੀ ਜਰੂਰੀ ਹਨ। ਸਕਾਟਲੈਂਡ ਸਰਕਾਰ ਅਨੁਸਾਰ ਇਹ ਨਵੇਂ ਨਿਯਮ ਬ੍ਰਿਟਿਸ਼ ਨਾਗਰਿਕਾਂ ਸਮੇਤ, ਸਾਰੇ ਅੰਤਰ- ਰਾਸ਼ਟਰੀ ਯਾਤਰੀਆਂ 'ਤੇ ਲਾਗੂ ਹੋਣਗੇ ਜਦਕਿ ਕੁੱਝ ਖੇਡਾਂ ਨਾਲ ਸੰਬੰਧਿਤ ਵਿਅਕਤੀ ਇਹਨਾਂ ਨਿਯਮਾਂ ਤੋਂ ਛੋਟ ਪ੍ਰਾਪਤ ਕਰਨ ਵਾਲਿਆਂ ਵਿੱਚ ਸ਼ਾਮਿਲ ਹਨ। ਸਕਾਟਲੈਂਡ ਦੀ ਫਸਟ ਮਨਿਸਟਰ ਨਿਕੋਲਾ ਸਟਰਜਨ ਵੱਲੋਂ ਮੰਗਲਵਾਰ ਨੂੰ ਇਹਨਾਂ ਉਪਾਅ ਸੰਬੰਧੀ ਤੇ ਸਮੀਖਿਆ ਕਰਨ ਦੀ ਉਮੀਦ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸਕਾਟਲੈਂਡ ਵਿੱਚ ਐਤਵਾਰ ਨੂੰ 900 ਤੋਂ ਵੱਧ ਨਵੇਂ ਕੇਸ ਦਰਜ ਕੀਤੇ ਗਏ ਹਨ ਅਤੇ ਐਨ ਐਚ ਐਸ ਸਕਾਟਲੈਂਡ ਨੇ ਹੁਣ ਤੱਕ 1.2 ਮਿਲੀਅਨ ਤੋਂ ਵੱਧ ਲੋਕਾਂ ਨੂੰ ਕੋਵਿਡ ਟੀਕੇ ਦੀ ਪਹਿਲੀ ਖੁਰਾਕ ਦਿੱਤੀ ਹੈ।



## ਯੂਕੇ ਨੇ ਨਿਰਧਾਰਿਤ ਸਮੇਂ ਤੋਂ ਪਹਿਲਾਂ ਪੂਰਾ ਕੀਤਾ 15 ਮਿਲੀਅਨ ਲੋਕਾਂ ਨੂੰ ਟੀਕਾ ਲਗਾਉਣ ਦਾ ਟੀਚਾ

**ਗਲਾਸਗੋ/ਲੰਡਨ–** ਯੂਕੇ ਵਿੱਚ ਕੋਰੋਨਾ ਵਾਇਰਸ ਮਹਾਂਮਾਰੀ ਖਿਲਾਫ ਸ਼ੁਰੂ ਕੀਤੀ ਗਈ ਟੀਕਾਕਰਨ ਮੁਹਿੰਮ ਵਿੱਚ ਸਫਲਤਾ ਪ੍ਰਾਪਤ ਕਰਦਿਆਂ ਦੇਸ਼ ਨੇ 15 ਮਿਲੀਅਨ ਤੋਂ ਵੱਧ ਲੋਕਾਂ ਨੂੰ ਕੋਰੋਨਾ ਟੀਕੇ ਦੀ ਪਹਿਲੀ ਖੁਰਾਕ ਦਿੱਤੀ ਹੈ। ਯੂਕੇ ਸਰਕਾਰ ਦੁਆਰਾ 15 ਮਿਲੀਅਨ ਤੋਂ ਵੱਧ ਲੋਕਾਂ ਨੂੰ ਕੋਵਿਡ ਟੀਕੇ ਦੀ ਪਹਿਲੀ ਖੁਰਾਕ ਨਿਰਧਾਰਿਤ ਸਮੇਂ ਤੋਂ ਇੱਕ ਦਿਨ ਪਹਿਲਾਂ ਦੇਣ ਦੀ ਪੁਸ਼ਟੀ ਕੀਤੀ ਹੈ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ 15 ਫਰਵਰੀ ਤੱਕ ਇਸ ਟੀਚੇ ਨੂੰ ਪੂਰਾ ਕਰਨ ਦਾ ਵਾਅਦਾ ਵੀ ਕੀਤਾ ਸੀ। ਇਸਦੇ ਇਲਾਵਾ ਪੰਜ ਲੱਖ ਤੋਂ ਵੱਧ ਲੋਕਾਂ ਨੂੰ ਟੀਕੇ ਦੀ ਦੂਜੀ ਖੁਰਾਕ ਵੀ ਮਿਲ ਚੁੱਕੀ ਹੈ। ਇੱਕ ਵੀਡੀਓ ਸੰਦੇਸ਼ ਵਿੱਚ ਪ੍ਰਧਾਨ ਮੰਤਰੀ ਨੇ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ ਹੈ, ਜਿਸ ਵਿੱਚ ਚਾਰ ਸਭ ਤੋਂ ਕਮਜ਼ੋਰ ਸਮੂਹਾਂ ਨੂੰ ਟੀਕੇ ਦੀ ਪੇਸ਼ਕਸ਼ ਕੀਤੀ ਗਈ ਹੈ। ਯੂਕੇ ਦੇ ਮੰਤਰੀ ਨਧੀਮ ਜ਼ਹਾਵੀ ਨੇ ਵੀ ਸਿਹਤ ਕਰਮਚਾਰੀਆਂ ਦੀ ਸ਼ਲਾਘਾ ਕਰਦਿਆਂ ਹਰ ਬਾਲਗ ਨੂੰ ਟੀਕਾ ਲਗਾਉਣ ਤੱਕ ਆਰਾਮ ਨਾ ਕਰਨ ਦਾ ਵਾਅਦਾ ਕੀਤਾ ਹੈ। ਟੀਕਾ ਰੋਲਆਉਟ ਸਰਕਾਰ ਦੇ ਪ੍ਰਮੁੱਖ ਚਾਰ ਤਰਜੀਹੀ ਸਮੂਹਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਜਿਸ ਵਿੱਚ ਕੇਅਰ ਹੋਮ ਵਸਨੀਕ ਅਤੇ ਸਟਾਫ, ਫਰੰਟਲਾਈਨ ਹੈਲਥ ਵਰਕਰ, ਬਹੁਤ ਜ਼ਿਆਦਾ ਕਲੀਨਿਕਲ ਕਮਜ਼ੋਰ ਵਿਅਕਤੀ ਅਤੇ 70 ਸਾਲ ਤੋਂ ਵੱਧ ਉਮਰ ਦੇ ਲੋਕ ਸ਼ਾਮਿਲ ਹਨ।ਮੌਜੂਦਾ ਸਮੇਂ ਇਹਨਾਂ ਲੋਕਾਂ ਦਾ ਟੀਕਾਕਰਨ ਤਕਰੀਬਨ ਪੂਰਾ ਹੋਣ ਦੇ ਬਾਅਦ ਜਲਦੀ ਹੀ ਰੋਲਆਉਟ 50 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੇ ਨਾਲ ਨਾਲ 16 ਅਤੇ 65 ਸਾਲ ਦੇ ਸਿਹਤ ਸਮੱਸਿਆਵਾਂ ਵਾਲੇ ਬਾਲਗਾਂ ਲਈ ਵੀ ਅੱ ਵਧੇਗਾ। ਇਸ ਹਫਤੇ ਐਨ ਐਚ ਐਸ ਨੇ ਵੀ ਪੁਸ਼ਟੀ ਕੀਤੀ ਹੈ ਕਿ ਹੁਣ 65 ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕਾ ਲਗਵਾਉਣ ਦਾ ਮੌਕਾ ਦਿੱਤਾ ਜਾ ਰਿਹਾ ਹੈ।



## ਨਿਊਜ਼ੀਲੈਂਡ 'ਚ ਸੁਪਰ ਮਾਰਕੀਟਾਂ ਨੂੰ ਸਮੱਗਰੀ ਭੇਜਣ ਵਾਲੀ ਕੰਪਨੀ 'ਫੂਡਸਟੱਫਜ਼' ਨੇ ਖੋਲ੍ਹਿਆ ਨਵਾਂ ਦਫਤਰ ਤੇ ਡੀ.ਸੀ.

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਕ ਬਹੁਕੌਮੀਅਤ ਪਸੰਦ ਦੇਸ਼ ਹੈ। ਇਥੇ ਦੇ ਸਰਕਾਰੀ ਨਿਯਮਾਂ ਮੁਤਾਬਿਕ ਹਰ ਇਕ ਨਾਗਰਿਕ ਅਤੇ ਬਾਸ਼ਿੰਦੇ ਨੂੰ ਬਰਾਬਰ ਹੱਕ ਮਿਲਦੇ ਹਨ ਚਾਹੇ ਉਹ ਕਿਸੇ ਵੀ ਦੇਸ਼ ਤੋਂ ਇਥੇ ਆ ਵਸਿਆ ਹੋਵੇ। ਇਥੋਂ ਤੱਕ ਤੁਹਾਡੇ ਹੱਕ ਹਸਪਤਾਲਾਂ ਅਤੇ ਹੋਰ ਜਨਤਕ ਦਫਤਰਾਂ ਅੰਦਰ ਸਵਾਗਤੀ ਡੈਸਕ ਲਾਗੇ ਲਿਖ ਕੇ ਲਗਾਏ ਹੁੰਦੇ ਹਨ। ਬੀਤੇ ਕੱਲ੍ਹ ਨਿਊਜ਼ੀਲੈਂਡ ਦੀਆਂ ਤਿੰਨ ਵੱਡੀਆਂ ਸੁਪਰਮਾਰਕੀਟਾਂ ਨੂੰ ਸਾਰੀ ਸਮੱਗਰੀ ਸਪਲਾਈ ਕਰਨ ਵਾਲੀ ਦੇਸ਼ ਦੀ ਸਭ ਤੋਂ ਵੱਡੀ ਕੰਪਨੀ 'ਫੂਡਸਟੱਫਜ਼' ਦੇ ਨਵੇਂ ਬਣੇ ਦਫਤਰ ਅਤੇ ਡੀ. ਸੀ. (ਡਿਸਟ੍ਰੀਬਿਊਸ਼ਨ ਸੈਂਟਰ) ਜਾਣ ਦਾ ਮੌਕਾ ਮਿਲਿਆ। ਇਸ ਫੂਡਸਟੱਫਜ਼ ਟੂਰ ਦੌਰਾਨ ਥਾਂ-ਥਾਂ ਫੱਨ ਫੈਕਟ ਵੀ ਲਿਖੇ ਹੋਏ ਸਨ, ਇਸ ਤੋਂ ਇਲਾਵਾ ਕਮਾਲ ਦੀ ਗੱਲ ਇਹ ਸੀ ਕਿ ਇਸ ਅਦਾਰੇ ਨੂੰ ਸਾਰਿਆਂ ਦਾ ਸਾਂਝਾ ਅਤੇ ਆਪਣਾ ਅਦਾਰਾ ਮਹਿਸੂਸ ਕਰਾਉਣ ਦੇ ਲਈ 35 ਦੇਸ਼ਾਂ ਦੇ ਝੰਡੇ ਲਗਾਏ ਗਏ ਸਨ। ਡੀ.ਸੀ. ਦੇ ਵਿਚ ਇਸ ਵੇਲੇ 35 ਦੇਸ਼ਾਂ ਦੇ 350 ਲੋਕ ਕੰਮ ਕਰਦੇ ਹਨ ਅਤੇ ਇਨ੍ਹਾਂ ਦੇਸ਼ਾਂ ਦੇ ਝੰਡੇ ਇਥੇ ਇਕ ਸਾਰ ਲਗਾਏ ਗਏ ਸਨ ਤਾਂ ਕਿ ਉਨ੍ਹਾਂ ਨੂੰ ਆਪਣੇ ਅਦਾਰੇ ਉਤੇ ਮਾਣ ਰਹੇ ਕਿ ਉਸਦੇ ਮਾਲਕ ਉਸਦੇ ਦੇਸ਼ ਦਾ ਵੀ ਪੂਰਾ ਮਾਣ ਸਤਿਕਾਰ ਕਰਦੇ ਹਨ। ਜਦੋਂ ਮੈਂ ਖੱਬੇ ਪਾਸਿਓ ਜਾ ਕੇ ਸੱਜਿਓ ਪਾਸਿਓਂ ਪੂਰੇ ਡੀ. ਸੀ. ਦਾ ਚੱਕਰ ਲਾਇਆ ਤਾਂ ਸੱਜੇ ਪਾਸੇ ਸਭ ਤੋਂ ਮੂਹਰੇ ਇੰਡੀਆ ਦਾ ਤਿਰੰਗਾ ਝੰਡਾ ਵੇਖਣ ਨੂੰ ਮਿਲਿਆ। ਬੜੀ ਖੁਸ਼ੀ ਹੋਈ ਕਿ ਇਥੇ ਕੰਮ ਕਰਦੇ ਭਾਰਤੀਆਂ ਦੀ ਤਰਜ਼ਮਾਨੀ ਕਰਦਾ ਤਿਰੰਗਾ ਸਭ ਤੋਂ ਮੂਹਰੇ ਨਜ਼ਰ ਆਇਆ। ਭਾਵੇਂ ਇਹ ਰੈਂਡਮ ਲਗਾਏ ਗਏ ਹੋਣ। ਲੈਂਡਿਗ ਡ੍ਰਾਈਵ ਉਤੇ ਬਣੇ ਇਸ ਡਿਸਟ੍ਰੀ- ਬਿਊਸ਼ਨ ਸੈਂਟਰ ਦੀ ਸਮਰੱਥਾ 74956 ਪੈਲੇਟ ਸਟੋਰ ਕਰਨ ਦੀ ਹੈ। 8 ਰਗਬੀ ਖੇਡ ਮੈਦਾਨ ਇਸ ਵਿਚ ਸਮਾ ਸਕਦੇ ਹਨ। ਔਕਲੈਂਡ ਦੀ ਤਿੰਨ ਤਿਹਾਈ ਜਨ ਸੰਖਿਆ ਇਥੇ ਸਮਾ ਸਕਦੀ ਹੈ। 1.3 ਕਿਲੋਮੀਟਰ ਦਾ ਇਹ ਘੇਰਾ ਬਣ ਜਾਂਦਾ ਹੈ। ਇਥੇ 13000 ਟੱਨ (ਇਕ ਕਰੋੜ 30 ਲੱਖ ਕਿਲੋਗ੍ਰਾਮ) ਕੰਕਰੀਟ ਲੱਗੀ ਹੈ ਅਤੇ 4000 ਟਰੱਕ ਇਹ ਕੰਕਰੀਟ ਲੈ ਕੇ ਆਏ ਹਨ।



ਬਾਹਰ ਅਤੇ ਅੰਦਰ 47,000 ਬੂਟੇ ਅਤੇ ਦਰੱਖਤ ਲਗਾਏ ਗਏ ਹਨ, ਬਿਲਡਿੰਗ ਵਾਸਤੇ 80% ਸਾਮਾਨ ਲੈਂਡਫਿਲ ਅਤੇ ਰੀਸਾਈਕਲਡ ਕੀਤਾ ਗਿਆ ਵਰਤਿਆ ਗਿਆ। 3000 ਟਰੱਕ ਮਿਟੀ ਦੇ ਲੱਗੇ ਹਨ। 1000 ਕਾਰਾਂ ਲਈ ਪਾਰਕ ਹੈ। 36 ਇਲੈਕਟ੍ਰਿਕ ਵਹੀਕਲ ਚਾਰਜ਼ਰਜ ਹਨ। 25 ਟੋਏਟਾ ਬੀ.ਟੀ. ਰੀਚ ਟਰੱਕ (ਫੌਰਕਲਿਫਟ) ਹਨ ਜੋ ਬਿਜਲਈ ਹਨ ਅਤੇ ਟੇਢੀਆਂ ਹੋ ਜਾਂਦੀਆਂ ਹਨ ਤਾਂ ਕਿ ਆਪਰੇਟਰ ਨੂੰ ਧੌਣ ਵਿੰਗੀ ਨਾ ਕਰਨੀ ਪਵੇ, ਇਹ 12 ਮੀਟਰ ਉਚਾਈ ਤੋਂ ਸੈਂਸਰ ਅਤੇ ਸਕਰੀਨ ਦੇ ਨਾਲ ਸਾਮਾਨ ਹੇਠਾਂ ਉਤੇ ਕਰ ਸਕਦੀ ਹੈ। ਡੀ. ਸੀ. ਦਾ ਕੰਮ 'ਜ਼ੀਰੋ ਮਿਸ' ਦੇ ਉਦੇਸ਼ ਉਤੇ ਹੋਵੇਗਾ ਮਤਲਬ ਕੋਈ ਸਾਮਾਨ ਡਿਗਣ ਦਾ ਖਤਰਾ ਨਹੀਂ। ਦਫਤਰ ਅਤੇ ਡੀ. ਸੀ. ਵਾਸਤੇ ਬਿਜਲੀ ਦੀ ਥਾਂ ਸੂਰਜੀ ਬਿਜਲੀ ਵਰਤੀ ਜਾਵੇਗੀ ਅਤੇ ਨਿਊਜ਼ੀਲੈਂਡ ਦੇ ਵਿਚ ਸਭ ਤੋਂ ਜਿਆਦਾ 2915 ਸੋਲਰ ਪੈਨਲ ਇਕ ਹੀ ਥਾਂ (ਡੀ.ਸੀ. ਬਿਲਡਿੰਗ ਦੇ ਉਤੇ) ਲਗਾਏ ਗਏ ਹਨ।

ਦਫਤਰ ਦੇ ਅੰਦਰ ਦਿਨ ਵਾਲੀ ਰੌਸ਼ਨੀ ਰਹੇ ਉਹ ਵੀ ਕਮਾਲ ਦੀ ਰਗਬੀ ਬਾਲ ਦੀ ਤਰ੍ਹਾਂ ਜਗ੍ਹਾ ਰੱਖੀ ਗਈ ਹੈ। ਦੋ ਵੱਡੇ ਜਨਰੇਟਰ ਹਨ ਕਿਤੇ ਲੋੜ ਪੈ ਜਾਵੇ ਤਾਂ। ਈਵੈਂਟ ਸੈਂਟਰ ਬਣਾਇਆ ਗਿਆ ਹੈ ਜਿਸ ਦੀਆਂ ਕੰਧਾ ਅੱਗੇ ਪਿੱਛੇ ਹੋ ਸਕਦੀਆਂ ਹਨ। 750 ਕੁਰਸੀਆਂ ਮੰਗਵਾਈਆਂ ਗਈਆਂ ਹਨ। ਕੌਫੀ ਹਾਊਸ ਹੈ। ਸਟਾਫ ਵਾਸਤੇ ਲਾਕਰ ਕੀ-ਲੈਸ ਹਨ, ਐਪ ਜਾਂ ਕਾਰਡ ਨਾਲ ਖੁੱਲ੍ਹਣਗੇ ਅਤੇ ਕੋਈ ਕੁੰਡਾ-ਕੁੰਡੀ ਨਹੀਂ ਹੈ।

ਇਹ ਸਾਰੀ ਬਿਲਡਿੰਗ 376 ਦਿਨਾਂ ਦੇ ਵਿਚ ਬਣੀ ਹੈ ਅਤੇ ਕੁੱਲ 3,58,366 ਘੰਟੇ ਕੰਮ ਹੋਇਆ ਹੈ। ਸਟਾਫ ਵਾਸਤੇ ਟੇਬਲ ਮਾਰਕ ਨਹੀਂ ਹਨ ਜਿੱਥੇ ਮਰਜ਼ੀ ਬੈਠੋ। ਸਾਰਾ ਕੁਝ ਮਾਡਰਨ। ਇਥੇ ਇਕ ਬਾਰ ਵੀ ਜਿਸ ਦਾ ਨਾਂਅ ਬਾਰ 1922 ਰੱਖਿਆ ਗਿਆ ਹੈ ਕਿਉਂਕਿ ਫੂਡਸਟੱਫਜ਼ ਕੰਪਨੀ 1922 ਵਿਚ ਸ਼ੁਰੂ ਹੋਈ ਸੀ। ਮਾਣ ਹੈ ਕਿ ਇਥੇ ਛੋਟਾ ਬੇਟਾ ਕੰਮ ਕਰਦਾ ਹੈ।

# ਅੰਬੇਡਕਰਾਈਟ ਲੀਗਲ ਫੋਰਮ ਵਲੋਂ ਪ੍ਰਮੋਸ਼ਨਾਂ ਬਾਰੇ ਪ੍ਰਸੋਨਲ ਵਿਭਾਗ ਦੇ ਹੁਕਮ 'ਤੇ ਰੋਕ ਲਗਾਉਣ ਦੀ ਮੰਗ



**ਜਲੰਧਰ (ਬਿਊਰੋ)–** ਅੰਬੇਡਕਰਾਈਟ ਲੀਗਲ ਫੋਰਮ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਚੰਡੀਗੜ੍ਹ ਵਲੋਂ ਹੁਕਮ ਜਾਰੀ ਕਰਕੇ ਨੌਕਰੀਆਂ ਦੌਰਾਨ ਮਿਲਣ ਵਾਲੀਆਂ ਪ੍ਰਮੋਸ਼ਨਾਂ ਬਾਰੇ ਪ੍ਰਸੋਨਲ ਵਿਭਾਗ ਦੇ ਮਿਤੀ 10-10-2014 ਨੂੰ ਜਾਰੀ ਗੈਰ-ਸੰਵਿਧਾਨਿਕ ਅਤੇ ਵਿਵਾਦਿਤ ਪੱਤਰ ਤੇ ਤਰੁੰਤ ਰੋਕ ਲਗਾਉਣ ਦੇ ਆਦੇਸ਼ ਦਾ ਸਵਾਗਤ ਕੀਤਾ ਹੈ । ਜਿਕਰਯੋਗ ਹੈ ਕਿ ਪ੍ਰਸੋਨਲ ਵਿਭਾਗ ਵਲੋਂ ਪੰਜਾਬ ਸਰਕਾਰ ਦੇ ਐਲੋਕੇਸ਼ਨ ਆਫ ਬਿਜ਼ਨਸ ਰੂਲਜ਼ ਰਾਹੀਂ ਤੈਅ ਕੀਤੇ ਗਏ ਅਧਿਕਾਰ ਖੇਤਰਾਂ ਦੀ ਉਲੰਘਣਾ ਕਰਦਿਆਂ ਆਪਣੇ ਪੱਧਰ ਤੇ ਹੀ ਇਹ ਪੱਤਰ ਜਾਰੀ ਕਰ ਦਿੱਤਾ ਗਿਆ ਸੀ। ਫੋਰਮ ਦੇ ਪ੍ਰਧਾਨ ਐਡਵੋਕੇਟ ਪ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਕਮਿਸ਼ਨ ਦਾ ਇਹ ਫੈਸਲਾ ਮਾਣਯੋਗ ਸੁਪਰੀਮ ਕੋਰਟ ਦੇ ਐਮ. ਨਾਗਰਾਜ ਬਨਾਮ ਭਾਰਤ ਸਰਕਾਰ(2006) ਕੇਸ ਦੇ ਫੈਸਲੇ ਅਤੇ ਭਾਰਤੀ ਸੰਵਿਧਾਨ ਦੀ ਧਾਰਾ 16 (4ਅ) ਅਨੁਸਾਰ ਬਿਲਕੁਲ ਸਹੀ ਅਤੇ ਉਚਿਤ ਹੈ।

ਮਾਣਯੋਗ ਸੁਪਰੀਮ ਕੋਰਟ ਵਲੋਂ ਐਮ. ਨਾਗਰਾਜ ਬਨਾਮ ਭਾਰਤ ਸਰਕਾਰ ਕੇਸ ਦੇ ਫੈਸਲੇ ਅਨੁਸਾਰ ਕੰਪੈਲਿੰਗ ਰੀਜ਼ਨਜ਼ ਸਬੰਧੀ ਲੋੜੀਂਦੇ ਅੰਕੜਿਆਂ ਦੀ ਸ਼ਰਤਾਂ ਦੀ ਮੰਤਰੀ ਪ੍ਰੀਸ਼ਦ ਅਤੇ ਵਿਧਾਨ ਸਭਾ ਦੀ ਪ੍ਰਵਾਨਗੀ ਨਾਲ, ਸਾਲ 2018 ਵਿੱਚ ਹੀ ਸਰਕਾਰ ਵੱਲੋਂ ਪੂਰਤੀ ਕਰ ਲਈ ਗਈ ਸੀ। ਇਸ ਉਪਰੰਤ ਇਸ ਮਾਮਲੇ ਵਿੱਚ ਕਾਨੂੰਨੀ ਅਤੇ ਪ੍ਰਸ਼ਾਸਕੀ ਅੜਚਨਾਂ ਹਮੇਸ਼ਾ ਲਈ ਖਤਮ ਹੋ ਗਈਆਂ ਸਨ। ਇਸ ਲਈ 85ਵੀਂ ਸੋਧ ਸਬੰਧੀ ਹਦਾਇਤਾਂ ਮਿਤੀ 15-12-2005 (ਜੋ ਸਰਕਾਰ ਵਲੋਂ ਕਦੇ ਵੀ ਵਾਪਿਸ ਨਹੀਂ ਲਈਆਂ ਗਈਆਂ) ਕਾਨੂੰਨੀ ਤੌਰ ਤੇ ਪੂਰੀ ਤਰਾਂ ਵੈਲਿਡ ਹੋ ਚੁੱਕੀਆਂ ਹਨ।

ਹੁਣ ਸਮੂਹ ਵਿਭਾਗਾਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 15-12-2005 ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ । ਇਸ ਸਬੰਧੀ ਪੰਜਾਬ ਵਿਧਾਨ ਸਭਾ ਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਕਮੇਟੀ ਦਾ ਰੋਲ ਵੀ ਸ਼ਲਾਘਾਯੋਗ ਰਿਹਾ ਹੈ, ਜਿਸ ਕਰਕੇ ਅਨੁਸੂਚਿਤ ਜਾਤੀ ਵਰਗ ਦੇ ਕਰਮ-ਚਾਰੀਆਂ ਦੇ ਗੈਰਸੰਵਿਧਾਨਿਕ ਤਰੀਕੇ ਨਾਲ ਹੋ ਰਹੇ ਸ਼ੋਸ਼ਣ ਦਾ ਇਹ ਗੰਭੀਰ ਮਾਮਲਾ ਧਿਆਨ ਵਿੱਚ ਆਇਆ ਅਤੇ ਇਸ ਤੇ ਰੋਕ ਲਗਾਉਣੀ ਸੰਭਵ ਹੋ ਸਕੀ। ਇਸ ਮੋਕੇ ਤੇ ਜਲੰਧਰ ਦੇ ਬਹੁਤ ਸਾਰੇ ਹੇਠ ਲਿਖੇ ਵਕੀਲ ਸਾਹਿਬਾਨ ਹਾਜਿਰ ਸਨ, ਐਡ-ਵੋਕੇਟ ਪ੍ਰਿਤ ਪਾਲ ਸਿੰਘ (ਪ੍ਰਧਾਨ), ਐਡਵੋਕੇਟ ਰਾਜੂ ਅੰਬੇਡਕਰ (ਜਨਰਲ ਸਕੱਤਰ), ਐਡਵੋਕੇਟ ਰਜਿੰਦਰ ਆਜਾਦ (ਵਾਈਸ ਪ੍ਰਧਾਨ), ਐਡਵੋਕੇਟ ਬਲਦੇਵ ਪ੍ਰਕਾਸ਼ ਰਲ੍ਹ, ਐਡ-ਵੋਕੇਟ ਰਜਿੰਦਰ ਪਾਲ ਬੋਪਾਰਾਏ, ਐਡਵੋਕੇਟ ਆਰ.ਕੇ. ਮਹਿਮੀ, ਐਡਵੋਕੇਟ ਸਤਪਾਲ ਵਿਰਦੀ, ਐਡਵੋਕੇਟ ਸੂਰਜ ਪ੍ਰਕਾਸ਼ ਲਾਡੀ, ਐਡਵੋਕੇਟ ਹਰਭਜਨ। ਸਾਂਪਲਾ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਸੰਨੀ ਕੌਲ, ਐਡਵੋਕੇਟ ਮਧੂ ਰਚਨਾ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਰਮਨ ਸਿੱਧੂ, ਐਡਵੋਕੇਟ ਹਰਪ੍ਰੀਤ ਸਿੰਘ, ਐਡਵੋਕੇਟ ਚਰਨਜੀਤ ਪੁਆਰੀ, ਐਡਵੋਕੇਟ ਜਗਜੀਵਨ ਰਾਮ, ਐਡਵੋਕੇਟ ਪਵਨ ਵਿਰਦੀ।

# ਫਿਲਮਸਾਜ਼ ਤੇ ਲੇਖਕ ਦਰਸ਼ਨ ਦਰਵੇਸ਼ ਦੀ ਅੰਤਿਮ ਅਰਦਾਸ ਮੌਕੇ ਸ਼ਰਧਾਂਜ਼ਲੀਆਂ ਭੇਟ

**ਭੀਖੀ (ਬਿਊਰੋ)–** ਨੇੜਲੇ ਪਿੰਡ ਕਿਸ਼ਨਗੜ੍ਹ ਫਰਵਾਹੀ ਦੇ ਮਰਹੂਮ ਫਿਲਮਸਾਜ਼ ਤੇ ਲੇਖਕ ਦਰਸ਼ਨ ਦਰਵੇਸ਼ ਦੇ ਭੋਗ ਅਤੇ ਅੰਤਿਮ ਅਰਦਾਸ ਸਮੇਂ ਵੱਖ-ਵੱਖ ਖੇਤਰ ਦੀਆਂ ਪ੍ਰਮੁੱਖ ਸਖ਼ਸ਼ੀਅਤਾਂ ਵੱਲੋਂ ਸ਼ਰਧਾਂਜ਼ਲੀਆਂ ਭੇਟ ਕੀਤੀਆਂ ਗਈਆਂ। ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਦਰਸ਼ਨ ਦਰਵੇਸ਼ ਨਮਿੱਤ ਰੱਖੇ ਸਹਿਜ ਪਾਠ ਦੇ ਭੋਗ ਤੋਂ ਪਿੱਛੋਂ ਵੱਖ-ਵੱਖ ਬੁਲਾਰਿਆਂ ਨੇ ਬੋਲਦਿਆਂ ਕਿਹਾ ਕਿ ਦਰਸ਼ਨ ਦਰਵੇਸ਼ ਇੱਕ ਸਿਰੜੀ ਕਿਸਮ ਦਾ ਇਨਸਾਨ ਸੀ ਜੋ ਹਰ ਕੰਮ ਪੂਰੀ ਲਗਨ ਨਾਲ ਨੇਪਰੇ ਚਾੜ੍ਹਨ ਵਿੱਚ ਵਿਸ਼ਵਾਸ ਰੱਖਦਾ ਸੀ, ਉਹ ਭਾਵੇਂ ਫਿਲਮ ਦਾ ਖੇਤਰ ਹੋਵੇ ਜਾਂ ਫਿਰ ਸਾਹਿਤ ਦਾ, ਉਸਨੇ ਪਿੰਡ ਕਿਸ਼ਨਗੜ੍ਹ ਫਰਵਾਹੀ ਤੋਂ ਉਠ ਬੰਬੇ ਤੱਕ ਸਫ਼ਰ ਤਹਿ ਕੀਤਾ। ਜਿੱਥੇ ਫਿਲਮਾਂ ਵਿੱਚ ਨਿੱਠ ਕੇ ਕੰਮ ਕੀਤਾ ਉਥੇ ਹੀ ਬਹੁਤ ਸਾਰੀਆਂ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਵੱਖ-ਵੱਖ ਮੈਗਜ਼ੀਨਾਂ ਵਿੱਚ ਬਤੌਰ ਸੰਪਾਦਕ ਕੰਮ ਕੀਤਾ। ਪ੍ਰਸਿੱਧ ਫਿਲਮ ਡਾਇਰੈਕਟਰ ਮਨਮੋਹਨ ਸਿੰਘ ਮਨ ਜੀ ਨੇ ਭਰੀਆਂ ਅੱਖਾਂ ਬੋਲਦਿਆਂ ਕਿਹਾ ਕਿ ਦਰਸ਼ਨ ਦਰਵੇਸ਼ ਨੂੰ ਉਹਨਾਂ ਵੱਲੋਂ ਜੋ ਵੀ ਕੰਮ ਦਿੱਤਾ ਜਾਂਦਾ ਸੀ, ਉਸਨੂੰ



ਪੂਰੀ ਤਨਦੇਹੀ ਨਾਲ ਨਿਭਾਇਆ, ਅਜੇ ਉਸਨੇ ਬਹੁਤ ਕੁਝ ਕਰਨਾ ਸੀ ਜੋ ਅਧੂਰਾ ਰਹਿ ਗਿਆ। ਉਹਨਾਂ ਵੱਲੋਂ ਪਰਿਵਾਰ ਨਾਲ ਹਰ ਸਮੇਂ ਖੜੇ ਰਹਿਣ ਦਾ ਅਹਿਦ ਕੀਤਾ। ਇਸ ਮੌਕੇ ਹਲਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਸ਼ਾਇਰ ਦਰਸ਼ਨ ਬੁੱਟਰ, ਮਨਜੀਤ ਕੌਰ ਔਲਖ, ਅਦਾਕਾਰ ਅਮਨ ਧਾਲੀਵਾਲ, ਦਰਸ਼ਨ ਔਲਖ, ਯਾਦਵਿੰਦਰ ਸਿੱਧੂ, ਲੇਖਕ ਨਿਰੰਜਣ ਬੋਹਾ, ਅਵਤਾਰਜੀਤ ਆਦਿ ਨੇ ਦਰਸ਼ਨ ਦਰਵੇਸ਼ ਨੂੰ ਸ਼ਰਧਾਜਲੀਆਂ ਭੇਟ ਕੀਤੀਆਂ।



ਪੰਜਾਬ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨਾਲ
ਪੱਤਰਕਾਰ ਤੇ ਲੇਖਕ ਕਰਨ ਭੀਖੀ ਟਿੱਕਰੀ ਬਾਰਡਰ ਦਿੱਲੀ ਵਿਖੇ ਕਾਲ਼ੇ ਕਾਨੂੰਨਾਂ ਸਬੰਧੀ ਵਿਚਾਰ ਚਰਚਾ ਕਰਦੇ ਹੋਏ।

# ਬਾਬੂ ਸਿੰਘ ਚੌਹਾਨ ਦਾ ਸਦੀਵੀ ਵਿਛੋੜਾ!

ਪੰਜਾਬੀ ਦੇ ਨਾਮਵਰ ਸ਼ਾਇਰ ਬਾਬੂ ਸਿੰਘ ਚੌਹਾਨ ਕੱਲ ਸਦੀਵੀ ਵਿਛੋੜਾ ਦੇ ਗਏ ਹਨ। ਫ਼ਤਹਿਗੜ ਸਾਹਿਬ ਜ਼ਿਲੇ ਦੇ ਕਸਬਾ ਖਮਾਣੋ ਨੇੜੇ ਪਿੰਡ ਗੋਸਲਾਂ ਦੇ ਜੰਮਪਲ ਬਾਬੂ ਸਿੰਘ



ਚੌਹਾਨ ਸਾਹਿਤਕਾਰ ਹੋਣ ਦੇ ਨਾਲ ਨਾਲ ਸਮਾਜ ਸੇਵੀ ਵੱਜੋਂ ਵੀ ਸਰਗਰਮ ਰਹੇ। ਉਹਨਾਂ ਦੋ ਕਾਵਿ-ਸੰਗ੍ਰਹਿ 'ਸੱਜਰੀ ਪੈੜ' ਅਤੇ 'ਅੱਖਰ ਅੱਖਰ ਅਹਿਸਾਸ', ਵਿਅੰਗ ਰਚਨਾਵਾਂ ਦੀ ਕਿਤਾਬ 'ਸੱਚ ਬੋਲਿਆਂ ਭਾਂਬੜ ਮੱਚਦਾ ਏ', ਬਾਲ ਸਾਹਿਤ ਪੁਸਤਕਾਂ 'ਚਿੜੀਆਂ ਨੂੰ ਲਿਖਾਂ ਚਿੱਠੀਆਂ' ਅਤੇ 'ਯਾਦਾਂ ਦੀ ਚੰਗੇਰ' ਅਤੇ ਇਤਿਹਾਸ ਬਾਰੇ ਖੋਜ ਪੁਸਤਕਾਂ 'ਖੇਮੋ ਬੇਗਮ ਤੋਂ ਹੁਣ ਤੀਕ ਖਮਾਣੋ', 'ਦੀਵਾਨ ਟੋਡਰ ਮੱਲ', 'ਸਿੱਖ ਇਤਿਹਾਸ ਦੇ ਸਰੋਕਾਰ, ਜੀਵਨ ਤੇ ਫ਼ਲਸਫ਼ਾ' ਅਤੇ ਸ਼ਹੀਦੀ ਪੈਂਡੇ' ਮੁੱਲਵਾਨ ਕਿਤਾਬਾਂ ਸਾਹਿਤ ਜਗਤ ਦੀ ਝੋਲੀ ਪਾਈਆਂ। ਉਹ ਲੰਮੇ ਸਮੇਂ ਤੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਅਤੇ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਸਰਗਰਮ ਜੀਵਨ ਮੈਂਬਰ ਸਨ। ਉਹ ਸਾਹਿਤ ਸਭਾ, ਖਮਾਣੋ ਅਤੇ ਪੰਜਾਬੀ ਸਾਹਿਤ ਸਭਾ (ਰਜਿ.) ਸੰਘੋਲ ਦੇ ਲੰਮਾ ਸਮਾ ਪ੍ਰਧਾਨ ਵੀ ਰਹੇ। ਗੁਰੂ ਘਰ ਅਤੇ ਲੋਕ ਸੇਵਾ ਨੂੰ ਪ੍ਰਣਾਏ ਉਹ ਗੁਰਦੁਆਰਾ ਪ੍ਰਬੰਧਕ ਕਮੇਟੀ, ਖਮਾਣੋ ਦੇ ਸਾਲ 1977 ਤੋਂ 1997 ਤਕ ਪ੍ਰਧਾਨ ਅਤੇ ਨਗਰ ਕੌਂਸਲ, ਖਮਾਣੋ ਦੇ 1998 ਤੋਂ 2003 ਤਕ ਕੌਂਸਲਰ ਰਹੇ। ਸ਼੍ਰੀ ਸੁਰਿੰਦਰ ਰਾਮਪੁਰੀ ਨੇ 'ਬਾਬੂ ਸਿੰਘ ਚੌਹਾਨ-ਜੀਵਨ ਅਤੇ ਚੋਣਵੇਂ ਗੀਤ' ਖੋਜ ਪੁਸਤਕ ਦੀ ਸੰਪਾਦਨਾ ਕਰਕੇ ਸ਼੍ਰੀ ਬਾਬੂ ਸਿੰਘ ਚੌਹਾਨ ਦੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਭਰਪੂਰ ਜਾਣਕਾਰੀ ਦਿੱਤੀ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ-ਦਰਸ਼ਨ ਬੁੱਟਰ, ਜਨਰਲ ਸਕੱਤਰ-ਡਾ. ਸੁਖਦੇਵ ਸਿੰਘ ਸਿਰਸਾ ਅਤੇ ਸਮੁੱਚੀ ਕਾਰਜਕਾਰਨੀ ਨੇ ਸ਼੍ਰੀ ਬਾਬੂ ਸਿੰਘ ਚੌਹਾਨ ਦੇ ਸਦੀਵੀ ਵਿਛੋੜੇ ਉੱਤੇ ਉਹਨਾਂ ਦੇ ਪਰਿਵਾਰਾਂ ਅਤੇ ਸਨੇਹੀਆਂ ਨਾਲ ਹਾਰਦਿਕ ਸੰਵੇਦਨਾ ਪ੍ਰਗਟ ਕੀਤੀ ਹੈ।

**ਡਾ. ਸੁਖਦੇਵ ਸਿੰਘ ਸਿਰਸਾ,**
**ਜਨਰਲ ਸਕੱਤਰ**
**ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)**
91-98156-36565

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਨੌਦੀਪ ਗੰਧੜ ਦੀ ਰਿਹਾਈ ਲਈ ਦੇਸ਼ ਭਗਤ ਯਾਦਗਾਰ ਹਾਲ 'ਚੋਂ ਉੱਠੀ ਆਵਾਜ਼

**ਜਲੰਧਰ (ਬਿਊਰੋ)–** ਨੌਦੀਪ ਗੰਧੜ ਨੂੰ ਬਿਨਾਂ ਸ਼ਰਤ ਰਿਹਾ ਕਰਨ, ਉਸ 'ਤੇ ਜਬਰ ਢਾਹੁਣ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ, ਲੋਕ-ਵਿਰੋਧੀ ਕਾਲ਼ੇ ਕਾਨੂੰਨ ਵਾਪਸ ਲੈਣ ਦੀ ਜੋਰਦਾਰ ਮੰਗ ਕਰਦਿਆਂ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਗੰਭੀਰ ਵਿਚਾਰ-ਚਰਚਾ ਕਰਨ ਉਪਰੰਤ ਰੋਸ ਵਿਖਾਵਾ ਕੀਤਾ ਗਿਆ।




ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਾਹਿਤਕ/ਸਭਿਆਚਾਰਕ ਸੰਸਥਾ ਫੁਲਕਾਰੀ ਅਤੇ ਮਾਨਵਵਾਦੀ ਰਚਨਾ ਮੰਚ ਪੰਜਾਬ ਦੇ ਦੇਸ ਰਾਜ ਕਾਲੀ, ਰਮੇਸ਼ ਚੋਹਕਾ, ਜਗਦੀਸ਼ ਰਾਣਾ, ਚਾਨਣ ਰਾਮ ਵਡਾਲਾ, ਰਾਕੇਸ਼ ਆਨੰਦ, ਤਰਕਸ਼ੀਲ ਸੋਸਾਇਟੀ ਜਲੰਧਰ ਦੇ ਪਰਮਜੀਤ ਕਲਸੀ, ਇਸਤਰੀ ਜਾਗਰਤੀ ਮੰਚ ਦੀ ਜਸਵੀਰ ਜੱਸੀ, ਪੇਂਡੂ ਮਜ਼ਦੂਰ ਯੂਨੀਅਨ ਦੇ ਕਸ਼ਮੀਰ ਸਿੰਘ ਘੁੱਗਸ਼ੋਰ, ਜਮਹੂਰੀ ਅਧਿਕਾਰ ਸਭਾ ਦੇ ਵਿਸ਼ਵ ਮਿੱਤਰ ਬੰਮੀ, ਪੀਪਲਜ਼ ਵਾਇਸ ਦੇ ਡਾ. ਮਹੇਸ਼ਵਰ ਅਤੇ ਡਾ.ਸੈਲੇਸ਼ ਨੇ ਵਿਚਾਰ-ਚਰਚਾ ਵਿੱਚ ਹਿੱਸਾ ਲਿਆ।

ਉਹਨਾਂ ਕਿਹਾ ਕਿ ਦਲਿਤ ਪਰਿਵਾਰ 'ਚ ਜੰਮੀ ਜਾਈ ਚੇਤਨ ਅਤੇ ਜੁਝਾਰੂ ਵਿਚਾਰਾਂ ਦੀ ਧਾਰਨੀ ਨੌਦੀਪ ਗੰਧੜ ਨੇ ਸਨਅਤੀ ਕਾਮਿਆਂ ਅਤੇ ਕਿਸਾਨ ਅੰਦੋਲਨ 'ਚ ਉਸਨੇ ਅਤੇ ਉਸਦੇ ਪਰਿਵਾਰ ਨੇ ਬਣਦਾ ਯੋਗਦਾਨ ਪਾਇਆ ਹੈ ਅਤੇ ਸੋਨੀਪਤ ਮਜ਼ਦੂਰਾਂ ਦੇ ਹੱਕਾਂ ਲਈ ਨੌਦੀਪ ਨੂੰ ਸਜ਼ਾ ਦਿੱਤੇ ਜਾਣ ਨੂੰ ਇਨਸਾਫ਼-ਪਸੰਦ ਲੋਕ ਕਦਾਚਿਤ ਸਹਿਣ ਨਹੀਂ ਕਰਨਗੇ। ਵਿਚਾਰ-ਚਰਚਾ 'ਚ ਕਿਹਾ ਗਿਆ ਕਿ ਨੌਦੀਪ ਉਪਰ ਹੱਲਾ ਬੋਲ ਕੇ ਅਤੇ ਗੁੰਮਰਾਹਕੁੰਨ ਪ੍ਰਚਾਰ ਕਰਕੇ ਭਾਜਪਾ ਦੀਆਂ ਲੋਕਾਂ ਅਤੇ ਕਿਸਾਨ ਅੰਦੋਲਨ ਵਿੱਚ ਦੁਫੇੜ ਪੈਂਦਾ ਕਰਨ ਵਾਲੀਆਂ ਕਾਰਸ਼ਤਾਨੀਆਂ ਅਤੇ ਜਬਰ ਜ਼ੁਲਮ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਏਗਾ।

# ਪ੍ਰਿੰਸੀਪਲ ਰਾਜਵਿੰਦਰ ਕੌਰ ਸਿੱਧੂ ਬਣੇ ਡਾਕਟਰ

**ਬੰਗਾ (ਸੁਰਜੀਤ ਮਜਾਰੀ)** ਸਿੱਖਿਆ ਖੇਤਰ 'ਚ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾ ਰਹੇ ਬੰਗਾ ਵਾਸੀ ਰਾਜਵਿੰਦਰ ਕੌਰ ਸਿੱਧੂ ਵਲੋਂ ਅਕਾਦਮਿਕ ਪ੍ਰਾਪਤੀਆਂ 'ਚ ਵਾਧਾ ਕਰਦਿਆਂ ਪੀ ਐਚ ਡੀ ਦੀ ਡਿਗਰੀ ਹਾਸਲ ਕੀਤੀ ਗਈ ਹੈ। ਉਹਨਾਂ ਨੂੰ ਇਹ ਡਿਗਰੀ ਦੇਸ਼ ਭਗਤ ਯੂਨੀ-ਵਰਸਿਟੀ ਗੋਬਿੰਦਗੜ੍ਹ (ਫ਼ਤਹਿਗੜ ਸਾਹਿਬ) ਦੇ ਅੱਠਵੇਂ ਸਲਾਨਾ ਕੰ-ਨਵੋਕੇਸ਼ਨ ਦੌਰਾਨ ਪ੍ਰਦਾਨ ਕੀਤੀ ਗਈ। ਦੱਸਣਯੋਗ ਹੈ ਕਿ ਇਸ ਡਿਗਰੀ ਤਹਿਤ ਪੰਜਾਬੀ ਨਾਟਕ ਅਧੀਨ ਡਾ. ਸ਼ਤੀਸ਼ ਕੁਮਾਰ ਵਰਮਾ ਦੇ ਰੰਗ ਮੰਚ, ਰੇਡੀਓ, ਟੀਵੀ ਅਤੇ ਸਿਨੇਮਾ ਲਈ ਲਿਖੇ ਨਾਟਕੀ ਪਾਠਾਂ ਦਾ



ਵਿਧਾਗਤ ਅਧਿਐਨ ਦੇ ਵਿਸ਼ੇ 'ਤੇ ਕੀਤਾ ਗਿਆ ਇਹ ਖੋਜ ਕਾਰਜ ਪੰਜਾਬੀ ਸਾਹਿਤ ਨਾਲ ਜੁੜੇ ਹਰ ਵਰਗ ਲਈ ਲਾਹੇਬੰਦ ਸਾਬਤ ਹੋਵੇਗਾ। ਇਸ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਡਾ. ਰਾਜਿੰਦਰ ਕੌਰ ਸਿੱਧੂ ਨੇ ਇਸ ਕਾਰਜ ਲਈ ਨਾਮਵਰ ਨਾਟਕਕਾਰ ਡਾ. ਦੇਵਿੰਦਰ ਕੁਮਾਰ ਵਲੋਂ ਮਿਲੀ ਪ੍ਰੇਰਨਾ ਅਤੇ ਜੀਵਨ ਸਾਥੀ ਬਲਦੇਵ ਸਿੰਘ ਸਿੱਧੂ ਵਲੋਂ ਮਿਲੇ ਸਹਿਯੋਗ ਲਈ ਵੀ ਧੰਨਵਾਦ ਕੀਤਾ। ਉਕਤ ਪ੍ਰਾਪਤੀ 'ਤੇ ਉਹਨਾਂ ਨੂੰ ਵਿੱਦਿਅਕ, ਸਮਾਜਿਕ ਅਤੇ ਸਾਹਿਤਕ ਸੰਸਥਾਵਾਂ ਦੇ ਨੁਮਾਇੰਦਿਆਂ ਵਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

# ਡਾ. ਤੀਰ ਦਾ ਸਫ਼ਰਨਾਮਾ 'ਆਓ ਆਸਟ੍ਰੇਲੀਆ ਚੱਲੀਏ' ਲੋਕ-ਅਰਪਣ

**ਜਲੰਧਰ (ਬਿਊਰੋ)–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਅਹਿਮ ਮੀਟਿੰਗ ਸਭਾ ਦੇ ਪ੍ਰਧਾਨ ਮਦਨ ਵੀਰਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਾਹਿਤ ਸਭਾ ਦੇ ਸਰਪ੍ਰਸਤ ਡਾ. ਮਨਮੋਹਨ ਸਿੰਘ ਤੀਰ ਦਾ ਦੂਜਾ ਸਫ਼ਰਨਾਮਾ 'ਆਓ ਆਸਟ੍ਰੇਲੀਆ ਚੱਲੀਏ' ਲੋਕ-ਅਰਪਣ ਕੀਤਾ ਗਿਆ।ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਪਿਛਲੇ ਲਗ-ਪਗ ਤਿੰਨ ਮਹੀਨੇ ਤੋਂ ਦਿੱਲੀ ਦੇ ਬਾਰਡਰ ਤੇ ਚੱਲ ਰਹੇ ਕਿਸਾਨ-ਮਜ਼ਦੂਰ ਅੰਦੋਲਨ ਦੇ ਹੱਕ ਵਿਚ ਅਤੇ ਤਿੰਨੋ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਮਤਾ ਪੇਸ਼ ਕੀਤਾ ਜਿਸ ਦੀ ਸਭਾ ਦੇ ਸਾਰੇ ਮੈਂਬਰਾਂ ਨੇ ਗਰਮਜੋਸ਼ੀ ਨਾਲ ਹਿਮਾਇਤ ਕਰਦਿਆਂ ਖੇਤੀ ਕਾਨੂੰਨ ਹਰ ਹਾਲ ਵਾਪਸ ਹੋਣ ਦੀ ਪ੍ਰਤੀਬੱਧਤਾ ਦੁਹਰਾਈ।



ਡਾ. ਤੀਰ ਦੇ ਸਫ਼ਰਨਾਮੇ ਬਾਰੇ ਗੱਲ ਕਰਦਿਆਂ ਮਦਨ ਵੀਰਾ ਅਤੇ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਸਾਹਿਤ ਵਿਚ ਸਫ਼ਰਨਾਮਿਆਂ ਦੀ ਵਿਰਾਸਤ ਬੜੀ ਅਮੀਰ ਹੈ।ਡਾ. ਤੀਰ ਦੇ ਸਫ਼ਰਨਾਮੇ ਨਾਲ ਇਸ ਵਿਚ ਗੁਣਾਤਮਕ ਵਾਧਾ ਹੋਇਆ ਹੈ।ਡਾ. ਤੀਰ ਨੇ ਆਪਣੇ ਲਗਾਤਾਰ ਆਸਟ੍ਰੇਲੀਆ ਦੌਰਿਆਂ ਨਾਲ ਉਥੋਂ ਦੇ ਸਮਾਜ, ਸਭਿਆਚਾਰ, ਖ਼ੂਬਸੂਰਤ ਸ਼ਹਿਰਾਂ, ਲਾਇਬ੍ਰੇਰੀਆਂ, ਸਿਹਤ ਸੇਵਾਵਾਂ, ਸਕੂਲਾਂ, ਬੱਚਿਆਂ, ਜੀਵਨ-ਜਾਚ ਅਤੇ ਲੋਕਾਚਾਰ ਦਾ ਗੰਭੀਰਤਾ ਅਤੇ ਬਾਰੀਕਬੀਨੀ ਨਾਲ ਅਧਿਐਨ ਕੀਤਾ ਹੈ। ਵਿਸ਼ਲੇਸ਼ਣ ਕਰਦਿਆਂ ਉਹ ਇੱਥੋਂ ਅਤੇ ਉਥੋਂ ਦੀ ਚੰਗੀ ਵਿਰਾਸਤ ਦੀ ਜਿੱਥੇ ਪ੍ਰਸੰਸਾ ਕਰਨੀ ਨਹੀਂ ਭੁਲਦੇ ਨਾਲ ਦੀ ਨਾਲ ਮਾੜੀ ਗੱਲ ਤੇ ਉਂਗ਼ਲ ਧਰਨੋ ਵੀ ਗੁਰੇਜ਼ ਨਹੀਂ ਕਰਦੇ।ਕਹਾਣੀਕਾਰ ਹੋਣ ਨਾਤੇ ਉਨ੍ਹਾਂ ਨੇ ਪੇਸ਼ ਘਟਨਾਵਾਂ ਨੂੰ ਕਹਾਣੀ ਕਲਾ ਦੀ ਇਉਂ ਪੁਠ ਚਾੜ੍ਹੀ ਹੈ ਕਿ ਇੱਕ ਵਾਰ ਸਫ਼ਰਨਾਮਾ ਸ਼ੁਰੂ ਕਰਨ ਵਾਲਾ ਪਾਠਕ ਸਾਰੀ ਪੁਸਤਕ ਪੜ੍ਹ ਕੇ ਹੀ ਦਮ ਲੈਂਦਾ ਹੈ।ਬਾਕੀ ਮੈਂਬਰਾਂ ਨੇ ਵੀ ਸੰਖੇਪਤਾ ਨਾਲ ਆਪਣੀ ਰਾਇ ਦਿੰਦਿਆਂ ਡਾ. ਤੀਰ ਨੂੰ ਇਸ ਆਹਲਾ ਪੁਸਤਕ ਪਈ ਵਧਾਈ ਦਿੱਤੀ।ਡਾ. ਤੀਰ ਨੇ ਸਭਾ ਦੀ ਇਸ ਕਾਰਵਾਈ ਲਈ ਸਭ ਦਾ ਧੰਨਵਾਦ ਕੀਤਾ।ਇਸ ਮੌਕੇ ਜਸਬੀਰ ਸਿੰਘ ਧੀਮਾਨ, ਤ੍ਰਿਪਤਾ ਕੇ. ਸਿੰਘ, ਡਾ. ਅਜੀਤ ਸਿੰਘ ਜੱਬਲ, ਡਾ. ਸੁਖਦੇਵ ਸਿੰਘ ਢਿੱਲੋਂ, ਸਤੀਸ਼ ਕੁਮਾਰ, ਕੁਲਤਾਰ ਸਿੰਘ ਕੁਲਤਾਰ, ਕੁਲਵੰਤ ਸਿੰਘ, ਹਰਵਿੰਦਰ ਸਾਬੀ, ਪਰਮਜੀਤ ਕੌਰ, ਸੁਰਜੀਤ ਸਿੰਘ, ਪਰਵੀਨ, ਰਾਜ ਕੁਮਾਰ ਆਦਿ ਹਾਜ਼ਰ ਸਨ।

# ਵਿਧਾਇਕ ਧਾਲੀਵਾਲ ਵਲੋਂ ਪਿੰਡ ਚੱਕ ਹਕੀਮ ਦੀ ਧਰਮਸ਼ਾਲਾ ਨੂੰ 5 ਲੱਖ ਰੁਪੈ ਦੀ ਗਰਾਂਟ ਜਾਰੀ

## ਸ੍ਰੀ ਗੁਰੂ ਰਵਿਦਾਸ ਜੀ ਨੇ ਸਾਨੂੰ ਹੱਕ, ਸੱਚ 'ਤੇ ਪਹਿਰਾ ਦੇਣ ਦਾ ਰਾਹ ਦਿਖਾਇਆ ਸੀ- ਧਾਲੀਵਾਲ

**ਫਗਵਾੜਾ (ਬੀ. ਕੇ. ਰੱਤੂ)–** ਫਗਵਾੜਾ ਤੋਂ ਵਿਧਾਇਕ ਸ. ਬਲਵਿੰਦਰ ਸਿੰਘ ਧਾਲੀਵਾਲ ਵਲੋਂ ਅੱਜ ਪਿੰਡ ਚੱਕ ਸਾਹਨੀ ਵਿਖੇ ਸਰੋਮਣੀ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਦੇ ਪ੍ਰਬੰਧਕਾਂ ਨੂੰ 5 ਲੱਖ ਰੁਪੈ ਦੀ ਗਰਾਂਟ ਦਾ ਚੈੱਕ ਸੌਂਪਿਆ ਗਿਆ। ਇਸ ਮੌਕੇ ਉਹਨਾਂ ਗੁਰੂ ਘਰ ਦਾ ਅਸ਼ੀਰਵਾਦ ਵੀ ਪ੍ਰਾਪਤ ਕੀਤਾ ਅਤੇ ਦਿੱਲੀ ਵਿਖੇ ਪਿਛਲੇ 3 ਮਹੀਨਿਆਂ ਤੋਂ ਆਪਣੇ ਹੱਕਾਂ ਦੀ ਲੜਾਈ ਲੜ ਰਹੇ ਕਿਸਾਨਾਂ ਦੀ ਚੜਦੀ ਕਲਾ ਦੀ ਅਰਦਾਸ ਬੇਨਤੀ ਵੀ ਕੀਤੀ।



ਉਹਨਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਾਨੂੰ ਹੱਕ, ਸੱਚ 'ਤੇ ਪਹਿਰਾ ਦੇਣ ਦਾ ਰਾਹ ਦਿਖਾਇਆ ਸੀ ਅਤੇ ਉਹਨਾਂ ਵਲੋਂ ਦਿੱਤੀਆਂ ਸਿਖਿਆਵਾਂ ਦੇ ਅਨੁਸਾਰ ਹੀ ਸਾਨੂੰ ਵਰਤਮਾਨ ਸਮੇਂ ਆਪਣੇ ਸੂਬੇ ਦੇ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਲੜਾਈ ਵਿਚ ਯੋਗਦਾਨ ਦੇਣਾ ਚਾਹੀਦਾ ਹੈ।

ਉਹਨਾਂ ਧਰਮਸ਼ਾਲਾ ਦੇ ਪ੍ਰਬੰਧਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਫਗਵਾੜਾ ਹਲਕੇ ਦੇ ਸਰਬਪੱਖੀ ਵਿਕਾਸ ਦੇ ਨਾਲ-ਨਾਲ ਸਾਰੇ ਧਰਮਾਂ ਦੇ ਸਥਾਨਾਂ ਦੇ ਆਲੇ-ਦੁਆਲੇ ਨੂੰ ਵਿਕਸਤ ਕਰਨ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਸ ਮੌਕੇ ਧਰਮਸ਼ਾਲਾ ਦੇ ਪ੍ਰਬੰਧਕਾਂ ਵਲੋਂ ਉਹਨਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਇਸ ਮੌਕੇ ਗੁਰਦਿਆਲ ਸਿੰਘ ਭੁੱਲਾਰਾਈ ਚੇਅਰਮੈਨ ਬਲਾਕ ਸੰਮਤੀ, ਨਰੇਸ਼ ਭਾਰਦਵਾਜ ਚੇਅਰਮੈਨ ਮਾਰਕੀਟ ਕਮੇਟੀ, ਬੀ.ਡੀ.ਪੀ.ਓ. ਸੁਖਦੇਵ ਸਿੰਘ, ਦਵਿੰਦਰ ਕੁੱਲਮ, ਵਿਨੋਦ ਵਰਮਾਨੀ, ਮੁਨੀਸ਼ ਪ੍ਰਭਾਕਰ, ਕੁਲਵਿੰਦਰ ਸਰਪੰਚ ਚੱਕ ਹਕੀਮ , ਓਮ ਪ੍ਰਕਾਸ਼ ਬਿੱਟੂ, ਅਸ਼ੋਕ ਭਤੀਜਾ, ਯਸ਼ ਬਰਨਾ, ਗੁਰਦਿਆਲ ਸੋਢੀ, ਕ੍ਰਿਸ਼ਨ ਦਾਸ ਹਾਜ਼ਰ ਸਨ।

# ਅਨੁਸੂਚਿਤ ਜਾਤੀਆਂ ਬਾਰੇ ਰਵੀ ਸ਼ੰਕਰ ਪ੍ਰਸਾਦ ਨੇ ਰਾਜ ਸਭਾ ਵਿਚ ਦਿੱਤਾ ਵੱਡਾ ਬਿਆਨ

**ਨਵੀਂ ਦਿੱਲੀ–** ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਅਨੁਸੂਚਿਤ ਜਾਤੀਆਂ ਦੇ ਬਾਰੇ ਰਾਜ ਸਭਾ ਵਿਚ ਵੱਡਾ ਬਿਆਨ ਦਿੱਤਾ ਹੈ। ਉਹਨਾਂ ਕਿਹਾ ਕਿ ਇਸਲਾਮ ਅਤੇ ਇਸਾਈ ਧਰਮ ਵਿਚ ਸ਼ਾਮਲ ਹੋਣ ਵਾਲੇ ਦਲਿਤਾਂ ਨੂੰ ਰਾਖਵੇਂਕਰਨ ਦਾ ਲਾਭ ਨਹੀਂ ਮਿਲਣਗੇ। ਉਹਨਾਂ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਅਜਿਹੇ ਲੋਕ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਸੀਟਾਂ ਤੋਂ ਸੰਸਦੀ ਜਾਂ ਵਿਧਾਨ ਸਭਾ ਚੋਣਾਂ ਨਹੀਂ ਲੜ ਸਕਣਗੇ। ਵੀਰਵਾਰ ਨੂੰ ਪ੍ਰਸਾਦ ਨੇ ਰਾਜ ਸਭਾ ਵਿਚ ਟਵਿਟਰ ਸਣੇ ਕਈ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਚਿਤਾਵਨੀ ਦਿੱਤੀ। ਭਾਰਤੀ ਜਨਤਾ ਪਾਰਟੀ ਦੇ ਮੈਂਬਰ ਜੀਵੀਐਲ ਨਰਸਿਮ੍ਹਾ ਰਾਓ ਨੇ ਕਾਨੂੰਨ ਮੰਤਰੀ ਨੂੰ ਹੋਰ ਧਰਮਾਂ ਬਾਰੇ ਸਵਾਲ ਕੀਤਾ ਸੀ। ਇਸ 'ਤੇ ਪ੍ਰਸਾਦ ਨੇ ਕਿਹਾ ਕਿ ਜਿਹਨਾਂ ਨੇ ਹਿੰਦੂ, ਸਿੱਖ ਅਤੇ ਬੋਧੀ ਧਰਮ ਅਪਣਾਇਆ ਹੈ, ਉਹ ਅਨੁਸੂਚਿਤ ਜਾਤੀਆਂ ਲਈ ਰਾਖਵੀਂ ਸੀਟ ਤੋਂ ਚੋਣ ਲੜ ਸਕਦੇ ਹਨ। ਇਹਨਾਂ ਧਰਮਾਂ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਰਿਜ਼ਰਵੇਸ਼ਨ ਦਾ ਲਾਭ ਵੀ ਮਿਲੇਗਾ। ਇਸ ਤੋਂ ਇਲਾਵਾ ਉਹਨਾਂ ਰਾਖਵੇਂ ਸੰਵਿਧਾਨਕ ਖੇਤਰਾਂ ਤੋਂ ਚੋਣ ਲੜਨ ਦੇ ਮਾਪਦੰਡਾਂ ਬਾਰੇ ਵੀ ਗੱਲ ਕੀਤੀ। ਕਾਨੂੰਨ ਮੰਤਰੀ ਨੇ ਸੰਵਿਧਾਨ (ਅਨੁਸੂਚਿਤ ਜਾਤੀਆਂ) ਦੇ ਪੈਰਾ 3 ਦਾ ਹਵਾਲਾ ਦਿੱਤਾ ਹੈ। ਉਹਨਾਂ ਕਿਹਾ ਕਿ ਇਸ ਦੇ ਤਹਿਤ ਜਿਹੜਾ ਵੀ ਵਿਅਕਤੀ ਹਿੰਦੂ, ਸਿੱਖ ਜਾਂ ਬੋਧ ਤੋਂ ਇਲਾਵਾ ਹੋਰ ਧਰਮ ਦਾ ਹੈ, ਉਸ ਨੂੰ ਰਾਖਵਾਂਕਰਨ ਨਹੀਂ ਮਿਲ ਸਕਦਾ।



# ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਵੱਲੋਂ ਪੰਜਾਬ ਯੂਨੀਵਰਸਿਟੀ ਮੈਂਬਰ ਸੈਨੇਟਰਾਂ 'ਚ ਰਿਜ਼ਰਵੇਸ਼ਨ ਦੀ ਮੰਗ

**ਚੰਡੀਗੜ੍ਹ–** ਨੈਸ਼ਨਲ ਸ਼ਡਿਊਲਡ ਕਾਸਟ ਅਲਾਈਂਸ, ਜੋ ਅਨੁਸੂਚਿਤ ਜਾਤੀਆਂ ਦੇ ਜੀਵਨ ਪੱਧਰ ਨੂੰ ਉੱਪਰ ਚੁੱਕਣ ਅਤੇ ਸੁਧਾਰ ਲਿਆਉਣ ਲਈ ਇੱਕ ਸਮਾਜਿਕ ਸੰਸਥਾ, ਨੇ ਪੰਜਾਬ ਯੂਨੀਵਰਸਿਟੀ ਵਿਖੇ ਸੈਨੇਟ ਚੋਣਾਂ ਵਿਚ ਅਨੁਸੂਚਿਤ ਜਾਤੀ ਭਾਈਚਾਰੇ ਲਈ ਸੀਟਾਂ ਦੇ ਰਾਖਵੇਂਕਰਨ ਬਾਰੇ ਭਾਰਤ ਦੇ ਉਪ ਰਾਸ਼ਟਰਪਤੀ ਸ੍ਰੀ ਵੈਂਕਈਆ ਨਾਇਡੂ ਨੂੰ ਪੱਤਰ ਭੇਜਿਆ। ਪੀਯੂ ਦੀ ਚੋਟੀ ਦੀ ਪ੍ਰਬੰਧਕ ਕਮੇਟੀ, ਸੈਨੇਟ ਦਾ ਕਾਰਜਕਾਲ ਪਿਛਲੇ ਸਾਲ 31 ਅਕਤੂਬਰ ਨੂੰ ਖਤਮ ਹੋਇਆ ਸੀ। ਸਿੰਡੀਕੇਟ ਦੀ ਕਾਰਜਕਾਰੀ ਸੰਸਥਾ, ਪੀਯੂ ਦਾ ਕਾਰਜਕਾਲ ਵੀ 31 ਦਸੰਬਰ ਨੂੰ ਖਤਮ ਹੋ ਗਿਆ ਸੀ। ਇਸ ਦੇ ਮੈਂਬਰ ਸੈਨੇਟਰਾਂ ਵਿਚੋਂ ਚੁਣੇ ਜਾਂਦੇ ਹਨ। ਇਸ ਲਈ, ਯੂਨੀਵਰਸਿਟੀ ਹੁਣ ਗਵਰਨਿੰਗ ਬਾਡੀ ਦੇ ਬਿਨਾਂ ਕੰਮ ਕਰ ਰਹੀ ਹੈ। ਪੰਜਾਬ ਯੂਨੀਵਰਸਿਟੀ ਦੀ ਸੈਨੇਟ ਸਰਵਉੱਚ ਸਰਕਾਰੀ ਸੰਸਥਾ ਹੈ, ਜਿਸ ਵਿਚ ਲਗਭਗ 90 ਮੈਂਬਰ ਹੁੰਦੇ ਹਨ, ਜਿਨ੍ਹਾਂ ਵਿਚੋਂ ਅੱਧੇ ਵੋਟਿੰਗ ਰਾਹੀਂ ਚੁਣੇ ਜਾਂਦੇ ਹਨ। ਪੰਜਾਬ ਯੂਨੀਵਰਸਿਟੀ ਵਿੱਚ ਦਹਾਕਿਆਂ ਤੋਂ ਸੈਨੇਟ ਦੀਆਂ ਚੋਣਾਂ 'ਚ ਗ੍ਰੈਜੂਏਟ ਪ੍ਰਿੰਸੀਪਲ ਆਦਿ ਯੂਨੀਵਰਸਿਟੀ ਦੀ ਚੋਣ ਰਾਹੀਂ ਚੁਣੇ ਜਾਂਦੇ ਰਹੇ ਹਨ।



ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ, "ਐਸਸੀ ਅਤੇ ਐਸਟੀ ਨੂੰ ਲੰਮੇ ਸਮੇਂ ਤੋਂ ਸੈਨੇਟ ਵਿੱਚ ਢੁਕਵੀਂ ਨੁਮਾਇੰਦਗੀ ਨਹੀਂ ਮਿਲੀ ਹੈ। ਇਹ ਅਸਾਨੀ ਨਾਲ ਪਤਾ ਲਗਾਇਆ ਜਾ ਸਕਦਾ ਹੈ ਕਿ ਅਨੁਸੂਚਿਤ ਜਾਤੀ ਭਾਈਚਾਰੇ ਦੀ ਨੁਮਾਇੰਦਗੀ ਨੂੰ ਦਹਾਕਿਆਂ ਤੋਂ ਅਣਗੌਲਿਆ ਕੀਤਾ ਜਾ ਰਿਹਾ ਹੈ ਜਦੋਂ ਕਿ ਯੂਨੀਵਰਸਿਟੀ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਵਿਦਿਆਰਥੀਆਂ ਦੀ ਗਿਣਤੀ ਵੱਧ ਰਹੀ ਹੈ। ਯੂਨੀਵਰਸਿਟੀ ਪ੍ਰਸ਼ਾਸਨ ਦਾ ਇਹ ਫਰਜ਼ ਬਣਦਾ ਹੈ ਕਿ ਉਹ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਲੋੜੀਂਦੀ ਨੁਮਾਇੰਦਗੀ ਪ੍ਰਦਾਨ ਕਰੇ ਜਿਨ੍ਹਾਂ ਨੂੰ ਦੂਸਰੇ ਭਾਈਚਾਰਿਆਂ ਦੁਆਰਾ ਪ੍ਰਸਤੁਤ ਨਹੀਂ ਕੀਤਾ ਜਾ ਰਿਹਾ ਹੈ। ਪੰਜਾਬ ਭਰ ਵਿੱਚ ਸਮਾਜਿਕ ਵੱਖਰੇਵਿਆਂ ਅਤੇ ਵਿਤਕਰੇ ਦੇ ਤਾਜ਼ਾ ਮਾਮਲਿਆਂ ਨੇ ਯੂਨੀਵਰਸਿਟੀ ਪੱਧਰ ਤੇ ਸਮਾਜ ਦੇ ਵਿਦਿਆਰਥੀਆਂ ਨਾਲ ਆਪਣੇ ਅਧਿਕਾਰਾਂ ਲਈ ਡਰ ਦੀ ਭਾਵਨਾ ਪੈਦਾ ਕੀਤੀ ਹੈ, ਜਿਥੇ ਪ੍ਰਸ਼ਾਸਨਿਕ ਸੰਸਥਾ ਵਿੱਚ ਉਨ੍ਹਾਂ ਦਾ ਢੁਕਵਾਂ ਪ੍ਰਤੀਨਿਧ ਨਹੀਂ ਹੁੰਦਾ। ਕੈਂਥ ਨੇ ਕਿਹਾ ਕਿ "ਮਾਨਯੋਗ ਸੁਪਰੀਮ ਕੋਰਟ ਵਲੋਂ ਦਿੱਤੇ ਫੈਸਲਿਆਂ ਦੇ ਸਿਲਸਿਲੇ ਵਿਚ ਇਹ ਮੰਨਿਆ ਗਿਆ ਹੈ ਕਿ ਰਾਖਵਾਂਕਰਨ ਬਰਾਬਰੀ ਦੇ ਨਿਯਮ ਦਾ ਅਪਵਾਦ ਨਹੀਂ ਹੈ, ਬਲਕਿ ਬਰਾਬਰੀ ਦਾ ਪਹਿਲੂ ਹੈ। ਸਾਡਾ ਸੰਵਿਧਾਨ ਬਰਾਬਰੀ ਅਤੇ ਬਰਾਬਰੀ ਦੇ ਸੰਕਲਪ ਨੂੰ ਮਾਨਤਾ ਦਿੰਦਾ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਬਰਾਬਰੀ ਦਾ ਮਿਆਰ ਤਾਂ ਹੀ ਪੂਰਾ ਹੁੰਦਾ ਹੈ ਜਦੋਂ ਇਸ ਨੂੰ ਪ੍ਰਾਪਤ ਕਰਨ ਲਈ ਹਾਸ਼ੀਏ 'ਤੇ ਅਤੇ ਕਾਨੂੰਨੀ ਤੌਰ' ਤੇ ਕੀਤਾ ਜਾਂਦਾ ਹੈ। ਹਾਲਾਂਕਿ, ਇਹ ਬਹੁਤ ਅਸੰਤੁਸ਼ਟੀ ਦੀ ਗੱਲ ਹੈ ਕਿ ਇਕ ਭਾਈਚਾਰੇ ਦੇ ਵਿਦਿਆਰਥੀ, ਜੋ ਇਤਿਹਾਸਕ ਤੌਰ 'ਤੇ ਵਿਤਕਰੇ ਦਾ ਸ਼ਿਕਾਰ ਹੋਏ ਹਨ, ਨੂੰ ਇਸ ਗਿਆਨ ਦੇ ਖੇਤਰ ਵਿਚ ਅਤੇ ਖਾਸ ਕਰਕੇ ਕਾਂਗਰਸ,ਖੱਬੇਪੱਖੀ ਪਾਰਟੀਆਂ , ਅਕਾਲੀ ਦਲ ਸਮੇਤ ਵੱਡੀਆਂ ਰਾਜਨੀਤਿਕ ਪਾਰਟੀਆਂ ਵਿਚ ਜੋ ਹਾਸ਼ੀਏ 'ਤੇ ਚੱਲਣ ਵਾਲੇ ਲੋਕਾਂ ਦੇ ਹੱਕਾਂ ਦਾ ਦਾਅਵਾ ਕਰਦੀਆਂ ਹਨ, ਨੇ ਕਦੇ ਇਹ ਮੁੱਦਾ ਚੁੱਕਿਆ ਹੈ। ਜੇ ਸਾਡੀ ਮੰਗ ਮੰਨ ਲਈ ਜਾਂਦੀ ਹੈ, ਤਾਂ ਇਹ ਸਰਕਾਰ ਲਈ ਸਹੀ ਦਿਸ਼ਾ ਵੱਲ ਇਕ ਕਦਮ ਸਾਬਤ ਹੋਏਗੀ ਜੋ ਐਸਸੀ ਭਾਈਚਾਰੇ ਦੀ ਭਲਾਈ ਨੂੰ ਸਮਰਪਿਤ ਗਤੀਵਿਧੀਆਂ ਵਿਚ ਉਤਸ਼ਾਹ ਪ੍ਰਦਾਨ ਕਰੇਗੀ।

ਕੈਂਥ ਅਪੀਲ ਕੀਤੀ ਕਿ ਸੈਨੇਟ ਦੀਆਂ ਚੋਣਾਂ ਦੀ ਪ੍ਰਕਿਰਿਆ ਜਿਹੜੀ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਦੀ ਅਣਹੋਂਦ ਵਿੱਚ ਪੈਂਡਿੰਗ ਹੈ ਕਿਉਂਕਿ ਇਹ ਭਾਰਤ ਦੇ ਸੰਵਿਧਾਨ ਦੁਆਰਾ ਦਿੱਤੇ ਭਲਾਈ ਅਤੇ ਨਿਆਂ ਦੇ ਸਿਧਾਂਤਾਂ ਅਤੇ ਉਪਰੋਕਤ ਰਾਖਵੇਂਕਰਨ ਦੀਆਂ ਵਿਵਸਥਾਵਾਂ ਦੇ ਵਿਰੁੱਧ ਹੈ। ਇਸ ਸਬੰਧ ਵਿੱਚ ਇੱਕ ਪੱਤਰ ਗ੍ਰਹਿ ਮੰਤਰਾਲੇ ਅਤੇ ਸਿੱਖਿਆ ਮੰਤਰਾਲੇ ਨੂੰ ਵੀ ਭੇਜਿਆ ਗਿਆ ਹੈ।

ਹੁਸ਼ਿਆਰਪੁਰ/ ਸ਼ਾਮਚੁਰਾਸੀ ਖਬਰਨਾਮਾ / ਕੁਲਦੀਪ ਚੁੰਬਰ

# ਤਲਵੰਡੀ ਅਰਾਈਆਂ ਵਿਖੇ ਸ਼ਹੀਦੀ ਪੁਰਬ ਸਮਾਪਤ

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਆਪਣੀ ਕੌਮ ਦੀ ਖਾਤਰ ਹੱਸ-ਹੱਸ ਕੇ ਜਾਨਾਂ ਨਿਛਾਬਰ ਕਰਨ ਵਾਲੇ ਆਉਣ ਵਾਲੀਆਂ ਨਸਲਾਂ ਲਈ ਬਹੁਤ ਵੱਡਾ ਪ੍ਰੇਰਨਾ ਸਰੋਤ ਬਣਦੇ ਹਨ ਜਿਸ ਲਈ ਸਿੱਖ ਇਤਿਹਾਸ ਕਈ ਹੋਰ ਮਹਾਨ ਗੁਰੂਆਂ ਸਮੇਤ ਸ਼ਹੀਦ ਬਾਬਾ ਦੀਪ ਸਿੰਘ ਦੀ ਲਾਸਾਨੀ ਕੁਰਬਾਨੀ ਇਸ ਦਾ ਜਿਉਦਾ ਜਾਗਦਾ ਸਬੂਤ ਹੈ ਜਿਹੜੇ ਕਿ ਸਰੀਰਕ ਤੌਰ ਤੇ ਜੁਦਾ ਹੋਣ ਦੇ ਬਾਵਜੂਦ ਅਮਰ ਹਨ। ਇਹ ਵਿਚਾਰ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਨੇ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਤਲਵੰਡੀ ਅਰਾਈਆਂ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਹਰਦੇਵ ਸਿੰਘ ਤਲਵੰਡੀ ਅਰਾਈਆਂ ਦੀ ਦੇਖ ਰੇਖ ਹੇਠ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਤਿੰਨ ਦਿਨਾਂ ਸ਼ਹੀਦੀ ਸਮਾਗਮ ਦੌਰਾਨ ਬਾਬਾ ਦੀਪ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਂਟ ਕਰਦੇ ਹੋਏ ਸੰਗਤਾਂ ਨਾਲ ਸਾਂਝੇ ਕੀਤੇ। ਇਨ੍ਹਾਂ ਤੋਂ ਇਲਾਵਾ ਅਕਾਲ ਤਖਤ ਸ਼੍ਰੀ ਅੰਮ੍ਰਿਤਸਰ ਦੇ ਸਾਬਕਾ



ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਵੀ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ, ਸੰਘਰਸ਼ ਅਤੇ ਸ਼ਹੀਦੀ ਦੇ ਚਾਨਣਾ ਪਾਇਆ। ਇਨ੍ਹਾਂ ਤੋ ਇਲਾਵਾ ਪੰਥ ਦੇ ਮਹਾਨ ਰਾਗੀਆਂ ਮੀਰੀ ਪੀਰੀ ਜਥਾ ਜਗਾਧਰੀ, ਭਾਈ ਸੁਰਿੰਦਰ ਸਿੰਘ ਹਜੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਸਪਾਲ ਸਿੰਘ ਤਾਨ, ਭਾਈ ਜਸਵਿੰਦਰ ਸਿੰਘ ਪਰਮਾਰ, ਭਾਈ ਮੇਜਰ ਸਿੰਘ ਅਤੇ ਹੋਰਾਂ ਨੇ ਕੀਰਤਨ ਸਰਵਣ ਕਰਵਾਇਆ। ਸਟੇਜ ਸਕੱਤਰ ਦੀ ਸੇਵਾ ਸੀਨੀਅਰ ਮੈਨੇਜਰ ਕਰਨੈਲ ਸਿੰਘ ਅਤੇ ਗੁਰਮੇਲ ਸਿੰਘ ਮੂੰਡੀਆਂ ਨੇ ਨਿਭਾਈ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਨਾ ਪ੍ਰੋ. ਹਰਬੰਸ ਸਿੰਘ ਬੋਲੀਨਾ, ਸੰਤ ਰਣਜੋਧ ਸਿੰਘ, ਸੰਤ ਤੇਜਾ ਸਿੰਘ, ਸੰਤ ਬਲਵੀਰ ਸਿੰਘ ਬਿਰਧ ਆਸ਼ਰਮ, ਗਿਆਨੀ ਸੁਖਵਿੰਦਰ ਸਿੰਘ, ਬਾਬਾ ਹਰਮਨਜੀਤ ਸਿੰਘ, ਬਾਬਾ ਗੁਰਦੇਵ ਸਿੰਘ ਤਰਨਾ ਦੱਲ, ਹਰਪ੍ਰੀਤ ਸਿੰਘ ਸ਼ੇਰਪੁਰ, ਮਹੰਤ ਪ੍ਰਿਤਪਾਲ ਸਿੰਘ, ਐਸ ਪੀ ਅਮਰੀਕ ਸਿੰਘ ਧਾਮੀ, ਤਰਲੋਚਨ ਸਿੰਘ ਧਾਮੀ, ਇੰਦਰਜੀਤ ਸਿੰਘ ਗੋਲਡੀ, ਹਰਜਿੰਦਰ ਸਿੰਘ ਵਿਰਦੀ, ਹਰਭਜਨ ਸਿੰਘ, ਹਜੂਰਾ ਸਿੰਘ, ਬਲਦੇਵ ਸਿੰਘ, ਗਿਆਨੀ ਜਸਵਿੰਦਰ ਸਿੰਘ ਬੜਿਆਲ, ਕੁਲਜੀਤ ਸਿੰਘ ਗੋਲਡੀ ਵੀ ਸ਼ਾਮਿਲ ਹੋਏ।

# ਐਨ ਸੀ ਸੀ ਕੈਂਪ ਦੌਰਾਨ ਵੱਖ-ਵੱਖ ਗਤੀਵਿਧੀਆਂ ਕਰਵਾਈਆਂ

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਜਿਲ੍ਹਾ ਜਲੰਧਰ ਵਿਖੇ ਸਤਿਕਾਰਯੋਗ ਸੰਤ ਬਾਬਾ ਦਿਲਾਵਰ ਸਿੰਘ ਜੀ (ਬ੍ਰਹਮ ਜੀ), ਮਾਣਯੋਗ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਅਸ਼ੀਰਵਾਦ ਨਾਲ 8 ਪੰਜਾਬ ਬਟਾਲੀਅਨ ਐਨ.ਸੀ.ਸੀ. ਦੇ ਏ.ਟੀ.ਸੀ ਪੰਜ ਰੋਜਾ ਕੈਂਪ ਦੇ ਤੀਸਰੇ ਦਿਨ ਕੈਡਿਟਸ ਨੂੰ ਸਲਾਮੀ ਸ਼ੱਸਤਰ, ਫੀਲਡ ਕਰਾਫਟ, ਬੈਟਲ ਕਰਾਫਟ, ਮੈਪ ਰੀਡਿੰਗ ਦੀ ਟ੍ਰੇਨਿੰਗ ਕਰਵਾਈ ਗਈ। ਇਸ ਮੌਕੇ ਭਾਰਤ ਸਰਕਾਰ ਦੇ ਸਪੈਸ਼ਲ ਸਕੱਤਰ ਕਰਨਲ ਸੁਖਦੇਵ ਰਾਜ, ਆਈ. ਪੀ. ਐਸ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਹਨਾਂ ਵੱਖ-ਵੱਖ ਸੇਵਾਵਾਂ ਵਿੱਚ ਦਾਖਲ ਹੋਣ



ਦੀਆਂ ਵਿਧੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਲਈ ਹੋਣ ਵਾਲੀਆਂ ਦਾਖਲਾ ਪ੍ਰੀਖਿਅਵਾਂ ਅਤੇ ਇਸ ਦੇ ਲਈ ਤਿਆਰੀ ਦੇ ਤਰੀਕਿਆਂ ਬਾਰੇ ਜਾਣੂ ਕਰਵਾਇਆ। ਡਾ. ਧਰਮਜੀਤ ਸਿੰਘ ਪਰਮਾਰ, ਵਾਈਸ ਚਾਂਸਲਰ - ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਨੇ ਕੈਡਿਟਸ ਨੂੰ ਐਨ.ਸੀ.ਸੀ. ਦੇ ਸਰਟੀਫਿਕੇਟਾਂ ਦੀ ਮਹੱਤਤਾ ਬਾਰੇ ਦੱਸਦੇ ਹੋਏ ਏਕਤਾ ਅਤੇ ਅਨੁਸ਼ਾਸ਼ਨ ਦੀ ਪ੍ਰੀਭਾਸ਼ਾ ਤੋਂ ਜਾਣੂ ਕਰਵਾਇਆ। ਇਸ ਤੋਂ ਬਾਅਦ ਐਨ.ਸੀ.ਸੀ. ਕੈਡਿਟਸ ਵਲੋਂ ਨਸ਼ਾ-ਮੁਕਤੀ ਅਤੇ ਸਵੱਛ ਭਾਰਤ ਅਭਿਆਨ ਸੰਬੰਧੀ ਜਾਗਰੂਕਤਾ ਲਈ ਲਾਗਲੇ ਪਿੰਡਾਂ ਵਿੱਚ ਰੈਲੀ ਵੀ ਕੱਢੀ ਗਈ। ਕਰਨਲ ਸੁਖਦੇਵ ਰਾਜ, ਆਈ. ਪੀ. ਐਸ ਦਾ ਸ. ਹਰਦਮਨ ਸਿੰਘ ਮਿਨਹਾਸ ਅਤੇ ਡਾ. ਧਰਮਜੀਤ ਸਿੰਘ ਪਰਮਾਰ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸ. ਹਰਦਮਨ ਸਿੰਘ ਮਿਨਹਾਸ (ਸਕੱਤਰ - ਸੰਤ ਬਾਬਾ ਭਾਗ ਸਿੰਘ ਮੈਮੋਰੀਅਲਚੈਰੀਟੇਬਲ ਸੋਸਾਈਟੀ), ਸ. ਸੁਰਿੰਦਰ ਸਿੰਘ ਪਰਮਾਰ (ਜੁਆਇੰਟ ਸਕੱਤਰ - ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਚੈਰੀਟੇਬਲ ਸੋਸਾਈਟੀ), ਸ. ਪਰਮਜੀਤ ਸਿੰਘ (ਮੈਂਬਰ ਸੋਸਾਇਟੀ), ਸ. ਕੁਲਜੀਤ ਸਿੰਘ (ਮੈਂਬਰ ਸੋਸਾਇਟੀ), ਰਜਿਸਟ੍ਰਾਰ ਡਾ ਧੀਰਜ ਸ਼ਰਮਾ, ਸਾਰੇ ਡੀਨ, ਅਧਿਆਪਕ ਅਤੇ ਐਨ.ਸੀ.ਸੀ. ਦੇ ਅਧਿਕਾਰੀ ਮੌਜੂਦ ਸਨ।

# ਬੀਬੀ ਜੋਸ਼ ਵਲੋਂ ਸ਼ਾਮਚੁਰਾਸੀ ਵਿਖੇ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ 'ਚ ਚੋਣ ਪ੍ਰਚਾਰ

**ਹੁਸ਼ਿਆਰਪੁਰ/ਸ਼ਾਮਚੁਰਾਸੀ–** ਸ਼੍ਰੋਮਣੀ ਅਕਾਲੀ ਦਲ ਹਲਕਾ ਸ਼ਾਮਚੁਰਾਸੀ ਦੀ ਇੰਚਾਰਜ ਅਤੇ ਸਾਬਕਾ ਮੰਤਰੀ ਬੀਬੀ ਮਹਿੰਦਰ ਕੌਰ ਜੋਸ਼ ਵਲੋਂ ਕਸਬਾ ਸ਼ਾਮਚੁਰਾਸੀ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ ਗਿਆ। ਵਾਰਡ ਨੰਬਰ 1 ਤੋਂ ਕਾਂਤਾ ਦੇਵੀ, ਵਾਰਡ ਨੰਬਰ 2 ਤੋਂ ਮੰਗਲ ਕੁਮਾਰ, ਵਾਰਡ ਨੰਬਰ 3 ਤੋਂ ਸਵਰਾਜ ਕੌਰ, ਵਾਰਡ ਨੰਬਰ 4 ਤੋਂ ਦੁਪਿੰਦਰ ਸਿੰਘ ਬੰਟੀ ਤੇ ਵਾਰਡ ਨੰਬਰ 6 ਤੋਂ ਦਲਜਿੰਦਰ ਸੋਹਲ ਦੇ ਵਾਰਡਾਂ ਵਿਚ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਬੀਬੀ ਮਹਿੰਦਰ ਕੌਰ ਜੋਸ਼ ਨੇ ਕਿ ਕਸਬਾ ਸ਼ਾਮਚੁਰਾਸੀ ਦਾ ਸਰਬਪੱਖੀ ਵਿਕਾਸ ਸਿਰਫ਼ ਤਾਂ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੀ ਹੋਇਆ। ਸ਼ਾਮਚੁਰਾਸੀ ਵਿਚ ਘਰ-ਘਰ ਲਈ ਸਵੱਛ ਪਾਣੀ, ਸਿਹਤ ਸਹੂਲਤਾਂ ਲਈ ਨਵੇਂ ਹਸਪਤਾਲ ਦੀ ਸਥਾਪਨਾ, ਕਸਬੇ ਵਿਚ ਸੀਬਰੇਜ, ਪੱਕੀਆਂ



ਸੜਕਾਂ ਦਾ ਨਿਰਮਾਣ, ਸੇਵਾ ਕੇਦਰ ਦਾ ਨਿਰਮਾਣ ਅਤੇ ਅਨੇਕਾਂ ਹੋਰ ਵਿਕਾਸ ਕਾਰਜ ਪ੍ਰਮੁੱਖ ਹਨ ਜਿਹੜੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੀ ਦੇਣ ਹਨ।

ਇਸ ਤੋਂ ਇਲਾਵਾ ਕਾਂਗਰਸ ਸਰਕਾਰ ਨੇ ਆਪਣੇ 50 ਸਾਲ ਦੇ ਕਾਰਜਕਾਲ ਦੌਰਾਨ ਲੋਕਾਂ ਨੂੰ ਲਾਰਿਆਂ ਤੋਂ ਇਲਾਵਾ ਕੁਝ ਨਹੀਂ ਦਿੱਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸਤਰੀ ਅਕਾਲੀ ਦਲ ਦੀ ਸਰਕਲ ਪ੍ਰਧਾਨ ਰਣਜੀਤ ਕੌਰ ਬੈਂਸ, ਦੋਆਬਾ ਜੋਨ ਦੇ ਸੀਨੀਅਰ ਮੀਤ ਪ੍ਰਧਾਨ ਦਲਜਿੰਦਰ ਸਿੰਘ ਧਾਮੀ, ਸਰਕਲ ਪ੍ਰਧਾਨ ਹਰਜੀਤ ਸਿੰਘ ਸੰਧਰ, ਸਰਕਲ ਪ੍ਰਧਾਨ ਜੱਸਾ ਫੰਬੀਆਂ, ਗੁਰਮੇਲ ਸਿੰਘ ਧਾਲੀਵਾਲ ਪ੍ਰਧਾਨ, ਕੁਲਵਿੰਦਰ ਸਿੰਘ ਬਾਹਦ, ਕੁਲਦੀਪ ਸਿੰਘ ਢੱਡੇ ਫਤਿਹ ਸਿੰਘ, ਸ਼ਹਿਰੀ ਪ੍ਰਧਾਨ ਸੁਭਾਸ਼ ਗੁਪਤਾ, ਯੂਥ ਅਕਾਲੀ ਦਲ ਦੇ ਪ੍ਰਧਾਨ ਕਰਮਜੀਤ ਸਿੰਘ, ਸੁਰਿੰਦਰ ਸਿੰਘ, ਸੋਹਣ ਸਿੰਘ ਸ਼ੇਰੂ, ਮਹਿਤਾਬ ਸਿੰਘ, ਬੀਬੀ ਸਤਵਿੰਦਰ ਕੌਰ ਸੱਤੀ, ਗੁਰਿੰਦਰ ਸਿੰਘ ਰੰਧਾਵਾ, ਗੁਰਦੀਪ ਸਿੰਘ ਹਰਗੜ੍ਹ, ਦਲਜੀਤ ਸਿੰਘ ਰੰਧਾਵਾ ਵੀ ਸ਼ਾਮਿਲ ਹੋਏ।

-------

# ਕਿਸਾਨੀ ਸੰਘਰਸ਼ ਸਾਰੇ ਵਰਗਾਂ ਨੂੰ ਇਕੱਠੇ ਹੋ ਕੇ ਲੜਨਾ ਪੈਣਾ- ਯੋਗਰਾਜ ਸਿੰਘ

**ਸਾਹਨੇਵਾਲ–** "ਪੰਜਾਬੀਆਂ ਨੇ ਏਡਾ ਵੱਡਾ ਅੰਦੋਲਨ ਕਰਕੇ ਇਤਿਹਾਸ ਰਚਿਆ ਹੈ ਅਤੇ ਕਿਸਾਨੀ ਸੰਘਰਸ਼ ਦੀ ਸਫਲਤਾ ਲਈ ਸਾਨੂੰ ਸਾਰੇ ਵਰਗਾਂ ਨੂੰ ਇਕੱਠੇ ਹੋ ਕੇ ਚੱਲਣਾ ਪੈਣਾਂ" ਇਹ ਪ੍ਰਗਟਾਵਾ ਉੱਘੇ ਫ਼ਿਲਮ ਅਦਾਕਾਰ ਯੋਗਰਾਜ ਸਿੰਘ ਨੇ ਅੱਜ ਸਾਹਨੇਵਾਲ ਵਿਖੇ ਅੱਜ ਹੋਈ ਇਲਾਕੇ ਦੇ ਕਿਸਾਨਾਂ ਦੀ ਇਕ ਮੀਟਿੰਗ ਵਿਚ ਕੀਤਾ। ਉਨਹਾਂ ਆਖਿਆ ਕਿ ਪੰਜਾਬੀਓ ਇਸ ਸੰਘਰਸ਼ ਨੂੰ ਆਉਣ ਵਾਲੀਆਂ ਨਸਲਾਂ ਯਾਦ ਕਰਿਆ ਕਰਨਗੀਆ। ਯੋਗਰਾਜ ਸਿੰਘ ਨੇ ਆਪਣੀ ਗੜ੍ਹਕਦਾਰ ਤਕਰੀਰ ਵਿਚ ਆਖਿਆ ਕਿ 1909 ਵਿਚ ਅੰਗਰੇਜ ਹਕੂਮਤ ਨੇ ਵੀ ਇਹੀ ਕਿਸਾਨ ਵਿਰੋਧੀ ਕਾਲੇ ਕਾਨੂੰਨ ਲਾਗੂ ਕਰਕੇ ਜਮੀਨਾਂ ਖੋਹਣ ਦੇ ਮਨਸੂਬੇ ਰਚੇ ਪਰ ਲੱਖਾਂ ਲੋਕਾਂ ਦੇ ਇਸ ਵੱਡੇ ਸੰਘਰਸ਼ ਵਿਚ ਲੋਕ ਵਿਰੋਧ ਵਜੋਂ ਰੇਲਵੇ ਲਾਈਨਾਂ 'ਤੇ ਲੇਟ ਗਏ ਅਤੇ ਹਜਾਰਾਂ ਕਿਸਾਨਾਂ ਨੇ ਸ਼ਹੀਦੀ ਪਾਈ। ਹੁਣ ਵੀ ਕਿਸਾਨ ਆਪਣੀਆਂ ਕੁਰਬਾਨੀਆਂ ਦੇ ਰਹੇ ਹਨ। ਉਨਹਾਂ ਆਖਿਆ ਇਹ ਦੇਸ਼ ਸਾਡਾ ਹੈ ਸਾਡੇ ਪੁਰਖਿਆਂ ਨੇ ਕੁਰਬਾਨੀਆ ਦੇ ਕੇ ਇਸਨੂੰ ਬਚਾਇਆ ਹੈ ਅਸੀਂ ਇਸਦੇ ਟੁਕੜੇ ਨਹੀਂ ਹੋਣ ਦੇਣ ਦੇਣੇ । ਨਾਲ ਹੀ ਆਖਿਆ ਕਿ ਸਮਾਂ ਆ ਗਿਆ ਕਿ ਹੁਣ ਤੁਹਾਨੂੰ ਆਪਣੀ ਰਾਖੀ ਖੁਦ ਕਰਨੀ ਪੈਣੀ ਆ, ਸਟੇਜ ਦੀ ਕਾਰਵਾਈ ਹਰਜੀਤ ਸਿੰਘ ਬਿੱਲੂ ਕਨੇਚ ਨੇ ਬਾਖੂਬੀ ਨਿਭਾਈ ਅਤੇ ਆਏ ਮਹਿਮਾਨਾਂ ਦਾ ਸਨਮਾਨ ਅਤੇ ਕਿਸਾਨਾਂ ਦਾ ਧੰਨਵਾਦ ਵੀ ਕੀਤਾ।

ਉਹਨਾਂ ਨਾਲ ਆਏ ਸ. ਕਰਨਵੀਰ ਸਿੰਘ ਕੰਗ ਨੇ ਆਖਿਆ ਕਿ ਇਹ ਲੜਾਈ ਇਕੱਲੇ ਕਿਸਾਨਾਂ ਦੀ ਨਹੀਂ ਸਗੋਂ



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਯੋਗਰਾਜ ਸਿੰਘ ਅਤੇ ਸ਼ਾਮਲ ਕਿਸਾਨ

ਖਪਤਕਾਰਾਂ ਦੀ ਵੀ ਹੈ। ਬੁਲਾਰਿਆਂ ਵਲੋਂ ਸ਼ਪਸ਼ਟ ਕੀਤਾ ਗਿਆ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਦੇ ਆਗੂ ਸਾਡੇ ਸਤਿਕਾਰਯੋਗ ਅਤੇ ਸਾਂਝੇ ਆਗੂ ਹਨ ਅਗਲਾ ਪ੍ਰੋਗਰਾਮ ਉਨਹਾਂ ਦੀ ਸਹਿਮਤੀ ਅਤੇ ਸਮਾਂ ਸਹੂਲਤ ਅਨੁਸਾਰ ਹੀ ਉਲੀਕਆ ਜਾਵੇਗਾ। ਬੁਲਾਰਿਆਂ ਨੇ ਸਿਰਮੌਰ ਕਿਸਾਨ ਆਗੂ ਚੌਧਰੀ ਰਾਕੇਸ਼ ਟਿਕੈਤ, ਬਲਬੀਰ ਸਿੰਘ ਰਾਜੇਵਾਲ ਅਤੇ ਜੋਗਿੰਦਰ ਸਿੰਘ ਉਗਰਾਹਾਂ ਸਮੇਤ ਸਾਰੇ ਕਿਸਾਨ ਆਗੂਆਂ ਵਲੋਂ ਲੜੀ ਜਾ ਰਹੀ ਲੜਾਈ ਲਈ ਪੂਰਨ ਸਹਿਯੋਗ ਦਾ ਭਰੋਸਾ ਵੀ ਦਿੱਤਾ। ਪ੍ਰਬੰਧਕਾਂ ਵਲੋਂ ਯੋਗਰਾਜ ਸਮੇਤ ਆਏ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ। ਕਿਰਸਾਣੀ ਇਕੱਠ ਵਿਚ ਵਾਰ ਵਾਰ ਕਿਸਾਨ ਮਜਦੂਰ ਏਕਤਾ ਦੇ ਨਾਅਰੇ ਲੱਗਣ ਨਾਲ ਮੀਟਿੰਗ ਵਿਚ ਜੋਸ਼ ਬਰਕਰਾਰ ਰਿਹਾ। ਇਹ ਮੀਟਿੰਗ ਸ. ਦਵਿੰਦਰ ਸਿੰਘ ਚਹਿਲ ਆੜਤੀਆ,ਗੁਰਦੀਪ ਸਿੰਘ ਭੋਲਾ ਪ੍ਰਧਾਨ, ਹਰਜੀਤ ਸਿੰਘ ਬਿੱਲੂ ਕਨੇਚ, ਸ਼ਰਨਜੀਤ ਸਿੰਘ ਗਰਚਾ ਕੋਹਾੜਾ ਅਤੇ ਦਲਜੀਤ ਸਿੰਘ ਬਰਵਾਲਾ ਦੀ ਪਹਿਲ ਅਤੇ ਐਨ.ਆਰ.ਆਈਜ਼ ਬਲਰਾਜ ਸਿੰਘ ਜਿੰਪੀ ਯੂ.ਐਸ.ਏ., ਭਗਵਾਨ ਸਿੰਘ ਭੋਲਾ ਕੈਨੇਡਾ, ਲਾਲੀ ਕੂੰਮ ਕਲਾਂ ਯੂ.ਐਸ.ਏ., ਹਰਦੇਵ ਸਿੰਘ ਸਰਾਓ ਯੂ.ਐਸ.ਏ., ਹੈਪੀ ਬਾਠ ਮਾਣਕੀ ਕੈਨੇਡਾ ਅਤੇ ਗੁਗੀ ਭੰਡਾਲ ਯੂ.ਕੇ. ਦੇ ਸਗਿਯੋਗ ਨਾਲ ਹੋਈ।

ਕਿਸਾਨੀ ਇਕੱਤਰਤਾ ਵਿਚ, ਅਜਮੇਰ ਸਿੰਘ ਧਾਲੀਵਾਲ ਆੜ੍ਹਤੀਆ, ਜਸਮਿੰਦਰ ਸਿੰਘ ਸੰਧੂ, ਲੱਕੀ ਸੰਧੂ ਪ੍ਰਧਾਨ, ਸਨੀ ਗਰੇਵਾਲ, ਕੁਲਬੀਰ ਸਿੰਘ ਭੇਰੋਮੁੰਨਾ, ਨਰਪਾਲ ਸਿੰਘ ਗਰਚਾ, ਗੁਰਬੇਅੰਤ ਸਿੰਘ ਸੰਧੂ ਕੌਂਸਲਰ, ਮਨਜਿੰਦਰ ਸਿੰਘ ਭੋਲਾ ਕੌਂਸਲਰ, ਬਲਬੀਰ ਸਿੰਘ ਭੈਰੋਮੁੰਨਾ ਸਾਬਕਾ ਸਰਪੰਚ, ਸੁਖਵੰਤ ਸਿੰਘ ਗਰਚਾ ਸਰਪੰਚ ਕੋਹਾੜਾ, ਸੋਹਣ ਸਿੰਘ ਢੋਲਣਵਾਲ, ਮਹਿੰਦਰ ਸਿੰਘ ਕੂੰਨਰ,ਬਿੱਲੂ ਰਾਜਗੜ੍ਹ ਸਾਬਕਾ ਸਰਪੰਚ, ਹਰਜਿੰਦਰ ਸਿੰਘ ਕੋਟ ਪਨੈਚ (ਬੀ.ਕੇ.ਯੂ. ਰਾਜੇਵਾਲ), ਸੋਹਣ ਸਿੰਘ ਕਨੇਚ, ਵਰਿੰਦਰ ਸਿੰਘ ਸਰਪੰਚ ਪਵਾ, ਲਾਲੀ ਹਰਾ, ਸੱਤਪਾਲ ਜੋਸ਼ੀਲਾ, ਹਰਬੰਸ ਸਿੰਘ ਸੈਂਸ, ਨਛੱਤਰ ਸਿੰਘ ਢੋਲਣਵਾਲ, ਕੁਲਜੀਤ ਖਾੜਕੂ ਕਬੱਡੀ ਖਿਡਾਰੀ, ਕਮਰ ਸਮਰਾ, ਕੁਲਵਿੰਦਰ ਕਾਲਾ ਕੌਂਸਲਰ, ਰਣਜੋਧ ਸਿੰਘ ਪਾਂਗਲੀ ਸਾਬਕਾ ਪੰਚ ਸਮੇਤ ਇਲਾਕਾ ਸਾਹਨੇਵਾਲ ਦੇ ਕਿਸਾਨ ਅਤੇ ਨੌਜਵਾਨ ਹਾਜਰ ਸਨ।

**– ਪਰਮਜੀਤ ਸਿੰਘ ਬਾਗੜੀਆ**
**(91-98147 65705)**


# ਨਗਰ ਕੌਂਸਲਾਂ ਦੀਆਂ ਚੋਣਾਂ ਵਿਚ ਕਾਂਗਰਸ ਭਾਰੂ, ਕਈ ਥਾਂ ਬਸਪਾ, ਅਕਾਲੀ ਦਲ ਕਾਬਜ਼









ਪੰਜਾਬ ਵਿਚ ਨਗਰ ਨਿਗਮ ਚੋਣਾਂ, ਨਗਰ ਕੌਂਸਲ, ਨਗਰ ਪੰਚਾਇਤਾਂ ਦੀਆਂ ਚੋਣਾਂ 2021 ਦੀਆਂ ਵੋਟਾਂ ਦੀ ਗਿਣਤੀ ਦੇ ਸ਼ੁਰੂਆਤੀ ਦੌਰ ਵਿਚ ਚੋਣ ਨਤੀਜੇ ਸੱਤਾਧਾਰੀ ਪਾਰਟੀ ਕਾਂਗਰਸ ਪੱਖੀ ਨਜ਼ਰ ਆ ਰਹੇ ਹਨ। ਗੁਰਦਾਸਪੁਰ ਤੋਂ ਕਾਂਗਰਸ ਨੇ ਛੇ ਸੀਟਾਂ ’ਤੇ ਜਿੱਤ ਹਾਸਲ ਕਰ ਲਈ ਹੈ। ਪੰਜਾਬ ਭਰ ਵਿਚ ਵੋਟਾਂ ਦੀ ਗਿਣਤੀ ਦਾ ਕੰਮ ਜਾਰੀ ਹੈ।

ਪੰਜਾਬ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ, ਸ਼੍ਰੋਅਦ, ਭਾਜਪਾ ਅਤੇ ਆਪ ਲਈ ਇਹ ਚੋਣਾਂ ਬਹੁਤ ਹੀ ਮਹੱਤਵਪੂਰਨ ਹਨ।

**ਸ੍ਰੀ ਮੁਕਤਸਰ ਸਾਹਿਬ–** ਨਗਰ ਕੌਂਸਲ ਚੋਣਾਂ ’ਚ ਦੁਪਹਿਰ ਸਮੇਂ ਉਮੀਦਵਾਰਾਂ ਦੇ ਕਿਸਮਤ ਦੀ ਪੁੜੀ ਖੁੱਲ ਗਈ ਹੈ। ਬੀਤੀ 14 ਫਰਵਰੀ ਨੂੰ ਵੋਟਾਂ ਪੈਣ ਤੋਂ ਉਪਰੰਤ ਉਮੀਦਵਾਰਾਂ ਦੇ ਕਿਸਮਤ ਦੀ ਪੁੜੀ ਡੱਬਿਆ ’ਚ ਬੰਦ ਸੀ ਜਿਸਦੇ ਡੱਬਿਆਂ ਦਾ ਤਾਲਾ ਖੁਲ੍ਹਿਆ ਤੇ ਬੁੱਧਵਾਰ ਦੁਪਹਿਰ ਸਮੇਂ ਨਤੀਜੇ ਸਾਹਮਣੇ ਆ ਗਏ। ਨਤੀਜਿਆਂ ਅਨੁਸਾਰ ਜ਼ਿਲ੍ਹੇ ਭਰ ’ਚ ਕਾਂਗਰਸ ਪਾਰਟੀ ਮੋਹਰੀ ਰਹੀ। ਕਾਂਗਰਸ ਪਾਰਟੀ ਨੂੰ ਜ਼ਿਲ੍ਹੇ ’ਚ 49 ਸੀਟਾਂ ਮਿਲੀਆਂ ਹਨ ਜਦਕਿ ਵਿਰੋਧੀ ਧਿਰ ਅਕਾਲੀ ਦਲ ਪਾਰਟੀ ਨੂੰ 19 ਸੀਟਾਂ ਪ੍ਰਾਪਤ ਹੋ ਸਕੀਆਂ। ਮੁਕਤਸਰ ’ਚ 31 ਵਾਰਡਾਂ ’ਚੋਂ ਕਾਂਗਰਸ ਦੇ 17 ਉਮੀਦਵਾਰ ਜੇਤੂ ਰਹੇ ਜਦਕਿ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੂੰ 10 ਸੀਟਾਂ, ਆਮ ਆਦਮੀ ਪਾਰਟੀ 2, ਭਾਜਪਾ 1 ਅਤੇ ਅਜਾਦ ਉਮੀਦਵਾਰ 1 ਜੇਤੂ ਰਿਹਾ। ਮਲੋਟ ’ਚ 27 ਵਾਰਡਾਂ ’ਚੋਂ ਕਾਂਗਰਸ ਦੇ 14 ਉਮੀਦਵਾਰ ਜੇਤੂ ਰਹੇ ਜਦਕਿ ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ 9 ਉਮੀਦਵਾਰ ਅਤੇ ‘ਅਜਾਦ’ ਉਮੀਦਵਾਰ 4 ਜੇਤੂ ਰਹੇ। ਗਿੱਦੜਬਾਹਾ ’ਚ ਚੋਣ ਲੜ ਰਹੇ ਕੁੱਲ 19 ਉਮਦੀਵਾਰਾਂ ’ਚੋਂ ਕਾਂਗਰਸ ਪਾਰਟੀ ਦੇ 18 ਉਮੀਦਵਾਰ ਜੇਤੂ ਰਹੇ ਜਦਕਿ ਇਕ ਅਜ਼ਾਦ ਉਮੀਦਵਾਰ ਜੇਤੂ ਰਿਹਾ। ਇੱਥੇ ਜ਼ਿਕਰਯੋਗ ਹੈ ਕਿ ਗਿੱਦੜਬਾਹਾ ਵਿਖੇ ਕਾਂਗਰਸ ਪਾਰਟੀ ’ਤੇ ਧੱਕੇਸ਼ਾਹੀ ਦੇ ਦੋਸ਼ ਲਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਵੱਲੋਂ ਚੋਣਾਂ ਦਾ ਬਾਈਕਾਟ ਕਰ ਦਿੱਤਾ ਸੀ। ਉਨ੍ਹਾਂ ਦਾ ਦੋਸ਼ ਸੀ ਕਾਂਗਰਸ ਪਾਰਟੀ ਨੇ ਧੱਕੇ ਨਾਲ ਪਾਰਟੀ ਉਮੀਦਵਾਰਾਂ ਦੇ ਕਾਗਜ ਰੱਦ ਕਰਵਾਏ ਹਨ ਦੂਜੇ ਪਾਸੇ ਕਾਂਗਰਸ ਪਾਰਟੀ ਵੱਲੋਂ ਦੋਸ਼ਾਂ ਨੂੰ ਬੇਨਿਆਦ ਦੱਸਿਆ ਗਿਆ ਸੀ। ਜੇਤੂ ਉਮੀਦਵਾਰਾਂ ਵੱਲੋਂ ਅੱਜ ਖੁਸ਼ੀ ’ਚ ਭੰਗੜੇ ਪਾਏ ਅਤੇ ਲੱਡੂ ਵੰਡੇ ਗਏ। ਜੇਤੂ ਉਮੀਦਵਾਰਾਂ ਦੇ ਘਰਾਂ ’ਚ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ। ਉਮੀਦਵਾਰਾਂ ਦੇ ਸਮੱਰਥਕਾਂ ਵੱਲੋਂ ਗਲਾਂ ’ਚ ਹਾਰ ਪਾ ਕੇ ਜੇਤੂਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਜੇਤੂ ਉਮੀਦਵਾਰਾਂ ਦੇ ਸਮੱਰਥਕ ਸ਼ਹਿਰ ’ਚ ਡੋਲ ਦੇ ਡੱਗੇ ’ਤੇ ਨੱਚਦੇ ਖੁਸ਼ੀ ਮਨਾਉਂਦੇ ਦਿਖਾਈ ਦਿੱਤੇ।

**ਬਠਿੰਡਾ** ਜ਼ਿਲ੍ਹੇ ਅੰਦਰ ਕਾਰਪੋਰੇਸ਼ਨ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਬਠਿੰਡਾ ਨਗਰ ਨਿਗਮ ਤੋਂ ਇਲਾਵਾ ਨਗਰ ਕੌਂਸਲ ਭੁੱਚੋ ਮੰਡੀ ਮੌੜ ਮੰਡੀ ਰਾਮਾ ਮੰਡੀ ਅਤੇ ਗੋਨਿਆਣਾ ਤੇ ਕਾਂਗਰਸ ਪਾਰਟੀ ਨੇ ਜਿੱਤ ਦਰਜ ਕੀਤੀ ਹੈ ਜਦੋਂਕਿ ਨਗਰ ਪੰਚਾਇਤ ਮਲੂਕਾ ਕੋਠਾਗੁਰੂ ਭਗਤਾ ਭਾਈ ਰੂਪਾ ਮਹਿਰਾਜ ਤੇ ਵੀ ਕਾਂਗਰਸ ਨੇ ਕਬਜ਼ਾ ਕਰ ਲਿਆ ਹੈ। ਬਠਿੰਡਾ ਨਗਰ ਨਿਗਮ ਵਿੱਚ ਪੰਜਾਹ ਵਾਰਡਾਂ ਵਿੱਚੋਂ ਤਰਤਾਈ ਵਾਰਡਾਂ ਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਜੇਤੂ ਰਹੇ ਹਨ ਜਦੋਂਕਿ ਸੱਤ ਵਾਰਡਾਂ ਵਿੱਚ ਅਕਾਲੀ ਦਲ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਬਠਿੰਡਾ ਨਗਰ ਨਿਗਮ ਚੋਣ ਵਿੱਚ ਆਮ ਆਦਮੀ ਪਾਰਟੀ ਆਪਣਾ ਖਾਤਾ ਨਹੀਂ ਖੋਲ੍ਹ ਸਕੀ। ਭਾਰਤੀ ਜਨਤਾ ਪਾਰਟੀ ਨੂੰ ਬਠਿੰਡਾ ਜ਼ਿਲ੍ਹੇ ਵਿੱਚੋਂ ਇੱਕ ਵੀ ਸੀਟ ਪ੍ਰਾਪਤ ਨਹੀਂ ਹੋਈ। ਭੁੱਚੋ ਮੰਡੀ ਨਗਰ ਕੌਂਸਲ ਵਿੱਚ ਦਾਸ ਕਾਂਗਰਸ ਦੋ ਅਕਾਲੀ ਦਲ ਅਤੇ ਇਕ ਆਜ਼ਾਦ ਉਮੀਦਵਾਰ ਨੇ ਜਿੱਤ ਹਾਸਲ ਕੀਤੀ ਹੈ। ਮੌੜ ਨਗਰ ਕੌਂਸਲ ਵਿੱਚ ਵੀ ਕਾਂਗਰਸ ਪਾਰਟੀ ਤੇਰਾਂ ਸ਼੍ਰੋਮਣੀ ਅਕਾਲੀ ਦਲ ਇਕ ਅਤੇ ਤਿੰਨ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ ਜਦੋਂ ਕਿ ਰਾਮਾਂ ਮੰਡੀ ਨਗਰ ਕੌਂਸਲ ਵਿੱਚ ਗਿਆਰਾਂ ਕਾਂਗਰਸ ਦੋ ਅਕਾਲੀ ਦਲ ਅਤੇ ਦੋ ਆਜ਼ਾਦ ਉਮੀਦਵਾਰ ਜੇਤੂ ਰਹੇ ਹਨ। ਨਗਰ ਕੌਂਸਲ ਗੋਨਿਆਣਾ ਵਿਚ ਕਾਂਗਰਸ ਪਾਰਟੀ ਦੇ ਸੱਤ ਅਤੇ ਛੇ ਆਜ਼ਾਦ ਉਮੀਦਵਾਰ ਜੇਤੂ ਰਹੇ ਹਨ । ਨਗਰ ਪੰਚਾਇਤ ਮਹਿਰਾਜ ਵਿੱਚ ਗਿਆਰਾਂ ਕਾਂਗਰਸ ਇਕ ਅਕਾਲੀ ਦਲ ਅਤੇ ਇਕ ਆਜ਼ਾਦ ਉਮੀਦਵਾਰ ਜੇਤੂ ਰਿਹਾ ਹੈ। ਭਾਈਰੂਪਾ ਨਗਰ ਪੰਚਾਇਤ ਵਿਚ ਅੱਠ ਕਾਂਗਰਸ ਚਾਰ ਅਕਾਲੀ ਦਲ ਤੇ ਇਕ ਬਹੁਜਨ ਸਮਾਜ ਪਾਰਟੀ ਦਾ ਉਮੀਦਵਾਰ ਜੇਤੂ ਰਿਹਾ ਹੈ। ਬਠਿੰਡਾ ਨਗਰ ਨਿਗਮ ਮੇਅਰ ਦੇ ਉਮੀਦਵਾਰ ਜਗਰੂਪ ਸਿੰਘ ਗਿੱਲ ਚੌਵੀ ਵੋਟਾਂ ਨਾਲ ਜੇਤੂ ਰਹੇ ਹਨ ਜਦੋਂ ਕਿ ਸੀਨੀਅਰ ਕਾਂਗਰਸੀ ਆਗੂ ਟਹਿਲ ਸਿੰਘ ਸੰਧੂ ਦੀ ਪਤਨੀ ਮਨਜੀਤ ਕੌਰ ਚੋਣ ਹਾਰ ਗਈ ਹੈ।

## ਜੇਤੂ ਉਮੀਦਵਾਰਾਂ ਨੂੰ ਸਰਟੀਫਿਕੇਟ ਨਾ ਦੇਣ ਤੇ ਅਕਾਲੀ ਦਲ ਨੇ ਲਾਇਆ ਧਰਨਾ

**ਭਗਤਾ ਭਾਈ ਕਾ–** ਨਗਰ ਪੰਚਾਇਤ ਭਗਤਾ ਭਾਈਕਾ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਜੇਤੂ ਰਹਿਣ ਵਾਲੇ ਤਿੰਨ ਉਮੀਦਵਾਰਾਂ ਨੂੰ ਚੋਣ ਅਧਿਕਾਰੀਆਂ ਵੱਲੋਂ ਸਰਟੀਫਿਕੇਟ ਜਾਰੀ ਨਾ ਕਰਨ ਦੇ ਰੋਸ ਵਜੋਂ ਅਕਾਲੀ ਦਲ ਨੇ ਧਰਨਾ ਲਗਾ ਦਿੱਤਾ ਹੈ ਨਗਰ ਪੰਚਾਇਤ ਭਗਤਾ ਭਾਈਕਾ ਦੇ ਸਾਬਕਾ ਪ੍ਰਧਾਨ ਰਾਕੇਸ਼ ਕੁਮਾਰ ਗੋਇਲ ਦੀ ਅਗਵਾਈ ਹੇਠ ਇਕੱਤਰ ਹੋਏ ਵੱਡੀ ਗਿਣਤੀ ਵਰਕਰਾਂ ਨੇ ਨਥਾਣਾ ਭਗਤਾ ਰੋਡ ਨੂੰ ਜਾਮ ਕਰ ਦਿੱਤਾ। ਅਕਾਲੀ ਆਗੂ ਦੋਸ਼ ਲਾ ਰਹੇ ਹਨ ਕਿ ਪਹਿਲਾਂ ਕਾਂਗਰਸ ਪਾਰਟੀ ਨੇ ਉਨ੍ਹਾਂ ਦੇ ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਸਨ ਪਰ ਹੁਣ ਜਿੱਤ ਜਾਣ ਵਾਲੇ ਅਕਾਲੀ ਉਮੀਦਵਾਰਾਂ ਨੂੰ ਚੋਣ ਅਧਿਕਾਰੀ ਜੇਤੂ ਸਰਟੀਫਿਕੇਟ ਜਾਰੀ ਨਹੀਂ ਕਰ ਰਹੇ। ਉਨ੍ਹਾਂ ਦੋਸ਼ ਲਾਇਆ ਕਿ ਜੇਤੂ ਉਮੀਦਵਾਰਾਂ ਨੂੰ ਹਾਰਿਆ ਐਲਾਨ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਸ ਦਾ ਅਕਾਲੀ ਦਲ ਡਟਵਾਂ ਵਿਰੋਧ ਕਰੇਗਾ। ਜ਼ਿਕਰਯੋਗ ਹੈ ਕਿ ਤੇਰਾਂ ਵਾਰਡਾਂ ਵਾਲੀ ਇਸ ਨਗਰ ਪੰਚਾਇਤ ਵਿੱਚ ਦੋ ਕਾਂਗਰਸੀ ਉਮੀਦਵਾਰਾਂ ਨੂੰ ਪਹਿਲਾਂ ਹੀ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤਾ ਜਾ ਚੁੱਕਾ ਹੈ ਜਦੋਂ ਕਿ ਗਿਆਰਾਂ ਵਾਰਡਾਂ ਲਈ ਚੌਦਾਂ ਫਰਵਰੀ ਨੂੰ ਵੋਟਾਂ ਪਈਆਂ ਸਨ ਅੱਜ ਅਕਾਲੀ ਆਗੂਆਂ ਨੇ ਉਨ੍ਹਾਂ ਦੇ ਤਿੰਨ ਉਮੀਦਵਾਰਾਂ ਦੇ ਜੇਤੂ ਰਹਿਣ ਦਾ ਦਾਅਵਾ ਕੀਤਾ ਹੈ।

## ਗੁਰਦਾਸਪੁਰ ਵਿੱਚ ਕਾਂਗਰਸ ਨੇ ਸਿਰਜਿਆ ਇਤਿਹਾਸ, ਸਾਰੀਆਂ 29 ਵਾਰਡਾਂ ਜਿੱਤੀਆਂ।

**ਗੁਰਦਾਸਪੁਰ–** ਨਗਰ ਕੌਂਸਲ ਗੁਰਦਾਸਪੁਰ ਲਈ ਹੋਈਆਂ ਚੋਣਾਂ ਵਿੱਚ ਕਾਂਗਰਸ ਨੇ ਇਤਿਹਾਸ ਸਿਰਜ ਦਿੱਤਾ ਹੈ। ਕਾਂਗਰਸ ਉਮੀਦਵਾਰਾਂ ਨੇ ਇੱਥੋਂ ਦੀਆਂ ਸਾਰੀਆਂ 29 ਵਾਰਡਾਂ ਵਿੱਚ ਸ਼ਾਨਦਾਰ ਜਿੱਤ ਹਾਸਿਲ ਕੀਤੀ ਹੈ। ਜਿਕਰਯੋਗ ਹੈ ਕਿ ਇਸ ਵਾਰ ਅਕਾਲੀ ਦਲ ਦੇ 27, ਭਾਜਪਾ ਦੇ 20 ਅਤੇ ਆਪ ਦੇ 18 ਉਮੀਦਵਾਰ ਚੋਣ ਮੈਦਾਨ ਵਿਚ ਡਟੇ ਸਨ ਪਰ ਕਾਂਗਰਸ ਨੇ ਸਾਰੀਆਂ ਵਾਰਡਾਂ ਵਿਚ ਹੂੰਝਾ ਫ਼ੇਰ ਕੇ ਵਿਰੋਧੀਆਂ ਦਾ ਸਫਾਇਆ ਕਰ ਦਿਤਾ। ਇਸਦੇ ਨਾਲ ਹੀ ਗੁਰਦਸਪੁਰ ਕੌਂਸਲ ਤੇ ਕਾਂਗਰਸ ਦਾ ਕਬਜ਼ਾ ਤਾਂ ਹੋਇਆ ਹੀ, ਇਸਤੋਂ ਇਲਾਵਾ ਇਹ ਵੀ ਪਹਿਲੀ ਵਾਰ ਹੋਵੇਗਾ ਕਿ ਪੂਰੇ ਹਾਊਸ ਵਿਚ ਵਿਰੋਧੀ ਦਲਾਂ ਦਾ ਇਕ ਵੀ ਮੈਂਬਰ ਮੌਜੂਦ ਨਹੀਂ ਹੋਵੇਗਾ। ਇਸ ਵੱਡੀ ਇਤਿਹਾਸਕ ਜਿੱਤ ਨਾਲ ਕਾਂਗਰਸ ਖੇਮਾ ਬਾਗੋਬਾਗ ਨਜ਼ਰ ਆ ਰਿਹਾ ਹੈ ਅਤੇ ਗਿਣਤੀ ਕੇਂਦਰ ਮੈਰੀਟੋਰੀਅਸ ਸਕੂਲ ਵਿਖੇ ਪੂਰਾ ਜਸ਼ਨ ਦਾ ਮਾਹੌਲ ਹੈ। ਦੂਜੇ ਪਾਸੇ ਵਿਰੋਧੀ ਖੇਮਿਆਂ ਵਿਚ ਮਾਯੂਸੀ ਛਾਈ ਹੋਈ ਹੈ। ਜੇਤੂ ਉਮੀਦਵਾਰ ਇਸ ਵਿਲੱਖਣ ਜਿੱਤ ਦਾ ਸਿਹਰਾ ਹਲਕੇ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਸਿਰ ਬੰਨ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਹ ਜਿੱਤ ਵਿਧਾਇਕ ਵਲੋਂ ਕਰਵਾਏ ਗਏ ਰਿਕਾਰਡ ਤੋੜ ਵਿਕਾਸ ਕੰਮਾਂ ਕਰਕੇ ਸੰਭਵ ਹੋਈ ਹੈ।

**ਹੁਸ਼ਿਆਰਪੁਰ–** ਨਗਰ ਨਿਗਮ ਹੁਸ਼ਿਆਰਪੁਰ ਲਈ 14 ਫਰਵਰੀ ਨੂੰ ਪਈਆਂ ਵੋਟਾਂ ਦੀ ਗਿਣਤੀ ਜਲੰਧਰ ਰੋਡ ਸਥਿਤ ਪੰਡਤ ਜਗਤ ਰਾਮ ਸਰਕਾਰੀ ਪੌਲੀਟੈਕਨਿਕ ਕਾਲਜ ਹੁਸ਼ਿਆਰਪੁਰ ਵਿੱਚ ਸਵੇਰੇ ਨੌਂ ਵਜੇ ਤੋਂ ਅਰੰਭ ਹੋ ਗਈ ਜਿਸ ਦੇ ਨਾਲ ਹੀ ਚੋਣ ਨਤੀਜੇ ਆਉਣੇ ਸ਼ੁਰੂ ਹੋ ਚੁੱਕੇ ਸਨ। ਇਸ ਮੌਕੇ ਜ਼ਿਲਾ ਪੁਲਿਸ ਮੁਖੀ ਨਵਜੋਤ ਸਿੰਘ ਮਾਹਲ ਆਈਪੀਐਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਦੇ ਆਲਾ ਅਧਿਕਾਰੀਆਂ ਦੀ ਅਗਵਾਈ ਹੇਠ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਜਲੰਧਰ ਰੋਡ ਨੂੰ ਨਿਕਲਦੇ ਵੱਖ ਵੱਖ ਮੁਹੱਲਿਆਂ ਦੇ ਛੋਟੇ ਰਸਤੇ ਵੀ ਸੀਲ ਕੀਤੇ ਹੋਏ ਹਨ। ਚੋਣ ਨਤੀਜੇ ਆਉਂਦਿਆਂ ਸਾਰ ਹੀ ਉਮੀਦਵਾਰ ਜੇਤੂ ਉਮੀਦਵਾਰਾਂ ਦੇ ਢੋਲ ਖੜਕਣੇ ਸ਼ੁਰੂ ਹੋ ਚੁੱਕੇ ਹਨ। ਖਬਰ ਲਿਖੇ ਜਾਣ ਤੱਕ ਨਤੀਜਿਆਂ ਦੀ ਇੰਤਜ਼ਾਰ ਕੀਤੀ ਜਾ ਰਹੀ ਹੈ।

ਹੁਸ਼ਿਆਰਪੁਰ ਦੇ ਵਿਚ ਨਗਰ ਨਿਗਮ ਦੇ ਨਤੀਜੇ ਆਉਣੇ ਲਗਾਤਾਰ ਜਾਰੀ ਸਨ। ਹੁਣ ਤਕ 40 ਵਾਰਡਾਂ ਦਾ ਨਤੀਜਾ ਸਾਹਮਣੇ ਆ ਚੁੱਕਾ ਹੈ, ਜਿਸ ਵਿਚ ਇਕੱਤੀ ਸੀਟਾਂ ਕਾਂਗਰਸ ਪਾਰਟੀ ਨੇ ਜਿੱਤੀਆਂ ਹਨ। ਤਿੰਨ ਸੀਟਾਂ ਆਜ਼ਾਦ ਉਮੀਦਵਾਰ, ਦੋ ਆਮ ਆਦਮੀ ਪਾਰਟੀ ਤੇ ਚਾਰ ਸੀਟਾਂ 'ਤੇ ਆਪਣਾ ਕਬਜ਼ਾ ਕਰ ਸਕੀ ਹੈ। ਸ਼੍ਰੋਮਣੀ ਅਕਾਲੀ ਦਲ ਹਾਲੇ ਤੱਕ ਆਪਣਾ ਖਾਤਾ ਨਹੀਂ ਖੋਲ੍ਹ ਸਕੀ।

ਮੋਗਾ ਵਿਖੇ 14 ਫਰਵਰੀ ਨੂੰ ਪਈਆ ਨਗਰ ਨਿਗਮ ਦੀਆਂ ਵੋਟਾਂ ਦੀ ਗਿਣਤੀ ਅੱਜ ਸਵੇਰੇ ਸਰਕਾਰੀ ਆਈ ਟੀ ਆਈ, ਜੀ ਟੀ ਰੋਡ ਮੋਗਾ ਵਿਖੇ 9 ਵਜੇ ਸੁਰੂ ਹੋ ਗਈ ਹੈ।

ਇਸ ਗਿਣਤੀ ਦੌਰਾਨ ਆਈ ਟੀ ਆਈ,ਵਿੱਚ ਸਿਵਲ ਪ੍ਰਸੁਾਸੁਨ ਅਤੇ ਪੁਲਿਸ ਪ੍ਰਸੁਾਸੁਨ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਤਾਜਾ ਆਏ ਨਤੀਜਿਆਂ ਦੌਰਾਨ ਕਾਂਗਰਸ ਪਾਰਟੀ ਨੂੰ 20, ਅਕਾਲੀ ਦਲ ਨੂੰ 15, ਅਜਾਦ 10 ਤੇ ਆਪ ਨੇ 4 ਸੀਟਾਂ ਤੇ ਜਿੱਤ ਹਾਸਲ ਕਰਨ ਵਿਚ ਸਫਲ ਹੋਏ ਹਨ।

ਨਗਰ ਪੰਚਾਇਤ ਨਿਹਾਲ ਸਿੰਘ ਵਾਲਾ 'ਚ ਅਕਾਲੀ ਦਲ 5, ਆਜਾਦ 4 ਤੇ ਕਾਂਗਰਸ ਵੀ 4 ਸੀਟਾਂ ਤੇ ਜਿੱਤੀ ਹੈ। ਇਸੇ ਤਰਾਂ ਬੱਧਨੀ ਕਲਾ ਕਾਂਗਰਸ 9 ਆਪ 3 ਤੇ ਅਕਾਲੀ ਦਲ ਨੂੰ 1 ਤੇ ਸਬਰ ਕਰਨਾ ਪਿਆ। ਇਸੇ ਤਰਾਂ ਕੋਟ ਈਸੇ ਖਾਂ ਕਾਂਗਰਸ 9, ਆਪ 2 ਤੇ ਅਕਾਲੀ ਦਲ 1 ਤੇ ਜਿੱਤ ਹਾਸਲ ਕਰ ਸਕੀ ਹੈ।

**ਜਲੰਧਰ–** ਜ਼ਿਲ੍ਹੇ ਵਿਚ ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਦੇ ਆਏ ਨਤੀਜਿਆਂ ਵਿਚ ਸੱਤਾਧਾਰੀ ਪਾਰਟੀ ਕਾਂਗਰਸ ਨੇ ਬਾਜ਼ੀ ਮਾਰ ਲਈ ਹੈ। ਛੇ ਨਗਰ ਕੌਂਸਲਾਂ ਵਿਚੋਂ ਕਾਂਗਰਸ ਨੇ ਫਿਲੌਰ ਤੋਂ ਕਾਂਗਰਸ ਨੇ 15 ਵਿਚੋਂ 11, ਨਕੋਦਰ ਤੋਂ 17 ਵਿਚੋਂ 9 ਅਤੇ ਕਰਤਾਰਪੁਰ ਤੋਂ 15 ਵਿਚੋਂ 7 ਸੀਟਾਂ ਹਾਸਲ ਕੀਤੀਆਂ ਹਨ ਜਦੋਂਕਿ ਆਦਮਪੁਰ ਵਿਚ ਕਾਂਗਰਸ ਦੀ ਹਮਾਇਤ ਵਾਲੇ 12 ਆਜ਼ਾਦ ਉਮੀਦਵਾਰ ਜੇਤੂ ਰਹੇ ਹਨ। ਨੂਰਮਹਿਲ ਤੇ ਅਲਾਵਲਪੁਰ ਵਿਚ ਆਜ਼ਾਦ ਉਮੀਦਵਾਰ ਜੇਤੂ ਰਹੇ ਹਨ। ਨਗਰ ਪੰਚਾਇਤ ਮਹਿਤਪੁਰ ਤੇ ਲੋਹੀਆਂ ਖਾਸ ਵਿਚ ਵੀ ਕਾਂਗਰਸ ਜੇਤੂ ਰਹੀ ਹੈ। ਮਹਿਤਪੁਰ ਦੀਆਂ 13 ਸੀਟਾਂ ਵਿਚੋਂ ਕਾਂਗਰਸ ਨੇ 11 ਅਤੇ ਲੋਹੀਆਂ ਖਾਸ ਤੋਂ 13 ਵਿਚੋਂ 10 ਸੀਟਾਂ ਕਾਂਗਰਸ ਨੇ ਜਿੱਤੀਆਂ ਹਨ।

**ਜਗਰਾਉਂ–** ਜਗਰਾਉਂ ਨਗਰ ਕੌਂਸਲ ਚੋਣਾਂ ਦੇ ਨਤੀਜੇ ਅੱਜ ਸ਼ੁਰੂਆਤੀ ਦੌਰ ਵਿੱਚ ਹੀ ਸੱਤਾਧਾਰੀ ਧਿਰ ਕਾਂਗਰਸ ਦੇ ਹੱਕ ਵਿੱਚ ਆਏ। ਜਗਰਾਉਂ ਦੇ ਪਹਿਲੇ ਤਿੰਨਾਂ ਵਾਰਡਾਂ ਵਿੱਚ ਕਾਂਗਰਸ ਦੇ ਉਮੀਦਵਾਰ ਜੇਤੂ ਕਰਾਰ ਦਿੱਤੇ ਗਏ । ਪ੍ਰਾਪਤ ਜਾਣਕਾਰੀ ਅਨੁਸਾਰ ਜਗਰਾਉਂ ਦੇ ਵਾਰਡ ਨੰਬਰ ਇੱਕ ਤੋਂ ਗੁਰਪ੍ਰੀਤ ਕੌਰ ਤਤਲਾ ,ਵਾਰਡ ਨੰਬਰ ਦੋ ਤੋਂ ਕਾਂਗਰਸ ਦੇ ਹੀ ਜਗਜੀਤ ਸਿੰਘ ਜੱਗੀ, ਵਾਰਡ ਨੰਬਰ ਤਿੱਨ ਤੋਂ ਅਕਾਲੀ ਦਲ ਤੋਂ ਕਾਂਗਰਸ ਵਿੱਚ ਸ਼ਾਮਲ ਹੋਏ ਅਜੀਤ ਸਿੰਘ ਠੁਕਰਾਲ ਵੀ ਜੇਤੂ ਕਰਾਰ ਦਿੱਤੇ ਗਏ। ਇਸ ਤੋਂ ਇਲਾਵਾ ਵਾਰਡ ਨੰਬਰ ਚਾਰ ਤੋਂ ਕਾਂਗਰਸ ਨੂੰ ਜ਼ੋਰਦਾਰ ਝਟਕਾ ਲੱਗਾ। ਇਸ ਵਾਰਡ ਵਿੱਚ ਆਜ਼ਾਦ ਤੌਰ ਤੇ ਖੜ੍ਹੇ ਪੱਤਰਕਾਰ ਅਮਰਜੀਤ ਸਿੰਘ ਮਾਲਵਾ ਜੇਤੂ ਕਰਾਰ ਰਹੇ।

**ਪਾਤੜਾਂ–** ਨਗਰ ਕੌਂਸਲ ਪਾਤੜਾਂ ਦੀਆਂ ਹੋਈਆਂ ਚੋਣਾਂ ਦੌਰਾਨ ਪਹਿਲੇ ਗੇੜ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ ਹੈ ਜਿਸ ਵਾਰਡ ਨੰਬਰ ਇੱਕ ਤੋਂ ਕਾਂਗਰਸ ਪਾਰਟੀ ਦੀ ਸਪਨਦੀਪ ਕੌਰ ਕਾਹਲੋਂ, ਵਾਰਡ ਨੰ ਦੋ ਤੋਂ ਆਜ਼ਾਦ ਉਮੀਦਵਾਰ ਭਗਵਤ ਦਿਆਲ ਨਿੱਕਾ , ਵਾਰਡ ਨੰਬਰ ਤਿੰਨ ਤੋਂ ਅਕਾਲੀ ਉਮੀਦਵਾਰ ਬੀਬੀ ਜਸਬੀਰ ਕੌਰ ਸਿੱਧੂ ,ਵਾਰਡ ਨੰਬਰ ਚਾਰ ਤੋਂ ਅਕਾਲੀ ਦਲ ਦੇ ਸੋਨੀ ਜਲੂਰ, ਅਤੇ ਵਾਰਡ ਨੰਬਰ ਪੰਜ ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਪਰਮਜੀਤ ਕੌਰ ਜੇਤੂ ਰਹੇ ਹਨ । ਨਗਰ ਕੌਂਸਲ ਪਾਤੜਾਂ ਲਈ ਹੁਣ ਤਕ ਐਲਾਨੇ ਗਏ ਨਤੀਜਿਆਂ ਮੁਤਾਬਕ ਵਾਰਡ ਨੰਬਰ ਇੱਕ ਤੋਂ ਕਾਂਗਰਸੀ ਉਮੀਦਵਾਰ ਸੁਪਨਦੀਪ ਕੌਰ ਕਾਹਲੋਂ , ਦੋ ਤੋਂ ਆਜ਼ਾਦ ਉਮੀਦਵਾਰ ਭਗਵਤ ਦਿਆਲ ਨਿੱਕਾ , ਤਿੰਨ ਤੋਂ ਅਕਾਲੀ ਉਮੀਦਵਾਰ ਜਸਬੀਰ ਕੌਰ ਸਿੱਧੂ , ਚਾਰ ਤੋਂ ਆਜ਼ਾਦ ਉਮੀਦ-ਵਾਰ ਸੋਨੀ ਜ਼ਲੂਰ, ਪੰਜ ਤੋਂ ਕਾਂਗਰਸ ਦੀ ਉਮੀਦਵਾਰ ਪਰਮਜੀਤ ਕੌਰ ਬੰਦੇਸ਼ਾਂ , ਛੇ ਤੋਂ ਕਾਂਗਰਸ ਦੇ ਨਰਿੰਦਰ ਸਿੰਗਲਾ, ਸੱਤ ਤੋਂ ਆਜ਼ਾਦ ਉਮੀਦਵਾਰ ਰਿੰਕੂ , ਅੱਠ ਤੋਂ ਕਾਂਗਰਸ ਦੇ ਪ੍ਰੇਮ ਚੰਦ ਗੁਪਤਾ , ਨੌਂ ਤੋਂ ਕਾਂਗਰਸ ਦੇ ਉਮੀਦਵਾਰ ਰਿੰਕੂ ਅਤੇ ਦੱਸ ਤੋਂ ਆਜ਼ਾਦ ਉਮੀਦਵਾਰ ਬਲਜਿੰਦਰ ਸਿੰਘ ਸੋਨੀ ਠੇਕੇਦਾਰ ਜੇਤੂ ਹੋਏ ਹਨ ।

**ਮਜੀਠਾ** ਨਗਰ ਕੋਸਲ ਚੋਣਾਂ ਵਿਚ ਅਕਾਲੀ ਦਲ ਨੇ ਬਾਜ਼ੀ ਮਾਰੀ। ਕਾਂਗਰਸ ਸਿਰਫ ਦੋ ਸੀਟਾਂ ਤੇ ਸਿਮਟੀ ਜਦਕਿ ਅਕਾਲੀ ਦਲ ਨੇ 13 ਵਿੱਚੋ 10 ਸੀਟਾਂ ਤੇ ਕੀਤਾ ਕਬਜ਼ਾ, ਅਜ਼ਾਦ ਇੱਕ ਸੀਟ ਲੈਣ ਵਿਚ ਸਫਲ।

**ਜੰਡਿਆਲਾ ਗੁਰ–** ਨਗਰ ਕੋਸਲ ਜੰਡਿਆਲਾ ਗੁਰੂ ਦੀਆਂ 15 ਵਾਰਡਾਂ ਤੋਂ ਵੱਖ ਵੱਖ ਪਾਰਟੀਆਂ ਦੇ ਉਮੀਦਵਾਰ ਚੋਣ ਲੜ ਰਹੇ ਸਨ ਅਤੇ ਅੱਜ ਸਵੇਰੇ ਨਤੀਜੇ ਆਉਣ ਤੇ ਕਾਂਗਰਸ ਪਾਰਟੀ ਦੇ 10 ਉਮੀਦਵਾਰ ਜੇਤੂ ਤੇ 3 ਵਾਰਡਾਂ ਤੋਂ ਸ਼੍ਰੋਮਣੀ ਅਕਾਲੀ ਦਲ ਜੇਤੂ ਅਤੇ 2 ਵਾਰਡਾ ਵਿੱਚ ਅਜ਼ਾਦ ਉਮੀਦਵਾਰ ਜੇਤੂ ਰਹੇ।

**ਸੰਗਰੂਰ–**ਧੂਰੀ ਨਗਰ ਕੌਂਸਲ ਚੋਣਾਂ ਚ ਪਹਿਲੇ 7 ਵਾਰਡਾਂ ਰਿਜ਼ਲਟ ਆਏ . ਵਾਰਡ ਨੰਬਰ 1 ਵਿੱਚ ਬਲਜੀਤ ਕੌਰ ਕਾਂਗਰਸ , ਵਾਰਡ ਨੰਬਰ 2 ਵਿੱਚ ਪੁਸ਼ਪਿੰਦਰ ਸ਼ਰਮਾ ਆਜ਼ਾਦ, ਵਾਰਡ ਨੰਬਰ 3 ਵਿਚ ਸਰੋਜ ਰਾਣੀ ਕਾਂਗਰਸ , ਵਾਰਡ ਨੰਬਰ 4 ਵਿਚ ਰਾਜੀਵ ਚੌਧਰੀ ਕਾਂਗਰਸ , ਵਾਰਡ ਨੰਬਰ 5 ਵਿਚ ਅਸ਼ਵਨੀ ਧੀਰ ਕਾਂਗਰਸ , ਵਾਰਡ ਨੰਬਰ 6 ਵਿਚ ਮਿੱਠੂ ਅਜ਼ਾਦ, ਵਾਰਡ ਨੰਬਰ 7 ਵਿੱਚ ਆਜ਼ਾਦ ਸੋਨੀਆ ਪਰੋਚਾ ਪਤਨੀ ਵਿੱਕੀ ਪਰੋਚਾ, ਵਾਰਡ ਨੰਬਰ 8 ਆਜ਼ਾਦ ਅਜੇ ਪਰੋਚਾ, 9 ਕਾਂਗਰਸ ਅਮਨਦੀਪ ਕੌਰ, 10 ਹਰੀ ਕ੍ਰਿਸ਼ਨ ਮਨੀ ਆਜ਼ਾਦ, 11 ਆਜ਼ਾਦ ਗਗੀ ਮਰਾਹੜ, 12 ਆਜ਼ਾਦ ਚਰਨ ਦਾਸ,13 ਕਾਂਗਰਸ ਕੌਸ਼ਲਿਆ ਦੇਵੀ, 14 ਆਜ਼ਾਦ ਰਿੰਕੂ ਚੌਧਰੀ। ਵਾਰਡ ਨੰਬਰ 18 ਆਪ ਅਮਰਜੋਤ ਕੌਰ।

# ਸਤਿਗੁਰੂ ਰਵਿਦਾਸ ਜੀ ਦੀ ਬਾਣੀ ਦਾ ਧੁਰਾ- ਬੇਗਮਪੁਰੇ ਦਾ ਸੰਕਲਪ

ਸਤਿਗੁਰੂ ਰਵਿਦਾਸ ਜੀ ਦਾ ਜੀਵਨ ਅਤੇ ਮਿਸ਼ਨ ਉਹਨਾਂ ਲੋਕਾਂ ਦੇ ਲੇਖੇ ਰਿਹਾ ਜਿਹਨਾਂ ਨੂੰ ਸਮਾਜ ਦੇ ਠੇਕੇਦਾਰਾਂ ਨੇ ਲੰਮੇ ਅਰਸੇ ਤੋਂ ਕੋਹ-ਕੋਹ ਕੇ ਅਤੇ ਕਈ ਤਰ੍ਹਾਂ ਦੀਆਂ ਯਾਤਨਾਵਾਂ ਦੇ ਦੇ ਕੇ ਉਹਨਾਂ ਤੋਂ ਸਖ਼ਤ ਤੋਂ ਸਖ਼ਤ, ਗੰਦੇ ਤੇ ਘਿਨਾਉਣੇ ਕੰਮ ਵੀ ਲੈਂਦੇ ਆ ਰਹੇ ਸਨ ਅਤੇ ਬਦਲੇ ਵਿਚ ਰੋਟੀ ਕੱਪੜੇ ਦੀ ਬਜਾਏ ਭੁੱਖ ਅਤੇ ਗਰੀਬੀ ਵੀ ਦਿੰਦੇ ਆ ਰਹੇ ਸਨ। ਉਹਨਾਂ ਦਾ ਕੋਈ ਵਾਲੀ ਵਾਰਸ ਨਹੀਂ ਸੀ, ਬਾਂਹ ਫੜਨ ਵਾਲਾ ਨਹੀਂ ਸੀ। ਉਹਨਾਂ ਦੀ ਇਸ ਲਾਚਾਰੀ ਵਾਲੀ ਹਾਲਤ ਵਿਚ ਸਤਿਗੁਰੂ ਰਵਿਦਾਸ ਜੀ ਨੇ ਉਹਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਅਤੇ ਸਮਾਜ ਦੇ ਅਖੌਤੀ ਠੇਕੇਦਾਰਾਂ ਵੱਲੋਂ ਕੀਤੀਆਂ ਜਾ ਰਹੀਆਂ ਘੋਰ ਬੇਇਨਸਾਫੀਆਂ ਵਿਰੁੱਧ ਇਕ ਬਗਾਵਤ ਖੜ੍ਹੀ ਕਰ ਦਿੱਤੀ। ਇਨ੍ਹਾਂ ਦੀ ਸਮੁੱਚੀ ਬਾਣੀ ਇਹਨਾਂ ਹੀ ਨਿਤਾਣਿਆਂ ਤੇ ਨਿਮਾਣਿਆਂ ਲਈ ਵਿਚਾਰਬੱਧ ਹੈ। ਉਹ ਇਸ ਤਰ੍ਹਾਂ ਦੀ ਘਟੀਆ ਸਮਾਜਿਕ ਵਿਵਸਥਾ ਦੀ ਤਬਦੀਲੀ ਦੇ ਝੰਡਾ ਬਰਦਾਰ ਰਹੇ ਤੇ ਇਸ ਨਾਲ ਸਬੰਧਤ ਵਿਚਾਰਾਂ ਨਾਲ ਹੀ ਲਬਰੇਜ਼ ਹੈ ਉਹਨਾਂ ਦੀ ਬਾਣੀ। ਇਸ ਸੰਦਰਭ ਵਿਚ ਉਹਨਾਂ ਦੇ ਚਿਤਰੇ ਬੇਗਮਪੁਰੇ ਦੇ ਸੰਕਲਪ ਦੀ ਵਿਸ਼ੇਸ਼ ਮਹੱਤਤਾ ਵੀ ਬਣਦੀ ਹੈ।

ਸਤਿਗੁਰੂ ਰਵਿਦਾਸ ਜੀ ਦੇ ਫ਼ਲਸਫ਼ੇ ਵਿਚ ਆਇਆ ਇਹ ਬੇਗਮਪੁਰੇ ਦਾ ਵਿਚਾਰ ਆਮ ਕਰਕੇ ਦੋ ਤਰ੍ਹਾਂ ਲਿਆ ਜਾਂਦਾ ਹੈ। ਕੁਝ ਸ਼ਰਧਾਲੂ ਇਸਨੂੰ ਬਹੁਤ ਉੱਚੀ ਮਾਨਸਿਕ ਅਵਸਥਾ ਮੰਨਦੇ ਹਨ, ਜਿੱਥੇ ਪਹੁੰਚ ਕੇ ਮਨੁੱਖ ਦੁੱਖਾਂ ਅਤੇ ਗਮਾਂ ਤੋਂ ਰਹਿਤ ਹੋ ਜਾਂਦਾ ਹੈ। ਉਹਨਾਂ ਦੀਆਂ ਨਜ਼ਰਾਂ ਵਿਚ ਬਰਾਬਰਤਾ ਆ ਜਾਂਦੀ ਹੈ, ਕੋਈ ਛੋਟਾ-ਵੱਡਾ ਜਾਂ ਉਚ-ਨੀਚ ਨਹੀਂ ਰਹਿੰਦਾ। ਦੂਜੀ ਤਰ੍ਹਾਂ ਦੇ ਸ਼ਰਧਾਲੂ ਬੇਗਮਪੁਰੇ ਨੂੰ ਇਕ ਆਦਰਸ਼ ਸਮਾਜ ਦੀ ਉਸਾਰੀ ਦਾ ਸੰਕਲਪ ਮੰਨਦੇ ਹਨ। ਇਕ ਵਿਚਾਰ ਆਦਰਸ਼ ਵਿਅਕਤੀ ਸਿਰਜਦਾ ਹੈ ਤੇ ਦੂਜਾ ਆਦਰਸ਼ ਸਮਾਜ। ਦੋਵੇਂ ਇਕ-ਦੂਜੇ ਨਾਲ ਰਲਦਾ-ਮਿਲਦਾ ਮੰਤਵ ਪੈਦਾ ਕਰਦੇ ਹਨ ਅਤੇ ਇਕ-ਦੂਜੇ ਦਾ ਪੂਰਕ ਬਣੇ ਵੀ ਨਜ਼ਰ ਆਉਂਦੇ ਹਨ। ਆਦਰਸ਼ ਵਿਅਕਤੀਆਂ ਦਾ ਜੋੜ ਜਮ੍ਹਾਂ ਹੀ ਆਦਰਸ਼ ਸਮਾਜ ਬਣਾਉਂਦਾ ਹੈ ਅਤੇ ਆਦਰਸ਼ ਸਮਾਜ ਹੀ ਆਦਰਸ਼ ਵਿਅਕਤੀ ਵੀ ਪੈਦਾ ਕਰਦਾ ਹੈ। ਦੋਹਾਂ ਦਾ ਆਖਰੀ ਮੰਤਵ ਮਾਨਵ ਭਲਾਈ ਹੈ ਜੋ ਮਨੁੱਖੀ ਜੀਵਨ ਵਿਚ ਖੁਸ਼ੀਆਂ ਖੇੜੇ ਬਿਖੇਰਦੀ ਹੈ। ਬੇਗਮਪੁਰੇ ਦਾ ਸੰਕਲਪ ਸਤਿਗੁਰੂ ਰਵਿਦਾਸ ਜੀ ਨੂੰ ਇਕ ਵੱਖਰੀ ਪਛਾਣ ਦਿੰਦਾ ਹੈ ਅਤੇ ਇਕ ਮਹਾਨ ਸਮਾਜਵਾਦੀ ਚਿੰਤਕ ਵਜੋਂ ਉਭਾਰਦਾ ਹੈ।

ਉਹਨਾਂ ਦੇ ਵੇਲੇ ਸਮਾਜ ਚਤੁਰ ਵਰੁਣ ਜਾਤੀ ਵਿਵਸਥਾ ਵਿਚ ਬੁਰੀ ਤਰ੍ਹਾਂ ਗ੍ਰਸਿਆ ਹੋਇਆ ਸੀ। ਇਹ ਵਿਵਸਥਾ ਸਦੀਆਂ ਤੋਂ ਤੁਰੀ ਆ ਰਹੀ ਸੀ ਤੇ ਸਮੇਂ-ਸਮੇਂ ਸਿਰ ਇਸ ਅਣਮਨੁੱਖੀ ਵੰਡ ਦੇ ਵਿਰੁੱਧ ਸੰਤਾਂ, ਮਹਾਤਮਾ, ਗੁਰੂਆਂ ਵੱਲੋਂ ਆਵਾਜ਼ਾਂ ਉੱਠਦੀਆਂ ਰਹੀਆਂ ਸਨ। ਕਿੰਨੀਆਂ ਆਹੂਤੀਆਂ, ਸ਼ਹੀਦੀਆਂ ਅਤੇ ਕੁਰਬਾਨੀਆਂ ਲੈ ਕੇ ਵੀ ਇਹ ਮੱਠੀ ਨਹੀਂ ਸੀ ਪਈ। ਸਭ ਤੋਂ ਹੇਠਲੇ ਵਰਣ ਦੇ ਮਨੁੱਖ ਨੂੰ ਤਾਂ ਜਾਨਵਰ ਤੋਂ ਵੀ ਹੇਠਾਂ ਦਾ ਕੋਈ ਕੀੜਾ ਮਕੌੜਾ ਹੀ ਸਮਝਿਆ ਜਾਂਦਾ ਸੀ, ਜਿਸਨੂੰ ਕਿਸੇ ਵੇਲੇ ਵੀ ਨਿੱਕੀ ਜਿਹੀ ਗਲਤੀ ਬਦਲੇ ਮਸਲਿਆ ਜਾ ਸਕਦਾ ਸੀ। ਝਾਤਪਾਤ, ਊਚ-ਨੀਚ, ਘਿਰਣਾ ਨਫ਼ਰਤ ਦੀਆਂ ਨਿੱਤ ਦੀਆਂ ਠੋਕਰਾਂ ਠੇਡੇ ਖਾ ਰਿਹਾ, ਹਰ ਸਵੇਰ ਸ਼ਾਮ ਸੂਲੀ ਚੜ੍ਹਦਾ ਉੱਤਰਦਾ, ਖਾਲੀ ਪੇਟ ਤੇ ਨੰਗੇ ਸਰੀਰ ਜ਼ਿੰਦਗੀ ਤੇ ਮੌਤ ਨਾਲ ਘੋਲ ਕਰਦਾ ਰੇਂਗਦਾ ਜਾ ਰਿਹਾ ਸੀ ਇਹ 'ਮਨੁੱਖ'। ਇਸੇ'ਮਨੁੱਖ' ਨੂੰ ਜਗਾ ਕੇ ਉਸਨੂੰ ਮਨੁੱਖਾਂ ਵਾਲਾ ਦਰਜਾ ਦੁਆ ਕੇ ਇਕ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਵਾਲਾ ਸਮਾਜ ਸੰਗਠਿਤ ਕਰਨ ਦਾ ਸੁਪਨਾ ਲਿਆ ਸੀ ਸਤਿਗੁਰੂ ਰਵਿਦਾਸ ਜੀ ਨੇ ਜਿਸ ਵਿਚ ਨਾ ਟੋਏ-ਟਿੱਬੇ ਰਹਿਣ, ਨਾ ਕੋਈ ਚੰਗਾ ਮਾੜਾ ਰਹੇ ਅਤੇ ਨਾ ਮਾਲਕ ਗੁਲਾਮ ਰਹੇ। ਇਸੇ ਤਰ੍ਹਾਂ ਚਿਤਰਿਆ ਹੈ ਇਸ ਵਿਚਾਰ ਨੂੰ:-



ਫਤਿਹਜੰਗ ਸਿੰਘ
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਬੇਗਮਪੁਰਾ ਸਹਰ ਕੋ ਨਾਉ।
ਦੂਖ ਅੰਦੋਹ ਨਹੀਂ ਤਿਹਿ ਠਾਉ।

ਸਤਿਗੁਰੂ ਰਵਿਦਾਸ ਜੀ ਨੇ ਇਕ ਅਜਿਹੇ ਸ਼ਹਿਰ ਜਾਂ ਦੇਸ਼ ਦੀ ਕਲਪਨਾ ਕੀਤੀ ਜਿਸ ਵਿਚ ਰਹਿਣ ਵਾਲਿਆਂ ਨੂੰ ਕੋਈ ਦੁੱਖ ਦਰਦ, ਗਮ ਜਾਂ ਸੰਤਾਪ ਨਾ ਹੰਢਾਉਣਾ ਪਵੇ। ਆਮ ਲੋਕਾਂ ਨੂੰ ਇਹ ਅਲਾਮਤਾਂ ਚਿੰਬੜੀਆਂ ਦੇਖ ਉਹਨਾਂ ਦਾ ਅਵਾਜ਼ਾਰ ਹੋਇਆ ਦਿਲ ਅੰਤ ਇਕ ਸੁਪਨਮਈ ਸ਼ਹਿਰ ਵਸਾਉਣਾ ਲੋਚ ਰਿਹਾ ਹੈ, ਜਿਸ ਵਿਚ ਇਹ ਨਾ ਹੋਣ। ਇਹ ਅਸਲ ਵਿਚ ਉਸ ਵੇਲੇ ਦੇ ਸਮਾਜ ਦੀ ਹਾਲਤ ਹੈ। ਅਸੀਂ ਭਲੀ-ਭਾਂਤ ਸਮਝ ਸਕਦੇ ਹਾਂ ਕਿ ਉਸ ਵੇਲੇ ਰਾਜ ਪ੍ਰਬੰਧ ਵੀ ਕਿਹੋ ਜਿਹਾ ਹੋਵੇਗਾ, ਜਿਸ ਵਿਚ ਇਹੋ ਜਿਹੀਆਂ ਖਾਮੀਆਂ ਸਨ। ਆਓ ਹੋਰ ਅੱਗੇ ਵੇਖਦੇ ਹਾਂ:-

ਨਾ ਤਸਵੀਸ ਖਿਰਾਜ ਨਾ ਮਾਲ।
ਖਾਉਫ ਨਾ ਖਤਾ ਨ ਤਰਸ ਜਵਾਲ।

ਉਸ ਸ਼ਹਿਰ ਵਿਚ ਕਿਸੇ ਨੂੰ ਕੋਈ ਫਿਕਰ (ਤਸਵੀਸ) ਨਾ ਹੋਵੇ। ਕਿਸੇ ਦੇ ਮਾਲ ਅਸਬਾਬ ਤੇ ਕੋਈ ਚੂੰਗੀ (ਖਿਰਾਜ) ਨਾ ਲੱਗੇ। ਕਿਸੇ ਨੂੰ ਕਿਸੇ ਦਾ ਡਰ (ਖਾਉਫ) ਨਾ ਹੋਵੇ। ਫਿਰ ਕੋਈ ਕਿਸੇ ਤਰ੍ਹਾਂ ਦੀ ਗਲਤੀ (ਖਤਾ) ਵੀ ਨਹੀਂ ਕਰੇਗਾ। ਨਾ ਫਿਰ ਕਿਸੇ ਦੀ ਤਰਸਯੋਗ ਹਾਲਤ ਬਣੇਗੀ ਅਤੇ ਨਾ ਕਿਸੇ ਦਾ ਮਾਣ ਸਤਿਕਾਰ ਢਹਿੰਦੀਆਂ ਕਲਾਂ ਵਿਚ ਜਾਵੇਗਾ। ਆਮ ਤੌਰ ਤੇ ਬਹੁਤੀਆਂ ਗਲਤੀਆਂ ਜ਼ਿਆਦਾ ਡਰ-ਭੈਅ ਕਾਰਨ ਵੀ ਹੋ ਜਾਂਦੀਆਂ ਹਨ ਤੇ ਉਹਨਾਂ ਦੀਆਂ ਸਜਾਵਾਂ ਭੁਗਤਦਿਆਂ ਬੜੀ ਤਰਸਯੋਗ ਹਾਲਤ ਬਣ ਜਾਂਦੀ ਹੈ। ਇਹ ਸ਼ੂਦਰਾਂ ਨਾਲ ਤਾਂ ਵੱਡੀ ਗਿਣਤੀ ਵਿਚ ਵਾਪਰਦਾ ਰਿਹਾ ਹੈ। ਉਹਨਾਂ ਉੱਤੇ ਇੰਨੀਆਂ ਪਾਬੰਦੀਆਂ ਦਾ ਡਰ ਭੈਅ ਸੀ ਕਿ ਉਹ ਡਰ ਡਰ ਕੇ ਚਲਦਿਆਂ ਵੀ ਸਜ਼ਾ ਦੇ ਭਾਗੀ ਬਣ ਜਾਂਦੇ ਸਨ। ਸਜ਼ਾ ਵੀ ਆਮ ਗਾਲ੍ਹਾਂ, ਲੱਤਾਂ ਮਾਰਨੀਆਂ, ਠੁੱਡੇ ਮਾਰਨੇ ਤਾਂ ਹੈ ਹੀ ਸੀ ਪਰ ਕਈ ਵਾਰੀ ਕੰਨਾਂ ਵਿਚ ਗਰਮ-ਗਰਮ ਤੇਲ ਜਾਂ ਢਲਿਆ ਸਿੱਕਾ ਪਾ ਕੇ ਸਦਾ ਲਈ ਬੋਲੇ ਕਰ ਦੇਣਾ ਜਾਂ ਜੀਭ ਕੱਟ ਕੇ ਗੂੰਗਾ ਬਣਾ ਦੇਣਾ ਵੀ ਸ਼ਾਮਲ ਹੋ ਜਾਂਦਾ ਸੀ। ਇਹੋ ਜਿਹੀ ਹਾਲਤ ਤਰਸਯੋਗ ਨਹੀਂ ਜਾਰੋਜ਼ਾਰ ਰੋਣ ਵਾਲੀ ਬਣਦੀ ਹੈ। ਉਹ ਜੀਵੇ ਤਾਂ ਸਹੀ ਪਰ ਨਾ ਕੁਝ ਕਹਿ ਸਕੇ ਨਾ ਸੁਣ ਸਕੇ, ਬੱਸ ਜ਼ੁਲਮ ਤੇ ਅੱਤਿਆਚਾਰ ਸਹਿੰਦਾ ਰਹੇ, ਵਗਾਰਾਂ ਕਰਦਾ ਰਹੇ- ਇਕ ਸੀਲ ਜਾਨਵਰ ਦੀ ਤਰ੍ਹਾਂ। ਅੱਗੇ ਆਖਦੇ ਹਨ:-

ਅਬ ਮੋਹਿ ਖੂਬ ਵਤਨ ਗਹਿ ਪਾਈ।
ਊਹਾਂ ਖੈਰ ਸਦਾ ਮੇਰੇ ਭਾਈ।

ਹੁਣ ਮੈਂ ਉਸ ਵਤਨ (ਬੇਗਮਪੁਰਾ) ਬਾਰੇ ਚੰਗੀ ਤਰ੍ਹਾਂ ਜਾਣ ਲਿਆ ਹੈ। ਉਸ ਵਤਨ ਵਿਚ ਹਮੇਸ਼ਾ ਹੀ ਸੁੱਖ ਹੀ ਸੁੱਖ ਹੋਣਗੇ, ਕੋਈ ਦੁੱਖ ਨਹੀਂ ਹੋਵੇਗਾ।ਇਹ ਉਹਨਾਂ ਦੁੱਖਾਂ ਦੇ ਝੰਬੇ ਲੋਕਾਂ ਲਈ ਇਕ ਪਿਆਰ ਤੇ ਹਮਦਰਦੀ ਦਾ ਫੰਬਾ ਰੱਖਿਆ ਜਾਪਦਾ ਹੈ, ਜਿਹਨਾਂ ਨੂੰ ਦੁੱਖਾਂ ਤੋਂ ਬਿਨਾਂ ਕਿਸੇ ਸੁਖ ਬਾਰੇ ਪਤਾ ਹੀ ਨਹੀਂ ਸੀ।

ਕਾਇਮ ਦਾਇਮ ਸਦਾ ਪਾਤਸ਼ਾਹੀ।
ਦੋਮ ਨ ਸੋਮ ਏਕ ਸੋ ਆਹੀ।

ਤਸੱਵਰ ਕੀਤਾ ਗਿਆ ਹੈ ਕਿ ਉਸ ਵਤਨ ਵਿਚ ਹਮੇਸ਼ਾ ਬਰਾਬਰੀ ਰਹੇਗੀ। ਸਭ ਅੱਵਲ ਦਰਜੇ ਦੇ ਹੋਣਗੇ, ਦੂਜੇ (ਦੋਮ) ਜਾਂ ਤੀਜੇ (ਸੋਮ) ਦਰਜੇ ਦਾ ਕੋਈ ਨਹੀਂ ਹੋਵੇਗਾ। ਇਹੀ ਵਰਤਾਰਾ ਅੱਜ ਵੀ ਸਦੀਆਂ ਬਾਅਦ ਤੁਰਿਆ ਆ ਰਿਹਾ ਹੈ। ਅੱਜ ਵੀ ਇਕ ਵੱਡੇ ਹਿੱਸੇ ਨੂੰ ਹੇਠਲੇ ਦਰਜੇ ਦਾ ਹੀ ਮੰਨਿਆ ਜਾਂਦਾ ਹੈ। ਕਿੰਨੀਆਂ ਲੰਬੀਆਂ ਜੜ੍ਹਾਂ ਹਨ ਇਸ ਮਨੁੱਖ ਦੀ ਦਰ-ਜਾਬੰਦੀ ਦੀਆਂ ਜੋ ਇੰਨੇ ਸੰਤਾਂ, ਮਹਾਤਮਾ, ਗੁਰੂਆਂ ਦੀਆਂ ਘਾਲਣਾਵਾਂ ਦੇ ਬਾਵਜੂਦ ਵੀ ਹੁਣ ਤੱਕ ਕਾਇਮ ਹਨ। ਹੇਠਲੇ ਦਰਜੇ ਦਾ 'ਮਨੁੱਖ' ਅੱਜ ਵੀ ਤਰ੍ਹਾਂ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਦਾ ਹੋਇਆ ਗਰੀਬੀ ਤੇ ਭੁੱਖਮਰੀ ਨਾਲ ਜੂਝ ਰਿਹਾ ਹੈ। ਅਗਲੇ ਸ਼ਬਦ ਹਨ:-

ਅਬਾਦਾਨ ਸਦਾ ਮਸ਼ਹੂਰ।
ਊਹਾਂ ਗਨੀ ਬਸਹਿ ਮਾਮੂਰ।

ਸਤਿਗੁਰੂ ਰਵਿਦਾਸ ਜੀ ਇਸ ਤਰ੍ਹਾਂ ਦੇ ਵਤਨ ਦੀ ਕਾਮਨਾ ਕਰ ਰਹੇ ਹਨ, ਜੋ ਇੰਨੀਆਂ ਸਹੂਲਤਾਂ ਤੇ ਗੁਣਾਂ ਨਾਲ ਭਰਪੂਰ ਹੁੰਦਿਆਂ ਸਦਾ ਆਬਾਦ (ਅਬਾਦਾਨ) ਰਹੇਗਾ ਕਿਉਂਕਿ ਉਸ ਵਿਚ ਰਹਿਣ ਵਾਲੇ ਸਾਰੇ ਹੀ ਲੋਕ ਸਰਬ ਸੰਪੰਨ ਅਮੀਰ (ਗਨੀ) ਹੋਣਗੇ ਕੋਈ ਗਰੀਬ ਨਹੀਂ ਹੋਵੇਗਾ। ਅਮੀਰੀ ਨਾਲ ਹੀ ਭਰਪੂਰ (ਮਾਮੂਰ) ਰਹੇਗਾ ਇਹ ਦੇਸ਼। ਇਹ ਕੋਈ ਅਤਿ ਕਥਨੀ ਨਹੀਂ ਜਾਪਦੀ। ਅੱਜ ਕਿੰਨੇ ਹੀ ਦੇਸ਼ ਗਰੀਬੀ ਤੇ ਭੁੱਖਮਰੀ ਤੋਂ ਖਹਿੜਾ ਛੁਡਾ ਚੁੱਕੇ ਹਨ। ਉਹਨਾਂ ਵਿਚ ਮਨੁੱਖਤਾ ਦੀ ਕਦਰ ਹੈ, ਆਜ਼ਾਦੀ ਹੈ, ਬਰਾਬਰੀ ਹੈ।ਬਹੁਤੇ ਦੇਸ਼ ਬੇਗਮਪੁਰਾ ਵਸਾ ਚੁੱਕੇ ਹਨ, ਕੁਝ ਨੇੜੇ ਤੇੜੇ ਹਨ ਪਰ ਅਸੀਂ ਉਸਤੋਂ ਦੂਰ ਹੋਰ ਦੂਰ ਹੁੰਦੇ ਜਾ ਰਹੇ ਹਾਂ। ਅੱਗੇ ਆਖਦੇ ਹਨ:-

ਤਿਉ ਤਿਉ ਸੈਲ ਕਰਹਿ ਜਿਉ ਭਾਵੈ।
ਮਹਿਰਮ ਮਹਲ ਨ ਕੋ ਅਟਕਾਵੈ।

ਬੇਗਮਪੁਰੇ ਵਿਚ ਸਭ ਨੂੰ ਅਧਿਕਾਰ ਹੋਵੇਗਾ ਕਿ ਕੋਈ ਵੀ ਕਿਤੇ ਵੀ ਜਾ ਸਕਦਾ ਹੈ, ਘੁੰਮ ਫਿਰ ਸਕਦਾ ਹੈ। ਕੋਈ ਕਿਸੇ ਨੂੰ ਰੋਕੇਗਾ ਨਹੀਂ। ਇਹ ਗੱਲ ਭਾਵੇਂ ਜਾਪਦੀ ਤਾਂ ਬਹੁਤ ਸਧਾਰਨ ਹੈ ਪਰ ਇਸ ਵਿਚ ਵੀ ਇਤਿਹਾਸਕ ਤੱਕ ਛਿਪੇ ਹੋਏ ਹਨ। ਉਸ ਵੇਲੇ ਦੇ ਸਮਾਜਿਕ ਹਾਲਾਤ ਅਜਿਹੇ ਸਨ ਕਿ ਹਰ ਥਾਂ 'ਤੇ ਹਰ ਕਿਸੇ ਲਈ ਜਾਣ ਦੀ ਆਗਿਆ ਨਹੀਂ ਸੀ ਹੁੰਦੀ। ਅਛੂਤਾਂ ਉੱਤੇ ਜਿੱਥੇ ਖਾਣ-ਪੀਣ ਅਤੇ ਪਹਿਨਣ ਤੱਕ ਦੀਆਂ ਪਾਬੰਦੀਆਂ ਸਨ, ਉਥੇ ਧਾਰਮਿਕ ਥਾਵਾਂ, ਸਕੂਲਾਂ, ਤਲਾਬਾਂ, ਖੂਹਾਂ ਆਦਿ ਤੇ ਜਾਣ ਦੀਆਂ ਵੀ ਪਾਬੰਦੀਆਂ ਸਨ। ਇੱਥੋਂ ਤੱਕ ਕਿ ਗਲੀਆਂ ਬਜ਼ਾਰਾਂ ਵਿਚ ਵੀ ਦਾਖਲਾ ਬੰਦ ਸੀ। ਬਾਹਰ ਨਿਕਲਣ ਲਈ ਦੁਪਹਿਰ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਸੀ, ਜਦੋਂ ਪਰਛਾਵਾਂ ਸਿਰ 'ਤੇ ਹੁੰਦਾ ਹੈ, ਕਿਸੇ ਦੂਜੇ 'ਤੇ ਨਹੀਂ ਪੈ ਸਕਦਾ। ਪਰਛਾਵੇਂ ਨਾਲ, ਪੈੜਾਂ ਨਾਲ, ਥੁੱਕਣ ਨਾਲ ਧਰਤੀ ਵੀ ਭਿੱਟੀ ਜਾਂਦੀ ਸੀ ਮਨੁੱਖ ਤਾਂ ਇਕ ਪਾਸੇ। ਅਜਿਹੀ ਹਾਲਤ ਵਿਚ ਬੇਗਮਪੁਰੇ ਵਿਚ ਮਨਮਰਜ਼ੀ ਨਾਲ ਘੁੰਮਣ ਫਿਰਨ ਦੀ ਇਹ ਗੱਲ ਮਹੱਤਵਪੂਰਨ ਤੇ ਅਲੋਕਾਰੀ ਹੈ।

ਕਹਿ ਰਵਿਦਾਸ ਖਲਾਸ ਚਮਾਰਾ।
ਜੋ ਹਮ ਸਹਿਰੀ ਸੁ ਮੀਤ ਹਮਾਰਾ।

ਸਤਿਗੁਰੂ ਰਵਿਦਾਸ ਜੀ ਵੱਲੋਂ ਆਪਣੇ ਨਾਂ ਨਾਲ ਆਪਣੀ ਜਾਤੀ ਲਿਖਣਾ ਇਕ ਦਲੇਰੀ, ਬਗਾਵਤ ਅਤੇ ਦ੍ਰਿੜ੍ਹਤਾ ਦੀ ਲਖਾਇਕ ਹੈ। ਦਲੇਰੀ ਇਸ ਲਈ ਆਖ ਸਕਦੇ ਹਾਂ ਕਿ ਉਸ ਵੇਲੇ ਜਾਤਪਾਤੀ ਵਿਵਸਥਾ ਨੇ ਹੇਠਲੀਆਂ ਜਾਤੀਆਂ ਨੂੰ ਇੰਨਾ ਘਟੀਆ ਅਤੇ ਨੀਚ ਗਰਦਾਨਿਆ ਹੋਇਆ ਸੀ ਕਿ ਉਹਨਾਂ ਵਿਚ ਸ਼ਾਮਲ ਲੋਕਾਂ ਨੂੰ ਉਹਨਾਂ ਦੀ ਜਾਤੀ ਨਾਲ ਸੰਬੋਧਿਤ ਹੋਣ ਦੇ ਅਹਿਸਾਸ ਨਾਲ ਹੀ ਉਹ ਹੀਣ-ਭਾਵਨਾ ਦੇ ਸ਼ਿਕਾਰ ਹੋ ਜਾਂਦੇ ਸਨ। ਅਜਿਹੀ ਹੀਣ ਭਾਵਨਾ ਨੂੰ ਦੂਰ ਕਰਨ ਲਈ ਹੀ ਰਵਿਦਾਸ ਜੀ ਨੇ ਇਸ ਜਾਤੀ ਸੂਚਕ ਸ਼ਬਦ ਨੂੰ ਆਪਣੇ ਨਾਂ ਨਾਲ ਵਾਰ-ਵਾਰ ਵਰਤਿਆ ਹੈ। ਇਸਦਾ ਅਸਰ ਅੱਜ ਦੁਆਬੇ ਵਿਚ ਬੜੀ ਤੀਬਰਤਾ ਨਾਲ ਵੇਖਿਆ ਜਾ ਸਕਦਾ ਹੈ, ਜਿੱਥੇ ਇਸ ਸ਼ਬਦ ਨੂੰ ਲੋਕੀ ਆਪਣੀਆਂ ਕਾਰਾਂ, ਸਕੂਟਰਾਂ ਤੇ ਲਿਖਵਾਈ ਫਿਰਦੇ ਹਨ ਤੇ ਆਪਣੇ ਆਪ ਨੂੰ ਇਸ ਨਾਂ ਨਾਲ ਜੋੜ ਕੇ ਮਾਣਮੱਤਾ ਮਹਿਸੂਸ ਕਰਦੇ ਹਨ। ਕਿੰਨੇ ਹੀ ਗਾਣੇ ਇਸ ਭਾਵਨਾ ਨਾਲ ਲਿਖੇ ਅਤੇ ਗਾਏ ਜਾ ਚੁੱਕੇ ਹਨ। ਪਰ ਅਜਿਹਾ ਕਰਨ ਲੱਗਿਆਂ ਇਕ ਸਮੁੱਚੀ ਸਾਵਧਾਨੀ ਦੀ ਸਖ਼ਤ ਲੋੜ ਹੈ ਕਿਉਂਕਿ ਡਰ ਹੈ ਕਿ ਇਸੇ ਤਰ੍ਹਾਂ ਹਰ ਕੋਈ ਆਪਣੀ ਜਾਤੀ ਨੂੰ 'ਸਨਮਾਨਯੋਗ' ਬਣਾਉਂਦਿਆਂ ਜਾਤਪਾਤੀ ਸਿਸਟਮ ਨੂੰ ਫਿਰ ਤੋਂ ਪੱਕਾ ਅਤੇ ਹੋਰ ਪਕੇਰਾ ਨਾ ਬਣਾ ਦੇਵੇ। ਯਾਦ ਰਹੇ ਇਸ ਜਾਤਪਾਤੀ ਪ੍ਰਣਾਲੀ ਨੇ ਦੇਸ਼ ਅਤੇ ਸਮਾਜ ਦਾ ਬਹੁਤ ਕੁਝ ਤਬਾਹ ਕਰ ਦਿੱਤਾ ਹੈ।

ਸਤਿਗੁਰੂ ਰਵਿਦਾਸ ਜੀ ਵੱਲੋਂ ਇਸ ਜਾਤੀ ਸੂਚਕ ਸ਼ਬਦ ਨੂੰ ਬਗਾਵਤ ਦੇ ਤੌਰ ਤੇ ਇਸ ਲਈ ਆਖਿਆ ਜਾ ਸਕਦਾ ਹੈ ਕਿ ਉਸ ਵੇਲੇ ਵਰਣ/ਜਾਤੀ ਦੇ ਕੰਮ ਜਾਤੀ ਅਨੁਸਾਰ ਸਖ਼ਤੀ ਨਾਲ ਨਿਸ਼ਚਿਤ ਕੀਤੇ ਹੋਏ ਸਨ ਤੇ ਸਖ਼ਤੀ ਨਾਲ ਹੀ ਉਹਨਾਂ ਦੀ ਪਾਲਣਾ ਕਰਵਾਈ ਜਾਂਦੀ ਸੀ। ਪਰਸਤਿਗੁਰੂ ਰਵਿਦਾਸ ਜੀ ਆਪਣੀ ਜਾਤੀ ਨੂੰ ਸੌਂਪੇ ਚਮੜੇ ਦੇ ਕੰਮ ਤੋਂ ਇਲਾਵਾ ਉਸ ਦਬਾਏ ਤੇ ਕੁਚਲੇ ਸਮਾਜ ਨੂੰ ਜਗਾਉਣ ਦਾ ਕੰਮ ਵੀ ਕਰਦੇ ਸਨ, ਜਿਸਨੂੰ ਸਦੀਆਂ ਤੋਂ ਸਮਾਜਿਕ ਅੱਨਿਆ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਹ ਵਰਤਾਰਾ ਜਾਤਪਾਤੀ ਵਿਵਸਥਾ ਦੇ ਸਖ਼ਤ ਕਾਨੂੰਨਾਂ ਦੇ ਖ਼ਿਲਾਫ਼ ਇਕ ਬਗਾਵਤ ਦਾ ਚਿੰਨ੍ਹ ਹੀ ਤਾਂ ਹੈ ਸੀ। ਇਸ ਤਰ੍ਹਾਂ ਉਹ ਬਾਗੀ ਹੋ ਕੇ ਨਿਧੜਕਤਾ ਨਾਲ ਪ੍ਰਚਾਰ ਕਰਦੇ ਰਹੇ।

ਇਸੇ ਤਰ੍ਹਾਂ ਦ੍ਰਿੜ੍ਹਤਾ ਇਸ ਲਈ ਆਖੀ ਜਾ ਸਕਦੀ ਹੈ ਕਿ ਰਵਿਦਾਸ ਜੀ ਨੂੰ ਪਤਾ ਸੀ ਕਿ ਉਹ ਜਾਬਰ ਨਾਲ ਟੱਕਰ ਲੈਣ ਦਾ ਕੰਮ ਕਰ ਰਹੇ ਹਨ, ਗਲਤ ਕਦਰ ਕੀਮਤਾਂ ਨੂੰ ਵੰਗਾਰ ਰਹੇ ਹਨ, ਆਪਣੀਆਂ ਨਿਸ਼ਚਿਤ ਹੱਦਾਂ ਨੂੰ ਤੋੜਨ ਦਾ ਕੰਮ ਕਰ ਰਹੇ ਹਨ, ਜਿਸਦਾ ਨਤੀਜਾ ਭੈੜੇ ਤੋਂ ਭੈੜਾ ਵੀ ਹੋ ਸਕਦਾ ਹੈ, ਉਹਨਾਂ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ ਪਰ ਉਹ ਇਹ ਸਭ ਕੁਝ ਜਾਣਦਿਆਂ ਵੀ ਪੂਰੀ ਸ਼ਿੱਦਤ, ਦ੍ਰਿੜ੍ਹਤਾ ਅਤੇ ਨਿਡਰਤਾ ਨਾਲ ਆਪਣੇ ਕੰਮ ਵਿਚ ਲੱਗੇ ਰਹੇ।

ਦ੍ਰਿੜ੍ਹਤਾ ਨਾਲ ਆਪਣੇ ਆਪ ਨੂੰ ਖਾਲਸ ਮੰਨਦੇ ਰਹੇ। ਆਪਣੇ ਵਰਗੇ ਵਿਚਾਰਾਂ ਵਾਲਿਆਂ ਨੂੰ ਇਹਨਾਂ ਬੇਗਮਪੁਰਾ ਵਾਸੀਆਂ ਨੂੰ ਹੀ ਉਹ ਆਪਣਾ ਮਿੱਤਰ ਪਿਆਰਾ ਅਤੇ ਹਮ-ਸ਼ਹਿਰੀ ਮੰਨਦੇ ਹਨ। ਬੜੀ ਦ੍ਰਿੜ੍ਹਤਾ ਤੇ ਦਲੇਰੀ ਨਾਲ ਉਹਨਾਂ ਨੇ ਦੋ ਸਭਿਆਤਾਵਾਂ ਵਿਚ ਲਕੀਰ ਖਿੱਚ ਦਿੱਤੀ। ਇਕ ਸਮਾਜ ਨੂੰ ਜਾਤਾਂਪਾਤਾਂ ਵਿਚ ਤੋੜਨ ਵਾਲੀ ਤੇ ਦੂਜੀ ਸਮਾਜ ਨੂੰ ਆਜ਼ਾਦੀ, ਬਰਾਬਰੀ ਤੇ ਸਭਿਆਚਾਰਕ ਸਾਂਝ ਪ੍ਰਦਾਨ ਕਰਨ ਵਾਲੀ। ਉਹਨਾਂ ਦਾ ਟੀਚਾ ਸਾਫ ਸੀ, ਜਿਸਦੀ ਪ੍ਰਾਪਤੀ ਲਈ ਵਧਾਏ ਗਏ ਕਦਮਾਂ ਦਾ ਉਹ ਕੋਈ ਵੀ ਮੁੱਲ ਤਾਰਨ ਲਈ ਤਿਆਰ ਸਨ। ਇਸ ਪ੍ਰਤੀ ਓਸ਼ੋ ਰਜਨੀਸ਼ ਦਾ ਇਕ ਕਥਨ ਬੜਾ ਢੁਕਵਾਂ ਹੈ, ਜਿਸ ਵਿਚ ਉਹ ਦੱਸਦੇ ਹਨ ਕਿ ਰਵਿਦਾਸ ਜੀ ਨੂੰ ਉਸਦੇ ਵਿਰੋਧੀ ਤਾਕਤਾਂ ਵੱਲੋਂ ਲੱਖ ਚਾਹੁੰਦਿਆਂ ਵੀ ਉਸਨੂੰ ਜੜ੍ਹੋਂ ਨਹੀਂ ਪੁੱਟ ਸਕੇ, ਉਹਨਾਂ ਦੇ ਵਿਚਾਰਾਂ ਨੂੰ ਕੱਟ ਨਹੀਂ ਸਕੇ। ਉਹ ਰਵਿਦਾਸ ਬਾਣੀ ਵਿਚ ਲਿਖਦੇ ਹਨ, "ਭਾਰਤ ਦਾ ਆਕਾਸ਼ ਸੰਤਾਂ ਦੇ ਸਿਤਾਰਿਆਂ ਨਾਲ ਭਰਿਆ ਪਿਆ ਹੈ। ਆਨੰਤ ਆਨੰਤ ਸਿਤਾਰੇ ਹਨ, ਹਾਲਾਂਕਿ ਜੋਤ ਸਭ ਦੀ ਇਕ ਹੈ।ਸਤਿਗੁਰੂ ਰਵਿਦਾਸ ਜੀ ਉਹਨਾਂ ਸਭ ਸਿਤਾਰਿਆਂ ਵਿਚੋਂ ਧਰੂ ਤਾਰਾ ਹਨ- ਇਸ ਲਈ ਕਿ ਸ਼ੂਦਰ ਦੇ ਘਰ ਵਿਚ ਪੈਦਾ ਹੋ ਕੇ ਵੀ ਕਾਸ਼ੀ ਦੇ ਪੰਡਤਾਂ ਨੂੰ ਵੀ ਮਜਬੂਰ ਕਰ ਦਿੱਤਾ ਮੰਨਣ ਲਈ।

ਪੰਡਤਾਂ ਨੇ ਆਪਣੇ ਸ਼ਾਸਤਰਾਂ ਵਿਚ ਮਹਾਂਵੀਰ ਦਾ ਜ਼ਿਕਰ ਨਹੀਂ ਕੀਤਾ। ਬੁੱਧ ਦੀਆਂ ਜੜ੍ਹਾਂ ਵੀ ਕੱਟ ਸੁੱਟੀਆਂ। ਬੁੱਧ ਦੇ ਵਿਚਾਰ ਨੂੰ ਪੁੱਟ ਸੁੱਟਿਆ। ਲੇਕਿਨ ਸਤਿਗੁਰੂ ਰਵਿਦਾਸ ਵਿਚ ਕੁਝ ਗੱਲ ਹੈ ਕਿ ਉਸਨੂੰ ਨਹੀਂ ਪੁੱਟ ਸਕੇ ਅਤੇ ਸਤਿਗੁਰੂ ਰਵਿਦਾਸ ਨੂੰ ਸਵੀਕਾਰ ਕਰਨਾ ਪਿਆ।"

ਰਜਨੀਸ਼ ਅੱਗੇ ਆਖਦੇ ਹਨ, "ਬ੍ਰਾਹਮਣਾਂ ਦੀਆਂ ਲਿਖੀਆਂ ਗਈਆਂ ਸਿਮਰਤੀਆਂ ਵਿਚ ਰਵਿਦਾਸ ਸਿਮਰਨ ਕੀਤੇ ਗਏ। ਚਮਾਰ ਦੇ ਘਰ ਵਿਚ ਪੈਦਾ ਹੋਣ 'ਤੇ ਵੀ ਬ੍ਰਾਹਮਣਾਂ ਨੇ ਸਵੀਕਾਰ ਕੀਤਾ- ਉਹ ਵੀ ਕਾਸ਼ੀ ਦੇ ਬ੍ਰਾਹਮਣਾਂ ਨੇ! ਕੁਝ ਗੱਲ ਅਨੋਖੀ ਹੈ, ਨਿਆਰੀ ਹੈ।"

"ਮਹਾਂਵੀਰ ਨੂੰ ਸਵੀਕਾਰ ਕਰਨ ਵਿਚ ਅੜਚਨ ਹੈ, ਬੁੱਧ ਨੂੰ ਸਵੀਕਾਰ ਕਰਨ ਵਿਚ ਅੜਚਣ ਹੈ। ਦੋਵੇਂ ਰਾਜਪੁੱਤਰ ਹਨ, ਜਿਨ੍ਹਾਂ ਨੂੰ ਸਵੀਕਾਰ ਕਰਨਾ ਜ਼ਿਆਦਾ ਆਸਾਨ ਹੁੰਦਾ। ਦੋਵੇਂ ਸ੍ਰੇਸ਼ਠ ਵਰਣ ਦੇ ਸਨ, ਦੋਵੇਂ ਛੱਤਰੀ ਸਨ ਲੇਕਿਨ ਉਹਨਾਂ ਨੂੰ ਸਵੀਕਾਰ ਕਰਨਾ ਮੁਸ਼ਕਿਲ ਹੋਇਆ। ਸਤਿਗੁਰੂ ਰਵਿਦਾਸ ਜੀ ਵਿਚ ਕੁਝ ਰਸ ਹੈ, ਕੋਈ ਸੁਗੰਧੀ ਹੈ- ਜੋ ਮਦਹੋਸ਼ ਕਰ ਦੇਵੇ।"

ਰਵਿਦਾਸ ਜੀ ਦੀ ਬਾਣੀ ਨੇ ਉੱਚਤਾ ਦਾ ਇਮਤਿਹਾਨ ਤਾਂ ਉਸ ਵੇਲੇ ਹੀ ਪਾਸ ਕਰ ਲਿਆ ਸੀ, ਜਦੋਂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਉਸ ਵਿਚ ਇਹਨਾਂ ਦੀ ਬਾਣੀ ਸ਼ਾਮਲ ਹੋ ਗਈ। ਇਹ ਸਮੁੱਚੀ ਨਾਨਕ ਬਾਣੀ ਸਮੁੱਚੀ ਮਾਨਵਤਾ ਲਈ ਇਕ ਚਾਨਣ ਮੁਨਾਰਾ, ਇਕ ਧੁਰਾ, ਇਕ ਫਲਸਫਾ ਹੈ ਤਾਂ ਨਿਸ਼ਚੇ ਹੀ ਰਵਿਦਾਸ ਬਾਣੀ ਵੀ ਇਸਦਾ ਹਿੱਸਾ ਹੈ।

ਸਤਿਗੁਰੂ ਰਵਿਦਾਸ ਜੀ ਨੇ ਛੇ ਸਦੀਆਂ ਪਹਿਲਾਂ ਕਿੰਨੇ ਸੁਹਣੇ ਸਮਰੱਥ ਲੋਕਰਾਜ, ਸਮਾਜਵਾਦ ਤੇ ਖੁਸ਼ਹਾਲ ਰਾਜ ਦੀ ਕਲਪਨਾ ਕੀਤੀ ਸੀ। ਉਹਨਾਂ ਤੋਂ ਤਾਂ ਸਦੀਆਂ ਬਾਅਦ ਹੀ ਕਾਰਲ ਮਾਰਕਸ ਦਾ ਸਮਾਜਵਾਦੀ ਫਲਸਫਾ ਹੋਂਦ ਵਿਚ ਆਇਆ ਸੀ। ਡਾ. ਅੰਬੇਡਕਰ ਨੇ ਵੀ ਜਾਪਦਾ ਹੈ ਸੰਵਿਧਾਨ ਲਿਖਣ ਮੌਕੇ ਮੁਢਲੇ ਅਧਿਕਾਰ ਦੇਣ ਲੱਗਿਆਂ ਬੇਗਮਪੁਰੇ ਵਰਗੇ ਦੇਸ਼ ਦੀ ਕਲਪਨਾ ਕੀਤੀ ਹੋਵੇਗੀ। ਇਸੇ ਲਈ ਸਭ ਨੂੰ ਬਿਨਾਂ ਜਾਤਪਾਤ, ਰੰਗ, ਨਸਲ, ਲਿੰਗ ਭੇਦ ਦੇ ਬਰਾਬਰੀ ਦਾ ਅਧਿਕਾਰ, ਪੜ੍ਹਨ-ਲਿਖਣ ਦਾ ਅਧਿਕਾਰ, ਕੋਈ ਵੀ ਕਿੱਤਾ ਅਪਣਾਉਣ ਦਾ ਅਧਿਕਾਰ, ਸਾਰੇ ਦੇਸ਼ ਵਿਚ ਆਜ਼ਾਦੀ ਨਾਲ ਕਿਤੇ ਵੀ ਘੁੰਮਣ-ਫਿਰਨ ਦਾ ਅਧਿਕਾਰ ਆਦਿ ਸਾਰੇ ਇਸ ਬੇਗਮਪੁਰੇ ਵੱਲ ਹੀ ਤਾਂ ਇਸ਼ਾਰਾ ਕਰ ਰਹੇ ਜਾਪਦੇ ਹਨ। ਜੇ ਇਹਨਾਂ ਅਧਿਕਾਰਾਂ ਨੂੰ ਇਮਾਨਦਾਰੀ ਨਾਲ ਲਾਗੂ ਕਰ ਦਿੱਤਾ ਜਾਵੇ ਤਾਂ ਉਹ ਰਵਿਦਾਸ ਜੀ ਦਾ ਬੇਗਮਪੁਰਾ ਹੀ ਵੱਸਣ ਵਰਗਾ ਹੀ ਹੋਵੇਗਾ।

ਪਰ ਇੰਝ ਹੋ ਨਹੀਂ ਰਿਹਾ। ਸਰਬ ਸਾਂਝੀਵਾਲਤਾ ਵਾਲੇ ਸੰਵਿਧਾਨ ਦੇ ਪਰਖਚੇ ਉਡਾ ਕੇ ਫਿਰ ਤੋਂ ਸਮਾਜ ਵਿਚ ਡੂੰਘੀਆਂ ਖਾਈਆਂ ਪੁੱਟੀਆਂ ਜਾ ਰਹੀਆਂ ਹਨ। ਹਰ ਪਾਸੇ ਅਸ਼ਾਂਤੀ, ਅਸਾਵਾਂਪਣ ਤੇ ਅਰਾਜਕਤਾ ਛਾਂਦੀ ਜਾ ਰਹੀ ਹੈ। ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਦੁਸ਼ਵਾਰੀਆਂ ਭਰੇ ਕੁਰਬਾਨੀਆਂ ਮੰਗਦੇ ਲੰਮੇ-ਲੰਮੇ ਅੰਦੋਲਨ ਕਰਨੇ ਪੈ ਰਹੇ ਹਨ। ਪਤਾ ਨਹੀਂ ਅੰਤ ਕੀ ਹੋਵੇਗਾ?



# ਤਾਪਮਾਨ ਦੇ ਵਾਧੇ ਉੱਤੇ ਕਿਵੇਂ ਕਾਬੂ ਪਾਇਆ ਜਾਵੇ?



ਡਾ. ਗੁਰਿੰਦਰ ਕੌਰ
001-408-493-9776

**14** ਜਨਵਰੀ, 2021 ਨੂੰ ਅਮਰੀਕਾ ਦੀ ਇੱਕ ਸੰਸਥਾ ਨੈਸ਼ਨਲ ਓਸਨਿਕ ਐਂਡ ਐਟਮੋਸਫਿਰਿਕ ਐਡਮਿਨਿਸਟਰੇਸ਼ਨ (ਨੌਆ) ਦੁਆਰਾ ਜਾਰੀ ਕੀਤੇ ਅੰਕੜਿਆਂ ਅਨੁਸਾਰ 1880 ਤੋਂ ਹੁਣ ਤੱਕ ਦੇ ਰਿਕਾਰਡ ਅਨੁਸਾਰ 2016 ਦਾ ਸਾਲ ਔਸਤ ਤਾਪਮਾਨ ਵਿਚ 1.00 ਡਿਗਰੀ ਸੈਲਸੀਅਸ ਦੇ ਵਾਧੇ ਨਾਲ ਦੁਨੀਆ ਦਾ ਸਭ ਤੋਂ ਗਰਮ ਸਾਲ ਰਿਹਾ ਹੈ ਅਤੇ 2020 ਦਾ ਸਾਲ ਔਸਤ ਤਾਪਮਾਨ ਵਿਚ 0.98 ਡਿਗਰੀ ਸੈਲਸੀਅਸ ਵਾਧੇ ਨਾਲ 2019 ਨੂੰ ਤੀਜੇ ਦਰਜੇ ਉੱਤੇ ਧਕੇਲਦੇ ਹੋਏ ਦੂਜਾ ਸਭ ਤੋਂ ਗਰਮ ਸਾਲ ਬਣ ਗਿਆ ਹੈ। 2020 ਦੇ ਔਸਤ ਤਾਪਮਾਨ ਵਿਚ ਵਾਧਾ 2016 ਦੇ ਤਾਪਮਾਨ ਦੇ ਵਾਧੇ ਨਾਲੋਂ ਸਿਰਫ਼ 0.02 ਡਿਗਰੀ ਸੈਲਸੀਅਸ ਘੱਟ ਅਤੇ 2019 ਨਾਲੋਂ 0.03 ਡਿਗਰੀ ਸੈਲਸੀਅਸ ਵੱਧ ਹੈ। 1880 ਤੋਂ ਹੁਣ ਤੱਕ ਦੇ ਸਭ ਤੋਂ ਵੱਧ ਤਾਪਮਾਨ ਵਾਲੇ ਪਹਿਲੇ ਦਸ ਸਾਲ ਕਰਮਵਾਰ 2016, 2020, 2019, 2015, 2017, 2018, 2014, 2010, 2013 ਅਤੇ 2005 ਵੀ ਇਸੇ ਸਦੀ ਵਿਚ ਰਿਕਾਰਡ ਕੀਤੇ ਗਏ ਹਨ।

ਨੌਆ ਦੇ ਅੰਕੜਿਆਂ ਅਨੁਸਾਰ 2011-2020 ਦਾ ਦਹਾਕਾ ਹੁਣ ਤੱਕ ਦਾ ਸਭ ਤੋਂ ਗਰਮ ਦਹਾਕਾ ਰਿਹਾ ਹੈ ਅਤੇ ਇਸ ਦਹਾਕੇ ਵਿਚ ਧਰਤੀ ਅਤੇ ਸਮੁੰਦਰ ਦੇ ਔਸਤ ਤਾਪਮਾਨ ਵਿਚ 0.82 ਡਿਗਰੀ ਸੈਲਸੀਅਸ ਵਾਧਾ ਰਿਕਾਰਡ ਕੀਤਾ ਗਿਆ ਹੈ ਜੋ 2001-2010 ਦੇ ਦਹਾਕੇ ਦੇ ਔਸਤ ਤਾਪਮਾਨ ਦੇ ਵਾਧੇ 0.62 ਡਿਗਰੀ ਸੈਲਸੀਅਸ ਤੋਂ 0.20 ਡਿਗਰੀ ਵੱਧ ਹੈ। ਧਰਤੀ ਦੇ ਔਸਤ ਤਾਪਮਾਨ ਵਿਚ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਬਾਅਦ ਹੀ ਵਾਧਾ ਹੋਣਾ ਸ਼ੁਰੂ ਹੋ ਗਿਆ ਸੀ। ਪਹਿਲਾਂ-ਪਹਿਲ ਇਸ ਦੀ ਦਰ ਬਹੁਤ ਘੱਟ ਸੀ। 1980 ਤੱਕ ਤਾਂ ਇਸ ਵਾਧੇ ਦੀ ਦਰ 0.08 ਡਿਗਰੀ ਸੈਲਸੀਅਸ ਪ੍ਰਤਿ ਸਾਲ ਰਹੀ ਪਰ ਉਸ ਬਾਅਦ ਇਹ ਦਰ ਵਧਕੇ 0.18 ਡਿਗਰੀ ਸੈਲਸੀਅਸ ਪ੍ਰਤਿ ਸਾਲ ਹੋ ਗਈ ਹੈ।

ਨੌਆ ਦੀ ਰਿਪੋਰਟ ਅਨੁਸਾਰ 2020 ਵਿਚ ਉੱਤਰੀ ਅਰਧਗੋਲੇ ਦਾ ਔਸਤ ਤਾਪਮਾਨ ਪਿਛਲੇ 141 ਸਾਲਾਂ ਵਿਚ ਸਭ ਤੋਂ ਜ਼ਿਆਦਾ ਰਿਹਾ ਹੈ। ਇਹ ਸਾਲ ਉੱਤਰੀ ਅਰਧਗੋਲੇ ਦਾ ਸਭ ਤੋਂ ਗਰਮ ਸਾਲ ਆਂਕਿਆ ਗਿਆ ਹੈ ਅਤੇ ਇਸ ਦੇ ਔਸਤ ਤਾਪਮਾਨ ਵਿਚ 1.28 ਡਿਗਰੀ ਸੈਲਸੀਅਸ ਵਾਧਾ ਰਿਕਾਰਡ ਕੀਤਾ ਗਿਆ, ਜਦੋਂਕਿ ਦੱਖਣੀ ਅਰਧਗੋਲੇ ਵਿਚ ਇਹ ਵਾਧਾ 0.77 ਡਿਗਰੀ ਸੈਲਸੀਅਸ ਆਂਕਿਆ ਗਿਆ ਅਤੇ 2020 ਦਾ ਸਾਲ ਪੰਜਵਾਂ ਗਰਮ ਸਾਲ ਰਿਕਾਰਡ ਕੀਤਾ ਗਿਆ। 2020 ਵਿਚ ਦੁਨੀਆ ਦੇ ਲਗਭਗ ਸਾਰੇ ਦੇਸਾਂ ਦੇ ਔਸਤ ਤਾਪਮਾਨ ਵਿਚ ਵਾਧਾ ਰਿਕਾਰਡ ਕੀਤਾ ਗਿਆ। ਯੂਰਪ ਦਾ ਹੁਣ ਤੱਕ ਦਾ ਇਹ ਸਭ ਤੋਂ ਗਰਮ ਸਾਲ ਰਿਹਾ ਹੈ। ਯੂਰਪ ਅਤੇ ਏਸ਼ੀਆ ਦੇ ਔਸਤ ਤਾਪਮਾਨ ਵਿਚ 2 ਡਿਗਰੀ ਸੈਲਸੀਅਸ ਵਾਧਾ ਆਂਕਿਆ ਗਿਆ ਹੈ। ਆਸਟਰੇਲੀਆ, ਦੱਖਣੀ ਅਮਰੀਕਾ, ਉੱਤਰੀ ਅਮਰੀਕਾ ਦੇ ਦੱਖਣੀ ਭਾਗਾਂ ਅਤੇ ਅੰਧ, ਸ਼ਾਂਤ ਅਤੇ ਹਿੰਦ ਤਿੰਨੇ ਮਹਾਸਾਗਰਾਂ ਦਾ ਤਾਪਮਾਨ ਵੀ ਔਸਤ ਨਾਲੋਂ ਉੱਚਾ ਰਿਹਾ ਹੈ। ਆਰਕਟਿਕ ਉੱਤਲਾ ਤਾਪਮਾਨ ਧਰਤੀ ਦੇ ਬਾਕੀ ਹਿੱਸਿਆਂ ਨਾਲੋਂ ਤਿੰਨ ਗੁਣਾ ਵੱਧ ਰਿਹਾ ਹੈ ਅਤੇ ਇੱਥੋਂ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਨਾਲੋਂ 3 ਗੁਣਾ ਵਧ ਗਿਆ ਹੈ। ਸਾਇਬੇਰੀਆ ਜੋ ਕਦੇ ਠੰਡੇ ਇਲਾਕੇ ਵਜੋਂ ਜਾਣਿਆ ਜਾਂਦਾ ਸੀ ਦੇ ਜੂਨ ਮਹੀਨੇ ਦੇ ਔਸਤ ਤਾਪਮਾਨ ਵਿਚ 30 ਡਿਗਰੀ ਸੈਲਸੀਅਸ ਦਾ ਵਾਧਾ ਰਿਕਾਰਡ ਕੀਤਾ ਗਿਆ। ਇਸ ਤੋਂ ਇਲਾਵਾ ਤਾਪਮਾਨ ਦੇ ਵਾਧੇ ਨਾਲ ਕੈਲੇਫੋਰਨੀਆ, ਸਾਇਬੇਰੀਆ, ਅਤੇ ਆਸਟਰੇਲੀਆ ਦੇ ਜੰਗਲ ਭਿਆਨਕ ਜੰਗਲੀ ਅੱਗ ਦੀ ਲਪੇਟ ਵਿਚ ਆ ਰਹੇ ਹਨ।

ਕੋਵਿਡ-19 ਅਤੇ ਲਾ-ਨੀਨਾ ਸਾਲ ਦੇ ਹੋਣ ਦੇ ਬਾਵਜੂਦ 2020 ਦਾ ਤਾਪਮਾਨ ਇੰਨਾ ਵਧ ਗਿਆ ਕਿ ਇਹ ਸਾਲ ਹੁਣ ਤੱਕ ਦਾ ਦੂਜਾ ਸਭ ਤੋਂ ਗਰਮ ਸਾਲ ਬਣ ਗਿਆ ਹੈ। ਕੋਵਿਡ-19 ਕਾਰਨ ਦੁਨੀਆ ਦੇ ਲਗਭਗ ਸਾਰੇ ਦੇਸਾਂ ਵਿਚ ਲੌਕਡਾਊਨ ਦੇ ਸਮੇਂ ਦੌਰਾਨ ਹਰ ਤਰ੍ਹਾਂ ਦੇ ਕਾਰੋਬਾਰ, ਜੋ ਗਰੀਨਹਾਊਸ ਗੈਸਾਂ ਛੱਡਦੇ ਹਨ, ਬੰਦ ਹੋ ਗਏ ਸਨ ਜਿਸ ਨਾਲ ਇਨ੍ਹਾਂ ਗੈਸਾਂ ਦੀ ਨਿਕਾਸੀ ਵਿਚ 7 ਫ਼ੀਸਦ ਕਮੀ ਰਿਕਾਰਡ ਕੀਤੀ ਗਈ ਸੀ। 2020 ਦੇ ਤਾਪਮਾਨ ਵਿਚ ਵਾਧਾ ਹੋਣਾ ਇਹ ਦਰਸਾਉਂਦਾ ਹੈ ਕਿ ਅਸੀਂ ਲੌਕਡਾਊਨ ਦੇ ਸਮੇਂ ਜਾਂ ਉਸ ਤੋਂ ਬਾਅਦ ਕੁਝ ਅਜਿਹਾ ਕਰ ਰਹੇ ਸੀ ਜਿਸ ਨਾਲ ਵਾਤਾਵਰਨ ਗਰਮ ਹੁੰਦਾ ਰਿਹਾ ਹੈ। ਇਸ ਸਮੇਂ ਦੌਰਾਨ ਸਾਡਾ ਖਾਣ-ਪੀਣ ਅਤੇ ਰਹਿਣ-ਸਹਿਣ ਦਾ ਢੰਗ ਨਹੀਂ ਬਦਲਿਆ। ਯੂਨਾਈਟਡ ਨੇਸ਼ਨਜ਼ ਦੇ ਇਨਵਾਰਨਮੈਂਟ ਪ੍ਰੋਗਰਾਮ ਦੀ ਗਿਆਰਵੀਂ ਐਨੂਅਲ ਗੈਪ ਅਮਿਸ਼ਨ ਰਿਪੋਰਟ ਅਨੁਸਾਰ 2010 ਤੋਂ 2019 ਦੇ ਅਰਸੇ ਦੇ ਦੌਰਾਨ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਔਸਤਨ 1.4 ਫ਼ੀਸਦ ਦਰ ਨਾਲ ਪ੍ਰਤੀ ਸਾਲ ਵਾਧਾ ਹੋ ਰਿਹਾ ਹੈ। ਇਕ ਵਾਰ ਨਿਕਾਸੀ ਤੋਂ ਬਾਅਦ ਇਹ ਗੈਸਾਂ ਵਾਤਾਵਰਨ ਵਿਚ ਲੰਮੇ ਸਮੇਂ ਤੱਕ ਟਿਕੀਆਂ ਰਹਿੰਦੀਆਂ ਹਨ ਅਤੇ ਤਾਪਮਾਨ ਵਿਚ ਲਗਾਤਾਰ ਵਾਧਾ ਕਰਦੀਆਂ ਹਨ।



2020 ਦਾ ਸਾਲ ਲਾ-ਨੀਨਾ ਪ੍ਰਕਿਰਿਆ ਵਾਲਾ ਸੀ। ਲਾ-ਨੀਨਾ ਅਤੇ ਐਲ-ਨੀਨੋ ਧਰਤੀ ਦੇ ਔਸਤ ਤਾਪਮਾਨ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ। ਲਾ-ਨੀਨਾ ਵਾਲੇ ਸਾਲ ਵਿਚ ਆਮ ਤੌਰ ਉੱਤੇ ਧਰਤੀ ਦਾ ਤਾਪਮਾਨ ਔਸਤ ਨਾਲੋਂ ਘਟ ਜਾਂਦਾ ਹੈ, ਜਦੋਂ ਕਿ ਐਲ-ਨੀਨੋ ਵਾਲੇ ਸਾਲ ਵਿਚ ਇਸ ਵਿਚ ਵਾਧਾ ਹੋ ਜਾਂਦਾ ਹੈ। 2020 ਵਿਚ ਲਾ-ਨੀਨਾ ਦੀ ਪ੍ਰਕਿਰਿਆ ਭਾਵੇਂ ਅਗਸਤ ਮਹੀਨੇ ਵਿਚ ਸ਼ੁਰੂ ਹੋ ਗਈ ਸੀ, ਪਰ ਉਸ ਦਾ ਅਸਰ ਸਿਰਫ਼ ਇੰਨਾ ਕੁ ਹੀ ਹੋਇਆ ਕਿ ਨਵੰਬਰ ਅਤੇ ਦਸੰਬਰ ਦੇ ਮਹੀਨਿਆਂ ਦੇ ਔਸਤ ਤਾਪਮਾਨ ਵਿਚ ਬਾਕੀ ਮਹੀਨਿਆਂ ਦੇ ਮੁਕਾਬਲੇ ਘੱਟ ਵਾਧਾ ਹੋਇਆ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ 2016 ਦਾ ਸਾਲ ਐਲ-ਨੀਨੋ ਵਾਲਾ ਸੀ ਉਸ ਦੇ ਤਾਪਮਾਨ ਵਿਚ ਵਾਧਾ ਹੋਣਾ ਸੁਭਾਵਕ ਸੀ ਕਿਉਂਕਿ ਐਲ-ਨੀਨੋ ਦੇ ਪ੍ਰਭਾਵ ਕਾਰਨ ਤਾਪਮਾਨ ਔਸਤ ਨਾਲੋਂ ਵਧ ਜਾਂਦਾ ਹੈ। ਦੂਜੇ ਪਾਸੇ, 2020 ਵਿਚ ਲਾ-ਨੀਨਾ ਪ੍ਰਕਿਰਿਆ ਦੇ ਹੋਣ ਦੇ ਬਾਵਜੂਦ ਤਾਪਮਾਨ ਦਾ ਵਾਧਾ ਮਨੁੱਖੀ ਗਤੀਵਿਧੀਆਂ ਅਤੇ ਤਾਪਮਾਨ ਦੇ ਵਾਧੇ ਨੂੰ ਰੋਕਣ ਦੇ ਯਤਨਾਂ ਉੱਤੇ ਪ੍ਰਸ਼ਨ ਚਿੰਨ ਲਗਾਉਂਦਾ ਹੋਇਆ ਚੇਤਾਵਨੀ ਦੇ ਰਿਹਾ ਹੈ ਕਿ ਸਾਨੂੰ ਤਾਪਮਾਨ ਦੇ ਵਾਧੇ ਨੂੰ ਕਾਬੂ ਕਰਨ ਲਈ ਗਰੀਨਹਾਊਸ ਗੈਸਾਂ ਦੀ ਨਿਕਾਸੀ ਤੇਜ਼ੀ ਨਾਲ ਘੱਟ ਕਰਨੀ ਚਾਹੀਦੀ ਹੈ। ਜੇਕਰ 2020 ਲਾ-ਨੀਨਾ ਵਾਲਾ ਸਾਲ ਨਾ ਹੋਕੇ ਆਮ ਜਾਂ ਐਲ-ਨੀਨੋ ਵਾਲਾ ਹੁੰਦਾ ਤਾਂ ਇਸ ਦੇ ਔਸਤ ਤਾਪਮਾਨ ਵਿਚ ਵਾਧਾ ਹੁਣ ਨਾਲੋਂ ਕਿਧਰੇ ਵੱਧ ਹੁੰਦਾ।

ਵਾਤਾਵਰਨ ਵਿਚ ਕਾਰਬਨਡਾਇਆਕਸਾਈਡ ਦੀ ਘਣਤਾ ਆਏ ਸਾਲ ਵਧਦੀ ਜਾ ਰਹੀ ਹੈ। ਉਦਯੋਗਿਕ ਇਨਕਲਾਬ ਸਮੇਂ ਦੀ ਵਾਤਾਵਰਨ ਵਿਚ ਇਹ ਘਣਤਾ ਸਿਰਫ਼ 280 ਪੀ.ਪੀ.ਐੱਮ. (ਪਾਰਟਸ ਪਰ ਮਿਲੀਅਨ) ਸੀ ਜੋ 1960 ਵਿਚ ਵਧਕੇ 316.91 ਪੀ.ਪੀ.ਐੱਮ. ਹੋ ਗਈ ਅਤੇ 9 ਮਈ, 2013 ਨੂੰ ਪਹਿਲੀ ਵਾਰ ਕਾਰਬਨਡਾਇਆਕਸਾਈਡ ਦੀ ਘਣਤਾ ਹਵਾਈ ਦੇ ਮੋਨਾ ਲੋਆ ਸਟੇਸ਼ਨ ਉੱਤੇ, ਜਿੱਥੇ ਹਰ ਰੋਜ਼ ਇਸ ਦੀ ਘਣਤਾ ਮਾਪੀ ਜਾਂਦੀ ਹੈ, 400 ਪੀ.ਪੀ.ਐੱਮ. ਰਿਕਾਰਡ ਕੀਤੀ ਗਈ। ਉਸ ਤੋਂ ਲਗਭਗ ਦੋ ਸਾਲ ਬਾਅਦ 2015 ਵਿਚ ਇਸ ਦੀ ਸਲਾਨਾ ਔਸਤ ਘਣਤਾ 400 ਪੀ.ਪੀ.ਐੱਮ. ਹੋ ਗਈ। 1880 ਤੋਂ 1960 ਤੱਕ ਵਾਤਾਵਰਨ ਵਿਚ ਕਾਰਬਨ ਡਾਇਆਕਸਾਈਡ ਦੀ ਘਣਤਾ ਵਿਚ 0.06 ਪੀ.ਪੀ.ਐੱਮ. ਪ੍ਰਤਿ ਸਾਲ ਦੀ ਦਰ ਨਾਲ ਵਧੀ। ਹੁਣ ਪਿਛਲੇ ਇਕ ਦਹਾਕੇ ਤੋਂ ਇਹ 2 ਪੀ.ਪੀ.ਐੱਮ. ਪ੍ਰਤਿ ਸਾਲ ਦੀ ਦਰ ਨਾਲ ਵਧ ਰਹੀ ਹੈ। 2020 ਵਿਚ ਲੌਕਡਾਊਨ ਦੇ ਅਰਸੇ ਦੌਰਾਨ ਮਈ ਮਹੀਨੇ ਵਿਚ ਕਾਰਬਨਡਾਇਆਕਸਾਈਡ ਦੀ ਔਸਤ ਘਣਤਾ 417.16 ਰਿਕਾਰਡ ਕੀਤੀ ਗਈ ਜੋ ਹੁਣ ਤੱਕ ਦੀ ਸਭ ਤੋਂ ਜ਼ਿਆਦਾ ਘਣਤਾ ਹੈ। ਕਾਰਬਨਡਾਇਆਕਸਾਈਡ ਦੇ ਵਾਤਾਵਰਨ ਵਿਚ ਵਾਧੇ ਦੇ ਮੁੱਖ ਕਾਰਨ ਮਨੁੱਖੀ ਗਤੀਵਿਧੀਆਂ ਹਨ, ਜਿਹੜੀਆਂ ਉਨ੍ਹਾਂ ਦੇ ਖਾਣ-ਪੀਣ, ਰਹਿਣ-ਸਹਿਣ, ਜੈਵਿਕ ਬਾਲਣ, ਜੰਗਲਾਂ ਦੀ ਕਟਾਈ ਆਦਿ ਨਾਲ ਸੰਬੰਧਿਤ ਹਨ।

ਡਬਲਿਓ, ਐੱਮ. ਓ. ਦੀ 'ਦਿ ਸਟੇਟ ਆਫ਼ ਗਲੋਬਲ ਕਲਾਈਮੇਟ, 2020' ਰਿਪੋਰਟ ਅਨੁਸਾਰ ਧਰਤੀ ਦਾ ਔਸਤ ਤਾਪਮਾਨ ਜਨਵਰੀ ਤੋਂ ਅਕਤੂਬਰ ਤੱਕ 1.2 ਡਿਗਰੀ ਸੈਲੀਅਸ ਵਧ ਗਿਆ ਹੈ। ਨੌਆ ਦੀ 2020 ਦੀ ਸਲਾਨਾ ਮੌਸਮ ਸੰਬੰਧੀ ਰਿਪੋਰਟ ਅਨੁਸਾਰ 2014 ਤੋਂ 2020 ਤੱਕ ਦੇ ਸੱਤ ਸਾਲ ਹੁਣ ਤੱਕ ਸਭ ਤੋਂ ਗਰਮ ਸਾਲ ਰਹੇ ਹਨ। 2014 ਵਿਚ ਪਹਿਲੀ ਵਾਰ ਆਈ.ਪੀ.ਸੀ.ਸੀ. ਦੀ ਇਕ ਰਿਪੋਰਟ ਵਿਚ ਸੰਯੁਕਤ ਰਾਸ਼ਟਰ ਨੇ ਖੁਲਾਸਾ ਕੀਤਾ ਸੀ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਜਿਸ ਦੇ ਪ੍ਰਭਾਵ ਨਾਲ ਦੁਨੀਆ ਦੇ ਸਾਰੇ ਦੇਸ ਮੌਸਮੀ ਤਬਦੀਲੀਆਂ ਕਾਰਨ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਦੀ ਬੁਰੀ ਤਰ੍ਹਾਂ ਮਾਰ ਝੱਲਣਗੇ। ਰਿਪੋਰਟ ਵਿਚਲੀਆਂ ਚੇਤਾਵਨੀਆਂ ਨੂੰ ਦੇਖਦੇ ਹੋਏ ਸਾਰੇ ਦੇਸ ਇਕਦਮ ਹਰਕਤ ਵਿਚ ਆਏ ਅਤੇ ਤਾਪਮਾਨ ਦੇ ਵਾਧੇ ਤੋਂ ਹੋਣ ਵਾਲੇ ਨੁਕਸਾਨਾਂ ਤੋਂ ਬਚਣ ਲਈ 2015 ਵਿਚ ਪੈਰਿਸ ਵਿਚ ਗਰੀਨਹਾਊਸ ਗੈਸਾਂ ਵਿਚ ਤੇਜ਼ੀ ਨਾਲ ਕਟੌਤੀ ਕਰਨ ਲਈ ਰੂਪ-ਰੇਖਾ ਤਿਆਰ ਕੀਤੀ ਗਈ ਜਿਸ ਨੂੰ 'ਪੈਰਿਸ ਮੌਸਮੀ ਸੰਧੀ' ਦਾ ਨਾਂ ਦਿੱਤਾ ਗਿਆ। ਇਸ ਵਿਚ ਦੁਨੀਆ ਦੇ ਲਗਭਗ ਸਾਰੇ ਦੇਸਾਂ ਨੇ ਆਪਣੇ ਆਪਣੇ ਦੇਸ ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਦਾ ਖਾਕਾ ਤਿਆਰ ਕਰਕੇ ਸੰਯੁਕਤ ਰਾਸ਼ਟਰ ਨੂੰ ਭੇਜਿਆ ਸੀ।

2015 ਤੋਂ 2020 ਤੱਕ ਦੇ ਸਾਲ ਹੁਣ ਤੱਕ ਦੇ ਸਭ ਤੋਂ ਗਰਮ ਸਾਲ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਅਰਸੇ ਦੌਰਾਨ ਦੁਨੀਆ ਦੇ ਕਿਸੇ ਵੀ ਦੇਸ ਨੇ 'ਪੈਰਿਸ ਮੌਸਮੀ ਸੰਧੀ' ਸੰਜ਼ੀਦਗੀ ਨਾਲ ਅਮਲ ਵਿਚ ਨਹੀਂ ਲਿਆਂਦਾ। ਪਿਛਲੇ ਸਮੇਂ ਵਿਚ ਵਾਤਾਵਰਨ ਵਿਚ ਸਭ ਤੋਂ ਜ਼ਿਆਦਾ ਗਰੀਨ-ਹਾਊਸ ਗੈਸਾਂ ਛੱਡਣ ਵਾਲੇ ਦੇਸ ਅਮਰੀਕਾ ਨੇ 2017 ਵਿਚ ਇਸ ਸੰਧੀ ਤੋਂ ਬਾਹਰ ਨਿਕਲਣ ਦਾ ਐਲਾਨ ਕਰਦਿਆਂ ਹੋਇਆ ਕਿਹਾ ਕਿ ਇਸ ਨਾਲ ਸਾਡੇ ਦੇਸ ਦੀ ਆਰਥਿਕ ਸਥਿਤੀ ਡਗਮਗਾ ਜਾਵੇਗੀ ਅਤੇ ਲੱਖਾਂ ਲੋਕ ਬੇਕਾਰ ਹੋ ਜਾਣਗੇ। ਅਮਰੀਕਾ ਤੋਂ ਬਾਅਦ ਚੀਨ ਆਉਂਦਾ ਹੈ ਜੋ ਅੱਜਕ-ੱਲ੍ਹ ਦੁਨੀਆ ਦੇ ਸਾਰੇ ਦੇਸਾਂ ਤੋਂ ਵੱਧ (ਗਰੀਨਹਾਊਸ ਗੈਸਾਂ ਦੀ ਕੁੱਲ ਨਿਕਾਸੀ ਦਾ 28 ਫ਼ੀਸਦ ਹਿੱਸਾ) ਛੱਡ ਰਿਹਾ ਹੈ ਨੇ ਕਿਹਾ ਹੈ ਕਿ ਚੀਨ ਆਰਥਿਕ ਵਿਕਾਸ ਦੀ ਪੂਰਨ ਉਚਾਈ ਉੱਤੇ ਪਹੁੰਚ ਕੇ 2030 ਤੋਂ ਬਾਅਦ ਇਨ੍ਹਾਂ ਗੈਸਾਂ ਵਿਚ ਕਟੌਤੀ ਕਰਨੀ ਸ਼ੁਰੂ ਕਰੇਗਾ ਅਤੇ 2060 ਵਿਚ ਜ਼ੀਰੋ ਨਿਕਾਸੀ ਤੱਕ ਪਹੁੰਚ ਜਾਵੇਗਾ। ਇਹ ਦੋਵੇਂ ਦੇਸ ਕੁੱਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਦਾ 42 ਫ਼ੀਸਦ ਹਿੱਸਾ ਵਾਤਾਵਰਣ ਵਿਚ ਛੱਡਦੇ ਹਨ। ਇਨ੍ਹਾਂ ਗੈਸਾਂ ਦੀ ਨਿਕਾਸੀ ਵਿਚ ਅਜੋਕੇ ਸਮੇਂ ਵਿਚ ਯੂਰਪੀਨ ਯੂਨੀਅਨ ਦੇ ਦੇਸ ਤੀਜੇ ਅਤੇ ਭਾਰਤ ਚੌਥੇ ਨੰਬਰ ਆਉਂਦੇ ਹਨ। ਭਾਰਤ ਨੇ ਭਾਵੇਂ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਸੰਬੰਧੀ 'ਪੈਰਿਸ ਮੌਸਮੀ ਸੰਧੀ' ਵਿਚ 2030 ਤੱਕ 40 ਫ਼ੀਸਦ ਊਰਜਾ ਕੁਦਰਤੀ ਸਰੋਤਾਂ ਤੋਂ ਪੈਦਾ ਕਰਨ ਦਾ ਵਾਅਦਾ ਕੀਤਾ ਹੈ, ਪਰ ਥੌਮਸਨ ਰੀਊਟਰਜ਼ ਫ਼ਾਊਂਡੇਸ਼ਨ ਦੀ ਜੁਲਾਈ 2019 ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ ਕੋਲੇ ਤੋਂ ਬਿਜਲੀ ਪੈਦਾ ਕਰਨ ਦੀ ਸਮਰੱਥਾ ਵਿਚ 2018 ਦੇ ਮੁਕਾਬਲੇ 2022 ਵਿਚ 22 ਫ਼ੀਸਦ ਵਾਧਾ ਹੋ ਜਾਵੇਗਾ। ਚੀਨ ਅਤੇ ਅਮਰੀਕਾ ਵਿਚ 2018 ਵਿਚ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਰਮਵਾਰ 1.6 ਫ਼ੀਸਦ ਅਤੇ 2.5 ਫ਼ੀਸਦ ਵਾਧਾ ਰਿਕਾਰਡ ਕੀਤਾ ਗਿਆ ਹੈ।

ਔਸਤ ਤਾਪਮਾਨ ਵਿਚ ਹੋ ਰਹੇ ਵਾਧੇ ਨੂੰ ਰੋਕਣ ਲਈ ਅੰਤਰਰਾਸ਼ਟਰੀ ਪੱਧਰ ਉੱਤੇ ਉਪਰਾਲੇ ਕਰਨ ਦੀ ਲੋੜ ਹੈ। ਦੁਨੀਆ ਦੇ ਕਿਸੇ ਵੀ ਦੇਸ ਨੂੰ ਕਿਸੇ ਵੀ ਤਰ੍ਹਾਂ ਦੇ ਕਾਰਨਾਂ ਕਰਕੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਵਾਧਾ ਕਰਨ ਦੀ ਥਾਂ ਉੱਤੇ ਉਨ੍ਹਾਂ ਦੀ ਫ਼ੀਸਦ ਮਾਤਰਾ ਨੂੰ ਘਟਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਵਾਤਾਵਰਨ ਵਿਚ ਜ਼ਿਆਦਾ ਮਾਤਰਾ ਵਿਚ ਗਰੀਨਹਾਊਸ ਗੈਸਾਂ ਛੱਡਣ ਵਾਲੇ ਦੇਸਾਂ ਨੂੰ ਯੂਰਪੀਨ ਯੂਨੀਅਨ ਦੇ ਦੇਸਾਂ ਵਾਂਗ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ 1990 ਤੋਂ 2019 ਦੌਰਾਨ ਗਰੀਨਹਾਊਸ ਦੀ ਨਿਕਾਸੀ ਵਿਚ 1990 ਦੀ ਨਿਕਾਸੀ ਦੇ ਪੱਧਰ ਤੋਂ 24 ਫ਼ੀਸਦ ਨਿਕਾਸੀ ਘਟਾ ਦਿੱਤੀ ਹੈ ਅਤੇ 2030 ਤੱਕ ਇਹਨਾਂ ਦੇਸਾਂ ਨੇ 1990 ਵਿਚ ਨਿਕਾਸ ਕੀਤੀਆਂ ਗਰੀਨ-ਹਾਊਸ ਗੈਸਾਂ ਦੀ ਮਾਤਰਾ 55 ਫ਼ੀਸਦ ਨਿਕਾਸੀ ਘਟਾਉਣ ਦੇ ਉਪਰਾਲੇ ਕਰਨ ਦਾ ਵਾਅਦਾ ਕੀਤਾ ਹੈ।

ਵਿਗਿਆਨੀਆਂ ਦੀਆਂ ਖੋਜਾਂ ਅਨੁਸਾਰ ਜੇਕਰ ਦੁਨੀਆ ਦੇ ਸਾਰੇ ਦੇਸ ਹਰ ਸਾਲ 7.6 ਫ਼ੀਸਦ ਦੀ ਦਰ ਨਾਲ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਿਚ ਕਟਾਉਂਤੀ ਕਰਨ ਤਾਂ ਵੀ ਸਦੀ ਦੇ ਅਖ਼ੀਰ ਤੱਕ, ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ ਸੁਰੱਖਿਅਤ ਸਮਝੀ ਜਾਂਦੀ ਸੀਮਾ ਤੱਕ 1.5 ਡਿਗਰੀ ਸੈਲਸੀਅਸ ਤੱਕ ਵਧ ਜਾਵੇਗਾ। ਤਾਪਮਾਨ ਦੇ ਵਾਧੇ ਨੂੰ ਕਾਬੂ ਵਿਚ ਲਿਆਉਣ ਲਈ ਊਰਜਾ ਪੈਦਾ ਕਰਨ ਲਈ ਕੁਦਰਤੀ ਸਾਧਨਾਂ ਉੱਤੇ ਨਿਰਭਰਤਾ ਵਧਾਉਣੀ ਹੋਵੇਗੀ। ਰਹਿਣ-ਸਹਿਣ, ਅਤੇ ਖਾਣ-ਪੀਣ ਦੇ ਤਰੀਕਿਆਂ ਵਿਚ ਭਾਰੀ ਬਦਲਾਅ ਲਿਆਉਣਾ ਚਾਹੀਦਾ ਹੈ। ਜੰਗਲਾਂ ਥੱਲੇ ਰਕਬਾ ਤੇਜ਼ੀ ਨਾਲ ਵਧਾਉਣ ਦੇ ਨਾਲ-ਨਾਲ ਕਾਰਪੋਰੇਟ ਵਿਕਾਸ ਮਾਡਲ ਦੀ ਥਾਂ ਉੱਤੇ ਕੁਦਰਤ ਅਤੇ ਲੋਕ-ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣਾ ਚਾਹੀਦਾ ਹੈ ਤਾਂ ਜੋ ਧਰਤੀ ਉੱਤੇ ਵੱਸਣ ਵਾਲੇ ਜੈਵਿਕ ਕੁਦਰਤੀ ਆਫ਼ਤਾਂ ਦੀ ਕਰੋਪੀ ਤੋਂ ਬਚ ਸਕਣ।

# ਮਾਤਾ ਬਖਸੀਸ ਕੋਰ ਅਣਦੇਹ ਨੂੰ ਦਿਤੀਆਂ ਵੱਖ ਵੱਖ ਆਗੂਆਂ ਵਲੋਂ ਦਿਤੀ ਸ਼ਰਧਾਂਜਲੀ











**ਲਸਾੜਾ/ਉੜਾਪੜ, ਬੱਗਾ ਸੇਲਕੀਆਣਾ-** ਪਿੰਡ ਗੜੀ ਅਜੀਤ ਸਿੰਘ ਦੇ ਉਘੇ ਸਮਾਜ ਸੇਵੀ ਤੇ ਨੰਬਰਦਾਰ ਮਹਿੰਦਰ ਸਿੰਘ ਅਣਦੇਹ,ਬਲਕਾਰ ਸਿੰਘ, ਬਲਿਹਾਰ ਸਿੰਘ ਅਣਦੇਹ ਦੀ ਮਾਤਾ ਬਖਸੀਸ ਕੋਰ ਪਤਨੀ ਸਵ. ਸ੍ਰ ਨਿਰਮਲ ਸਿੰਘ ਅਣਦੇਹ ਜਿਨਾਂ ਨੂੰ ਅਕਾਲ ਪੁਰਖ ਵਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ ਆਪਣੇ ਪਰਿਵਾਰ ਅਤੇ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਉਨਾਂ ਦੀ ਆਤਮਿਕ ਸ਼ਾਤੀ ਲਈ ਸਮੂੰਹ ਅਣਦੇਹ ਪਰਿਵਾਰ ਵਲੋਂ ਆਪਣੇ ਗ੍ਰਹਿ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਅੰਤਿਮ ਅਰਦਾਸ ਮੋਕੇ ਭਾਈ ਸਾਹਿਬ ਵਲੋਂ ਮਾਤਾ ਬਖਸੀਸ ਕੋਰ ਦੀ ਆਤਮਿਕ ਸ਼ਾਤੀ ਲਈ ਅਰਦਾਸ ਬੇਨਤੀ ਗਈ ਉਪਰੰਤ ਕੀਰਤਨੀ ਜਥੇ ਭਾਈ ਨਰਿੰਦਰ ਪਾਲ ਸਿੰਘ ਦੇ ਜਥੇ ਵਲੋਂ ਵੈਰਾਗਮਈ ਕੀਰਤਨ ਨਾਲ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਉਪਰੰਤ ਸ਼ਰਧਾਜਲੀ ਸਮਾਗਮ ਕਰ ਵਾਇਆਂ ਜਿਸ ਵਿੱਚ ਸ਼੍ਰੋ.ਅ.ਦਲ ਦੇ ਬੰਗਾ ਹਲਕਾ ਤੋਂ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ, ਰੂਪ ਲਾਲ ਧੀਰ, ਨੰਬਰਦਾਰ ਰਾਜ ਦਦਰਾਲ ਤੇ ਹੋਰ ਸ਼ਖਸ਼ੀਅਤਾਂ ਵਲੋਂ ਮਾਤਾ ਬਖਸੀਸ ਕੋਰ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਆਖਿਆ ਕਿ ਬਾਕੀ ਰਿਸ਼ਤਿਆਂ ਨਾਲੋ ਇੱਕ ਮਾਂ ਦਾ ਰਿਸਤਾ ਅਲੱਗ ਹੈ ਜੋ ਸੁੱਖ ਮਾਂ ਦੀਆਂ ਅਸੀਸਾਂ ਵਿਚੋਂ ਆਉਦਾ ਹੈ ਉਹ ਹੋਰ ਕਿਸੇ ਵਿਚੋਂ ਨਹੀਂ ਝਲਕਦਾ ਤੇ ਔਲਾਦ ਨੂੰ ਮਾਪਿਆਂ ਦੀ ਲੋੜ ਸਾਰੀ ਉਮਰ ਰਹਿੰਦੀ ਹੈ ਕਿਉਕਿ ਜੋ ਸਲਾਹ ਘਰਦੇ ਸਿਆਣੇ ਦੇ ਸਕਦੇ ਹਨ ਉਹ ਗੱਲਾਂ ਹੋਰ ਕੋਈ ਨਹੀਂ ਦੱਸ ਸਕਦਾ ਕਿਉਕਿ ਸਿਆਣਿਆ ਦਾ ਤਜੁਰਬਾ ਹੀ ਇਨਸਾਨ ਨੂੰ ਚੰਗੇ ਰਸਤੇ ਪਾਉਦਾ ਹੈ ਤੇ ਜਦੋਂ ਮਾਂ ਬਾਪ ਚਲੇ ਜਾਂਦੇ ਹਨ ਉਨਾਂ ਦੀ ਘਾਟ ਬਾਅਦ ਚ ਬਹੁਤ ਮਹਿਸੂਸ ਹੁੰਦੀ ਹੈ ਤੇ ਵਾਹਿਗੁਰੂ ਮਾਤਾ ਬਖਸੀਸ ਕੋਰ ਨੂੰ ਆਪਣੇ ਚਰਨਾ ਚ ਨਿਵਾਸ ਦੇਵੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਦੇਵੇ ਤੇ ਸਮੂੰਹ ਅਣਦੇਹ ਪਰਿਵਾਰ ਸਮਾਜ ਦੇ ਲੋਕਾਂ ਨਾਲ ਹਰ ਸਮੇ ਮੋਢੇ ਨਾਲ ਮੋਢਾ ਲਗਾਕੇ ਖੜਦਾ ਹੈ ਬੜਾ ਸੂਝਵਾਨ ਪਰਿਵਾਰ ਹੈ ਤੇ ਆਉਣ ਵਾਲੇ ਸਮੇਂ ਚ ਆਪਣਿਆ ਬਜੁਰਗਾਂ ਦੇ ਪੂਰਨਿਆਂ ਤੇ ਚੱਲ ਕੇ ਸਮਾਜ ਦੀ ਸੇਵਾ ਕਰਦਾ ਰਹੇ ਤੇ ਭਾਣਾ ਮੰਨਣ ਦਾ ਬੱਲ ਬਖਸ਼ੇ ਇਸ ਮੋਕੇ ਨੰਬਰਦਾਰ ਮੁਹਿੰਦਰ ਸਿੰਘ ਅਣਦੇਹ ਵਲੋਂ ਸਾਰੀਆਂ ਸੰਗਤਾਂ ਤੇ ਸ਼ਖਸ਼ੀਅਤਾਂ ਦਾ ਇਸ ਦੁੱਖ ਦੀ ਘੜੀ ਚ ਸ਼ਰੀਕ ਹੋਣ ਲਈ ਧੰਨਵਾਦ ਕੀਤਾ ਇਸ ਮੋਕੇ ਸਰਪੰਚ ਗੁਰਚੇਤਨ ਸਿੰਘ ਗੜੀ,ਅਮਰੀਕ ਸਿੰਘ ਪੁਰੇਵਾਲ ਸ਼੍ਰੀ ਸੋਹਣ ਲਾਲ ਢੰਡਾ ਪ੍ਰਧਾਨ ਐਸਸੀ ਵਿੰਗ, ਰੂਪ ਲਾਲ ਧੀਰ, ਨੰਬਰਦਾਰ ਰਾਜ ਕੁਮਾਰ ਦਦਰਾਲ, ਸੁਰਿੰਦਰ ਸੁਮਨ, ਬਹਾਦਰ ਸਿੰਘ ਥਿਆੜਾ, ਗੁਰਜਿੰਦਰ ਸਿੰਘ, ਅਵਤਾਰ ਸਿੰਘ, ਗੋਬਿੰਦ ਧੀਰ, ਬਲਵੀਰ ਦਦਰਾਲ, ਲਖਵਿੰਦਰ ਸਿੰਘ, ਜਸਪਾਲ ਧੀਰ, ਜੋਗਾ ਸਿੰਘ, ਭੁਪਿੰਦਰ ਸਿੰਘ,ਨਿਰਮਲ ਕੋਰ ਧੀਰ ਸਾ. ਸਰਪੰਚ, ਜਸਵਿੰਦਰ ਕੋਰ, ਕੁਲਜਿੰਦਰ ਕੋਰ, ਪ੍ਰਮਿੰਦਰ ਕੋਰ, ਨਛੱਤਰ ਕੋਰ, ਭਜਨ ਪੇਂਟਰ, ਜਸਵਿੰਦਰ ਜੇਈ, ਗੁਰਮੇਲ ਸਿੰਘ ਸਾਹਲੋਂ, ਗੁਰਵਿੰਦਰ ਸਿੰਘ ਛੋਕਰ, ਜਗਦੀਸ ਸਿੰਘ ਮੱਲਾ, ਬਿਸ਼ਨ ਝਿੰਗੜ, ਭੁਪਿੰਦਰ ਸਿੰਘ ਗਿੱਲ, ਸੁਰਿੰਦਰ ਸਿੰਘ ਤੌ ਇਲਾਵਾ ਹੋਰ ਰਿਸ਼ਤੇਦਾਰ ਤੇ ਪਿੰਡ ਵਾਸੀ ਹਾਜਰ ਸਨ।

# ਕਲਮ ਤੇ ਕੈਮਰੇ ਦਾ ਸੁਮੇਲ : ਦਰਸ਼ਨ ਦਰਵੇਸ਼



**ਡਾ. ਹਰਨੇਕ ਸਿੰਘ ਕਲੇਰ**

ਸ਼ਾਇਰ ਦਰਸ਼ਨ ਦਰਵੇਸ਼ ਦਾ ਜਾਣ ਵੇਲਾ ਨਹੀਂ ਹੋਇਆ ਸੀ ਪਰ ਉਹ ਅਛੋਪਲੇ ਜਿਹੇ ਅਦਿਸਦੇ ਤੇ ਅਣਦੱਸੇ ਸਫਰ ਤੇ ਰੱਬ ਬਾਰੇ ਫਿਲਮ ਬਣਾਉਣ ਨਿਕਲ ਤੁਰਿਆ। ਵੱਡੀ ਗੱਲ ਉਹ ਕੈਮਰਾ ਇਥੇ ਈ ਛੱਡ ਗਿਆ, ਚਲੋ ਪੱਟਕਥਾ ਤਾਂ ਉਸ ਦੇ ਅੰਦਰ ਚਲਦੀ ਹੀ ਰਹਿੰਦੀ ਸੀ। ਫਿਰ ਵੀ ਉਸ ਨਾਲ ਗੱਲਬਾਤ ਕਰਦਿਆਂ ਸ਼ਬਦਾਂ ਬੋਲਦੇ ਗਏ ਮੈਂ ਲਿਖਦਾ ਗਿਆ। ਉਸ ਬਾਰੇ ਲਿਖੇ ਨੂੰ ਤੁਹਾਡੇ ਨਾਲ ਸਾਂਝਾ ਕਰ ਰਿਹਾ ਜਿਸ ਨੂੰ ਪੜ੍ਹ ਕੇ ਤੁਸੀਂ ਉਸ ਨੂੰ ਆਪਣੇ ਆਲੇ ਦੁਆਲੇ ਘੁੰਮਦਾ ਮਹਿਸੂਸ ਕਰੋਗੇ। ਚੜ੍ਹਦੀ ਉਮਰ ਵਿਚ ਹੀ ਉਹ ਲੰਮੀ ਤਣੀ ਵਾਲਾ ਝੋਲਾ ਮੋਢੇ ਵਿਚ ਪਾ ਕੇ ਪਿੰਡ ਕਿਸ਼ਨਗੜ੍ਹ ਫਰਵਾਹੀ ਤੋਂ ਨਿਕਲਿਆ ਤੇ ਮੁੜ ਕਲਮ ਨੂੰ ਸਮਰਪਿਤ ਹੋ ਗਿਆ। ਉਸ ਦੇ ਦੋ ਕਾਵਿ ਸੰਗ੍ਰਹਿ, ਉਦਾਸ ਸਿਰਲੇਖ (1989) ਤੇ ਕੁੜੀਆਂ ਨੂੰ ਸਵਾਲ ਨਾ ਕਰੋ (2015) ਤੇ ਨਾਵਲਿਟ ਮਾਈਨਿੰਸ ਜ਼ੀਰੋ (2016) ਪ੍ਰਕਾਸ਼ਿਤ ਹੋਏ। ਮਾਈਨਿੰਸ ਜ਼ੀਰੋ ਨਾਵਲਿਟ ਵਿਚ ਦੂਜਾ ਨਾਵਲਿਟ ਆਖਰੀ ਪਹਿਰ ਤੱਕ ਸ਼ਾਮਿਲ ਸੀ। ਕਵਿਤਾ ਨੂੰ ਹਿਰਦੇ ਵਿਚ ਸਹਿਲਾਉਂਦਾ।

ਉਹ ਮੁੰਬਈ ਪਹੁੰਚ ਗਿਆ। ਮੁੰਬਈ ਨੂੰ ਉਸ ਨੇ ਆਪਣੀ ਕਰਮਭੂਮੀ ਬਣਾਇਆ ਤੇ ਰੋਜ਼ੀ ਰੋਟੀ ਦਾ ਸਾਧਨ। ਉਹ ਪ੍ਰਸਿੱਧ ਫਿਲਮ ਨਿਰਦੇਸ਼ਕ ਮਨਮੋਹਨ ਸਿੰਘ ਨਾਲ ਜਾ ਜੁੜਿਆ। ਨਿਰਦੇਸ਼ਕ ਮਨਮੋਹਨ ਸਿੰਘ ਦੇ ਸਹਾਇਕ ਵਜੋਂ ਫਿਲਮ ਮਾਚਸ ਵਿਚ ਆਪਣੇ ਵਲਵਲਿਆਂ ਨੂੰ ਸਾਕਾਰ ਕਰਦਾ ਕਲਮ ਤੋਂ ਕੈਮਰੇ ਨਾਲ ਪਾਠਕਾਂ ਤੇ ਦਰਸ਼ਕਾਂ ਦੇ ਸਨਮੁੱਖ ਆ ਖੜ੍ਹਿਆ। ਸਮਾਂ ਆਇਆ ਉਸ ਨੇ ਦੋ ਫਿਲਮਾਂ ਵੱਤਰ ਅਤੇ ਦਾ ਬਲੱਡ ਸਟਰੀਟ ਬਣਾਈਆਂ। ਫਿਲਮ ਵੱਤਰ ਵਿਚ ਅਤੈ ਸਿੰਘ ਦੇ ਨਾਟਕ ਸਹਿਬੋ ਨੂੰ ਸ਼ਾਹਕਾਰ ਰੂਪ ਵਿਚ ਪੇਸ਼ ਕੀਤਾ ਜੋ ਫਿਲਮ ਫੈਸਟੀਵਲਾਂ ਦਾ ਸ਼ਿੰਗਾਰ ਬਣ ਕੇ ਦਰਵੇਸ਼ ਨੂੰ ਬਿਦੇਸ਼ੀ ਧਰਤੀਆਂ ਕੈਨੇਡਾ, ਅਮਰੀਕਾ, ਅਸਟ੍ਰੇਲੀਆ ਤੇ ਇੰਗਲੈਂਡ ਦੇ ਦਰਸ਼ਕਾਂ ਦਾ ਚਹੇਤਾ ਬਣਾ ਗਈ। ਦੀ ਬਲੱਡ ਸਟਰੀਟ 1980 ਤੋਂ 1992 ਤੱਕ ਪੰਜਾਬ ਦੇ ਕਾਲੇ ਦਿਨਾਂ ਦੀ ਦਾਸਤਾਨ ਨੂੰ ਰੂਪਮਾਨ ਕਰਦੀ ਹੈ। ਇਸ ਫਿਲਮ ਨੇ ਵੀ ਦਰਸ਼ਕਾਂ ਦਾ ਪਿਆਰ ਤੇ ਦਰਸ਼ਨ ਦਰਵੇਸ਼ ਲਈ ਨਾਮਨਾ ਖੱਟਿਆ। ਉਹ ਪੰਜਾਬੀ ਫਿਲਮ ਨਗਰੀ ਵਿਚ ਫੋਟੋਗਰਾਫਰ ਤੇ ਫਿਲਮਸ਼ਾਜ ਦੇ ਰੂਪ ਵਿਚ ਉਭਰਿਆ। ਅੱਜ ਕੱਲ੍ਹ ਜਿਗਰ ਦੀ ਬਿਮਾਰੀ ਤੋਂ ਤੰਦਰੁਸਤ ਹੋ ਕਲਮ ਅਤੇ ਕੈਮਰੇ ਨੂੰ ਸਮਰਪਿਤ ਹੋ ਕੇ ਉਹ ਨਵੀਆਂ ਪੈੜਾਂ ਪਾ ਰਿਹਾ ਸੀ। ਫਿਲਮਾਂ ਨਾਲ ਜੁੜ ਕੇ ਵੀ ਉਹ ਦੋਸਤਾਂ ਨਾਲ ਸ਼ਾਇਰ ਦੇ ਰੂਪ ਵਿਚ ਵਿਚਰਿਆ ਕਿਉਂਕਿ ਜੀਵਨ ਦਾ ਸਫਰ ਤਾਂ ਉਸਨੇ ਸ਼ਾਇਰ ਦੇ ਰੂਪ ਵਿਚ ਹੀ ਸ਼ੁਰੂ ਕੀਤਾ ਸੀ। ਮੁਹਾਲੀ ਰਿਹਾਇਸ਼ ਰੱਖ ਕੇ ਉਹ ਪੰਜਾਬੀ ਸਾਹਿਤ ਅਕਾਦਮੀ ਚੰਡੀਗੜ੍ਹ ਦੇ ਮਾ-ਧਅਮ ਰਾਹੀਂ ਸਾਹਿਤ ਸਰਗਰਮੀਆਂ ਵਿਚ ਰੁੱਝ ਗਿਆ। ਸਾਵਣ ਕਵੀ ਦਰਬਾਰ ਕਰਵਾਇਆ ਤੇ ਮੇਰੀ ਸਿਰਜਣ ਪ੍ਰਕਿਰਿਆ ਤਹਿਤ ਕੁਆਡੀਨੇਟਰ ਦੇ ਤੌਰ ਸ਼ਾਇਰੀ ਤੇ ਸਾਹਿਤ ਮਹਿਫਲਾਂ ਅਰੰਭ ਕੀਤੀਆਂ। ਜਿਸ ਗੱਲ ਦਾ ਚਿਤ ਚੇਤਾ ਵੀ ਨਹੀਂ ਸੀ ਉਸਨੇ ਆਪਣੇ ਮਨੋਭਾਵਾਂ ਨੂੰ ਕਾਵਿ - ਚਿੰਤਨ ਵਿਚ ਸ਼ਾਮਿਲ ਕਰ ਗਿਆ। ਆਪਣੇ ਭਵਿੱਖ ਨੂੰ ਰੂਪ ਮਾਨ ਕਰਦੀ ਇਹ ਗੱਲ ਉਸ ਦੀਆਂ ਨਵੀਆਂ ਕਵਿਤਾਵਾਂ ਪੜ੍ਹ ਕੇ ਸਾਹਮਣੇ ਆਈ।

ਮਰਨ ਵਿਚ ਪਹਿਲਾਂ ਮੈਂ ਸੋਚਦਾ
ਆਪਣੇ ਲਈ ਇਕ ਘਰ ਬਣਾ ਹੀ ਲਈਏ
ਜਿੱਥੇ ਮੇਰੀਆਂ ਕਿਤਾਬਾਂ ਅਤੇ ਤੇਰੇ ਗੁਟਕੇ
ਸੰਭਾਲੇ ਤਾਂ ਜਾਣਗੇ ਆਖਿਰ ਕਿਉਂਕਿ
ਅਸੀਂ ਹੁਣ ਦੋਵੇਂ ਹੀ ਜਾਣਦੇ ਹਾਂ
ਕਿ ਹੁਣ
ਨਾ ਮੈਥੋਂ ਪੜ੍ਹਿਆ ਲਿਖਿਆ ਜਾਣੈ
ਅਤੇ ਨਾ ਤੈਥੋਂ
ਪੂਜਾ ਦੇ ਪੰਨੇ ਉਲੱਦ ਹੋਣੇ ਨੇ।

ਦਰਸ਼ਨ ਦਰਵੇਸ਼ ਅਨੇਕ ਰੰਗਾਂ ਵਾਲਾ ਕਲਮਕਾਰ ਕਵਿਤਾ ਤੇ ਕੈਮਰੇ ਦਾ ਸੁਮੇਲ ਸੀ। ਉਹ ਲਿਖਦਾ ਤੇ ਫਿਲਮਾਉਂਦਾ ਵੀ ਸੀ। ਉਸਨੇ ਦੋਵੇਂ ਕਲਾਵਾਂ ਨੂੰ ਬਰਾਬਰ ਪਾਠਕਾਂ ਤੇ ਦਰਸ਼ਕਾਂ ਨਾਲ ਸਾਂਝਾ ਕੀਤਾ। ਉਸਨੇ ਪਾਠਕਾਂ ਤੇ ਦਰਸ਼ਕਾਂ ਦੋਵਾਂ ਦਾ ਹੀ ਦਿਲ ਜਿੱਤਿਆ। ਉਸਦੀ ਸਾਹਿਤ ਵਿਚ ਆਮਦ ਕਵਿਤਾ ਨਾਲ ਹੋਈ। ਸਟੇਜ ਤੇ ਕਵਿਤਾ ਪੜ੍ਹਨ ਦਾ ਉਸ ਦਾ ਅੰਦਾਜ਼ ਵਿਲੱਖਣ ਸੀ। ਉਸਦੀ ਕਵਿਤਾ ਪਾਠਕਾਂ ਨੂੰ ਸੋਚਣ ਤੇ ਸਰੋਤਿਆਂ ਨੂੰ ਸਾਹ ਰੋਕਣ ਲਈ ਮਜ਼ਬੂਰ ਕਰ ਦਿੰਦੀ ਸੀ।

ਜਦ ਉਹ ਬੋਲਦੀ
ਜਿਉਂਦੇ ਬੋਲਾਂ ਨਾਲ ਬੋਲਦੀ
ਮੈਂ ਜਦ ਵੀ ਸੁਣਦਾ
ਦਿਲ ਦਿਆਂ ਕੰਨਾਂ ਨਾਲ ਸੁਣਦਾ
ਸ਼ਾਇਦ ਏਵੇਂ ਹੀ ਹੁੰਦੀ ਰਹੀ ਗੱਲ
ਜੀਣ ਦੀ ਭਾਸ਼ਾ 'ਚ।

ਦਰਵੇਸ਼ ਸਾਹਿਤ ਸਾਧਨਾਂ ਦਾ ਸਾਧਕ ਸੀ। ਉਹ ਸਾਹਿਤ ਸਾਧਨਾਂ ਸੰਗ ਜੀਣਾ ਤੇ ਮਰਨਾ ਦੀ ਲੋਚਾ ਰਖਦਾ ਸੀ। ਉਸ ਨੇ ਜੀਵਨ ਦੇ ਮੁੱਢਲੇ ਸਫਰ ਵਿਚ ਇਕ ਸਾਹਿਤਕ ਪੱਤਰਿਕਾ ਸਿਰਨਾਵਾਂ ਨਾਲ ਸਮਕਾਲੀ ਲੇਖਕਾਂ ਨੂੰ ਆਪਣੇ ਨਾਲ ਜੋੜਿਆ। ਸਿਰਨਾਵਾਂ ਤਾਂ ਇਕ ਬਹਾਨਾ ਸੀ। ਹਮਖਿਆਲ ਲੇਖਕਾਂ ਨਾਲ ਜੁੜਨ ਦਾ। ਅਜਿਹਾ ਹੀ ਬਹਾਨਾ ਉਸ ਨੇ ਇਹਨਾਂ ਦਿਨਾਂ ਵਿਚ ਬਣਾਇਆ। ਪਿੱਛਲੇ ਸਾਲ ਅਗਸਤ ਮਹੀਨੇ ਉਸ ਦਾ ਫੋਨ ਆਇਆ, ਮੈਂ ਮਹਿਮਾਨ ਸੰਪਾਦਕ ਦੇ ਤੌਰ ਤੇ ਰਸਾਲੇ; ਸ਼ਬਦ ਦਾ ਕਵਿਤਾ ਵਿਸ਼ੇਸ਼ ਅੰਕ ਕੱਢ ਰਿਹਾ ਹਾਂ, ਕਵਿਤਾਵਾਂ ਭੇਜ ਦੇ। ਮੈਂ ਆਪਣੀਆਂ ਕਵਿਤਾਵਾਂ ਭੇਜ ਦਿੱਤੀਆਂ। ਫਿਰ ਇਕ ਦਿਨ ਸੈਰ ਕਰਦੇ ਮਿਲ ਗਏ। ਕਵਿਤਾ ਵਿਸ਼ੇਸ਼ ਅੰਕ ਦਾ ਕੀ ਬਣਿਆ? ਮੈਂ ਪੁੱਛਿਆ। ਉਸਦਾ ਜਵਾਬ ਸੀ। ਯਾਰ ਲੋਕ ਕਵਿਤਾ ਲਿਖਣ ਤੋਂ ਈ ਹਟ ਗੇ, ਵੀਹ ਕੁ ਕਵਿਤਾਵਾਂ ਆਈਆਂ ਨੇ। ਜੇਕਰ ਇਹ ਕਵਿਤਾ ਵਿਸ਼ੇਸ਼ ਅੰਕ ਛਪ ਜਾਂਦਾ ਤਾਂ ਕਵਿਤਾ ਦੇ ਖੇਤਰ ਦੀ ਵੱਡੀ ਪ੍ਰਾਪਤੀ ਹੋਣਾ ਸੀ। ਅਜੋਕੇ ਸਮੇਂ ਵਿਚ ਲਿਖੀ ਜਾ ਰਹੀ ਕਵਿਤਾ ਬਾਰੇ ਉਸ ਵਲੋਂ ਕੀਤੀ ਗਈ ਟਿੱਪਣੀ, ਲਿਖੀ ਜਾ ਰਹੀ ਸਮਕਾਲੀ ਕਵਿਤਾ ਬਾਰੇ ਉਸਦੀ ਨਿਰਾਸ਼ਤਾ ਨੂੰ ਸਪੱਸ਼ਟ ਕਰਦੀ ਹੈ। ਜਾਮਣਾਂ ਵਾਂਗ ਅੱਜ ਕੱਲ੍ਹ ਫੇਸਬੁੱਕ ਤੇ ਹੀ ਕਵਿਤਾਵਾਂ ਲਿਖੀਆਂ ਜਾ ਰਹੀਆਂ ਨੇ। ਸਾਡੇ ਜਿਹਿਆਂ ਨੂੰ ਸ਼ਾਇਦ ਲਿਖਣਾ ਹੀ ਭੁੱਲ ਗਿਆ। ਉਸਦੀ ਕਵਿਤਾ ਸ਼ਬਦਾਂ ਦਾ ਜੰਜ਼ਾਲ ਨਹੀਂ ਬੁਣਦੀ ਸੀ ਸਗੋਂ ਅਰਥਾਂ ਦਾ ਨਵਾਂ ਸੰਚਾਰ ਸਿਰਜਦੀ ਸੀ।

ਉਸਦੇ ਅੱਥਰੂਆਂ ਦਾ ਸੇਕ
ਮੇਰੀਆਂ ਤਲੀਆਂ ਉਪਰ ਬਲ ਉੱਠਿਆ
ਮੇਰੀਆਂ ਤਲੀਆਂ ਨੇ
ਉਸ ਦੀਆਂ ਤਲੀਆਂ ਨੂੰ ਬਖਸ਼ ਦਿੱਤੀ
ਸੂਹੀ ਸੂਹੀ ਜਿਹੀ ਦੁਨੀਆ।

ਉਸ ਦੇ ਦੋਸਤਾਂ ਦਾ ਘੇਰਾ ਵਿਸ਼ਾਲ ਸੀ। ਪ੍ਰੀਤ ਨਗਰ ਮੁਖਤਾਰ ਗਿੱਲ ਕੋਲੋਂ ਉੱਠ ਉਹ ਪ੍ਰਮਿੰਦਰਜੀਤ ਦਾ ਅੱਖਰ ਫਰੋਲ ਰਿਹਾ ਹੁੰਦਾ। ਫਿਰ ਪਰਵਾਨੇ ਕੋਲ ਚਾਹ ਸਾਂਝੀ ਕਰ ਕੇ ਮੋਹਨ ਸਪਰਾ ਨਾਲ ਹਿੰਦੀ, ਪੰਜਾਬੀ ਕਵਿਤਾ ਦੀਆ ਗੱਲਾਂ ਕਰਦਾ ਉਹ ਜਿੰਦਰ ਦਾ ਬੂਹਾ ਜਾ ਖੜ੍ਹਕਾਉਂਦਾ। ਇੱਥੇ ਹੀ ਉਸ ਦੀਆਂ ਪਾਸ਼, ਰਣਜੀਤ ਮਾਧੋਪੁਰੀ ਨਾਲ ਸਾਂਝਾਂ ਬਣੀਆਂ। 1980 ਦੇ ਸਾਲ, ਨਕੋਦਰ ਵਿਖੇ ਹੀ ਇਕ ਸਮਾਗਮ ਵਿਚ ਮੇਰੀ ਦਰਸ਼ਨ ਦਰਵੇਸ਼ ਨਾਲ ਮੁਲਾਕਾਤ ਹੋਈ ਸੀ ਜੋ ਅੰਤ ਤੱਕ ਨਿਭੀ। ਇਸ ਹੋਣੀ ਦੇ ਵਾਪਰਨ ਤੋਂ ਕੁਝ ਦਿਨ ਪਹਿਲਾਂ ਧੁੱਪ ਖਿੜੀ ਹੋਈ ਸੀ। ਮੈਂ ਆਪਣੇ ਘਰ ਦੀ ਖਿੜਕੀ ਚੋਂ ਦੇਖਿਆ ਕਿ ਉਹ ਦੋਵੇਂ ਜੀਅ ਘਰ ਦੇ ਸਾਹਮਣੇ ਪਾਰਕ ਵਿਚ ਸੈਰ ਕਰ ਰਹੇ ਸਨ। ਸੋਚਿਆ ਜਾ ਕੇ ਮਿਲਾਂ, ਫੇਰ ਮਨ ਬਣਿਆ ਅੱਜ ਫੋਨ ਕਰਾਂਗਾ। ਫਿਰ ਇਹੋ ਪਤਾ ਲੱਗਿਆ ਉਹ ਹਾਜ਼ਰੀ ਰੋਟੀ ਖਾਣ ਤੋਂ ਬਾਅਦ ਅਛੋਪਲੇ ਜਿਹੇ ਉਹ ਘਰ ਤੋਂ ਤੁਰ ਗਿਆ। ਸ਼ਾਇਦ ਜਿਸਨੂੰ ਉਹ ਆਪ ਹਾਕ ਮਾਰ ਕੇ ਬੁਲਾਉਂਦਾ ਹੁੰਦਾ ਸੀ, ਉਸਨੇ ਬੁਲਾ ਲਿਆ ਹੋਵੇਗਾ।

ਮੈਂ ਕਦੇ ਨਹੀਂ ਚਾਹਿਆ
ਕਿ ਚੁੱਪ ਦੇ ਸਹਿਮ ਹੇਠ ਧੁਖਦਾ ਰਹਾਂ
ਜਦ ਵੀ ਚੁੱਪ ਨੇ ਮੈਨੂੰ ਕੋਲ ਬਿਠਾਇਆ
ਤਾਂ ਮੇਰੇ ਸਾਹਵੇਂ
ਤੇਰੇ ਗਲ ਦੀ ਤਵੀਤੀ ਮੁਸਕ੍ਰਾਉਂਣ ਲੱਗ ਪੈਂਦੀ ਹੈ
ਤੇ ਮੈਂ ਮੁਜਰਿਮ ਬਣਨ ਤੋਂ ਪਹਿਲਾਂ
ਤੈਨੂੰ ਹਾਕ ਮਾਰ ਦਿੰਦਾ ਹਾਂ।

ਇਉਂ ਹੀ ਉਹ ਸੋਚਦਾ ਸੀ। ਉਸਦੇ ਇਕ ਥਾਂ ਲਿਖੇ ਬੋਲ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ। ਹਾਕ ਮਾਰ ਕੇ ਬੁਲਾਉਣਾ ਪੈਂਦਾ ਕਿਸੇ ਨੂੰ ਜਦ ਪੈਂਦਾ ਲੱਭਣਾ, ਪਹਿਲਾਂ ਖੁਦ ਨੂੰ ਗੁਆਉਂਣਾ ਪੈਂਦਾ। ਉਸ ਦੇ ਬੋਲ ਕਵਿਤਾ ਵਰਗੇ ਸਨ ਤੇ ਕਵਿਤਾਵਾਂ ਲੋਕ ਗੀਤਾਂ ਦਾ ਭੁਲੇਖਾ ਪਾਉਂਦੀਆਂ ਸਨ।

ਉੱਡ ਉੱਡ ਚਿੜੀਏ ਨੀ, ਉੱਡ ਬਹਿ ਜਾ ਵਿਹੜੇ।
ਕਿੱਥੇ ਖ਼ਤ ਰੱਖੇ ਨੀ, ਲਿਖੇ ਸੀ ਤੈਨੂੰ ਜਿਹੜੇ।

ਉਸਨੂੰ ਨਵੀਆਂ ਥਾਵਾਂ ਤੇ ਨਵੇਂ ਦੋਸਤਾਂ ਨਾਲ ਜੁੜਨ ਦਾ ਚਾਅ ਚੜ੍ਹਿਆ ਰਹਿੰਦਾ ਸੀ। ਪਤਾ ਹੀ ਨਾ ਲਗਦਾ ਉਹ ਕਿਸੇ ਫਿਲਮ ਦੀ ਸੂਟਿੰਗ ਮੌਕੇ ਕੈਮਰੇ ਦੇ ਨੁਕਤੇ ਸਮਝਾ ਰਿਹਾ ਹੁੰਦਾ ਦੂਸਰੇ ਦਿਨ ਬੀਬਾ ਬਲਵੰਤ ਨਾਲ ਨੌਰਾ ਰਿਚਰਡ ਦੇ ਘਰ ਅੰਦਰੇਟੇ ਘੁੰਮ ਰਿਹਾ ਹੁੰਦਾ। ਕਿਧਰੇ ਕਵੀ ਦਰਬਾਰ ਜਾਂ ਕਹਾਣੀਆਂ ਦੀ ਰਾਤ ਹੁੰਦੀ, ਉਸਦੀ ਹਾਜ਼ਰੀ ਜ਼ਰੂਰ ਹੁੰਦੀ। ਗੁਰਚਰਨ ਚਾਹਲ ਭੀਖੀ ਕੋਲ ਬੈਠ ਕੇ ਕਹਾਣੀਆਂ ਪੜ੍ਹੀਆਂ ਜਾਂਦੀਆਂ ਤਾਂ ਉਹ ਬੇਬਾਕ ਟਿਪਣੀਆਂ ਕਰਦਾ।

ਪਟਿਆਲਿਓ ਆ ਕੇ ਕਿਰਪਾਲ ਕਜ਼ਾਕ ਦੀ ਕਹਾਣੀਆਂ ਦੀਆਂ ਗੱਲਾਂ ਕਰਦਾ। ਜਸਬੀਰ ਭੁੱਲਰ, ਸਵੀ, ਵਿਸ਼ਾਲ ਨਾਲ ਵਿਚਰਦਾ ਹੈ। ਉਹ ਦਿਨ ਹੀ ਭਲੇ ਸਨ।

ਫਿਰ ਜਦ ਮੋਢੇ ਲੰਮੀ ਤਣੀ ਵਾਲਾ ਝੋਲਾ ਪਾ ਕੇ ਉਹ ਮੁੰਬਈ ਪੁੱਜ ਗਿਆ ਤੇ ਪ੍ਰਸਿੱਧ ਫਿਲਮਕਾਰ ਮਨਮੋਹਨ ਸਿੰਘ ਨਾਲ ਜਾ ਜੁੜਿਆ ਸੀ ਤਾਂ ਸਾਹਿਤਕ ਮਹਿਫਲਾਂ ਵਿਚ ਉਸ ਦੀ ਕਮੀ ਚੁਭਦੀ ਰਹੀ ਪਰ ਆਪਣੇ ਫਿਲਮੀ ਤਜਰਬੇ ਵਿਚੋਂ ਉਸ ਨੇ ਦੋ ਯਾਦਗਾਰੀ ਫਿਲਮਾਂ ਵੀ ਦਿੱਤੀਆਂ ਜਿਨ੍ਹਾਂ ਨੇ ਉਸ ਦਾ ਘੇਰਾ ਦੇਸ਼ ਦੀ ਥਾਂ ਵਿਦੇਸ਼ਾਂ ਤੱਕ ਪਹੁੰਚਾ ਦਿੱਤਾ।

ਕਲਮ ਤੇ ਕਵਿਤਾ ਨੂੰ ਉਹ ਵਿਸਾਰ ਨਾ ਸਕਿਆ। 2015 ਵਿਚ ਉਸ ਦਾ ਦੂਜਾ ਕਾਵਿ ਸੰਗ੍ਰਹਿ 'ਕੁੜੀਆਂ ਨੂੰ ਸਵਾਲ ਨਾ ਕਰੋ' ਚਰਚਿਤ ਹੋਇਆ।

ਕਵਿਤਾ ਦੇ ਮਾਧਿਅਮ ਰਾਹੀਂ ਉਸ ਨੇ ਜਾਵੇਦ ਅਖਤਰ ਤੋਂ ਪ੍ਰਸੰਸਾ ਦੀ ਖੱਟੀ, ਖੱਟੀ ਜਿਸ ਨੇ ਨਾਗਪੁਰ ਵਿਖੇ ਹੋਏ ਕਵਿਤਾ ਸਮਾਰੋਹ ਵਿਚ ਉਸਦੀ ਕਵਿਤਾ ਸੁਣ ਕੇ ਕਿਹਾ ਸੀ, ਮਾਇਆ ਨਗਰੀ ਦੀ ਕੜਵਾਹਟ ਕੋ ਲੇਕਰ ਲਿਖੇ ਗਏ ਦੋ ਢਾਈ ਸੌ ਪੰਨੇ ਦੇ ਨਾਵਲੋਂ ਔਰ ਕਹਾਨੀਓ ਕੋ ਇਸ ਪੰਜਾਬੀ ਦੇ ਯੂਵਾ ਸ਼ਾਇਰ ਨੇ ਦੋ ਪੰਨੇ ਮੇਂ ਸਮੇਟ ਕਰ ਦੁਨੀਆ ਕੀ ਸਭ ਸੇ ਛੋਟੀ ਸ਼ਾਬਦਿਕ ਫਿਲਮ ਬਨਾ ਡਾਲੀ ਹੈ। ਮੈਂ ਇਸਕੋ ਪੰਜਾਬੀ ਕਾ ਸਭ ਸੇ ਬੜਾ ਸ਼ਾਇਰ ਹੋਨੇ ਕੀ ਦੁਆ ਦੇਤਾ ਹੂੰ।

ਕਵਿਤਾ ਸੀ ;
ਯਾਰ ਵਰਿਆਮ
ਬੱਚਾ ਨਹੀਂ ਹੈਂ ਤੂੰ
ਕਿਉਂ ਛੂਹ ਕੇ ਵੇਖਦਾ ਹੈਂ
ਮੋਰੀ ਚੋਂ ਵਿਦਾ ਹੁੰਦੀ ਕੈਟੀ ਦੀ ਬਰਾ ਦੀ ਢਿੱਲੀ ਤਣੀ
ਤਣੀ
ਜਿਸ ਵਿਚ ਉਸਨੇ ਸਮੇਟ ਕੇ ਰੱਖੇ ਨੇ
ਪੂਰੀ ਫਿਲਮ ਨਗਰੀ ਦੇ ਹਉਕੇ।

ਮੁੰਬਈ ਤੋਂ ਆ ਕੇ ਉਹ ਮੁਹਾਲੀ ਰਹਿਣ ਲੱਗ ਪਿਆ। ਉਸ ਦੀ ਸਾਹਿਤ ਸਮਾਗਮ ਵਿਚ ਹਾਜ਼ਰੀ ਹੀ ਨਹੀਂ ਸ਼ੁਰੂ ਹੋਈ ਸਗੋਂ ਉਸਨੇ ਆਪ ਰੂਬਰੂ, ਕਵੀ ਦਰਬਾਰ ਤੇ ਮੇਰੀ ਸਿਰਜਣ ਪ੍ਰਕਿਰਿਆ ਪ੍ਰੋਗਰਾਮ ਕੋਆਰਡੀਨੇਟ ਕਰਨੇ ਸ਼ੁਰੂ ਕਰ ਦਿੱਤੇ। ਰੂਪ ਨਗਰ ਕੁਲਦੀਪ ਬੇਦੀ ਨੂੰ ਸਰੋਤਿਆਂ, ਪਾਠਕਾਂ ਦੇ ਰੂਬਰੂ ਕਰਵਾਇਆ। ਸਾਲ 2017 ਵਿਚ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਵਲੋਂ ਕੋਆਰਡੀਨੇਟਰ ਦੇ ਤੌਰ ਤੇ ਸਾਵਣ ਕਵੀ ਦਰਬਾਰ ਕਰਵਾਇਆ ਜਿਸ ਦੀ ਰੂਹੇ ਰਵਾ ਉਹ ਆਪ ਸੀ। ਫਿਰ ਸੋਲਨ ਵਿਖੇ ਮੇਰੀ ਸਿਰਜਣ ਪ੍ਰਕਿਰਿਆ ਤਹਿਤ ਲੇਖਕਾਂ ਨੂੰ ਪਾਠਕਾਂ ਨਾਲ ਮਿਲਾਉਣ ਦੇ ਪ੍ਰੋਗਰਾਮ ਦੀ ਅਚ ਰਚ ਵੀ ਉਸ ਨੇ ਹੀ ਰਚੀ।

ਪਿਛਲੇ ਦਿਨੀਂ ਉਸ ਨੇ ਮੈਨੂੰ ਇਕ ਸੌ ਇਕ ਸੁਆਲ ਭੇਜ ਕੇ ਉਹਨਾਂ ਦੇ ਉੱਤਰ ਜਲਦੀ ਭੇਜ ਕਹਿ ਕੇ ਤੁਰੰਤ ਮੰਗਵਾਏ। ਸਾਹਿਤਕ ਪੁਸਤਕਾਂ ਪੜ੍ਹਦਾ ਤੇ ਲਿਖਦਾ ਜਿਵੇਂ ਸਾਹਿਤ ਬਾਰੇ ਸੋਚਦਾ ਹੀ ਉਹ ਸਾਥੋਂ ਵਿਦਾ ਹੋ ਗਿਆ। ਬਾਰਾਂ ਫਰਬਰੀ ਨੂੰ ਉਸਦੀ ਅੰਤਿਮ ਅਰਦਾਸ ਹੈ ਪਰ ਦਰਸ਼ਨ ਦਰਵੇਸ਼ ਦਾ ਕਥਨ ਹੈ-

ਲੇਖਕ ਰੇਤੇ ਵਿਚ ਸਮਾਈ ਬੂੰਦ ਹੁੰਦਾ ਹੈ ਉਹ ਕਦੇ ਨਹੀਂ ਮਰਦਾ। ਇੰਝ ਦਰਵੇਸ਼ ਬਾਰੇ ਸਾਡੀਆਂ ਗੱਲਾਂ ਕਦੇ ਵੀ ਨਹੀਂ ਮੁੱਕਣੀਆਂ। ਉਹ ਆਪ ਪ੍ਰਮਿੰਦਰਜੀਤ ਦੀ ਅਰਥੀ ਸਨਮੁੱਖ ਹੁੰਦਾ ਲਿਖਦਾ ਹੈ।

ਸਿਰ ਪਲੋਸਣ ਉਮਰੇ
ਜਿਸ ਨੇ ਮੈਨੂੰ ਕਵਿਤਾ ਦਾ ਮੰਚ ਬਖ਼ਸ਼ਿਆ
ਤੇ ਮੇਰੀ ਪਹਿਲੀ ਪੈੜ ਉੱਪਰ
ਸ਼ਬਦਾਂ ਦੇ ਫੁੱਲਾਂ ਦਾ ਛਿੜਕਾ ਕੀਤਾ
ਅੱਜ ਉਸਦੀ ਅਰਥੀ ਨੂੰ ਨਤਮਸਤਕ ਹੋਇਆ
ਮੈਂ ਸੁਪਨੇ ਵਾਂਗ ਵੇਖ ਰਿਹਾਂ
ਉਸ ਸੂਤਰਧਾਰ ਤੇ ਅਦਾਕਾਰ ਨੂੰ
ਜਿਹੜਾ ਵਿਛੜਿਆ ਤਾਂ ਉਸ ਉਲਾਂਭੇ ਵਾਂਗਰਾਂ
ਪਰ ਕਦੇ ਨਹੀਂ ਮਰੇਗਾ
ਰੇਤ ਚ ਸਮੋਈ ਬੂੰਦ ਵਾਂਗਰਾਂ।

## ਦਰਸ਼ਨ ਦਰਵੇਸ਼ ਦਾ ਸਦੀਵੀ ਵਿਛੋੜਾ!



**ਚੰਡੀਗੜ੍ਹ-** ਮਾਨਸਾ ਜ਼ਿਲੇ ਦੇ ਪਿੰਡ ਕਿਸ਼ਨਗੜ ਫਰਵਾਹੀ ਦੇ ਮਸ਼ਹੂਰ ਸ਼ਾਇਰ ਅਤੇ ਫ਼ਿਲਮਸਾਜ਼ ਦਰਸ਼ਨ ਦਰਵੇਸ਼ (60) ਸਦੀਵੀ ਵਿਛੋੜਾ ਦੇ ਗਏ ਹਨ। ਉਹਨਾਂ ਦੋ ਕਾਵਿ ਸੰਗ੍ਰਹਿ 'ਉਦਾਸ ਸਿਰਲੇਖ' ਅਤੇ 'ਕੁੜੀਆਂ ਨੂੰ ਸਵਾਲ ਨਾ ਕਰੋ', ਇਕ ਨਾਵਲ ਤੇ ਇਕ ਕਹਾਣੀ ਸੰਗ੍ਰਹਿ ਅਤੇ 1981 'ਚ ਇਕ ਨਿਰੋਲ ਸਾਹਿਤਕ ਰਸਾਲਾ 'ਸਿਰਨਾਵਾਂ' ਪੰਜਾਬੀ ਸਾਹਿਤ ਦੀ ਝੋਲੀ ਪਾਏ। ਉਹਨਾਂ ਪੰਜਾਬੀ ਫ਼ਿਲਮ 'ਤੂਫ਼ਾਨ' ਵਿਚ ਕੰਮ ਕੀਤਾ। ਲਘੂ ਫਿਲਮ 'ਵੱਤਰ', ਪੰਜਾਬੀ ਦੀ ਸਿਨੇਮਾਸਕੋਪ ਫਿਲਮ 'ਦਿ ਬਲੱਡ ਸਟਰੀਟ' ਬਤੌਰ ਨਿਰਦੇਸ਼ਕ ਬਣਾਈਆਂ ਅਤੇ ਹਿੰਦੀਫ਼ਿਲਮ 'ਮਾਚਿਸ' ਦੇ ਪ੍ਰਸਿੱਧ ਫੋਟੋਗ੍ਰਾਫਰ ਮਨਮੋਹਨ ਨਾਲ ਸਹਾਇਕ ਕੈਮਰਾਮੈਨ ਵੱਜੋਂ ਵੀ ਭੂਮਿਕਾ ਨਿਭਾਈ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ-ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਉੱਘੇ ਸ਼ਾਇਰ ਅਤੇ ਰੰਗਕਰਮੀ ਦਰਸ਼ਨ ਦਰਵੇਸ਼ ਦੇ ਸਦੀਵੀ ਵਿਛੋੜੇ ਨਾਲ ਰੰਗਮੰਚ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹਨਾਂ ਕਿਹਾ ਕੇਂਦਰੀ ਸਭਾ ਦੀ ਸਮੁੱਚੀ ਕਾਰਜ ਕਾਰਨੀ ਉੱਘੇ ਰੰਗਕਰਮੀ ਦਰਸ਼ਨ ਦਰਵੇਸ਼ ਦੇ ਪਰਿਵਾਰਾਂ ਅਤੇ ਸਨੇਹੀਆਂ ਨਾਲ ਹਾਰਦਿਕ ਸੰਵੇਦਨਾ ਪ੍ਰਗਟ ਕੀਤੀ ਹੈ।

**- ਡਾ. ਸੁਖਦੇਵ ਸਿੰਘ ਸਿਰਸਾ**
**ਜਨਰਲ ਸਕੱਤਰ**
**ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)**
**91-98156-36565**

## ਪੰਜਾਬੀ ਦੇ ਮਕਬੂਲ ਸ਼ਾਇਰ ਤੇ ਫਿਲਮਸਾਜ਼ ਦਰਸ਼ਨ ਦਰਵੇਸ਼ ਦਾ ਦਿਹਾਂਤ



**ਭੀਖੀ-** ਪੰਜਾਬੀ ਦੇ ਮਕਬੂਲ ਸ਼ਾਇਰ ਤੇ ਫਿਲਮਸਾਜ਼ ਦਰਸ਼ਨ ਦਰਵੇਸ਼ ਦਾ ਬੀਤੇ ਦਿਨੀ ਦਿਹਾਂਤ ਹੋ ਗਿਆ। ਪਿਛਲੇ ਲੰਮੇ ਸਮੇਂ ਉਹ ਲੀਵਰ ਦੀ ਬਿਮਾਰੀ ਤੋਂ ਪੀੜਿਤ ਸਨ। ਉਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਦੋ ਕਾਵਿ ਪੁਸਤਕਾਂ "ਉਦਾਸ ਸਿਰਲੇਖ" ਅਤੇ "ਕੁੜੀਆਂ ਨੂੰ ਸਵਾਲ ਨਾ ਕਰੋ" ਦਿੱਤੀਆਂ। ਇੱਕ ਨਾਵਲ ਤੇ ਇੱਕ ਕਹਾਣੀ ਸੰਗ੍ਰਹਿ ਵੀ ਦਿੱਤਾ। 1995 ਵਿੱਚ ਉਹ ਮੁੰਬਈ ਚਲੇ ਗਏ। ਜਿੱਥੇ ਪੰਜਾਬੀ ਫਿਲਮ ਤੁਫ਼ਾਨ ਵਿੱਚ ਕੰਮ ਕੀਤਾ। ਫਿਲਮ ਮਾਚਿਸ ਵਿੱਚ ਉਹ ਹਿੰਦੀ ਸਿਨੇਮਾ ਦੇ ਪ੍ਰਸਿੱਧ ਫੋਟੋਗ੍ਰਾਫਰ ਮਨਮੋਹਨ ਸਿੰਘ ਨਾਲ ਬਤੌਰ ਸਹਾਇਕ ਕੈਮਰਾਮੈਨ ਰਹੇ। ਉਨ੍ਹਾਂ ਪੰਜਾਬੀ ਦੀ ਲਘੂ ਫਿਲਮ "ਬੱਤਰ" ਤੋਂ ਬਾਅਦ ਪੰਜਾਬੀ ਦੀ ਸਿਨੇਮਾ ਸਕੋਪ ਫਿਲਮ "ਦਿ ਬਲੱਡ ਸਟਰੀਟ" ਬਤੌਰ ਨਿਰਦੇਸ਼ਕ ਬਣਾਈ। ਪੰਜਾਬੀ ਦੇ ਪ੍ਰਸਿੱਧ ਰਸਾਲਿਆਂ ਕੌਮੀ ਰਾਜਨੀਤੀ, ਅਕਸ, ਲੋਅ ਮਹਿਰਮ, ਪੰਜ ਦਰਿਆ, ਅੱਖਰ ਵਿੱਚ ਲੰਬਾ ਸਮਾਂ ਕਾਲਮ ਨਵੀਸ ਰਹੇ। 1981 ਵਿੱਚ ਉਨ੍ਹਾਂ ਪੰਜਾਬੀ ਦਾ ਸਾਹਿਤਕ ਰਸਾਲਾ "ਸਿਰਨਾਵਾਂ" ਸ਼ੁਰੂ ਕੀਤਾ, ਜਿਸ ਦੇ ਉਹ ਖੁਦ ਸੰਪਾਦਕ ਸਨ। ਉਹ ਮਾਨਸਾ ਜਿਲ੍ਹੇ ਦੇ ਪਿੰਡ ਕਿਸ਼ਨਗੜ੍ਹ ਫਰਵਾਹੀਂ ਦੇ ਜੰਮਪਲ ਸਨ। ਉਨ੍ਹਾਂ ਆਪਣੀ ਮੁੱਢਲੀ ਪੜ੍ਹਾਈ ਤੋਂ ਬਾਅਦ ਉਦਯੋਗਿਕ ਸਿਖਲਾਈ ਸੰਸਥਾ ਬੁਢਲਾਡਾ ਤੋਂ ਇਲੈਕਟ੍ਰਿਸ਼ਨ ਦਾ ਡਿਪਲੋਮਾ ਕੀਤਾ ਤੇ ਜਨ ਸਿਹਤ ਵਿਭਾਗ ਵਿੱਚ ਬਤੌਰ ਪੰਪ ਅਪਰੇਟਰ ਵਜੋਂ ਨਿਯੁਕਤ ਹੋਏ। ਇੰਨ੍ਹੀ ਦਿਨੀਂ ਮੁਹਾਲੀ ਰਹਿ ਰਹੇ ਸਨ। ਅੰਤਿਮ ਸਸਕਾਰ ਸਮੇਂ ਪੁੱਜੇ ਉੱਘੇ ਫਿਲਮਕਾਰ ਮਨਮੋਹਨ ਸਿੰਘ ਨੇ ਕਿਹਾ ਕਿ ਅਜੇ ਦਰਸ਼ਨ ਦਰਵੇਸ਼ ਬਹੁਤ ਕੁੱਝ ਕਰਨਾ ਸੀ, ਸਮੁੱਚੀ ਪੰਜਾਬੀ ਇੰਡਸਟਰੀ ਤੇ ਸਾਹਿਤਕ ਖੇਤਰ ਲਈ ਬਹੁਤ ਵੱਡਾ ਘਾਟਾ ਪਿਆ ਹੈ। ਦਰਵੇਸ਼ ਦਾ ਅੱਜ ਜੱਦੀ ਪਿੰਡ ਫਰਵਾਹੀ ਵਿਖੇ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਉਨ੍ਹਾਂ ਦੇ ਛੋਟੇ ਭਰਾ ਰਣਜੀਤ ਸਿੰਘ ਸੇਖੋਂ ਨੇ ਅਗਨੀ ਭੇਂਟ ਕੀਤੀ। ਇਸ ਮੌਕੇ ਜਿਲ੍ਹੇ ਭਰ ਦੇ ਸਹਿਤਕਾਰ, ਪੱਤਰਕਾਰਾਂ ਤੋਂ ਇਲਾਵਾ ਸੈਂਕੜੇ ਦੋਸਤ ਮਿੱਤਰ ਤੇ ਦਰਵੇਸ਼ ਨੂੰ ਚਾਹੁਣ ਵਾਲੇ ਲੋਕ ਇਕੱਤਰ ਸਨ। ਉਹ ਆਪਣੇ ਪਿੱਛੇ ਆਪਣੀ ਪਤਨੀ ਸੁਖਰਾਜ ਸੇਖੋਂ, ਬੇਟੀ ਅਨੀਤ ਸੇਖੋਂ, ਬੇਟਾ ਸੁਖਨੀਤ ਸੇਖੋਂ ਛੱਡ ਗਏ। ਇਸ ਮੌਕੇ ਮਾਤਾ ਮਨਜੀਤ ਕੌਰ ਔਲਖ,ਨਿਰਮਲ ਕੁਲਾਣਾ, ਸੇਮੀ ਮਾਨਸਾ, ਅਦਾਕਾਰ ਅਮਨ ਧਾਲੀਵਾਲ, ਸ਼ਾਇਰ ਗੁਰਪੀਤ, ਰਾਜ ਜੋਸ਼ੀ ਆਦਿ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਪੰਜਾਬ ਵਿੱਚ ਜਮਾਤ-ਏ-ਅਹਮਦੀਆ ਦਾ ਆਸਥਾ ਦਾ ਕੇਂਦਰ 'ਹੁਸ਼ਿਆਰਪੁਰ'

ਸ਼ੇਖ ਮੰਨਾਨ
91-97794-13364

ਇੱਕ ਗੱਲ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਰੱਬ ਆਪਣੇ ਨੇਕ ਬੰਦਿਆਂ ਨਾਲ ਗੱਲਾਂ ਕਰਦਾ ਹੈ, ਉਹਨਾਂ ਦੀਆਂ ਦੁਆਵਾਂ ਨੂੰ ਸੁਣਦਾ ਹੈ ਅਤੇ ਕਬੂਲ ਵੀ ਕਰਦਾ ਹੈ। ਇਸ ਗੱਲ ਦੇ ਸਬੂਤ ਵੱਖ-ਵੱਖ ਧਰਮਾਂ ਵਿੱਚ ਮਿਲਦੇ ਹਨ? ਇਸਲਾਮ ਧਰਮ ਵਿੱਚ ਵੀ ਇਸਦੀ ਮਿਸਾਲ ਮਿਲਦੀ ਹੈ ? ਪੰਜਾਬ ਦੀ ਪਵਿੱਤਰ ਧਰਤੀ ਤੇ ਵੀ ਅਜਿਹੇ ਕਈ ਮਹਾਂਪੁਰਖਾਂ ਨੇ ਜਨਮ ਲਿਆ ਹੈ ਜਿੰਨਾ ਨੇ ਰੱਬ ਨਾਲ ਗੱਲਾਂ ਕੀਤੀਆਂ ਤੇ ਉਨਾਂ ਦੀਆਂ ਦੁਆਵਾਂ ਨੂੰ ਸੁਣਿਆ ? ਇਨ੍ਹਾਂ ਮਹਾਂਪੁਰਖਾਂ ਨੇ ਇਨਸਾਨੀਅਤ ਦੀ ਸਥਾਪਨਾ ਕੀਤੀ ਅਤੇ ਰਾਹ ਤੋਂ ਭਟਕੇ ਹੋਏ ਸਮਾਜ ਨੂੰ ਫਿਰ ਤੋਂ ਰੱਬ ਨਾਲ ਜੋੜਿਆ? ਇਨ੍ਹਾਂ ਮਹਾਂਪੁਰਖਾਂ ਵਿੱਚੋਂ ਇੱਕ ਹਜ਼ਰਤ ਮਿਰਜ਼ਾ ਗੁਲਾਮ ਅਹਮਦ ਸਾਹਿਬ ਕਾਦਿਆਨੀ ਵੀ ਸਨ? ਆਪ ਜੀ ਦਾ ਜਨਮ ਕਾਦਿਆਨ ਜ਼ਿੱਲਾ ਗੁਰਦਾਸਪੁਰ ਵਿਖੇ 1835 ਈਸਵੀ ਨੂੰ ਹੋਇਆ? ਆਪ ਜੀ ਇਸਲਾਮ ਉੱਤੇ ਹੋ ਰਹੇ ਹਮਲਿਆਂ ਦਾ ਜਵਾਬ ਬਰਾਹੀਨੇ ਅਹਮਦੀਆ ਦੇ ਨਾਮ ਵਲੋਂ ਕਿਤਾਬਾਂ ਦੀ ਇੱਕ ਲੜੀ ਪ੍ਰਕਾਸ਼ਿਤ ਕਰ ਦਲੀਲ ਦੇ ਨਾਲ ਜਵਾਬ ਦਿੱਤਾ । ਆਪ ਜੀ ਨੇ ਇਸਲਾਮ ਧਰਮ ਵਿੱਚ ਬਿਆਪਤ ਧਾਰਮਿਕ ਕੁਰੀਤੀਆਂ ਨੂੰ ਖ਼ਤਮ ਕਰਨ ਲਈ ਆਪਣਾ ਵਿਸ਼ੇਸ਼ ਯੋਗਦਾਨ ਦਿੱਤਾ? ਆਪ ਜੀ ਹਜ਼ਰਤ ਮੁਹੰਮਦ ਸਾਹਿਬ ਜੀ ਦੇ ਪੈਰੋਕਾਰ ਸਨ ਅਤੇ ਰੱਬ ਦੀਆਂ ਸਿੱਖਿਆਵਾਂ ਅਨੁਸਾਰ ਭਟਕੇ ਹੋਏ ਲੋਕਾਂ ਨੂੰ ਸਹੀ ਰਾਹ ਤੇ ਲਿਆਉਣ ਲਈ ਭੇਜੇ ਗਏ ਸਨ? ਇਸ ਦਾਅਵੇ ਦੇ ਐਲਾਨ ਹੋਣ ਤੇ ਕੁਛ ਲੋਕਾਂ ਨੇ ਆਪ ਜੀ ਦੀਆਂ ਸਿੱਖਿਆਵਾਂ ਨੂੰ ਸਵੀਕਾਰ ਕਰ ਲਿਆ ਪਰ ਕੁਝ ਲੋਕਾਂ ਨੇ ਆਪ ਜੀ ਦੀ ਸੱਚਾਈ ਤੇ ਸ਼ੱਕ ਕਰਦੇ ਹੋਏ ਸਬੂਤ ਮੰਗਿਆ ? ਇਸ ਤੇ ਮਿਰਜ਼ਾ ਗੁਲਾਮ ਅਹਮਦ ਸਾਹਿਬ ਨੇ ਅਲਾਹ ਦੇ ਨਾਲ ਆਪਣੀ ਸੱਚਾਈ ਦੀ ਫਰਿਆਦ ਕੀਤੀ ਤੇ ਆਪਜੀ ਨੇ ਸੱਚਾਈ ਲਈ ਕੋਈ ਨਿਸ਼ਾਨ ਮੰਗਿਆ?



Hazrat Mirza Ghulam Ahmad
Founder Ahmadiyya Muslim Jammat



ਪੁਰਾਣੀ ਕਣਕ ਮੰਡੀ ਹੁਸ਼ਿਆਰਪੁਰ ਵਿਖੇ ਉਹ ਜਗਾਹ ਜਿੱਥੇ ਮਿਰਜ਼ਾ ਗੁਲਾਮ ਅਹਮਦ ਨੇ 1886 ਵਿੱਚ ਚਿੱਲਾ ਕਸ਼ੀ (ਤਪ) ਕੀਤਾ ਸੀ ।

ਇਸ ਤੇ ਰੱਬ ਨੇ ਕਿਹਾ ਕਿ "ਤੇਰੀ ਇਹ ਮੁਰਾਦ ਹੁਸ਼ਿਆਰਪੁਰ ਵਿੱਚ ਪੂਰੀ ਹੋਵੇਗੀ"? ਇਸ ਲਈ ਹਜ਼ਰਤ ਮਿਰਜ਼ਾ ਸਾਹਿਬ ਨੇ 22 ਜਨਵਰੀ 1886 ਨੂੰ ਹੁਸ਼ਿਆਰਪੁਰ ਦੀ ਯਾਤਰਾ ਆਪਣੇ ਤਿੰਨ ਸਾਥੀਆਂ ਨਾਲ ਕੀਤੀ ਅਤੇ 40 ਦਿਨ ਤੱਕ ਸ਼ਹਿਰ ਦੇ ਬਾਹਰ ਬਣੀ ਇੱਕ ਇਮਾਰਤ ਵਿੱਚ ਤੱਪ ਕੀਤਾ ? ਜਿਸਦੇ ਫਲਸਵਰੂਪ ਰੱਬ ਨੇ 20 ਫਰਵਰੀ 1886 ਨੂੰ ਭਵਿੱਖਵਾਣੀ ਕਰਦੇ ਹੋਏ ਤੁਹਾਨੂੰ ਕਿਹਾ ਕਿ 9 ਸਾਲ ਦੇ ਵਿਚ ਤੇਰੇ ਘਰ ਇੱਕ ਪੁੱਤਰ ਜਨਮ ਲਵੇਗਾ ਜੋ ਕਿ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਦਾ ਧਨੀ ਹੋਵੇਗਾ? ਇਸ ਭਵਿੱਖਵਾਣੀ ਨੂੰ ਹਜ਼ਰਤ ਮਿਰਜ਼ਾ ਗੁਲਾਮ ਅਹਮਦ ਸਾਹਿਬ ਨੇ 1 ਮਾਰਚ 1886 ਵਿੱਚ ਪ੍ਰਕਾਸ਼ਿਤ ਕਰਵਾਇਆ? ਇਸ ਭਵਿੱਖਵਾਣੀ ਦੇ ਅਨੁਸਾਰ ਬਟਾਲਾ ਦੇ ਨੇੜੇ ਕਾਦਿਆਨ ਵਿਖੇ ਆਪ ਜੀ ਦੇ ਘਰ 12 ਜਨਵਰੀ 1889 ਨੂੰ ਇੱਕ ਬੇਟੇ ਨੇ ਜਨਮ ਲਿਆ? ਪਿਤਾ ਨੇ ਉਸਦਾ ਨਾਮ ਬਸ਼ੀਰੁਦੀਨ ਮਹਿਮੂਦ ਰੱਖਿਆ?


ਇਹ ਬੱਚਾ ਅਸਾਧਾਰਣ ਯੋਗਤਾ ਦਾ ਧਨੀ ਸੀ ? ਆਪ ਜੀ ਭਵਿੱਖ ਵਿੱਚ ਅਹਮਦੀਆ ਮੁਸਲਿਮ ਸੰਪਰਦਾਇ ਦੇ ਦੂਸਰੇ ਖਲੀਫਾ (ਉਤਰਾਧਿਕਾਰੀ) ਚੁਣੇ ਗਏ? ਮਿਰਜ਼ਾ ਬਸ਼ੀਰੂਦੀਨ ਮਹਿਮੂਦ ਨੇ 52 ਸਾਲ ਤੱਕ ਬਹੁਤ ਕਠਿਨਾਈਆਂ ਵਿੱਚ ਅਹਮਦਿਆ ਮੁਸਲਿਮ ਜਮਾਅਤ ਦੀ ਅਗਵਾਈ ਕੀਤੀ ? ਇਸ ਦੇ ਸਿੱਟੇ ਵੱਜੋਂ ਇਸਲਾਮ ਦੀਆਂ ਮੂਲ ਸਿੱਖਿਆਵਾਂ ਨੂੰ ਸਹੀ ਢੰਗ ਨਾਲ ਪਰਿਭਾਸ਼ਿਤ ਕਰਦੇ ਹੋਏ ਬਹੁਤ ਸਾਰੀਆਂ ਕਿਤਾਬਾਂ ਦਾ ਪ੍ਰਕਾਸ਼ਨ ਕਰਵਾਇਆ?

ਇਨ੍ਹਾਂ ਰਾਂਹੀ ਅਲਾਹ ਦੀ ਭਵਿੱਖਵਾਣੀ ਦੀ ਇੱਕ ਘਟਨਾ ਸੱਚ ਸਾਬਿਤ ਹੋਈ ਜੋ ਕਿ 20 ਫਰਵਰੀ 1886 ਨੂੰ ਆਪ ਜੀ ਦੇ ਪਿਤਾ ਅਤੇ ਅਹਮਦੀਆ ਮੁਸਲਿਮ ਸੰਪਰਦਾਇ ਦੇ ਸੰਸਥਾਪਕ ਮਿਰਜ਼ਾ ਗੁਲਾਮ ਅਹਮਦ ਸਾਹਿਬ ਦੇ ਨਾਲ ਘਟਿਤ ਹੋਈ ਸੀ ? ਇਸ ਗੱਲ ਦਾ ਸਬੂਤ ਅਹਮਦੀਆ ਮੁਸਲਿਮ ਸਮਾਜ ਦੇ ਉਸ ਜੀਵਨ ਸ਼ੈਲੀ ਰਾਹੀਂ ਸਹਿਜੇ ਹੀ ਮਿਲ ਜਾਂਦਾ ਹੈ ਜਿਸ ਵਿੱਚ ਇਸਲਾਮ ਦੀਆਂ ਸੱਚੀਆਂ ਸਿੱਖਿਆਵਾਂ ਦੇ ਮੁਤਾਬਕ ਆਪਣਾ ਜੀਵਨ ਬਤੀਤ ਕੀਤਾ ਜਾਂਦਾ ਹੈ?

ਇਸ ਪ੍ਰਮੁੱਖ ਦਿਨ ਦੇ ਮਹੱਤਵ ਨੂੰ ਪ੍ਰਗਟ ਕਰਨ ਲਈ ਸੰਸਾਰ ਭਰ ਵਿੱਚ ਅਹਮਦੀਆ ਮੁਸਲਿਮ ਜਮਾਅਤ ਹਰ ਸਾਲ 20 ਫਰਵਰੀ ਨੂੰ ਮੁਸਲੇ ਮਊਦ ਦਿਵਸ ਦੇ ਰੂਪ ਵਿੱਚ ਮਨਾਉਂਦੀ ਹੈ? ਪੁਰਾਣੀ ਕਣਕ ਮੰਡੀ ਹੁਸ਼ਿਆਰਪੁਰ ਵਿੱਚ ਸਥਿਤ ਇਹ ਇਮਾਰਤ ਜਿਸ ਵਿੱਚ ਉਹ ਭਵਿੱਖਵਾਣੀ ਹੋਈ ਸੀ ਅੱਜ ਅਹਮਦੀਆ ਮੁਸਲਿਮ ਜਮਾਤ ਲਈ ਸ਼ਰਧਾ ਅਤੇ ਪਿਆਰ ਦਾ ਕੇਂਦਰ ਬਣ ਚੁੱਕੀ ਹੈ? ਸੰਸਾਰ ਭਰ ਤੋਂ ਅਹਮਦੀਆ ਸਮਾਜ ਦੇ ਸ਼ਰਧਾਲੂ ਇਸ ਇਮਾਰਤ ਵਿੱਚ ਦੁਆ ਕਰਨ ਲਈ ਪਹੁੰਚਦੇ ਹਨ ਅਤੇ ਰੱਬ ਵੱਲੋਂ ਕੀਤੀ ਗਈ ਉਸ ਭਵਿੱਖਵਾਣੀ ਦਾ ਗਵਾਹ ਬਣਦੇ ਹਨ ।

## ਪੰਜਾਬੀ ਫਿਲਮ ਸੰਸਾਰ - ਅੰਮ੍ਰਿਤ ਪਵਾਰ











### ਸੁਨੰਦਾ ਸ਼ਰਮਾ – ਰੱਬ ਹੱਥ ਡੋਰਾਂ

ਸੁਨੰਦਾ ਸ਼ਰਮਾ ਧਰਤੀ ਤੋਂ ਉੱਠ ਕਿ ਸਟਾਰ ਬਣੀ ਹੈ । 'ਪਟਾਕੇ ਪਾਉਣ ਨੂੰ' ਗੀਤ ਨੇ ਸੁਨੰਦਾ ਨੂੰ ਸਟੇਜਾਂ ਤੇ ਕੀਤਾ ਸੱਭਿਆਚਾਰਕ ਗਰੁੱਪਾਂ 'ਚ ਡਾਂਸ ਵੀ ਭੁਲਾ ਦਿੱਤਾ। ਦਿਲਜੀਤ ਦੋਸਾਂਜ ਨਾਲ ਫਿਲਮ ਕਰ ਚੁੱਕੀ ਸੁਨੰਦਾ ਨੇ ਕਿਹਾ ਕਿ 'ਕਰੋਨਾ' ਨੇ ਸਾਰਾ ਸਾਲ ਖਾ ਲਿਆ ਹੈ । ਹੁਣ ਸਰਕਾਰ ਲੋਕਾਂ ਨੂੰ 'ਖੇਤੀ ਕਨੂੰਨਾਂ ਨਾਲ' ਝਮੇਲੇ ਪਾ ਸਾਰੇ ਧੰਦੇ ਚੋਪਟ ਕਰ ਰਹੀ ਹੈ। ਰੱਬ ਹੀ ਜਾਣੇ ਪੰਜਾਬੀ ਫਿਲਮ ਮਹੌਲ ਕਦ ਬਣੇਗੀ?

### ਨਾਇਕ ਤੇ ਗਾਇਕ ਸੰਦੀਪ ਭੁੱਲਰ

'ਰੰਗ ਬਰੰਗੀ' ਵੈਬ ਸੀਰੀਜ ਪੰਜਾਬੀ ਦੀ ਤਕਰੀਬਨ ਤਿਆਰ ਹੈ । ਇਸਦਾ ਨਾਇਕ ਸੰਦੀਪ ਸਿੰਘ ਹੁਣ ਸੰਦੀਪ ਭੁੱਲਰ ਦੇ ਨਾਂਅ ਨਾਲ ਆਪਣਾ ਪਹਿਲਾ ਗੀਤ 'ਟਰੂਡੋ ਨਾਲ ਯਾਰੀ' ਲੈ ਕਿ ਆ ਰਿਹਾ ਹੈ । ਇਹ 'ਰੰਗ ਬਰੰਗੀ' ਦਾ ਪ੍ਰਮੋਸ਼ਨਲ ਗੀਤ ਹੋਏਗਾ । ਸੰਦੀਪ ਭੁੱਲਰ ਨੇ ਕਿਹਾ 'ਰੰਗ ਬਰੰਗੀ' ਆਉਣ ਦਿਉ ਫਿਰ ਗਾਇਕੀ ਵੱਲ ਪੂਰਾ ਧਿਆਨ !

### ਪ੍ਰੀਤ ਸਿੱਧੂ ਨੇ ਰੈਂਬੋ ਦਾ ਕੈਰੀਅਰ ਬਣਾਇਆ

ਲੇਖਕ, ਨਿਰਦੇਸ਼ਕ ਪ੍ਰੀਤ ਸਿੱਧੂ ਨੇ 'ਰੰਗ ਬਰੰਗੀ' ਦਾ ਡੀ.ਓ.ਪੀ ਰੈਂਬੋ ਨੂੰ ਲਿਆ ਤੇ ਪਹਿਲਾਂ ਗਾਣੇ ਕਰਨ ਵਾਲੇ ਰੈਂਬੋ ਨੂੰ ਸਿੱਧਾ ਫਿਲਮੀ ਕੈਮਰਾਮੈਨ ਬਣਾ ਦਿੱਤਾ । ਪ੍ਰੀਤ ਸਿੱਧੂ ਜੋ 'ਰੰਗ ਬਰੰਗੀ' 'ਚ ਅਦਾਕਾਰ ਵੀ ਹਨ ਨੇ ਕਿਹਾ ਕਿ 'ਰੈਂਬੋ' ਤੇ ਉਸਨੇ ਪੂਰਾ ਵਿਸ਼ਵਾਸ ਕੀਤਾ, ਆਪਣਾ ਫਰਜ ਅਦਾ ਕੀਤਾ, ਬਾਕੀ ਰੈਂਬੋ ਜਾਣੇ !

### ਬਿਹਤਰੀਨ ਸੋਨਮ ਕੌਰ

ਮਾਪਿਆਂ ਦੀ ਲਾਡਲੀ ਡਾਟਰ ਬੱਲਿਆ ਤੇ ਸੋਨਮ ਕੌਰ ਬੋਰਨ (ਜੰਮਪਲ) ਬਠਿੰਡਾ ਦੀ ਨੇ ਗਾਣਿਆ ਤੋਂ ਬਾਅਦ ਪੰਜਾਬੀ ਲੜੀ 'ਰੰਗ ਬਰੰਗੀ' 'ਚ ਹੀਰੋਇਨ ਬਣਨ ਦੇ ਨਾਲ ਨਾਲ ਸਹਿਤਨਿ-ਰਦੇਸ਼ਨ ਮੇਕਅੱਪ, ਤਕਨੀਕੀ ਕੰਮਾਂ 'ਚ ਵੀ ਸਮਾਂ ਦੇ ਕਿ ਦਿ-ਖਾਇਆ ਹੈ ਕਿ ਆ ਰਹੇ ਸਮੇਂ 'ਚ ਬਠਿੰਡੇ ਵਾਲੀ' ਸੋਨਮ ਕੌਰ ਦੀ ਗੱਲ ਹੀ ਹੋਰ ਹੋਊ !

### ਅਵਾਜ ਦੀ ਮਲਿਕਾ – ਦਲਜੀਤ ਕੌਰ

ਇੰਡਸਟਰੀ 'ਚ ਡਾਇਲਾਗ ਡਬਿੰਗ ਲਈ ਦਲਜੀਤ ਕੌਰ ਚੰਗੀ ਕਲਾਕਾਰ ਬਣੇਗੀ 'ਬਲੂਡਾਇਮੰਡ ਫਿਲਮਜ' ਪ੍ਰੀਤ ਸਿੱਧੂ, ਸੋਹਰਾਬ ਤੇ ਸੰਦੀਪ ਅਨੁਸਾਰ ਦਲਜੀਤ ਦੀ ਅਵਾਜ 'ਚ ਵਰਾਇਟੀ ਹੈ ।














### ਸੰਦੀਪ 'ਜੱਟੀ ਦੀ ਯਾਰੀ'

ਸੋਹਣੀ ਤੇ ਸੁਰੀਲੀ ਸੰਦੀਪ ਇੱਕ ਦਿਨ ਕੌਰ.ਬੀ ਅਫਸਾਨਾ ਖਾਨ ਦੇ ਪੱਧਰ ਦੀ ਮਕਬੂਲ ਗਾਇਕਾ ਬਣੇਗੀ । 'ਜੱਟੀ ਦੀ ਯਾਰੀ' ਜੈਗਜ ਧਾਲੀਵਾਲ ਨੇ ਨਵੇਂ ਗਾਣੇ ਨੂੰ ਵਧੀਆ ਬਣਾ ਕਿ ਸੰਦੀਪ ਕੌਰ ਦੀ ਬੱਲੇ-ਬੱਲੇ ਕਰਵਾ ਦਿੱਤੀ ਹੈ। 'ਜੱਟੀ ਦੀ ਯਾਰੀ' ਨੂੰ ਸ਼ੋਸਲ ਮੀਡੀਆ ਤੇ ਅਥਾਹ ਹੁੰਗਾਰਾ ਮਿਲਣਾ ਜਾਰੀ ਹੈ ਤੇ ਲਾਈਕਸ ਵੀ ਵਾਧੂ!

### ਨਵੀ ਸਿੰਘ ਦੀ ਸੋਚ

ਜਵਾਨ ਵੀਡਿਓ-ਨਿਰਦੇਸ਼ਕ ਨਵੀ ਸਿੰਘ ਦੀ ਸੋਚ ਹੈ ਕਿ ਘੱਟ ਬਜਟ ਵਿੱਚ ਚੰਗੇ ਵੀਡਿਊ ਬਣਾਏ ਜਾਣ ਬਿਨਾ ਸ਼ੱਕ ਅਜੇ ਨਵੇ ਕਲਾਕਾਰਾਂ ਦੇ ਵੀਡਿਊ ਉਹ ਤਿਆਰ ਕਰ ਰਿਹਾ ਹੈ । ਨਵੀ ਸਿੰਘ ਦੀ ਸੋਚ ਤਾਂ ਫਿਲਮੀ ਨਿਰਦੇਸ਼ਕ ਬਣਨ ਦੀ ਹੈ ।

### ਮੈਂਡੀ ਬਾਵਾ ਸਾਬਾਸ਼

ਇੱਕ ਦਿਨ ਮੈਂਡੀ ਕੈਮਰੇ ਦੇ ਲੈਨਜ ਬਦਲ ਰਹੀ ਸੀ, ਫਿਰ ਕੈਮਰੇ ਦੀ ਰਫਤਾਰ ਦੇਖ ਰਹੀ ਸੀ ਤੇ ਅਗਲੇ ਦਿਨ ਮੈਂਡੀ ਐਕਟਿੰਗ ਕਰ ਰਹੀ ਸੀ, ਫਿਰ ਮੈਂਡੀ ਸੈਟ ਤੇ ਸਾਰੇ ਪ੍ਰਬੰਧ ਦੇਖ ਰਹੀ ਸੀ । ਕੁਲੱ ਮਿਲਾ ਕਿ ਮੈਂਡੀ ਬਾਵਾ ਚੰਡੀਗੜ੍ਹ ਦੀ ਅਭਿਨੇਤਰੀ ਤੇ ਸਹਿ-ਨਿਰਦੇਸ਼ਕਾ ਹੈ । 'ਕਤਲਗੜ੍ਹ' ਤੋਂ ਬਾਅਦਾ 'ਰੰਗ ਬਰੰਗੀ' ਸੀਰੀਜ ਮੈਂਡੀ ਨੂੰ ਸਟਾਰ ਬਣਾਏਗੀ।

### 'ਰੰਗ ਬਰੰਗੀ' ਕਿੱਥੇ?

ਪੰਜਾਬੀ ਵੈਬ-ਸੀਰੀਜ 'ਰੰਗ ਬਰੰਗੀ' ਆਖਿਰ ਫਿਲਮਾਈ ਗਈ ਹੈ। ਡਬਿੰਗ ਤੇ ਐਡੀਟਿੰਗ ਵੀ ਮੁਕੱਮਲ ਹੈ। ਪ੍ਰੀਤ ਸਿੱਧੂ, ਸੰਦੀਪ ਭੁੱਲਰ,ਗੁਰੀ ਸਿੰਘ, ਅਨੂ ਚੌਧਰੀ, ਸੋਨਮ ਕੌਰ, ਪੂਨਮ ਕਾਜਲ, ਦਲੇਰ ਮਹਿਤਾ, ਦਿਲਪ੍ਰੀਤ ਦੀਪੀ, ਸੁੱਖੀ ਧੀਮਾਨ, ਰਮਨ ਮੁਟਿਆਰ,ਅਮਨ, ਅਮਿਤ, ਪੂਜਾ ਗੋਦਾਰਾ ਇਸ ਦੇ ਮੁੱਖ ਸਿਤਾਰੇ ਹਨ। ਪਿੱਚਵਰਤੀ ਸੰਗੀਤ ਸੁਖਦੇਵ ਤਿਆਰ ਕਰ ਰਿਹਾ ਹੈ।

### ਸੋਹਣੀ ਜਿਹੀ ਮਹਿਮਾ ਹੋਰਾ

ਲਾਕਡਾਊਨ ਨੇ ਮਹਿਮਾ ਹੋਰਾ ਅੰਬਰਾਂ ਦੀ ਪਰੀ ਬਣਾ ਦਿੱਤੀ ਹੈ। ਇਸ ਹੀਰੋਇਨ ਦਾ ਰੂਪ ਹੋਰ ਨਿੱਖਰ ਆਇਆ ਹੈ ਤੇ ਹਰ ਵਿਗਿਆਪਨ ਏਜੰਸੀ ਮਹਿਮਾ ਹੋਰਾ ਨਾਲ ਕੰਮ ਕਰਨ ਦੀ ਚਾਹਵਾਨ ਹੈ। ਮਹਿਮਾ ਪੰਜਾਬੀ ਫਿਲਮਾਂ ਦੀ ਪਹਿਲੀ ਪਸੰਦ ਹੈ । ਸੋਹਣੀ ਮਹਿਮਾ ਜ਼ਿੰਦਾਬਾਦ।

### ਸੁਰੀਲੀ ਟੀਨਾ ਘਈ

ਲਤਾ ਮੰਗੇਸ਼ਕਰ ਹੈ ਆਦਰਸ਼ ਟੀਨਾ ਘਈ ਜੋ ਨਾਇਕਾ ਤੇ ਗਾਇਕਾ ਹੈ । ਆਸ਼ਾ ਭੋਸਲੇ ਦੀ ਸੰਗੀਤ ਸੰਸਤ ਉਸਨੇ ਕੀਤੀ ਹੈ। ਟੀਨਾ ਘਈ ਦਾ ਗਾਇਕੀ ਸੋਅਜ ਕਾਮਯਾਬ ਹੁੰਦੇ ਹਨ । ਪ੍ਰਸਿੱਧ ਫਿਲਮੀ ਗਾਇਕ ਸੁਖਵਿੰਦਰ ਸਿੰਘ ਨੇ ਕਿਹਾ ਕਿ ਟੀਨਾ ਘਈ ਦਾ ਨਵਾਂ ਆ ਰਿਹਾ ਗੀਤ ਰਾਤੋ ਰਾਤ ਉਸਨੂੰ ਗਾਇਕੀ ਸਟਾਰ ਬਣਾ ਦੇਵੇਗਾ।

# ਸਿੱਖ ਧਰਮ ਸੁੰਗੜ ਰਿਹਾ ਹੈ?



ਜਸਵੰਤ ਸਿੰਘ 'ਅਜੀਤ'
91 9 827-19890

ਬੀਤੇ ਕਾਫੀ ਸਮੇਂ ਤੋਂ ਸਿੱਖ ਬੁਧੀਜੀਵੀਆਂ ਅਤੇ ਧਾਰਮਕ ਸੰਸਥਾਵਾਂ ਦੇ ਮੁਖੀਆਂ ਦੇ ਇਕ ਵਰਗ, ਜਿਨ੍ਹਾਂ ਦੇ ਨਾਲ ਕੁਝ ਰਾਜਸੀ ਸਿੱਖ ਵੀ ਸ਼ਾਮਲ ਹਨ, ਵਲੋਂ 'ਬ੍ਰਾਹਮਣਵਾਦੀ' ਪ੍ਰਭਾਵ ਤੋਂ ਸਿੱਖੀ ਨੂੰ ਮੁਕਤ ਕਰਾਉਣ ਦੇ ਨਾਂ ਤੇ ਇਕ ਅੰਦੋਲਣ ਸ਼ੁਰੂ ਕੀਤਾ ਗਿਆ ਹੋਇਆ ਹੈ। ਇਨ੍ਹਾਂ ਸੁਧਾਰਵਾਦੀਆਂ ਦਾ ਕਹਿਣਾ ਹੈ ਕਿ ਗੁਰੂ ਸਾਹਿਬਾਨ ਨੇ ਜਿਸ 'ਬ੍ਰਾਹਮਣਵਾਦੀ' ਪ੍ਰਭਾਵ ਤੋਂ ਮਨੁਖੀ-ਸਮਾਜ ਨੂੰ ਮੁਕਤ ਕਰਨ ਲਈ ਸਿੱਖ-ਪੰਥ ਦੀ ਸਿਰਜਨਾ ਕੀਤੀ ਸੀ, ਉਹੀ 'ਬ੍ਰਾਹਮਣਵਾਦੀ' ਪ੍ਰਭਾਵ ਮੁੜ ਸਿੱਖ-ਪੰਥ ਰਾਹੀਂ ਮਨੁਖੀ-ਸਮਾਜ ਪੁਰ ਹਾਵੀ ਹੁੰਦਾ ਜਾ ਰਿਹਾ ਹੈ। ਜਿਸਦੇ ਫਲਸਰੂਪ ਉਨ੍ਹਾਂ ਸਿਖਾਂ ਦੀ ਵੀ ਅੱਡਰੀ ਪਛਾਣ ਅਤੇ ਹੋਂਦ ਲਈ ਭਾਰੀ ਖਤਰਾ ਪੈਦਾ ਹੁੰਦਾ ਜਾ ਰਿਹਾ ਹੈ, ਜੋ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਅਤੇ ਕੁਰਬਾਨੀਆਂ ਕਾਰਣ ਬ੍ਰਾਹਮਣਵਾਦੀ ਪ੍ਰਭਾਵ ਤੋਂ ਮੁਕਤ ਹੋ ਗਏ ਹੋਏ ਮੰਨੇ ਜਾਂਦੇ ਰਹੇ ਹਨ।

ਸਿੱਖੀ ਨੂੰ ਇਸ ਵਧ ਰਹੇ ਖਤਰੇ ਤੋਂ ਬਚਾਣ ਦੇ ਨਾਂ ਤੇ ਇਨ੍ਹਾਂ 'ਸੁਧਾਰਵਾਦੀਆਂ' ਵਲੋਂ ਜੋ ਨੀਤੀ ਅਪਨਾਈ ਗਈ ਹੋਈ ਹੈ ਅਤੇ ਜਿਸ ਨੀਤੀ ਅਧੀਨ ਇਨ੍ਹਾਂ ਵਲੋਂ ਜੋ ਕੁਝ ਕੀਤਾ ਜਾ ਰਿਹਾ ਹੈ, ਉਸਦੀ ਘੋਖ ਕਰਨ ਵਾਲੇ ਸਿੱਖ ਬੁਧੀਜੀਵੀਆਂ ਅਤੇ ਧਾਰਮਕ ਸ਼ਖਸੀਅਤਾਂ ਦੇ ਇਕ ਵਰਗ ਵਲੋਂ, ਉਸਨੂੰ ਪਸੰਦ ਨਹੀਂ ਕੀਤਾ ਜਾ ਰਿਹਾ। ਇਸ ਵਰਗ ਦਾ ਕਹਿਣਾ ਹੈ ਕਿ ਸਿੱਖੀ ਨੂੰ ਬਚਾਣ ਦੇ ਨਾਂ ਤੇ ਇਨ੍ਹਾਂ ਸੁਧਾਰਵਾਦੀਆਂ ਵਲੋਂ ਜੋ ਕੁਝ ਕੀਤਾ ਜਾ ਰਿਹਾ ਹੈ, ਉਸਦੇ ਨਾਲ ਸਿੱਖੀ ਦਾ ਬਚਾਅ ਜਾਂ ਫੈਲਾਅ ਹੋ ਪਾਣਾ ਤਾਂ ਦੂਰ ਰਿਹਾ, ਸਗੋਂ ਉਸ ਨਾਲ ਤਾਂ ਗੁਰੂ ਸਾਹਿਬਾਨ ਵਲੋਂ ਸਿਰਜਿਆ ਸਿੱਖ-ਧਰਮ, ਵਿਸ਼ਵ-ਵਿਆਪੀ ਆਦਰਸ਼ਾਂ ਪੁਰ ਅਧਾਰਤ ਹੋਣ ਦੇ ਬਾਵਜੂਦ, ਚਾਰਦੀਵਾਰੀ ਵਿਚ ਸਿਮਟ ਕੇ ਰਹਿ ਜਾਇਗਾ।

ਇਸ ਵਰਗ ਦੇ ਮੁਖੀਆਂ ਦਾ ਮੰਨਣਾ ਹੈ ਕਿ 'ਸਿੱਖੀ-ਬਚਾਉ' ਦੇ ਨਾਂ ਤੇ ਜੋ ਅੰਦੋਲਣ ਸ਼ੁਰੂ ਕੀਤਾ ਗਿਆ ਹੋਇਆ ਹੈ, ਉਸ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਘਰ ਪੁਰ ਅਪਾਰ ਸ਼ਰਧਾ ਰਖਣ ਵਾਲੇ 'ਸਹਿਜਧਾਰੀ', ਸਿੱਖ ਨਹੀਂ ਹੋ ਸਕਦੇ, ਕਿਉਂਕਿ ਉਨ੍ਹਾਂ ਦਸਮੇਸ਼ ਪਿਤਾ ਦੀ ਬਖਸ਼ੀ ਦਾਤ ਅੰਮ੍ਰਿਤ ਦਾ ਪਾਨ ਨਹੀਂ ਕੀਤਾ ਅਤੇ ਨਾ ਹੀ ਉਹ ਸਾਬਤ-ਸੂਰਤ ਹਨ। ਸੁਧਾਰਵਾਦੀਆਂ ਦਾ ਇਹ ਵੀ ਕਹਿਣਾ ਹੈ, ਕਿ ਜੇ ਇਹ 'ਸਹਿਜਧਾਰੀ' ਸਿੱਖੀ ਦੇ ਨਾਲ ਜੁੜੇ ਰਹੇ ਤਾਂ ਇਨ੍ਹਾਂ ਦੇ ਸਹਾਰੇ ਸਿੱਖੀ-ਵਿਰੋਧੀ, ਗ਼ੈਰ-ਸਿੱਖ ਅਨਸਰ ਗੁਰਦੁਆਰਾ ਪ੍ਰਬੰਧ ਤੇ ਕਾਬਜ਼ ਹੋ ਜਾਏਗਾ, ਫਲਸਰੂਪ ਗੁਰਦੁਆਰਿਆਂ ਵਿਚ ਸਥਾਪਤ ਮਰਿਆਦਾ ਪ੍ਰਭਾਵਤ ਹੋਣ ਲਗੇਗੀ।

ਦੂਸਰੇ ਪਾਸੇ ਇਹੀ ਸੁਧਾਰਵਾਦੀ ਬ੍ਰਾਹਮਣਵਾਦੀ-ਦ੍ਰਿਸ਼ਟੀਕੋਣ ਅਨੁਸਾਰ ਇਹ ਮੰਨਦੇ ਹਨ ਕਿ ਸਿੱਖ ਦੇ ਘਰ ਪੈਦਾ ਹੋਣ ਵਾਲਾ ਹੀ ਸਿੱਖ ਹੋ ਸਕਦਾ ਹੈ, ਭਾਵੇਂ ਉਹ ਸਿੱਖੀ-ਵਿਰਸੇ ਨਾਲੋਂ ਟੁਟ, ਸਿੱਖੀ-ਸਰੂਪ ਨੂੰ ਤਿਲਾਂਜਲੀ ਹੀ ਕਿਉਂ ਨਾ ਦੇ ਗਿਆ ਹੋਵੇ। ਉਨ੍ਹਾਂ ਨੂੰ ਅਖਬਾਰਾਂ ਵਿਚ ਛਪੇ ਵਿਆਹ-ਸ਼ਾਦੀਆਂ ਦੇ ਉਹ ਇਸ਼ਤਿਹਾਰ ਪੜ੍ਹ ਕੇ ਨਾ ਤਾਂ ਸ਼ਰਮ ਮਹਿਸੂਸ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਦੇ ਦਿਲ ਵਿਚ ਵਿਰੋਧ ਕਰਨ ਦੀ ਭਾਵਨਾ ਜਾਗਦੀ ਹੈ, ਜਿਨ੍ਹਾਂ ਰਾਹੀਂ ਮੋਟੇ-ਮੋਟੇ ਅਖਰਾਂ ਵਿਚ 'ਕਲੀਨਸ਼ੇਵਨ-ਸਿੱਖ' ਮੁੰਡੇ ਲਈ ਸਿੱਖ ਕੁੜੀ ਦੀ ਅਤੇ ਸਿੱਖ ਕੁੜੀ ਲਈ 'ਕਲੀਨਸ਼ੇਵਨ ਸਿੱਖ' ਮੁੰਡੇ ਦੀ ਮੰਗ ਇਸਤਰ੍ਹਾਂ ਕੀਤੀ ਗਈ ਹੁੰਦੀ ਹੈ, ਜਿਵੇਂ ਸਿੱਖ ਮੁੰਡੇ ਦਾ 'ਕਲੀਨਸ਼ੇਵਨ' ਹੋਣਾ ਕੋਈ ਵਿਸ਼ੇਸ਼ ਯੋਗਤਾ ਹੋਵੇ। ਇਹ ਇਸ਼ਤਿਹਾਰ ਪੜ੍ਹ ਕੇ ਇਨ੍ਹਾਂ 'ਸੁਧਾਰਵਾਦੀਆਂ' ਦੀ ਸਿੱਖੀ-ਭਾਵਨਾ ਨੂੰ ਕੋਈ ਠੇਸ ਪੁਜੀ ਹੋਵੇ ਜਾਂ ਇਨ੍ਹਾਂ ਨੇ ਇਹ ਕੁਝ ਪੜ੍ਹ ਕੇ ਇਸਦੇ ਵਿਰੁਧ ਕੋਈ ਹਿਲ-ਜੁਲ ਕੀਤੀ ਹੋਵੇ, ਕਦੀ ਕਿਧਰੇ ਪੜ੍ਹਿਆ-ਸੁਣਿਆ ਨਹੀਂ ਗਿਆ। ਸ਼ਾਇਦ ਇਨ੍ਹਾਂ ਨੂੰ ਇਸ ਗਲ ਤੇ ਮਾਣ ਹੁੰਦਾ ਹੋਵੇਗਾ ਕਿ 'ਕਲੀਨਸ਼ੇਵਨ' ਹੋ ਕੇ ਵੀ ਮੁੰਡਾ ਆਪਣੇ ਸਿੱਖ ਹੋਣ ਤੇ 'ਫਖਰ' ਤਾਂ ਕਰ ਹੀ ਰਿਹਾ ਹੈ। ਇਨ੍ਹਾਂ ਆਪੇ ਬਣੇ 'ਸੁਧਾਰਵਾਦੀਆਂ' ਦੀਆਂ ਇਨ੍ਹਾਂ ਨੀਤੀਆਂ ਪੁਰ ਉਂਗਲ ਉਠਾਣ ਵਾਲਿਆਂ ਦਾ ਇਹ ਵੀ ਕਹਿਣਾ ਹੈ ਕਿ ਜਿਵੇਂ ਬ੍ਰਾਹਮਣਾਂ ਨੇ ਆਪਣੀ ਸਰਵੁਚਤਾ ਦੀ ਹੈਸੀਅਤ ਬਣਾਈ ਰਖਣ ਲਈ ਵੇਦਾਂ-ਪੁਰਾਣਾਂ ਅਤੇ ਸ਼ਾਸਤਰਾਂ ਦੇ ਪੜ੍ਹਨ ਅਤੇ ਉਨ੍ਹਾਂ ਦਾ ਅਧਿਅਨ ਕਰਨ ਦਾ ਅਧਿਕਾਰ ਆਪਣੇ ਲਈ ਰਾਖਵਾਂ ਕਰਕੇ ਗ਼ੈਰ-ਬ੍ਰਾਹਮਣਾਂ ਲਈ, ਇਨ੍ਹਾਂ ਦੇ ਪੜ੍ਹਨ ਤੇ ਰੋਕ ਲਾ ਦਿਤੀ ਹੋਈ ਸੀ ਅਤੇ ਪਛੜਿਆਂ ਨੂੰ ਇਨ੍ਹਾਂ ਦੇ ਸੁਣਨ ਤਕ ਦਾ ਅਧਿਕਾਰ ਵੀ ਨਹੀਂ ਸੀ ਦਿਤਾ ਹੋਇਆ, ਇਸੇ ਤਰ੍ਹਾਂ ਇਹ 'ਸੁਧਾਰਵਾਦੀ' ਵੀ 'ਸਿੱਖੀ ਬਚਾਉਣ' ਦੇ ਨਾਂ ਤੇ ਗੁਰਬਾਣੀ ਪੜ੍ਹਨ ਦਾ ਅਧਿਕਾਰ ਕੇਵਲ ਆਪਣੇ ਲਈ ਹੀ ਰਾਖਵਾਂ ਕਰਨ ਵਲ ਵਧ ਰਹੇ ਹਨ। ਉਨ੍ਹਾਂ ਗ਼ੈਰ-ਸਿੱਖਾਂ ਦੇ ਬਾਣੀ ਪੜ੍ਹਨ ਤੇ ਰੋਕ ਲਾਉਣ ਵਲ ਵੀ ਕਦਮ ਵਧਾਣਾ ਸ਼ੁਰੂ ਕਰ ਦਿਤਾ ਹੈ।

ਬਜਾਏ ਇਸਦੇ ਕਿ ਉਹ ਦੂਜਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਾਣ-ਸਤਿਕਾਰ ਕਾਇਮ ਰਖਣ ਦੀ ਸਿੱਖਿਆ ਦੇਣ ਦੀ ਜ਼ਿਮੇਂਦਾਰੀ ਸੰਭਾਲਣ, ਸਗੋਂ ਇਨ੍ਹਾਂ ਨੇ ਤਾਂ ਉਨ੍ਹਾਂ ਦੇ ਘਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਹੀ ਚੁਕਾਣੇ ਸ਼ੁਰੂ ਕਰ ਦਿਤੇ। ਉਨ੍ਹਾਂ ਕਦੀ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਜਿਨ੍ਹਾਂ ਸਿੱਖਾਂ ਨੇ ਅਪਣੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਥਾਪਤ ਕੀਤੇ ਹੋਏ ਹਨ, ਕੀ ਉਨ੍ਹਾਂ ਸਾਰਿਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਪੂਰਣ ਮਰਿਆਦਾ ਅਨੁਸਾਰ ਕੀਤੀ ਜਾ ਰਹੀ ਹੈ?

'ਸੋ ਕਿਉ ਮੰਦਾ ਆਖੀਐ' ਸ਼ਬਦ ਦਾ ਗਾਇਨ ਕਰਨ ਅਤੇ ਸੁਣਨ ਵਾਲੇ ਇਹ 'ਸੁਧਾਰਵਾਦੀ' ਭਾਸ਼ਣ ਕਰਦਿਆਂ ਤਾਂ ਬੜੇ ਹੀ ਮਾਣ ਨਾਲ ਦਾਅਵਾ ਕਰਦੇ ਹਨ ਕਿ ਭਾਰਤੀ ਸਮਾਜ ਵਲੋਂ ਦੁਰਕਾਰੀ ਤੇ ਪੈਰ ਦੀ ਜੁਤੀ ਸਮਝੀ ਜਾਂਦੀ ਨਾਰੀ ਨੂੰ ਗੁਰੂ ਸਾਹਿਬ ਨੇ ਨਾ ਕੇਵਲ ਬਰਾਬਰਤਾ ਦਾ ਅਧਿਕਾਰ ਦਿਤਾ, ਸਗੋਂ ਉਸਨੂੰ ਬਣਦਾ ਸਨਮਾਨ ਵੀ ਦਿਤਾ। ਪਰ ਅਜ ਉਸੇ ਨਾਰੀ ਨੂੰ ਹਰਿਮੰਦਿਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਹੋਣ ਵਾਲੀ ਸੇਵਾ ਵਿਚ ਹਿੱਸਾ ਲੈਣ ਤੋਂ ਤਾਂ ਰੋਕਿਆ ਹੀ ਜਾ ਰਿਹਾ ਹੈ, ਇਸਦੇ ਨਾਲ ਹੀ ਉਸਨੂੰ, ਜਿਸ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਬ ਦਾ ਸਰੂਪ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਪ੍ਰਕਾਸ਼ ਕਰਨ ਲਈ ਲਿਆਇਆ ਜਾਂਦਾ ਹੈ, ਉਸ ਪਾਲਕੀ ਨੂੰ ਮੋਢਾ ਦੇਣ ਦਾ ਅਧਿਕਾਰ ਦੇਣਾ ਤਾਂ ਦੂਰ ਰਿਹਾ, ਹਥ ਲਾਉਣ ਦਾ ਅਧਿਕਾਰ ਵੀ ਨਹੀਂ ਦਿਤਾ ਜਾ ਰਿਹਾ। ਬੀਤੇ ਕਾਫੀ ਸਮੇਂ ਤੋਂ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਕੀਰਤਨ ਕਰਨ ਦੇ ਅਧਿਕਾਰ ਦੀ ਮੰਗ ਕਰ ਰਹੀਆਂ ਬੀਬੀਆਂ ਨੂੰ ਲਗਾਤਾਰ ਨਿਰਾਸ਼ ਕੀਤਾ ਜਾ ਰਿਹਾ ਹੈ, ਕਿਉਂ? ਕੀ ਸਿਰਫ ਇਸ ਕਰਕੇ ਕਿ ਬ੍ਰਾਹਮਣੀ-ਵਰਗ ਨਾਰੀ ਨੂੰ 'ਪੈਰ ਦੀ ਜੁਤੀ' ਸਮਝਦਾ ਹੈ, ਤਾਂ ਫਿਰ ਉਹ ਕਿਵੇਂ ਗੁਰੂ ਸਾਹਿਬਾਨ ਵਲੋਂ ਉਸਨੂੰ ਸਨਮਾਨਤ ਤੇ ਬਰਾਬਰਤਾ ਦੇ ਦਿਤੇ ਗਏ ਅਧਿਕਾਰ ਨੂੰ ਮਾਨਤਾ ਦੇ ਦੇਣ? ਇਨ੍ਹਾਂ ਸੁਧਾਰਵਾਦੀਆਂ ਦਾ ਇਸ ਗਲ ਨਾਲ ਕੋਈ ਮਤਲਬ ਨਹੀਂ ਕਿ ਉਨ੍ਹਾਂ ਵਲੋਂ ਸੁਧਾਰ ਦੇ ਨਾਂ ਤੇ ਸ਼ੁਰੂ ਕੀਤੇ ਗਏ ਹੋਏ 'ਸਿੱਖੀ ਬਚਾਓ' ਅੰਦੋਲਣ ਦੇ ਫਲਸਰੂਪ ਸਿੱਖ-ਪੰਥ ਵਿਚ ਵੰਡੀਆਂ ਪੈ ਰਹੀਆਂ ਹਨ। ਜਿਸ ਨਾਲ ਸਿੱਖੀ ਨੂੰ ਨਾ ਠਲ੍ਹੀ ਜਾ ਸਕਣ ਵਾਲੀ ਢਾਹ ਲਗਦੀ ਜਾ ਰਹੀ ਹੈ। ਸਿੱਖਾਂ ਵਿਚ ਵੀ ਉਸੇ ਤਰ੍ਹਾਂ ਦੀਆਂ ਵੰਡੀਆਂ ਪੈਣ ਦੀਆਂ ਸੰਭਾਵਨਾਵਾਂ ਵਧਦੀਆਂ ਚਲੀਆਂ ਜਾ ਰਹੀਆਂ ਹਨ ਜਿਵੇਂ ਕਿ ਮੁਸਲਮਾਣਾਂ, ਇਸਾਈਆਂ, ਜੈਨੀਆਂ, ਬੋਧੀਆਂ ਆਦਿ ਫਿਰਕਿਆਂ ਵਿਚ ਪਈਆਂ ਹੋਈਆਂ ਹਨ।

...ਅਤੇ ਅੰਤ ਵਿਚ: ਅਜ ਜਾਤੀਆਂ ਦੇ ਨਾਂ (ਅਧਾਰ) ਤੇ ਗੁਰਦੁਆਰੇ ਬਣਦੇ ਜਾ ਰਹੇ ਹਨ। ਗੁਰਦੁਆਰਿਆਂ ਦੇ ਮੁਖ ਦੁਆਰ ਤੇ ਬੜੇ ਸਜਾਵਟੀ ਅਖਰਾਂ ਵਿਚ ਲਿਖਿਆ ਜਾ ਰਿਹਾ ਹੈ, ਗੁਰਦੁਆਰਾ ਰਾਮਗੜ੍ਹੀਆਂ, ਗੁਰਦੁਆਰਾ ਪੋਠੋਹਾਰੀਆਂ, ਗੁਰਦੁਆਰਾ ਪਿਸ਼ੌਰੀਆਂ, ਜਟਾਂ, ਭਾਪਿਆਂ, ਰਾਮਦਾਸੀਆਂ ਆਦਿ।

ਗੁਰਦੁਆਰੇ, ਹੁਣ ਗੁਰੂ ਦੇ ਦੁਆਰ ਨਾ ਰਹਿ, ਜਾਤੀਆਂ ਦੇ ਬਣਦੇ ਜਾ ਰਹੇ ਹਨ। ਕਈ ਗੁਰਦੁਆਰਿਆਂ ਵਿਚ ਤਾਂ ਅੰਮ੍ਰਿਤਧਾਰੀ ਦਲਿਤਾਂ ਨੂੰ ਨਾ ਪ੍ਰਸ਼ਾਦ ਵੰਡਣ ਦਿਤਾ ਜਾਂਦਾ ਹੈ ਤੇ ਨਾ ਹੀ ਲੰਗਰ।

ਪੰਗਤ ਵਿੱਚ ਬੈਠ ਲੰਗਰ ਵੀ ਛਕਣ ਨਹੀਂ ਦਿੱਤਾ ਜਾਂਦਾ। ਕੀ ਇਹ ਸਭ ਕੁਝ 'ਬ੍ਰਾਹਮਣੀ ਸੋਚ' ਤੋਂ ਮੁਕਤ ਹੁੰਦਿਆਂ ਜਾਣ ਦਾ ਪ੍ਰਤੀਕ ਹੈ ਜਾਂ ਕਿ 'ਬ੍ਰਾਹਮਣੀ ਸੋਚ' ਦੇ ਭਾਰੂ ਹੁੰਦਿਆਂ ਜਾਣ ਦਾ? ਕੀ ਇਹ ਗੁਰੂ ਸਾਹਿਬ ਵਲੋਂ ਪ੍ਰਚਾਰੇ ਉਨ੍ਹਾਂ ਆਦਰਸ਼ਾਂ ਦੇ ਨਾਲ ਵਿਸ਼ਵਾਸਘਾਤ ਨਹੀਂ, ਜਿਨ੍ਹਾਂ ਨੂੰ ਸਥਾਪਤ ਕਰਨ ਅਤੇ ਜਿਨ੍ਹਾਂ ਦੀਆਂ ਨੀਹਾਂ ਤੇ ਸਿੱਖੀ ਦਾ ਮੱਹਲ ਉਸਾਰਣ ਲਈ ਉਨ੍ਹਾਂ ਆਪਣਾ-ਆਪ ਹੀ ਨਹੀਂ, ਸਗੋਂ ਆਪਣਾ ਸਰਬੰਸ ਤਕ ਵੀ ਕੁਰਬਾਨ ਕਰ ਦਿਤਾ ਸੀ?

# ਕੋਹ ਨਾ ਚੱਲੀ ਬਾਬਾ ਤਿਹਾਈ!



ਬੁੱਧ ਸਿੰਘ ਨੀਲੋਂ
91-94643-70823

ਤੁਰਦੀ ਜ਼ਿੰਦਗੀ ਤੇ ਵਗਦੇ ਪਾਣੀ ਧੜਕਦੀ ਜ਼ਿੰਦਗੀ ਦੇ ਚਿੰਨ ਹੁੰਦੇ ਹਨ। ਜਦੋਂ ਪਾਣੀ ਰੁਕ ਜਾਂਦਾ ਹੈ ਤਾਂ ਉਹ ਝੀਲ ਦਾ ਰੂਪ ਧਾਰ ਲੈਂਦਾ ਹੈ। ਰੁਕਿਆ ਹੋਇਆ ਪਾਣੀ ਗੰਦਲਾ ਹੋ ਜਾਂਦਾ ਹੈ। ਇਸ ਗੰਦਲੇ ਪਾਣੀ ਵਿਚੋਂ ਫਿਰ ਬੋਅ ਆਉਂਣ ਲੱਗ ਪੈਂਦੀ ਹੈ। ਇਹੋ ਹਾਲ ਜ਼ਿੰਦਗੀ ਦਾ ਹੁੰਦਾ ਹੈ। ਸਾਹ ਲੈਂਦੀ, ਤੁਰਦੀ ਫਿਰਦੀ- ਜ਼ਿੰਦਗੀ ਹੀ ਚੰਗੀ ਲੱਗਦੀ ਹੈ। ਜਦੋਂ ਵੀ ਕਿਸੇ ਮੋੜ ਉੱਤੇ ਜ਼ਿੰਦਗੀ ਆ ਕੇ ਰੁਕ ਜਾਂਦੀ ਹੈ ਤਾਂ ਉਹ ਤੁਰਦੀ-ਫਿਰਦੀ ਇੱਕ ਲਾਸ਼ ਬਣ ਜਾਂਦੀ ਹੈ। ਇਹ ਲਾਸ਼ ਅਸੀਂ ਮੋਢਿਆਂ 'ਤੇ ਚੁੱਕੀ ਫਿਰਦੇ ਰਹਿੰਦੇ ਹਾਂ। ਸਾਨੂੰ ਪਤਾ ਹੁੰਦਾ ਹੈ ਕਿ ਅਸੀਂ ਆਪਣੀ ਲਾਸ਼ ਦੀ ਸਵਾਰੀ ਬਣੇ ਹੋਏ ਹਾਂ। ਪਰ ਫੇਰ ਵੀ ਅਸੀਂ ਜਿਉਂਦੇ ਹੋਣ ਦਾ ਭਰਮ ਪਾਲੀ ਰੱਖਦੇ ਹਾਂ।

ਤੁਰਦੇ ਬੰਦੇ ਹੀ ਮੰਜ਼ਿਲ ਉੱਤੇ ਪੁੱਜਦੇ ਹਨ। ਜਿਹੜੇ ਕਿਸੇ ਚੁਰਾਹੇ ਉੱਤੇ ਰੁਕ ਜਾਂਦੇ ਹਨ, ਸੜਕਾਂ ਦੇ ਮੀਲ ਪੱਥਰ ਬਣ ਜਾਂਦੇ ਹਨ, ਜਿਹੜੇ ਮੰਜ਼ਿਲ ਦਾ ਸੂਚਕ ਤਾਂ ਹੁੰਦੇ ਪਰ ਮੰਜਿਲ ਨਹੀਂ। ਰੁਕੀ ਜ਼ਿੰਦਗੀ ਤੇ ਟੁੱਟੇ ਪੱਤੇ ਦੀ ਚੱਕਰ 'ਚ ਫਸ ਜਾਂਦੀ ਹੈ।

ਉਨ੍ਹਾਂ ਦੀ ਹਾਲਤ ਉਸ ਪੱਤੇ ਵਰਗੀ ਹੁੰਦੀ ਹੈ। ਜਿਹੜਾ ਰੁੱਖ ਨਾਲੋਂ ਟੁੱਟ ਗਿਆ ਹੁੰਦਾ। ਉਹ ਹਵਾ ਸਹਾਰੇ ਇੱਧਰ-ਉੱਧਰ ਉੱਡਦਾ ਰਹਿੰਦਾ ਹੈ। ਆਖਰ ਕਿਸੇ ਕੋਨੇ ਵਿੱਚ ਰੁਕ ਜਾਂਦਾ ਹੈ। ਕੋਨੇ ਵਿਚ ਰੁਕਿਆ ਪੱਤਾ ਹਨੇਰੇ ਵਿੱਚ ਹੀ ਗਵਾਚ ਜਾਂਦਾ ਹੈ।

ਜਦੋਂ ਚੀਜ਼ ਤੁਹਾਡੇ ਕੋਲੋਂ ਗਵਾਚ ਜਾਂਦਾ ਹੈ ਤਾਂ ਉਸ ਚੀਜ਼ ਦੇ ਮੁੱਲ ਦਾ ਸਾਨੂੰ ਪਤਾ ਲੱਗਦਾ ਹੈ। ਅਸੀਂ ਉਦੋਂ ਤੱਕ ਬੇਫਿਕਰ ਹੋਏ ਰਹਿੰਦੇ ਹਾਂ ਜਦੋਂ ਤੱਕ ਚੀਜ਼ ਸਾਡੇ ਕੋਲ ਹੁੰਦੀ ਹੈ। ਜਦੋਂ ਚੀਜ਼ ਹੱਥੋਂ ਕਿਰ ਜਾਂਦੀ ਹੈ ਜਾਂ ਵਿਛੜ ਜਾਂਦੀ ਹੈ। ਤਾਂ ਫੇਰ ਚੀਜ਼ ਦੇ ਮੁੱਲ ਦਾ ਪਤਾ ਲੱਗਦਾ ਹੈ। ਫਿਰ ਅਸੀਂ ਅਤੀਤ ਦੇ ਵਰਕਿਆਂ ਨੂੰ ਫਰੋਲਣ ਲੱਗਦੇ ਹਾਂ।

''ਮਿੱਟੀ ਨਾ ਫਰੋਲ ਜੰਗੀਆ, ਨਹੀਂ ਲੱਭਣੇ ਲਾਲ ਗਵਾਚੇ।'' ਫੇਰ ਅਸੀਂ ਮਿੱਟੀ ਫਰੋਲਣ ਲੱਗਦੇ ਹਾਂ। ਪਰ ਸਾਨੂੰ ਹੰਝੂਆਂ ਤੋਂ ਬਿਨਾਂ ਕੁੱਝ ਵੀ ਨਹੀਂ ਲੱਭਦਾ। ਉਂਝ ਅਸੀਂ ਲਾਲ ਲੱਭਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਾਂ। ਪਾਣੀ ਇਕੋ ਵਾਰੀ ਪੁੱਲਾਂ ਦੇ ਹੇਠ ਦੀ ਲੰਘਦਾ ਹੇ। ਲੰਘਿਆ ਪਾਣੀ ਤੇ ਲੰਘ ਗਈ ਜ਼ਿੰਦਗੀ ਵਾਪਸ ਨਹੀਂ ਪਰਤਦੀ।

ਅਸੀਂ ਉਸ ਜ਼ਿੰਦਗੀ ਨੂੰ ਵਾਪਸ ਲਿਆਉਣ ਦੇ ਸੁਪਨੇ ਸਿਰਜਦੇ ਹਾਂ। ਅਸੀਂ ਸੁਪਨਿਆਂ ਨੂੰ ਸਾਕਾਰ ਕਰਨ ਦੀ ਤਾਂਘ ਵਿੱਚ ਸਦਾ ਰਹਿੰਦੇ ਹਾਂ, ਪਰ ਸਾਨੂੰ ਹੈ ਕਿ ਸੁਪਨੇ ਕਦੇ ਸਾਕਾਰ ਨਹੀਂ ਹੁੰਦੇ ਪਰ ਸੁਪਨਿਆਂ ਵਿੱਚ ਰਹਿੰਦੀਆਂ ਅਸੀਂ ਵੱਖਰੀ ਦੁਨੀਆਂ ਦੇ ਵਾਸੀ ਬਣ ਜਾਂਦੇ ਹਾਂ। ਅਸੀਂ ਰਹਿੰਦੇ ਤਾਂ ਧਰਤੀ ਉੱਤੇ ਹੀ ਹਾਂ ਪਰ ਸੁਪਨਿਆਂ ਵਿਚ ਅਸੀਂ ਬੜੀ ਦੂਰ ਚਲੇ ਜਾਂਦੇ ਹਾਂ।

ਧਰਤੀ ਨਾਲੋਂ ਜਿਉਂ-ਜਿਉਂ ਅਸੀਂ ਉੱਤੇ ਉੱਠ ਰਹੇ ਹਾਂ, ਤਾਂ ਸਾਡੇ ਮਨਾਂ ਅੰਦਰ ਓਨੀ ਹੀ ਬੇਚੈਨੀ, ਗੁੱਸਾ, ਨਫਰਤ ਤੇ ਹੰਕਾਰ ਵਧੀ ਜਾ ਰਿਹਾ ਹੈ। ਅਸੀਂ ਆਪੋ-ਆਪਣੀ ਮੈਂ ਵਿੱਚ ਫਸਦੇ ਜਾ ਰਹੇ ਹਾਂ।

ਜਦੋਂ ਅਸੀਂ ਆਪਣੀ 'ਮੈਂ' ਵਿੱਚੋਂ ਬਾਹਰ ਆਉਂਦੇ ਹਾਂ, ਉਦੋਂ ਤੱਕ ਸਮਾਂ ਬਹੁਤ ਅੱਗੇ ਲੰਘ ਜਾਂਦਾ ਹੈ। ਅਸੀਂ ਬਹੁਤ ਪਿੱਛੇ ਰਹਿ ਜਾਂਦੇ ਹਾਂ। ਪਿੱਛੇ ਰਹਿ ਗਿਆਂ ਨੂੰ ਆਪਣੇ ਨਾਲ ਰਲਾਉਣ ਲਈ ਕੋਈ ਰੁਕਦਾ ਨਹੀਂ। ਕੋਈ ਪਿੱਛੇ ਪਰਤ ਕੇ ਨਹੀਂ ਵੇਖਦਾ। ਅਸੀਂ ਉਸ ਹਾਲਤ ਵਿੱਚ ਪੁੱਜ ਜਾਂਦੇ ਹਾਂ ਕਿ ਸਾਡੇ ਕੋਲ ਲੱਤਾਂ ਹੋਣ ਦੇ ਬਾਵਜੂਦ ਅਸੀਂ ਨਹੀਂ ਤੁਰ ਸਕਦੇ। ਸਾਡੇ ਕੋਲ ਜੀਭ ਹੋਣ 'ਤੇ ਵੀ ਅਸੀਂ ਬੋਲ ਨਹੀਂ ਸਕਦੇ। ਅਸੀਂ ਬੋਲਣ ਦਾ ਯਤਨ ਤਾਂ ਕਰਦੇ ਹਾਂ ਪਰ ਸਾਡੀ ਕੋਈ ਆਵਾਜ਼ ਨਹੀਂ ਸੁਣਦਾ।

ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਵੇ,
ਕਿਸੇ ਨੇ ਮੇਰੀ ਗੱਲ ਨਾ ਸੁਣੀ।

ਸਾਡੀ ਗੱਲ ਸੁਨਣ ਦਾ ਕਿਸੇ ਕੋਲ ਸਮਾਂ ਨਹੀਂ। ਅਸੀਂ ਤਾਂ ਦੌੜੀ ਜਾ ਰਹੇ ਹਾਂ-ਪਦਾਰਥਾਂ ਪਿੱਛੇ। ਅਸੀਂ ਵਸਤੂਆਂ ਨਾਲ ਆਪਣੇ ਘਰ ਭਰ ਲਏ ਹਨ। ਘਰਾਂ ਅੰਦਰ ਵਸਤੂਆਂ ਦੀ ਗਿਣਤੀ ਵੱਧ ਗਈ ਹੈ। ਘਰਾਂ ਵਿੱਚੋਂ ਜ਼ਿੰਦਗੀ ਦੂਰ ਚਲੇ ਗਈ ਹੈ। ਘਰ ਅਸੀਂ ਸਟੋਰ ਬਣਾ ਦਿੱਤੇ ਹਨ। ਇਨ੍ਹਾਂ ਸਟੋਰਾਂ ਵਿਚ ਜ਼ਿੰਦਗੀ ਨਹੀਂ ਧੜਕਦੀ। ਵਸਤੂਆਂ ਦੇ ਬਿੱਲ ਆਉਂਦੇ ਹਨ। ਅਸੀਂ ਬਿੱਲ ਉਤਾਰਦੇ ਖੁਦ ਵਸਤੂ ਬਣ ਗਏ ਹਾਂ।

ਸਾਡੇ ਅੰਦਰ ਸੂਹਜ ਸੰਵੇਦਨਾ ਮਰ ਗਈ ਹੈ। ਅਸੀਂ ਪੱਥਰ ਬਣ ਗਏ ਹਾਂ। ਤੁਰਦੀਆਂ-ਫਿਰਦੀਆਂ ਮੂਰਤੀਆਂ ਵਾਲੇ ਜਿਸਮ ਲਈ ਅਸੀਂ ਇੱਕ ਦੂਜੇ ਨੂੰ ਲਤਾੜਦੇ ਦੌੜ ਰਹੇ ਹਾਂ। ਇਹ ਅੰਨ੍ਹੀ ਦੌੜ ਕਦੋਂ ਤੇ ਕਿੱਥੇ ਖਤਮ ਹੋਵੇਗੀ? ਇਸ ਦੌੜ ਦਾ ਅੰਤ ਕੀ ਹੋਵੇਗਾ? ਇਸ ਦੌੜ ਨੇ ਸਾਡੇ ਕੋਲੋਂ ਬੜਾ ਕੁੱਝ ਖੋਹ ਲਿਆ ਹੈ। ਸਾਡਾ ਅੰਦਰ ਮੁਰਦਾ ਸ਼ਾਂਤੀ ਨਾਲ ਭਰ ਗਿਆ ਸਾਡੇ ਹੱਥਾਂ ਵਿੱਚੋਂ ਕਿਰਤ ਖੁਸ ਗਈ ਹੈ। ਸਾਡੇ ਹੱਥਾਂ ਦੇ ਵਿਚ ਠੂਠੇ ਫੜਾ ਦਿੱਤੇ ਹਨ। ਅਸੀਂ ਨੀਲੇ,ਪੀਲੇ ਤੇ ਲਾਲ ਕਾਰਡ ਬਨਾਉਣ ਦੇ ਲਈ ਪੱਬਾਂ ਭਾਰ ਹੋਏ ਪਏ ਹਾਂ।

ਅਸੀਂ ਕਦੇ ਇਹਨਾਂ ਸਿਆਸੀ ਆਗੂਆਂ ਨੂੰ ਇਹ ਨਹੀਂ ਪੁੱਛਦੇ ਕਿ ਤੁਹਾਡੀ ਆਮਦਨ ਕਿਉਂ ਹਰ ਸਾਲ ਵੱਧਦੀ ਹੈ ਤੇ ਲੋਕ ਕਿਉਂ ਖੁਦਕੁਸ਼ੀਆਂ ਤੱਕ ਪੁਜ ਗਏ? ਕਿਉਂਕਿ ਇਹ ਸਿਆਸੀ ਆਗੂ ਸਾਨੂੰ ' ਮੁਫਤ' ਦੀਆਂ ਸਹੂਲਤਾਂ ਦਿੰਦੇ ਹਨ।

ਅਸੀਂ ਆਪੋ ਆਪਣੇ ਖੋਲ ਅੰਦਰ ਗਵਾਚ ਗਏ ਹਾਂ। ਅਸੀਂ ਤੜਫ ਰਹੇ ਹਾਂ। ਅਸੀਂ ਚੀਕ ਰਹੇ ਹਾਂ। ਅਸੀਂ ਕਰ ਰਹੇ ਹਾਂ, ਜਾਂ ਫਿਰ ਸਾਨੂੰ ਮਾਰਿਆ ਜਾ ਰਿਹਾ ਹੈ। ਵਿਕਾਸ ਦੇ ਨਾਂਅ ਹੇਠ ਸਾਡੇ ਕੋਲੋਂ ਰੋਟੀ ਖੋਹੀ ਜਾ ਰਹੀ ਹੈ। ਰੋਟੀ ਬਦਲੇ ਸਾਨੂੰ ਮਿਲਦੀ ਸਾਨੂੰ ਪੁਲਿਸ ਦੀ ਕੁੱਟ ਜਾਂ ਫਿਰ ਗੋਲੀ ਮਿਲਦੀ ਹੈ। ਬੰਦੂਕਾਂ ਦੇ ਢਿੱਡ ਨਹੀਂ ਹੁੰਦੇ। ਜਿਨ੍ਹਾਂ ਦਾ ਇਹ ਦੇਸ਼ ਹੈ, ਉਨ੍ਹਾਂ ਲਈ ਇਸ ਦੇਸ਼ ਵਿੱਚ ਕੋਈ ਥਾਂ ਨਹੀਂ। ਉਨ੍ਹਾਂ ਨੂੰ ਨਿੱਤ ਲੁੱਟਿਆ ਤੇ ਕੁੱਟਿਆ ਜਾ ਰਿਹਾ ਹੈ। ਇਹ ਕੁੱਟ ਕਦੇ ਪੰਜਾਬ ਦੀ ਧਰਤੀ 'ਤੇ ਪੈਂਦੀ ਹੈ, ਕਦੇ ਜੰਮੂ ਕਸ਼ਮੀਰ, ਛੱਤੀਸ਼ਗੜ੍ਹ, ਝਾਰਖੰਡ, ਕਦੇ ਦਿੱਲੀ, ਗੁਜਰਾਤ, ਯੂਪੀ, ਅਸਾਮ ਵਿੱਚ ਤੇ ਅੱਜ ਤਾਂ ਦੇਸ਼ ਦਾ ਹਰ ਥਾਂ ਕਤਲਗਾਹ ਬਣਾ ਦਿੱਤਾ ਗਿਆ ਹੈ। ਕਿਤੇ।ਵੀ ਕਦੇ ਵੀ ਹੋ ਸਕਦਾ ਐ, ਕੁੱਝ ਵੀ।ਦਿੱਲੀ ਹੁਣ ਰਣ ਭੂਮੀ ਬਣਗੀ ਹੈ।

ਅਜੇ ਤਾਂ ਦੇਸ਼ ਨੂੰ ਆਜ਼ਾਦ ਹੋਇਆਂ ਹੀ ਬਹੱਤਰ ਵਰ੍ਹੇ ਬੀਤੇ ਹਨ। ਇਨਾਂ ਵਰ੍ਹਿਆਂ ਵਿਚ ਅਸੀਂ ਦੇਸ਼ ਨੂੰ ਕਿਸ ਮੋੜ 'ਤੇ ਲਿਆ ਕਿ ਖੜਾ ਕਰ ਦਿੱਤਾ ਹੈ।

ਅਸੀਂ ਮਹਾਂ ਗੁਰੂ, ਮਹਾਂ ਸ਼ਕਤੀ ਬਣਦ ਬਣਦੇ, ਜ਼ੀਰੋ ਬਣ ਗਏ ਹਨ। ਜ਼ੀਰੋ ਦਾ ਕੋਈ ਮੁੱਲ ਨਹੀਂ ਹੁੰਦਾ, ਸਾਡਾ ਕੀ ਹੋਣਾ, ਬਸ ਏਹੀ ਹੈ ਰੋਣਾ ਧੋਣਾ।ਸਦੀਆਂ ਲੰਘ ਗਈਆਂ। ਵਹਿ ਗਏ ਪਾਣੀ। ਰੁਕ ਗਈ ਜ਼ਿੰਦਗੀ, ਊਠ ਮਗਰ ਤੁਰੇ ਕੁੱਤੇ ਵਾਂਗ, ਦੌੜ ਰਹੇ ਹਾਂ।

ਖੜਾ ਪਾਣੀ ਤੇ ਮਨੁੱਖ ਮੁਸ਼ਕ ਜਾਂਦਾ ਹੈ। ਅਸੀਂ ਮੁੱਸ਼ਕ ਰਹੇ ਹਾਂ। ਰੁੱਖਾਂ ਵਾਂਗ ਸੁੱਕ ਰਹੇ ਹਾਂ। ਸਾਨੂੰ ਪਾਣੀ ਦੇਣ ਵਾਲੇ ਹੱਥ ਵੱਢ ਦਿੱਤੇ ਹਨ।

ਸਾਡੇ ਕੋਲੋਂ ਪੌਣ-ਪਾਣੀ ਤੇ ਧਰਤੀ ਖੋਹੀ ਜਾ ਰਹੀ ਹੈ। ਕਿਸੇ ਕੋਲੋਂ ਰੁਜਗਾਰ ਖੋਹ ਲੈਣ। ਅਸਲ ਵਿੱਚ ਉਸਦੀ ਜਿੰਦਗੀ ਖੋਹ ਲੈਣਾ ਹੁੰਦਾ ਹੈ। ਸਾਡੇ ਕੋਲੋਂ ਜ਼ਿੰਦਗੀ ਖੋਹੀ ਜਾ ਰਹੇ ਹਾਂ। ਅਸੀਂ ਪਿਆਸੇ ਤੜਫ ਰਹੇ ਹਾਂ। ਕਦ ਤੱਕ? ਸੁੱਤੇ ਰਹਾਂਗੇ। ਹੁਣ ਤਾਂ ਜਾਗ ਪਵੋ, ਦੁਸ਼ਮਣ ਤੇ ਮਨੁੱਖਤਾ ਦੇ ਕਾਤਲਾਂ ਦੇ ਗਲ ਪਵੋ। ਹੁਣ ਬਿਨ ਜਾਗਰੂਕ ਤੇ ਇੱਕਠੇ ਹੋਇਆਂ ਸਰਨਾ ਨਹੀਂ ਜਾਂ ਤੁਸੀਂ ਕਦੇ ਮਰਨਾ ਨਹੀਂ? ਕੁੱਝ ਕਰ ਮਰੋ, ਐਵੇਂ ਨਾ ਡਰੋ। ਖੜਾ ਪਾਣੀ, ਵਹਿ ਰਿਹਾ ਪਾਣੀ, ਰੁਕੀ ਤੇ ਤੁਰਦੀ ਜ਼ਿੰਦਗੀ ਨੇ ਕੀ ਖੱਟਿਆ ਐ? ਮਿਰਗ ਤ੍ਰਿਸਨਾ ਵਿੱਚ ਸਿਰ ਉਤੇ ਰੱਖ ਕੇ ਪੈਰ ਦੌੜਦੇ ਰਹੇ।ਇੱਕ ਥਾਂ ਤੋਂ ਦੂਜੀ ਥਾਂ। ਭਰਿਆ ਢਿੱਡ , ਨੀਤ ਨਹੀਂ ਭਰੀ। ਕੋਹ ਨਹੀਂ ਤੁਰੇ। ਬਾਬਾ ਪੱਚੀ ਵਰ੍ਹੇ ਤੁਰਿਆ। ਸ਼ਬਦ ਰਬਾਬ ਨਾਲ ਚਾਨਣ ਵੰਡਿਆ। ਜ਼ਿੰਦਗੀ ਦੇ ਅਰਥ ਦੱਸੇ। ਬੰਦੇ ਨੂੰ ਮੈਂ ਤੋਂ ਮੁਕਤ ਹੋਣ ਦਾ ਸਬਕ ਪੜਾਇਆ, ਕਿਰਤ ਦੀ ਰਾਖੀ ਕਿਵੇਂ ਕਰਨੀ, ਹੱਕ ਸੱਚ ਤੇ ਜ਼ਬਰ, ਜ਼ੁਲਮ ਦੇ ਵਿਰੁੱਧ ਕਿਰਪਾਨ ਨੂੰ ਤਲਵਾਰ ਬਣਾਇਆ। ਸੁੱਤੀ ਕੌਮ ਜਗਾਇਆ। ਅਸੀਂ ਤੇ ਕੋਹ ਦਾ ਪੈਂਡਾ ਵੀ ਨਹੀਂ ਮੁਕਾਇਆ। ਅਖੇ ਬਾਬਾ ! ਕੋਹ ਨਾ ਚੱਲੀ, ਬਾਬਾ ਮੈਂ ਤ੍ਰਿਹਾਈ। ਭਲਾ ਮਨ ਦੇ ਭੁੱਖੇ ਦੀ ਕਿਸ ਨੇ ਪਿਆਸ ਬੁਝਾਈ?

ਹੁਣ ਜੰਗ ਬਾਬੇਕਿਆਂ ਤੇ ਬਾਬਰਕਿਆਂ ਦੇ ਵਿਚਕਾਰ ਲੱਗੀ ਹੋਈ ਹੈ. ਬਾਬੇਕਿਆਂ ਦੇ ਕੋਲ ਕੁਦਰਤ ਤੇ ਅੰਦਰੂਨੀ ਬਲ ਹੇ ਤੇ ਬਾਬਰਕਿਆਂ ਦੇ ਸਰਕਾਰੀ ਮਸ਼ੀਨਰੀ ਹੈ ਜੋ ਹਰ ਪੱਧਰ ਤੇ ਵਰਤਦੇ ਹਨ।

ਹੁਣ ਜਬਰ ਦੇ ਖਿਲਾਫ਼ ਸਬਰ ਦੀ ਨਵੀਂ ਲੜ੍ਹਾਈ ਹੋ ਰਹੀ ਹੈ ਸਮਾਂ ਤੇ ਕਿਰਦਾਰ ਬਦਲੇ ਹਨ ਪਰ ਬਾਕੀ ਸਭ ਓਹੀ ਹੋ ਰਿਹਾ ਜੋ ਯੁੱਗਾਂ ਤੋਂ ਹੋ ਰਿਹਾ ਹੈ। ਹੁਣ ਆਪੇ ਖੂਹ ਪੁੱਟ ਕੇ ਪਾਣੀ ਪੀਣ ਵਾਲੇ ਦੌਰ ਵਿੱਚ ਪੁੱਜ ਗਏ ਹਾਂ।

ਰਬਾਬ ਤੇ ਬਾਣੀ ਦੇ ਬੋਲ ਬਾਬਰ ਕਿਆ ਦੀ ਨੀਂਦ ਹਰਾਮ ਕਰ ਰਹੇ ਹਨ. ਤਾਂ ਹੀ ਜ਼ਖਮੀ ਸੱਪ ਵਾਂਗੂੰ ਵਾਰ ਕਰਦੇ ਹਨ. ਪਰ ਕਦੋਂ ਤੱਕ?

## ਗਾਇਕ ਤਿੱਕੜੀ ਦਾ ਗੀਤ "ਖ਼ੂਨ" ਅਗਲੇ ਹਫ਼ਤੇ ਹੋਵੇਗਾ ਲੋਕ ਅਰਪਣ

**ਮੋਗਾ (ਵਰਿੰਦਰ ਸਿੰਘ ਖੁਰਮੀ)** ਪੰਜਾਬੀ ਸੰਗੀਤ ਜਗਤ ਦੀ ਝੋਲੀ ਅਗਲੇ ਹਫ਼ਤੇ ''ਖ਼ੂਨ'' ਨਾਮੀ ਗੀਤ ਪੈਣ ਜਾ ਰਿਹਾ ਹੈ। ਵੰਝਲੀ ਰਿਕ-ਾਰਡਜ਼ ਤੇ ਐੱਚ ਐੱਸ ਔਲਖ ਦੀ ਨਿਗਰਾਨੀ ਹੇਠ ਤਿਆਰ ਹੋਏ ਇਸ ਗੀਤ ਨੂੰ ਸ਼ਬਦਾਂ ਦੀ ਬੁਣਤੀ ਰਾਹੀਂ ਬੁਣਿਆ ਹੈ ਬਹੁਤ ਹੀ ਸ਼ਾਨਦਾਰ ਤੇ ਜਾਨਦਾਰ ਲਿਖਤਾਂ ਦੇ ਮਾਲਕ ਸਰਦਾਰ ਜਸਪਾਲ ਸੂਸ ਜੀ ਨੇ। ਕਿਸੇ ਉਮਦਾ ਲਿਖਤ ਨਾਲ ਇਨਸਾਫ ਉਦੋਂ ਹੁੰਦਾ ਹੈ ਜਦੋਂ ਉਸਨੂੰ ਆਵਾਜ਼ ਵੀ ਮੇਚ ਦੀ ਹਾਸਲ ਹੋਵੇ। ਇਸ ਗੱਲੋਂ ਪ੍ਰਬੰਧਕੀ ਟੀਮ ਵਧਾਈ ਦੀ ਪਾਤਰ ਹੈ ਕਿ ਇਸ ਗੀਤ ਲਈ ਗਾਇਕ ਪਰਵਿੰਦਰ ਮੂਧਲ, ਵਿਕਟਰ ਕੰਬੋਜ਼ ਤੇ ਜਗਪਾਲ ਸੰਧੂ ਵਰਗੀਆਂ ਧੜੱਲੇਦਾਰ ਆਵਾਜ਼ਾਂ ਦੀ ਚੋਣ ਕੀਤੀ ਹੈ। ਇਸ ਸੰਬੰਧੀ ਵਿਸ਼ੇਸ਼ ਗੱਲਬਾਤ ਕਰਦਿਆਂ ਪਰਵਿੰਦਰ ਮੂਧਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਸ਼ਾਹਕਾਰ ਪ੍ਰਾਜੈਕਟ ਦਾ ਹਿੱਸਾ ਬਣਨਾ ਵੀ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਸਮੁੱਚੀ ਟੀਮ ਵੱਲੋਂ ਬਹੁਤ ਹੀ ਤਨਦੇਹੀ ਨਾਲ ਮਿਹਨਤ ਕੀਤੀ ਗਈ ਹੈ ਤੇ ਨਿਰਸੰਦੇਹ ਇਹ ਗੀਤ ਹਰ ਵਰਗ ਦੀ ਪਸੰਦ ਬਣੇਗਾ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਜੇ ਭਾਰਤ ਦੀ ਸਰਕਾਰ ਧਰਮ ਨਿਰਪੇਖ ਤੇ ਲੋਕਤੰਤਰਿਕ ਹੁੰਦੀ, ਤਾਂ ਕਿਸਾਨਾਂ ਨਾਲ ਇੰਞ ਹੁੰਦਾ?

ਕੀ ਭਾਰਤ ਦੀ ਸਰਕਾਰ ਧਰਮ ਨਿਰਪੇਖ ਤੇ ਲੋਕਤੰਤਰਿਕ ਹੈ? ਇਹ ਬੜੀ ਗੰਭੀਰਤਾ ਨਾਲ ਵਿਚਾਰਨ ਵਾਲਾ ਮੁੱਦਾ ਹੈ। ਜੇ ਹੁੰਦੀ ਤਾਂ ਕੀ ਦੇਸ਼ ਦੇ ਕਿਸਾਨ ਜਿਹੜੇ ਆਪਣੀਆਂ ਜਾਇਜ ਤੇ ਹੱਕੀ ਮੰਗਾਂ ਮੰਨਵਾਉਣ ਲਈ ਪਿਛਲੇ ਕਈ ਮਹੀਨਿਆਂ ਤੋਂ ਸੰਘਰਸ਼ ਕਰਦੇ ਆ ਰਹੇ ਹਨ ਉਨਾਂ ਨੂੰ ਸਰਕਾਰ ਦਾ ਇਸ ਤਰਾਂ ਦਾ ਜਬਰ ਤੇ ਜੁਲਮ ਸਹਿਣਾ ਪੈਂਦਾ? ਕਿਸਾਨ ਸਰਕਾਰ ਕੋਲੋਂ ਕੁਝ ਮੰਗ ਨਹੀਂ ਰਹੇ, ਉਹ ਤਾਂ ਸਿਰਫ ਇਹ ਹੀ ਕਹਿ ਰਹੇ ਹਨ ਕਿ ਜਿਹੜੇ ਤੁਸੀ ਕਿਸਾਨਾਂ ਸਬੰਧੀ ਕਾਨੂੰਨ ਪਾਸ ਕੀਤੇ। ਉਨਾਂ ਵਿੱਚ ਸਰਕਾਰ ਨੇ ਕਿਸਾਨਾਂ ਦੀ ਰਾਏ ਨਹੀਂ ਲਈ। ਇਹ ਕਾਨੂੰਨ ਦੇਸ਼ ਦੇ ਦੋ ਹਾਕਮ ਗੁਜਰਾਤੀ ਲੀਡਰਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਦੋ ਹੀ ਗੁਜਰਾਤੀ ਅਜਾਰੇਦਾਰ ਮਿੱਤਰਾਂ ਅੰਬਾਨੀ ਤੇ ਅਡਾਨੀ ਨੂੰ ਖੁਸ਼ ਕਰਨ ਲਈ ਕਿਸਾਨਾਂ ਤੇ ਜਬਰੀ ਮੜ੍ਹੇ ਜਾ ਰਹੇ ਹਨ। ਕਿਸਾਨ ਕਹਿ ਰਹੇ ਹਨ ਕਿ ਉਨਾਂ ਨੇ ਇਨਾਂ ਬਿੱਲਾਂ ਦੀ ਕਦੇ ਮੰਗ ਨਹੀਂ ਕੀਤੀ। ਇਸ ਕਰਕੇ ਇਹ ਕਾਨੂੰਨ ਉਨਾਂ ਨੂੰ ਨਹੀਂ ਚਾਹੀਦੇ। ਪੰਜਾਬ ਦੇ ਕਿਸਾਨ ਕਈ ਮਹੀਨੇ ਪਹਿਲਾਂ ਸਰਕਾਰ ਕੋਲੋਂ ਵੱਖ ਵੱਖ ਢੰਗ ਤਰੀਕਿਆਂ ਨਾਲ ਜਦੋ-ਜਹਿਦ ਕਰਕੇ ਮੰਗ ਕਰਦੇ ਆ ਰਹੇ ਸਨ, ਪਰ ਸਰਕਾਰ ਨੇ ਉਨਾਂ ਦੀ ਇਕ ਨਹੀਂ ਸੁਣੀ। ਆਖਰ ਉਨਾਂ ਨੇ ਭਾਰਤ ਦੇ ਸਾਰੇ ਕਿਸਾਨਾਂ ਨੂੰ ਲਾਮਬੰਦ ਕਰਕੇ ਆਪਣੇ ਅੰਦੋਲਨ ਨੂੰ ਦਿੱਲੀ ਤਬਦੀਲ ਕਰਨ ਲਈ ਮਜਬੂਰ ਹੋਣਾ ਪਿਆ। ਕਿੰਨੇ ਸਿਤਮ ਦੀ ਗੱਲ ਹੈ ਕਿ ਉਨਾਂ ਨੂੰ ਆਪਣੇ ਦੇਸ਼ ਦੀ ਰਾਜਧਾਨੀ ਦਿੱਲੀ ਆ ਕੇ ਕੇਂਦਰ ਦੀ ਸਰਕਾਰ ਕੋਲ ਆਪਣਾ ਦੁੱਖ ਦਰਦ ਦਸਣ ਲਈ ਨਾ ਆਉਣ ਦੇ ਕੇ ਦੇਸ਼ ਦੇ ਸੰਵਿਧਾਨ ਨੂੰ ਲੀਰੋ ਲੀਰ ਕੀਤਾ ਹੈ।ਇਹ ਹੀ ਨਹੀਂ ਕੇਂਦਰ ਦੀ ਸਰਕਾਰ ਨੇ ਆਪਣੀ ਲੱਠਮਾਰ ਪੁਲੀਸ ਦੇ ਜੋਰ ਨਾਲ ਉਹਨਾਂ ਨੂੰ ਦਿੱਲੀ ਦੇ ਬਾਹਰ ਹੀ ਵੱਡੇ ਵੱਡੇ ਬੈਰੀਕੇਡ ਲਗਾ ਕੇ ਰੋਕ ਦਿੱਤਾ। ਇਹ ਕਿਹੋ ਜਿਹਾ ਭਾਰਤ ਦਾ ਲੋਕ ਤੰਤਰ ਹੈ ਉਜਿਸ ਨੂੰ ਸੰਸਾਰ ਦਾ ਸਭ ਤੋਂ ਵਧੀਆ ਲੋਕਤੰਤਰ ਦਸਿਆ ਜਾਂਦਾ ਆ ਰਿਹਾ ਹੈ। ਲੋਕਤੰਤਰ ਵਿੱਚ ਤਾਂ ਲੋਕਾਂ ਦੀ ਗੱਲ ਸੁਣਨ ਦੇ ਨਾਲ ਉਨਾਂ ਦੀ ਜਾਇਜ ਮੰਗ ਵੀ ਮੰਨੀ ਜਾਂਦੀ ਹੈ। ਕੇਂਦਰ ਦੀ ਸਰਕਾਰ ਨੇ ਉਨਾਂ ਨਾਲ ਹੁਣ ਤਕ 11 ਮੀਟਿੰਗਾਂ ਦਾ ਦੌਰ ਭਾਵੇਂ ਕਰ ਲਿਆ ਹੈ। ਉਨਾਂ ਵਿੱਚ ਕਿਸਾਨ ਆਗੂਆਂ ਨੂੰ ਸਰਕਾਰ ਦੇ ਮੰਤਰੀ ਇਹ ਕਹਿੰਦੇ ਰਹੇ ਹਨ ਕਿ ਤੁਹਾਡੀਆਂ ਗੱਲਾਂ ਬਿਲਕੁਲ ਠੀਕ ਹਨ ਕਿ ਸਰਕਾਰ ਵਲੋਂ ਬਣਾਏ 'ਕਿਸਾਨ ਕਾਨੂੰਨਾਂ' ਵਿੱਚ ਵੱਡੇ ਨੁੱਕਸ ਹਨ। ਉਹ ਤਾਂ ਕਿਸਾਨਾਂ ਨੂੰ ਬਾਰ ਬਾਰ ਇਹ ਕਹਿੰਦੇ ਰਹੇ ਕਿ ਅਸੀ ਉਹ ਸਭ ਨੁਕਸ ਠੀਕ ਕਰ ਦੇਂਦੇ ਹਾਂ ਪਰ ਇਨਾਂ ਕਾਨੂੰਨਾਂ ਨੂੰ ਰੱਦ ਨਾ ਕਰਾਉ। ਉਨਾਂ ਨੂੰ ਇਹ ਵੀ ਕਿਹਾ ਗਿਆ ਕਿ ਸਰਕਾਰ ਤੇ ਕਿਸਾਨਾਂ ਦੀ ਇਕ ਸਾਂਝੀ ਕਮੇਟੀ ਬਣਾ ਲੈਂਦੇ ਹਾਂ ਜੋ ਬਾਅਦ ਵਿੱਚ ਇਨਾਂ ਕਾਨੂੰਨਾਂ ਨੂੰ ਰੱਦ ਕਰ ਦੇਵੇਗੀ। ਪਰ ਸਰਕਾਰ ਦੇਸ਼ ਦੇ ਲੋਕਾਂ ਨਾਲ ਬਾਰ ਬਾਰ ਝੂਠ ਬੋਲਣ ਤੇ ਆਪਣਾ ਵਕਾਰ ਤੇ ਸਵੈਮਾਣ ਸਭ ਕੁਝ ਗਵਾ ਚੁੱਕੀ ਹੈ। ਆਖਰ ਉਹ ਸਰਕਾਰ ਤੇ ਇਤਬਾਰ ਕਿਸ ਤਰਾਂ ਕਰਨ!ਪਤਾ ਨਹੀਂ ਇਹ ਝੂਠੀ ਸਰਕਾਰ ਕਦੋਂ ਮੁੱਕਰ ਜਾਵੇ। ਕਿਸਾਨ ਆਗੂਆਂ ਦਾ ਤਰਕ ਹੈ ਕਿ ਕੇਂਦਰ ਸਰਕਾਰ ਇਸ ਵਿਸ਼ੇ ਤੇ ਕਾਨੂੰਨ ਬਣਾ ਹੀ ਨਹੀਂ ਸਕਦੀ। ਇਹ ਵਿਸ਼ਾ ਰਾਜਾਂ ਨਾਲ ਸਬੰਧਤ ਹੈ। ਕਿਸਾਨ ਸਮਝਦੇ ਹਨ ਜੇ ਕਰ ਇਹ ਕਾਨੂੰਨ ਰੱਦ ਨਾ ਕਰਾਏ ਤਾਂ ਪੜਾਅ ਪੜਾਅ ਤੇ ਝੂਠ ਬੋਲਣ ਵਾਲੀ ਸਰਕਾਰ ਫਿਰ ਜਦੋਂ ਮਰਜੀ ਚਾਹੇ ਇਨਾਂ ਕਾਨੂੰਨਾਂ ਵਿੱਚ ਸੋਧ ਕਰਕੇ ਲਾਗੂ ਕਰ ਦੇਵੇ। ਫਿਰ ਉਹ ਕਿਹੜੀ ਮਾਂ ਨੂੰ ਮਾਸੀ ਆਖਣਗੇ! ਕਿੰਨੀ ਹੈਰਾਨੀ ਤੇ ਸ਼ਰਮਨਾਕ ਗੱਲ ਹੈ ਕਿ ਸਰਕਾਰ ਦੇ ਮੰਤਰੀ ਲੋਕ ਸਭਾ ਵਿੱਚ ਝੂਠ ਤੇ ਝੂਠ ਬੋਲਦੇ ਆ ਰਹੇ ਹਨ ਕਿ ਕਿਸਾਨ ਜਥੇਬੰਦੀਆਂ ਸਰਕਾਰ ਨੂੰ ਦੱਸ ਹੀ ਨਹੀਂ ਸਕੀਆਂ ਕਿ ਇਨਾਂ ਕਾਨੂੰਨਾਂ ਵਿੱਚ ਕੀ ਨੁੱਕਸ ਹਨ ਤੇ ਇਹ ਕਾਲੇ ਕਿਵੇਂ ਹਨ? ਜਦੋਂ ਕਿ ਕਿਸਾਨ ਆਗੂ ਇਕ ਇਕ ਮੁਦੇ ਤੇ ਗੱਲ ਕਰਕੇ ਸਰਕਾਰ ਨੂੰ ਲਾਜਵਾਬ ਕਰ ਚੁੱਕੇ ਹਨ। ਸਰਕਾਰ ਦੀ ਨੀਅਤ ਹੈ ਕਿ ਕਿਸਾਨਾਂ ਦੀਆਂ ਜਮੀਨਾਂ ਉਨਾਂ ਕੋਲੋਂ ਖੋਹ ਕੇ, ਅਜਾਰੇਦਾਰਾਂ ਦੇ ਹਵਾਲੇ ਕਰਕੇ, ਉਨਾਂ ਨੂੰ ਮਾਲਕ ਤੋਂ ਮੁਜਾਰੇ ਬਣਾਉਣਾ ਚਾਹੁੰਦੀ ਹੈ। ਕਿਸਾਨਾਂ ਨਾਲ ਦਿੱਲੀ ਅੰਦੋਲਨ ਦੌਰਾਨ 26 ਨਵੰਬਰ ਤੋਂ 26 ਜਨਵਰੀ ਤਕ ਜੋ ਕੁਝ ਵਾਪਰਿਆ ਹੈ ਤੇ ਅਗੋਂ ਜੋ ਜੋ ਵਾਪਰ ਰਿਹਾ ਹੈ।

ਇਹ ਦੇਸ਼ ਦੇ ਲਿਖੇ ਜਾਣ ਵਾਲੇ ਇਤਿਹਾਸ ਦੇ ਸਿਆਹ ਕਾਲੇ ਪੰਨਿਆਂ ਤੋਂ ਘਟ ਨਹੀਂ ਹੋਵੇਗਾ। ਕਾਂਗਰਸ ਦੇ ਰਾਜ ਕਾਲ ਵਿੱਚ ਵੀ ਇਹੋ ਕੁਝ ਲੋਕਾਂ ਨਾਲ ਲੋਕਤੰਤਰ ਦੇ ਨਾਂ ਹੇਠ ਹੁੰਦਾ ਰਿਹਾ। ਅੱਗੋਂ ਭਾਜਪਾ ਨੇ ਤਾਂ ਇਸ ਦੀ ਹੱਦ ਹੀ ਮੁੱਕਾ ਦਿੱਤੀ ਹੈ। ਇਸ ਪਾਰਟੀ ਨੇ ਜਦੋਂ ਵਾਜਪਾਈ ਦੀ ਸਰਕਾਰ ਤੋਂ ਬਾਅਦ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ 2014 ਵਿੱਚ ਦੇਸ਼ ਦੀ ਹਕੂਮਤ ਇਕੱਲੇ ਤੌਰ ਤੇ ਸੰਭਾਲੀ ਸੀ । ਇਸ ਸਰਕਾਰ ਨੇ ਲੋਕਤੰਤਰ ਦਾ ਪਾਇਆ ਬੁਰਕਾ ਬੜੀ ਤੇਜੀ ਨਾਲ ਲਾਹ ਕੇ ਦੇਸ਼ ਨੂੰ "ਹਿੰਦੂ ਰਾਸ਼ਟਰ" ਬਣਾਉਣ ਦੇ ਨਾਲ ਦੇਸ਼ ਨੂੰ ਤਾਨਾਸ਼ਾਹੀ ਵੱਲ ਧੱਕ ਰਹੀ ਹੈ ।ਇਸ ਸਰਕਾਰ ਨੇ ਗੱਦੀ ਤੇ ਬੈਠਦਿਆਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਅੱਠ ਸੌ ਸਾਲ ਤੋਂ ਬਾਅਦ ਬਹੁਗਿਣਤੀ ਵਰਗ ਦਾ ਨਿਰੋਲ ਰਾਜ ਭਾਰਤ ਵਿੱਚ ਆਇਆ ਹੈ। ਜੋ ਸਹੀ ਨਹੀਂ, ਉਨਾਂ ਦਾ ਇਹ ਕਹਿਣਾ ਤਾਂ ਠੀਕ ਹੋ ਸਕਦਾ ਹੈ ਕਿ ਕੱਟੜ ਫਿਰੱਕਾਪ੍ਰਸਤਾਂ, ਰ ਸ ਸ,ਪੁਰਾਣੀ ਜਨ ਸੰਘ ਜਾਂ ਫਿਰ ਭਾਰਤੀ ਜਨਤਾ ਪਾਰਟੀ ਦਾ ਰਾਜ ਹੁਣ ਆਇਆ ਹੈ। ਅਸਲ ਵਿੱਚ ਇਹ ਉਸ ਪਾਰਟੀ ਦਾ ਰਾਜ ਹੈ ਜਿਨਾਂ ਦਾ ਦੇਸ਼ ਦੀ ਅਜਾਦੀ ਵਿੱਚ ਨਾ ਮਾਤਰ ਵੀ ਯੋਗਦਾਨ ਨਹੀ ਹੈ। ਇਹ ਪਾਰਟੀ ਤਾਂ ਸ਼ੁਰੂ ਤੋਂ ਹੀ ਅੰਗਰੇਜਾਂ ਦੀ ਪਿੱਠੂ ਰਹੀ ਹੈ। ਇਨਾਂ ਦਾ ਕੰਮ ਤਾਂ ਦੇਸ਼ ਨੂੰ ਅਜਾਦ ਕਰਾਉਣ ਵਾਲੇ ਦੇਸ਼ ਭਗਤਾਂ, ਗਦਰੀ ਬਾਬਿਆਂ ਨੂੰ ਅੰਗਰੇਜਾਂ ਕੋਲ ਫੜਾਉਣ ਵਾਲਾ ਰਿਹਾ ਹੈ। ਦੇਸ਼ ਨਾਲ ਗਦਾਰੀ ਕਰਨ ਵਾਲੇ ਨਾਵਾਂ ਵਿੱਚ ਇਨਾਂ ਦੇ ਸਾਧਾਰਣ ਮੈਂਬਰ ਹੀ ਸ਼ਾਮਲ ਨਹੀਂ ਰਹੇ, ਬਲਕਿ ਇਸੇ ਭਾਰਤੀ ਜਨਤਾ ਪਾਰਟੀ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਵਰਗੇ ਮਹਾਨ ਚਿਹਰੇ ਵੀ ਸ਼ਾਮਲ ਦਸੇ ਜਾਂਦੇ ਹਨ।ਇਸ ਤੋਂ ਤੁਸੀ ਖੁੱਦ ਆਪ ਹੀ ਅੰਦਾਜਾ ਲਗਾ ਸਕਦੇ ਹੋ ਕਿ ਇਸ ਪਾਰਟੀ ਦੇ ਬਾਕੀ ਦੇ ਲੋਕ ਕਿਸ ਤਰਾਂ ਦੇ ਦੇਸ਼ ਭਗਤ ਹੋ ਸਕਦੇ ਹਨ ?ਕਿਉਂ ਕਿ ਜੇ ਕਰ ਵੀਰ ਸਾਵਰਕਰ ਜਿਸ ਬਾਰੇ ਦੇਸ਼ ਦਾ ਹਰ ਇਨਸਾਨ ਬੜੀ ਚੰਗੀ ਤਰਾਂ ਜਾਣਦਾ ਹੈ। ਇਹ ਉਹ ਹੀ ਵੀਰ ਸਾਵਰਕਰ ਹੈ, ਜਿਸ ਨੇ ਅਨੇਕਾਂ ਵਾਰ ਅੰਗਰੇਜਾਂ ਨੂੰ ਪੱਤਰ ਲਿਖ ਕੇ ਮੁਆਫੀ ਮੰਗੀ ਸੀ ਕਿ ਉਸ ਨੂੰ ਜੇਲ੍ਹ ਵਿੱਚੋਂ ਰਿਹਾ ਕਰ ਦਿੱਤਾ ਜਾਵੇ? ਜਿਸ ਸਰਕਾਰ ਕੋਲ ਵੀਰ ਸਾਵਰਕਰ ਵਰਗੇ ਦੇਸ਼ ਭਗਤ ਹੋਣ, ਜਿਨਾਂ ਨੂੰ ਭਾਜਪਾ ਸਰਕਾਰ "ਭਾਰਤ ਰਤਨ" ਦਾ ਅਵਾਰਡ ਦੇਣ ਜਾ ਰਹੀ ਹੈ। ਅਸ਼ ਅਸ਼ ਜਾਈਏ ਇਸ ਸਰਕਾਰ ਦੇ!ਇਸ ਕੋਲ ਨਥੂ ਰਾਮ ਗੋਡਸੇ ਵਰਗੇ ਅਨੇਕਾਂ ਗਦਾਰ ਲੋਕਾਂ ਦੀ ਵੱਡੀ ਕਤਾਰ ਵੀ ਹੋਵੇਗੀ। ਜਿਨਾਂ ਨੂੰ ਇਹੋ ਜਿਹੇ ਸਨਮਾਨ ਦੇਣੇ ਹਾਲੇ ਬਾਕੀ ਹੋਣਗੇ। ਜਦੋਂ ਕਿ ਦੇਸ਼ ਦੇ ਅਸਲ ਦੇਸ਼ ਭਗਤਾਂ, ਗਦਰੀ ਬਾਬਿਆਂ ਨੂੰ ਦੇਸ਼ ਭਗਤ ਹੋਣ ਦਾ ਮਾਣ 'ਪੌਣਾ ਸਦੀ' ਤਕ ਰਾਜ ਕਰ ਚੁੱਕੀਆਂ ਸਰਕਾਰਾਂ ਵੀ ਹਾਲੇ ਤਕ ਨਹੀਂ ਦੇ ਸਕੀਆਂ? ਜਦੋਂ ਕਿ ਫਿਰਕੂ ਸੋਚ ਅਧੀਨ ਦੇਸ਼ ਦੇ ਮੁਸਲਮਾਨਾਂ ਦੇ ਨਾਂ ਤੇ ਚਲ ਰਹੇ ਸ਼ਹਿਰਾਂ, ਸੜਕਾਂ, ਪਾਰਕਾਂ ਆਦਿ ਦੇ ਨਾਂ ਧੜਾ ਧੜ ਬਦਲ ਕੇ ਕਟੱੜ੍ਹ ਰ ਸ ਸ ਦੇ ਆਗੂਆਂ ਦੇ ਨਾਂ ਰੱਖੇ ਜਾ ਰਹੇ ਹਨ। ਇਹ ਉਸ ਵਰਗ ਦੇ ਲੋਕਾਂ ਨਾਲ ਸਰਾਸਰ ਧੱਕਾ ਹੈ। ਜਿਨਾਂ ਦਾ ਦੇਸ਼ ਦੀ ਅਜਾਦੀ ਵਿੱਚ ਵੱਡਮੁਲਾ ਯੋਗਦਾਨ ਰਿਹਾ ਹੈ। ਦੇਸ਼ ਦੀ ਅਜਾਦੀ ਮਿਲਣ ਤੋਂ ਪਹਿਲਾਂ ਮਿਸਟਰ ਜਿਨਾਹ ਸਾਡੇ ਦੇਸ਼ ਦੇ ਇਹਨਾਂ ਕੱਟੜ੍ਹ ਆਗੂਆਂ ਦੀ ਨੀਅਤ ਨੂੰ ਸਮਝ ਗਏ ਸਨ ਕਿ ਇਨਾਂ ਆਗੂਆਂ ਵਲੋਂ ਭਾਰਤ ਵਿੱਚ ਬਹੁ ਗਿਣਤੀ ਵਰਗ ਦੇ ਧਰਮ ਵਾਲੇ ਲੋਕਾਂ ਦੀ ਸਰਕਾਰ ਬਣਾਈ ਜਾਵੇਗੀ। ਇਸ ਸਰਕਾਰ ਨੂੰ ਸੈਕੂਲਰ ਸਰਕਾਰ ਹੋਣ ਦਾ ਨਾਂ ਦੇਣਾ ਤਾਂ ਸਿਰਫ ਨਾਂ ਦਾ ਹੀ ਹੈ। ਇਸ ਕਰਕੇ ਉਸ ਨੂੰ ਵੱਖਰਾ ਦੇਸ਼ ਪਾਕਿਸਤਾਨ ਲੈਣ ਦਾ ਨਿਰਨਾ ਲੈਣਾ ਪਿਆ। ਸੰਵਿਧਾਨ ਬਣਾਉਣ ਵਾਲੇ ਡਾ ਭੀਮ ਰਾਓ ਅੰਬੇਦਕਰ ਇਹ ਚੀਕਦੇ ਰਹੇ ਸਨ ਕਿ ਸੰਵਿਧਾਨ ਵਿੱਚ ਉਹ ਮੱਦਾਂ ਵੀ ਸ਼ਾਮਲ ਕੀਤੀਆਂ ਜਾਣ ਜਿਸ ਵਿੱਚ ਦਲਿਤਾਂ, ਘੱਟ ਗਿਣਤੀਆਂ ਮੁਸਲਮਾਨਾਂ, ਸਿੱਖਾਂ ਨੂੰ ਯੋਗ ਪ੍ਰਤੀਨਿੱਧਤਾ ਹੋਵੇ। ਪਰ ਦੇਸ਼ ਦਾ ਸੰਵਿਧਾਨ ਬਣਾਉਣ ਵਾਲੀ ਕਮੇਟੀ ਦੇ ਕਈ ਮੈਂਬਰ ਇਸ ਦਾ ਸਖਤ ਵਿਰੋਧ ਕਰਦੇ ਰਹੇ।ਇਹ ਵੀ ਚਰਚਾ ਹੈ ਕਿ ਦੇਸ਼ ਦਾ ਸੰਵਿਧਾਨ ਬਣਾਉਣ ਵਾਲੇ ਨੇ ਜਦੋਂ ਇਸ ਬਣਾਏ ਗਏ ਸੰਵਿਧਾਨ ਦਾ ਮੁਲੰਕਣ ਕੀਤਾ ਤਾਂ ਉਨਾਂ ਨੂੰ ਪ੍ਰਤੀਤ ਹੋਇਆ ਕਿ ਇਹ ਸੰਵਿਧਾਨ ਦੇਸ਼ ਦੇ ਹਰ ਵਰਗ ਦੀ ਤਰਜਮਾਨੀ ਨਹੀਂ ਕਰਦਾ। ਜਿਸ ਕਰਕੇ ਇਸ ਦੇਸ਼ ਵਿੱਚ ਉਹੋ ਕੁਝ ਹੁੰਦਾ ਆ ਰਿਹਾ। ਜੋ ਦੇਸ਼ ਦੀ ਬਹੁ ਗਿਣਤੀ ਦੇ ਲੋਕ ਚਾਹੁੰਦੇ ਹਨ। ਤੁਸੀਂ ਆਪ ਹੀ ਅੰਦਾਜਾ ਲਗਾ ਸਕਦੇ ਹੋ ਕਿ ਜੇ ਕਰ ਦੇਸ਼ ਦੀ ਅਜਾਦੀ ਤੋਂ ਬਾਅਦ ਸਰਕਾਰ ਦੇਸ਼ ਵਿੱਚ ਧਰਮ ਨਿਰਪੇਖ ਤੇ ਲੋਕਤੰਤਰ ਹੁੰਦੀ ਤਾਂ ਕੀ ਜੋ ਵਾਅਦੇ ਅਜਾਦੀ ਤੋਂ ਪਹਿਲਾਂ ਕਾਂਗਰਸ ਦੇ ਆਗੂਆਂ ਨੇ ਸਿੱਖ ਲੀਡਰਾਂ ਨਾਲ ਕੀਤੇ ਸਨ ।ਉਨਾਂ ਤੋਂ ਕਾਂਗਰਸੀ ਆਗੂ ਇਹ ਕਹਿ ਕੇ ਨਾ ਮੁੱਕਰਦੇ ਕਿ ਉਹੁਣ ਸਮਾਂ ਨਿਕਲ ਗਿਆ ਹੈ"?, ਕੀ ਦੇਸ਼ ਦੀ ਸਰਕਾਰ ਇਹ ਪੱਤਰ ਜਾਰੀ ਕਰਦੀ ਕਿ ਭਾਰਤ ਦੀ ਅਜਾਦੀ ਲਈ 90% ਤੋਂ ਵਧੇਰੇ ਕੁਰਬਾਨੀਆਂ ਕਰਨ ਵਾਲੀ ਉਸਿੱਖ ਕੌਮ ਜਰਾਇਮ ਪੇਸ਼ਾ ਹੈ,ਇਸ ਤੇ ਕਰੜ੍ਹੀ ਨਜਰ ਰੱਖੀ ਜਾਵੇ"? ਕੀ ਹੋਰ ਬੋਲੀਆਂ ਵਾਂਗ "ਪੰਜਾਬੀ ਸੂਬਾ" ਦੇਸ਼ ਦੇ ਦੂਜੇ ਸੂਬਿਆਂ ਨਾਲ ਨਾ ਬਣਦਾ?, ਕੀ ਪੰਜਾਬ ਸੂਬੇ ਦੀ ਰਾਜਧਾਨੀ ਚੰਡੀਗੜ, ਪੰਜਾਬੀ ਬੋਲਦੇ ਇਲਾਕੇ ਖੋਹ ਕੇ ਹਰਿਆਣਾ ਰਾਜਿਸਥਾਨ, ਹਿਮਾਚਲ ਵਿੱਚ ਸ਼ਾਮਲ ਕਰ ਦਿਤੇ ਜਾਂਦੇ? ਕੀ ਬਿਨ ਮੰਗੇ ਹਰਿਆਣਾ ਬਣਾ ਦਿੱਤਾ ਜਾਂਦਾ? ਕੀ ਪੰਜਾਬ ਦਾ ਪਾਣੀ ਜਬਰੀ ਖੋਹਿਆ ਜਾਂਦਾ? ਕੀ ਜੂਨ 1984 ਵਿੱਚ ਸਿੱਖਾਂ ਦੇ ਸਰਬ ਉੱਚ ਅਸਥਾਨ ਸ੍ਰੀ ਦਰਬਾਰ ਸਾਹਿਬ ਤੇ ਟੈਂਕਾਂ ਨਾਲ ਹਮਲਾ ਹੁੰਦਾ? ਕੀ ਨਵੰਬਰ 1984 ਵਿੱਚ ਸਾਰੇ ਭਾਰਤ ਵਿੱਚ ਬੇਦੋਸ਼ੇ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ ਜਾਂਦਾ ਤੇ ਫਿਰ ਕਿਸੇ ਵੀ ਦੋਸ਼ੀ ਨੂੰ ਲਗ ਭਗ ਚਾਲੀ ਵਰ੍ਹੇ ਬੀਤਣ ਦੇ ਬਾਵਜੂਦ ਹੁਣ ਤਕ ਸਜਾ ਨਾ ਮਿਲਦੀ? ਕੀ ਪੰਜਾਬ ਵਿੱਚ 10-15 ਸਾਲਾਂ ਵਿੱਚ ਲੱਖਾਂ ਸਿੱਖ ਨੌਜੁਆਨਾਂ ਦਾ ਘਾਣ ਕੀਤਾ ਜਾਂਦਾ? ਕੀ ਭਿਵੰਡੀ, ਗੁਜਰਾਤ ਆਦਿ ਕਈ ਥਾਵਾਂ ਤੇ ਭਾਜਪਾ ਤੇ ਰਸਸ ਦੇ ਗੁੰਡੇ ਹਜਾਰਾਂ ਮੁਸਲਮਾਨਾਂ ਦਾ ਕਤਲੋਗਾਰਤ ਕਰਦੇ? ਕੀ ਇਸ ਵਿੱਚ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਦੇ ਨਾਂਵਾਂ ਦੇ ਚਰਚੇ ਇਨਾਂ ਕਤਲੋਗਾਰਤਾਂ ਵਿੱਚ ਸ਼ਾਮਲ ਹੋਣ ਦੇ ਹੁੰਦੇ? ਕੀ ਦੇਸ਼ ਦੀ ਸੀ ਬੀ ਆਈ ਦੇ ਜੱਜ 'ਲੋਇਆ' ਨੂੰ ਦੇਸ਼ ਦੇ ਉੱਚ ਆਗੂ ਸਜਾ ਮਿਲਣ ਦੇ ਡਰੋਂ ਭੇਤ ਭਰੇ ਢੰਗ ਨਾਲ ਉਸ ਨੂੰ ਮਰਵਾ ਦੇਂਦੇ? ਕੀ ਐਨ. ਆਰ. ਸੀ. ਆਦਿ ਵਰਗੇ ਮੁਸਲਿਮ ਵਿਰੋਧੀ ਬਿੱਲ ਪਾਸ ਕੀਤੇ ਜਾਦੇ? ਕੀ ਸਾਰਾ ਦੇਸ਼ ਜਹੀਨ ਬਾਗ ਬਣਨ ਤੇ ਉਨਾਂ ਨੂੰ ਇਨਸਾਫ ਨਾ ਮਿਲਦਾ? ਕੀ 370 ਤੇ 35 ਏ ਧਾਰਾ ਤੋੜ੍ਹ ਕੇ ਸਾਰੇ ਜੰਮੂ ਕਸ਼ਮੀਰ ਨੂੰ ਕੇਂਦਰੀ ਪਰਦੇਸ਼ ਰਾਜ ਬਣਾ ਕੇ ਉਸ ਪ੍ਰਾਂਤ ਦਾ ਨਾਂ ਭਾਰਤ ਦੇ ਨਕਸ਼ੇ ਤੋਂ ਗਾਇਬ ਕੀਤਾ ਜਾਂਦਾ? ਕੀ ਕਿਸਾਨ ਵਿਰੋਧੀ ਬਿੱਲ ਕਿਸਾਨਾਂ ਵਲੋਂ ਮੰਗੇ ਬਿਨਾ ਜਬਰੀ ਪਾਸ ਕਰਕੇ ਉਨਾਂ ਤੇ ਠੋਸੇ ਜਾਂਦੇ? ਕੀ ਦੇਸ਼ ਦੇ ਕਿਸਾਨਾਂ ਸਮੇਤ ਬਜੁਰਗਾਂ, ਇਸਤਰੀਆਂ ਤੇ ਛੋਟੇ ਛੋਟੇ ਬੱਚਿਆਂ ਨੂੰ ਇਹ ਬਿੱਲ ਲਾਗੂ ਨਾ ਕੀਤੇ ਜਾਣ ਵਿਰੁੱਧ ਪਿਛਲੇ ਪੰਜ-ਛੇ ਮਹੀਨਿਆਂ ਤੋਂ ਘਰ ਬਾਰ ਛੱਡ ਕੇ ਸਿਖਰਾਂ ਦੀ ਗਰਮੀ, ਸਰਦੀ, ਮੀਂਹ ਵਿੱਚ ਧਰਨਿਆਂ ਤੇ ਬੈਠਣਾ ਤੇ ਖੁੱਲੇ ਅਸਮਾਨੀ ਸੌਣਾ ਪੈਂਦਾ? ਕੀ ਹੁਣ ਤਕ 200 ਤੋਂ ਵਧੇਰੇ ਕਿਸਾਨਾਂ ਨੂੰ ਇਸ ਸੰਘਰਸ਼ ਵਿੱਚ ਸ਼ਹੀਦੀਆਂ ਪਾਉਣੀਆਂ ਪੈਂਦੀਆਂ?

ਕੀ ਕੇਂਦਰ ਦੀ ਸਰਕਾਰ ਦੇਸ਼ ਦੀਆ ਬਹੁਤ ਸਾਰੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਵਲੋਂ ਮੱਤੇ ਪਾਸ ਕਰਕੇ ਕਿਸਾਨ ਵਿਰੋਧੀ ਬਿੱਲ ਲਾਗੂ ਨਾ ਕਰਨ ਕਹਿਣ ਦੇ ਬਾਵਜੂਦ ਕੇਂਦਰ ਦੀ ਸਰਕਾਰ ਕਿਸਾਨ ਵਿਰੋਧੀ ਬਿੱਲ ਲਾਗੂ ਕਰਨ ਲਈ ਅੱੜੀ ਰਹਿੰਦੀ? ਕੀ ਦੇਸ ਦੇ ਰਾਸ਼ਟਰਪਤੀ ਵਲੋਂ ਪੰਜਾਬ ਦੀ ਚੁੱਣੀ ਹੋਈ ਸਰਕਾਰ ਨੂੰ ਮਿਲਣ ਦੀ ਮੰਗ ਇਕੋ ਵੱਢੇ ਰੱਦ ਕਰਦੇ? ਕੀ ਇਹ ਸਾਬਿਤ ਨਹੀਂ ਕਰਦਾ ਕਿ ਦੇਸ਼ ਵਿੱਚ ਅਜਾਦੀ ਤੋਂ ਬਾਅਦ ਜਿਹੜੀ ਵੀ ਸਰਕਾਰ ਰਾਜ ਕਰਦੀ ਰਹੀ ਹੈ। ਇਹ ਸਰਕਾਰ ਸੈਕੂਲਰ ਨਹੀਂ ਬਲਕਿ "ਬਹੁ ਗਿਣਤੀ" ਫਿਰਕੇ ਦੇ ਅਮੀਰ ਲੋਕਾਂ ਦੇ ਹੱਕਾਂ ਦੀ ਤਰਜਮਾਨੀ ਕਰਨ ਵਾਲੀ ਸਰਕਾਰ ਸੀ ਤੇ ਹੁਣ ਵੀ ਹੈ? ਜੇ ਜੁਲਮ ਦਲਿਤਾਂ, ਮੁਸਲਮਾਨਾਂ ਸਿੱਖਾਂ ਜਾਂ ਹੋਰ ਘੱਟ ਗਿਣਤੀਆਂ ਤੇ ਹੁੰਦਾ ਹੈ ਤਾਂ ਉਸ ਦਾ ਇਨਸਾਫ ਲੈਣ ਲਈ ਕਈ ਦਹਾਕੇ ਲੰਘ ਜਾਣ ਤੇ ਵੀ ਨਾ ਮਿਲਦਾ? ਪਰ ਜੇ ਕੋਈ ਗਊ ਮਾਰੇ ਜਾਣ ਦਾ ਮਸਲਾ ਹੋਵੇ, ਉਸ ਦਾ ਦੋਸ਼ੀ ਮੁਸਲਮਾਨ ਹੋਵੇ ਭਾਵੇਂ ਨਾ ਹੋਵੇ ਸ਼ਰੇਆਮ ਰਸਸ ਦੀਆਂ ਭੀੜਾਂ ਵਲੋਂ ਉਸ ਨੂੰ ਕੋਹ ਕੋਹ ਕੇ ਮਾਰਿਆ ਜਾਂਦਾ ਰਿਹਾ ਹੋਵੇ, ਫਿਰ ਉਸ ਨੂੰ ਕੋਈ ਸਜਾ ਵੀ ਨਾ ਮਿਲੇ?

ਪਰ ਜੇ ਕਿਸੇ ਜੱਜ ਵਲੋਂ ਜੁਅੱਰਤ ਕਰਕੇ ਸਜਾ ਦੇ ਦਿੱਤੀ ਜਾਂਦੀ ਤਾਂ ਉਹ ਦੋਸ਼ੀ ਝੱਟ ਪਟ ਉੱਚ ਅਦਾਲਤਾਂ ਵਿੱਚੋ ਬਰੀ ਹੋ ਕੇ ਬਾਹਰ ਆ ਜਾਂਦੇ? ਕੀ ਇਸੇ ਹੁਕਮਰਾਨ ਪਾਰਟੀ ਦੇ ਆਗੂ, ਉਨਾਂ ਦੋਸ਼ੀਆਂ ਦੇ ਗਲਾਂ ਵਿੱਚ ਹਾਰ ਪਾ ਕੇ ਸਨਮਾਨ ਕਰਦੇ? ਹੁਣ ਤਕ ਉਹ ਸਭ ਲੋਕ, ਜੋ ਦੇਸ਼ ਦੀ ਮੌਜੂਦਾ ਸਰਕਾਰ ਨੂੰ ਸੈਕੂਲਰ ਕਹਿੰਦੇ ਆ ਰਹੇ ਹਨ। ਉਨਾਂ ਸਭ ਦੇ ਵਹਿਮ ਭਰਮ ਦੂਰ ਹੋ ਗਏ ਹੋਣਗੇ। ਸਾਡੇ ਦੇਸ਼ ਵਿੱਚ ਰਾਜਾਂ ਨੂੰ ਵੱਧ ਅਧਿਕਾਰ ਤਾਂ ਕੀ ਦੇਣੇ। ਉਨਾਂ ਨੂੰ ਦਿੱਤੇ ਹੋਏ ਅਧਿਕਾਰ ਵੀ ਇਕ ਇਕ ਕਰਕੇ ਖੋਹੇ ਜਾਣ ਦਾ ਦਸਤੂਰ ਕੇਂਦਰ ਦੀ ਸਰਕਾਰ ਨੇ ਜਾਰੀ ਰਖਿਆ ਹੋਇਆ ਹੈ ਤਾਂ ਕਿ ਦੇਸ਼ ਨੂੰ ਤਾਨਾਸ਼ਾਹ ਬਣਾਇਆ ਜਾ ਸਕੇ। ਇਸ ਸਮੇਂ ਜੋ ਗੱਲ ਚੰਗੀ, ਖੁਸ਼ੀ ਤੇ ਸਕੂਨ ਦੇਣ ਵਾਲੀ ਹੈ ਕਿ ਕਿਸਾਨ ਅੰਦੋਲਨ ਨੇ ਇਸ ਕਟੱੜ੍ਹ ਫਿਰਕਾਪ੍ਰਸਤ ਸਰਕਾਰ ਦੀਆਂ ਸਾਰੀਆਂ ਚਾਲਾਂ ਹਿੰਦੂਆਂ, ਸਿੱਖਾਂ, ਮੁਸਲਮਾਨਾਂ ਨੂੰ ਆਪਸ ਵਿੱਚ ਲੜਾਉਣਾ, ਜਾਤ ਪਾਤ ਦੇ ਮਸਲੇ ਖੜ੍ਹੇ ਕਰਕੇ ਉਨਾਂ ਵਿੱਚ ਵੰਡੀਆਂ ਪਾਉਣੀਆਂ ਨੂੰ ਤਾਰ ਤਾਰ ਕਰਕੇ ਰੱਖ ਦਿੱਤਾ ਹੈ। ਉਸ ਦਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਵੀ ਚਕਨਾਚੂਰ ਹੋ ਗਿਆ ਹੈ।

ਅੱਜ ਦੇਸ਼ ਦੇ ਸਾਰੇ ਧਰਮਾਂ ਦੇ ਲੋਕ ਸਾਂਝੀਵਾਲਤਾ ਦੀ ਇਕ ਲੜ੍ਹੀ ਵਿੱਚ ਪਰੋਏ ਜਾ ਚੁੱਕੇ ਹਨ। ਉਹ ਸਭ ਕਹਿਣ ਲਗ ਪਏ ਹਨ ਕਿ ਜੇ ਜਾਇਜ ਤੇ ਹੱਕੀ ਮੰਗਾਂ ਮੰਗਣ ਵਾਲਾ "ਖਾਲਿਸਤਾਨੀ" ਹੁੰਦਾ ਹੈ ਤਾਂ ਫਿਰ ਅਸੀਂ ਸਾਰੇ ਚਾਹੇ ਹਿੰਦੂ ਹਾਂ, ਜਾਂ ਮੁਸਲਮਾਨ ਹਾਂ ਅਸੀ ਵੀ ਫਿਰ ਸਾਰੇ ਖਾਲਿਸਤਾਨੀ ਹਾਂ । ਕਿਸਾਨ ਅੰਦੋਲਨ ਜਿਸ ਦੀ ਅਵਾਜ ਯੂ. ਐਨ. ਓ. ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਮਿਸਨ ਤਕ ਗੂੰਜਣ ਲਗ ਪੈਣ ਦੇ ਨਾਲ ਸੰਸਾਰ ਦੇ ਬਹੁਤ ਸਾਰੇ ਵਿਕਸਤ ਦੇਸ਼ਾਂ ਦੀਆਂ ਪਾਰਲੀਮੈਂਟਾਂ ਵਿੱਚ ਗੂੰਜ ਰਹੀ ਹੈ। ਉਨਾਂ ਨੇ ਭਾਰਤ ਦੀ ਭਾਜਪਾ ਸਰਕਾਰ ਨੂੰ ਸੰਸਾਰ ਦੇ ਕਟਹਿਰੇ ਵਿੱਚ ਖੜਾ ਕਰਕੇ ਰੱਖ ਦਿੱਤਾ ਹੈ। ਸਾਰੇ ਵਿਸ਼ਵ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਸਿਖਰਾਂ ਦਾ ਝੂਠਾ, ਮਕਾਰ ਤੇ ਚਲਾਕ ਦੇ ਨਾਲ, ਤਾਨਾਸ਼ਾਹ ਦਸ ਕੇ ਭੰਡਿਆ ਜਾ ਰਿਹਾ ਹੈ। ਭਾਰਤ ਦੀ ਭਾਜਪਾ ਸਰਕਾਰ ਦੀ ਰਜ ਕੇ ਬਦਨਾਮੀ ਹੋ ਰਹੀ ਹੈ। ਜਿਸ ਤਰਾਂ ਇਸ ਸਰਕਾਰ ਨੇ 26 ਜਨਵਰੀ ਤੋਂ ਪਹਿਲਾਂ ਤੇ ਬਾਅਦ ਵਿੱਚ ਅੰਦੋਲਨ ਨੂੰ ਖਦੇੜ੍ਹਨ ਦੀ ਕੋਹਝੀ ਸਕੀਮ ਰ ਸ ਸ ਦੇ ਆਈ ਟੀ ਸੈੱਲ ਵਲੋਂ ਅਣਗਿਣਤ ਕਿਸਾਨ ਲੀਡਰਾਂ ਵਿਰੁੱਧ ਗਲਤ ਬਿਆਨੀਆਂ ਕਰਕੇ ਬਣਾਈ ਹੋਈ ਹੈ। ਉਹ ਵੀ ਸਰਕਾਰ ਨੂੰ ਪੁੱਠੀ ਪੈ ਗਈ ਹੈ। ਇਹ ਕਿਸਾਨ ਅੰਦੋਲਨ ਹੁਣ ਦੂਣ ਸਵਾਈਆਂ ਬੁਲੰਦੀਆਂ ਛੂਹਣ ਲਗ ਪਿਆ ਹੈ ।ਉਸ ਵਿੱਚ ਜਿਹੜੀ ਮਾੜ੍ਹੀ ਮੋਟੀ ਏਕੇ ਦੀ ਘਾਟ ਰਹਿੰਦੀ ਸੀ, ਉਹ ਵੀ ਪੂਰੀ ਹੋ ਗਈ ਹੈ ਹਰਿਆਣਾ, ਉਤਰ ਪ੍ਰਦੇਸ਼ ਤੇ ਪੰਜਾਬ ਵਿੱਚ ਜਿਥੇ ਜਿਥੇ ਮਹਾਂ ਪੰਚਾਇਤਾਂ ਹੋਈਆਂ ਹਨ। ਇਸ ਨੇ ਸਰਕਾਰ ਦੇ ਦਿਮਾਗ ਨੂੰ ਚਕਰਾ ਕੇ ਰੱਖ ਦਿੱਤਾ ਹੈ। ਇਹੋ ਜਿਹੀਆਂ ਕਈ ਹੋਰ ਮਹਾਂ ਪੰਚਾਇਤਾਂ ਵੱਖ ਵੱਖ ਪ੍ਰਾਂਤਾਂ ਵਿੱਚ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਹਨ। ਕਿਸਾਨ ਆਗੂਆਂ ਨੇ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਕੁਝ ਪ੍ਰੋਗਰਾਮ ਹੋਰ ਉਲੀਕੇ ਹਨ। ਜਿਸ ਅਨੁਸਾਰ 14 ਫਰਵਰੀ ਨੂੰ "ਪੁਲਵਾਮਾ ਦਿਵਸ" ਵਾਲੇ ਦਿਨ ਨੂੰ "ਕਿਸਾਨ ਤੇ ਜਵਾਨ" ਦਿਵਸ ਦੇ ਤੌਰ ਤੇ ਸਾਰੇ ਭਾਰਤ ਵਿੱਚ ਮੋਮਬੱਤੀਆਂ ਬਾਲ ਕੇ ਮਨਾਉਣਾ, 16 ਫਰਵਰੀ ਨੂੰ ਕਿਸਾਨ ਆਗੂ ਸਰ ਛੋਟੂ ਰਾਮ ਦਾ ਜਨਮ ਦਿਵਸ ਹੈ ਇਸ ਦਿਨ ਨੂੰ 'ਕਿਸਾਨ ਤੇ ਮਜਦੂਰ' ਦਿਵਸ ਵਜੋਂ ਮਨਾਉਣ, 18 ਫਰਵਰੀ ਨੂੰ ਦੁਪਹਿਰੇ 12 ਵਜੇ ਤੋਂ ਸ਼ਾਮ 4 ਵਜੇ ਤਕ ਸਾਰੇ ਭਾਰਤ ਵਿੱਚ ਰੇਲਾਂ ਰੋਕਣ ਦਾ ਦਿੱਤਾ।ਇਸ ਨਾਲ ਸਰਕਾਰ ਦੀ ਨੀਂਦਰ ਹੋਰ ਹਰਾਮ ਹੋਵੇਗੀ।



ਜੰਗ ਸਿੰਘ
91-94170-95965

ਸਰਕਾਰ ਦੀਆਂ ਅਜਾਰੇਦਾਰ ਪੱਖੀ ਨੀਤੀਆਂ ਨੇ ਮੋਦੀ ਸਰਕਾਰ ਨੂੰ ਕੰਗਾਲੀ ਵੱਲ ਧੱਕ ਦਿੱਤਾ ਹੈ। ਇਹ ਵੀ ਸੂਚਨਾ ਮਿਲ ਰਹੀ ਹੈ ਕਿ ਆਉਣ ਵਾਲੇ ਕੁਝ ਮਹੀਨਿਆਂ ਵਿੱਚ ਦੇਸ਼ ਵਿੱਚ ਆਰਥਕ ਪੱਖੋਂ ਹੱਫੜਾ ਦਫੱੜੀ ਮਚੱਣ ਵਾਲੀ ਹੈ, ਕਿਉਂ ਕਿ ਦੇਸ਼ ਮਾਇਕ ਪਖੋਂ ਇਤਨਾ ਨਿਘਰ ਗਿਆ ਹੈ ਕਿ ਉਸ ਨੂੰ ਆਮ ਜੰਨਤਾ ਕੋਲੋਂ 12 ਲੱਖ ਕਰੋੜ੍ਹ ਰੁਪਏ ਦਾ ਕਰਜਾ ਲੈਣ ਲਈ ਹੱਥ ਅੱਡਣੇ ਪੈ ਰਹੇ ਹਨ। ਦੇਸ਼ ਦੇ ਕਿਸਾਨਾਂ ਦਾ ਸੰਘਰਸ਼ ਬਹੁ ਪੜਾਵੀ ਨਤੀਜੇ ਦੇਣ ਵਲ ਤੇਜੀ ਨਾਲ ਵੱਧ ਰਿਹਾ ਹੈ। ਇਸ ਵਿੱਚ ਕਿਸਾਨ ਤਾਂ ਹਰ ਹਾਲਤ ਵਿੱਚ ਜਿੱਤਣਗੇ ਹੀ! ਭਾਰਤ ਦੀ ਭਾਜਪਾ ਸਰਕਾਰ ਦੀ ਹਾਲਤ ਇਤਨੀ ਤਰਸਯੋਗ ਹੋ ਗਈ ਹੈ ਕਿ 'ਅੰਨ ਦਾਤੇ' ਕਿਸਾਨਾਂ ਨੂੰ ਨਾਲੀ ਦੇ "ਗੰਦੇ ਕੀੜੇ" ਤਕ ਕਹਿਣ ਨਾਲ ਉਸ ਪਾਰਟੀ ਵਿੱਚ ਬੜਾ ਵੱਡਾ ਭੁੱਚਾਲ ਮੱਚ ਗਿਆ ਹੈ।

ਉਹ ਦਿਨ ਹੁਣ ਬਹੁਤੇ ਦੂਰ ਨਹੀਂ ਲਗਦੇ, ਜਦੋਂ ਭਾਜਪਾ ਦੇ ਵੱਡੇ ਆਗੂਆਂ ਨੂੰ ਖੁੱਦ ਹੀ ਆਪਣੀ ਸਰਕਾਰ ਨੂੰ ਦੇਸ਼ ਵਿੱਚੋਂ ਚਲਦਾ ਕਰਨ ਲਈ ਮਜਬੂਰ ਹੋਣਾ ਪੈ ਜਾਵੇ।ਦੇਸ਼ ਦਾ ਸੁਨਹਿਰਾ ਭਵਿੱਖ ਬੜੀ ਤੇਜੀ ਨਾਲ ਉਜਾਗਰ ਹੋ ਰਿਹਾ ਹੈ। ਇਸ ਦਾ ਸਿਹਰਾ ਨਿਰੋਲ ਤੇ ਨਿਰੋਲ ਕਿਸਾਨਾਂ ਤੇ ਉਨਾਂ ਦੇ ਆਗੂਆਂ ਸਿਰ ਬੱਝੇਗਾ। ਜਿਹੜੇ ਇਨੇ ਲੰਮੇ ਸਮੇਂ ਤੋਂ ਕਈ ਜੋਖਮ ਝੱਲ ਕੇ ਵੀ ਸ਼ਾਤਮਈ ਤਰੀਕੇ ਨਾਲ ਕਿਸਾਨ ਅੰਦੋਲਨ ਨੂੰ ਚਲਾਉਂਦੇ ਆ ਰਹੇ ਹਨ ।

ਜੈ ਜਵਾਨ, ਜੈ ਕਿਸਾਨ

# ਕਿਰਨ ਬੇਦੀ ਨੂੰ ਪੁਡੂਚੇਰੀ ਦੇ ਉਪ ਰਾਜਪਾਲ ਅਹੁਦੇ ਤੋਂ ਹਟਾਇਆ

**ਨਵੀਂ ਦਿੱਲੀ-** ਕਿਰਨ ਬੇਦੀ ਨੂੰ ਪੁਡੂਚੇਰੀ ਦੇ ਉਪ ਰਾਜਪਾਲ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਉਨ੍ਹਾਂ ਦੀ ਥਾਂ ਤੇਲੰਗਾਨਾ ਦੇ ਰਾਜਪਾਲ ਤਾਲਿਸਾਈ ਸੁੰਦਰਰਾਜਨ ਨੂੰ ਵਾਧੂ ਚਾਰਜ ਦਿੱਤਾ ਗਿਆ ਹੈ। ਕਿਰਨ ਬੇਦੀ ਨੂੰ 29 ਮਈ, 2016 ਨੂੰ ਉਪ ਰਾਜਪਾਲ ਨਿਯੁਕਤ ਕੀਤਾ ਗਿਆ ਸੀ। ਦੱਸਣਯੋਗ ਹੈ ਕਿ ਪੁਡੂਚੇਰੀ ਦੀ ਕਾਂਗਰਸ ਸਰਕਾਰ ਤੇ ਕਿਰਨ ਬੇਦੀ 'ਚ ਲੰਬੇ ਸਮੇਂ ਤੋਂ ਟਕਰਾਅ ਚੱਲ ਰਿਹਾ ਸੀ। ਮੁੱਖ ਮੰਤਰੀ ਵੀ ਨਾਰਾਇਣਸਵਾਮੀ ਨੇ 10 ਫਰਵਰੀ ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਮੰਗ ਪੱਤਰ ਸੌਂਪ ਕੇ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਸਾਬਕਾ ਆਈਪੀਐੱਸ ਅਧਿਕਾਰੀ ਨੂੰ ਵਾਪਸ ਸੱਦ ਲਿਆ ਜਾਵੇ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਤੁਗਲਕ ਦਰਬਾਰ ਚਲਾ ਰਹੇ ਹਨ।

ਜ਼ਿਕਰ ਯੋਗ ਹੈ ਕਿ ਪੁਡੂਚੇਰੀ ਦੀ ਕਾਂਗਰਸ ਸਰਕਾਰ ਘੱਟ ਗਿਣਤੀ 'ਚ ਆ ਚੁੱਕੀ ਹੈ। ਅਸਲ 'ਚ ਕੇਂਦਰ ਸ਼ਾਸਿਤ ਪ੍ਰਦੇਸ਼ ਪੁਡੂਚੇਰੀ 'ਚ ਇਕ ਹੋਰ ਵਿਧਾਇਕ ਨੇ ਅਸਤੀਫ਼ਾ ਦੇ ਦਿੱਤਾ ਹੈ। ਇਸ ਤੋਂ ਬਾਅਦ ਮੌਜੂਦਾ ਸਦਨ 'ਚ ਕਾਂਗਰਸ ਦੀ ਅਗਵਾਈ ਵਾਲੇ ਗਠਜੋੜ ਦੇ ਹੁਣ 14 ਵਿਧਾਇਕ ਰਹਿ ਗਏ ਹਨ। ਅਜਿਹੇ 'ਚ ਕਾਂਗਰਸ ਸਰਕਾਰ ਨੇ ਵਿਧਾਨ ਸਭਾ 'ਚ ਆਪਣਾ ਬਹੁਮਤ ਗੁਆ ਲਿਆ ਹੈ। ਹਾਲਾਂਕਿ ਮੁੱਖ ਮੰਤਰੀ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਸਰਕਾਰ ਨੂੰ ਸਦਨ 'ਚ ਬਹੁਮਤ ਹਾਸਲ ਹੈ। ਪੁਡੂਚੇਰੀ ਵਿਧਾਨ ਸਭਾ ਲਈ ਅਪ੍ਰੈਲ-ਮਈ ਮਹੀਨੇ 'ਚ ਚੋਣਾਂ ਹੋਣ ਵਾਲੀਆਂ ਹਨ।



ਪੁਡੂਚੇਰੀ ਵਿਧਾਨ ਸਭਾ 'ਚ ਕਾਂਗਰਸ ਦੇ 10, ਡੀਐੱਮਕੇ ਦੇ ਤਿੰਨ, ਆਲ ਇੰਡੀਆ ਐੱਨਆਰ ਕਾਂਗਰਸ ਦੇ ਸੱਤ, ਏਆਈਏਡੀਐੱਮਕੇ ਦੇ ਚਾਰ, ਭਾਜਪਾ ਦੇ ਤਿੰਨ ਤੇ ਇਕ ਆਜ਼ਾਦ ਵਿਧਾਇਕ ਹੈ। ਦੱਸਣਯੋਗ ਹੈ ਕਿ ਕਾਂਗਰਸ ਦੇ ਚਾਰ ਵਿਧਾਇਕਾਂ ਨੇ ਅਸਤੀਫ਼ਾ ਦਿੱਤਾ ਹੈ ਜਦਕਿ ਇਕ ਵਿਧਾਇਕ ਨੂੰ ਆਯੋਗ ਠਹਿਰਾਇਆ ਗਿਆ ਹੈ। ਪੁਡੂਚੇਰੀ 'ਚ ਬਹੁਮਤ ਦਾ ਅੰਕੜਾ 15 ਹੈ।

# ਪੰਜਾਬ ਦਾ ਜ਼ਹਿਰੀਲਾ ਪਾਣੀ- ਪੰਜਾਬੀਆਂ ਦਾ ਨਸਲ ਉਜਾੜਾ



ਗੁਰਮੀਤ ਪਲਾਹੀ
91-98158-02070

ਪੰਜਾਬ ਦੇ ਧਰਤੀ ਹੇਠਲੇ ਪਾਣੀਆਂ ਬਾਰੇ ਇਕ ਦਿਲ ਦਹਿਲਾ ਦੇਣ ਵਾਲੀ ਰਿਪੋਰਟ ਛਪੀ ਹੈ, ਜਿਸ ਅਨੁਸਾਰ ਪੰਜਾਬ ਦਾ 92 ਫ਼ੀਸਦੀ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ। ਪੰਜਾਬ ਦੇ ਪਾਣੀਆਂ 'ਚ ਉੱਚ ਜ਼ਹਿਰੀਲੇ ਸੰਖੀਏ ਵਾਲੇ ਤੱਤ (ਆਰਸੈਨਿਕ) ਪਾਏ ਗਏ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਆਰਸੈਨਿਕ ਆਪਣੇ ਅਜੀਵ ਰੂਪ ਚ' ਬਹੁਤ ਜ਼ਹਿਰੀਲਾ ਹੈ, ਜਿਸ 'ਚ ਪੀਣ ਵਾਲੇ ਪਾਣੀ ਤੇ ਭੋਜਨ ਦੇ ਤੱਤਾਂ ਦੇ ਲੰਬੇ ਸਮੇਂ ਤੱਕ ਇਹਨਾਂ ਦੇ ਸੰਪਰਕ 'ਚ ਰਹਿਣ ਦੇ ਚੱਲਦੇ ਕੈਂਸਰ ਤੇ ਚਮੜੀ ਰੋਗਾਂ ਸਮੇਤ ਹੋਰ ਸਰੀਰਕ ਬਿਮਾਰੀਆਂ ਹੋ ਸਕਦੀਆਂ ਹਨ।

ਪੰਜਾਬ ਦੇ ਵਸਨੀਕਾਂ ਨੂੰ ਜ਼ਹਿਰੀਲੇ ਤੱਤਾਂ ਦੇ ਅਸਰ ਦਾ ਪਹਿਲਾਂ ਹੀ ਵੱਡਾ ਸਾਹਮਣਾ ਕਰਨਾ ਪੈ ਰਿਹਾ ਹੈ, ਅਬੋਹਰ-ਬਠਿੰਡਾ (ਪੰਜਾਬ) ਤੋਂ ਜੋਧਪੁਰ-ਬੀਕਾਨੇਰ (ਰਾਜਸਥਾਨ) ਜਾਂਦੀ "ਕੈਂਸਰ ਟਰੇਨ" ਵਿੱਚ 30 ਫੀਸਦੀ ਕੈਂਸਰ ਦੇ ਮਰੀਜ਼ ਹੁੰਦੇ ਹਨ। ਜਿਹੜੇ ਖਾਸ ਤੌਰ ਤੇ ਮਾਨਸਾ, ਬਠਿੰਡਾ, ਫਰੀਦਕੋਟ, ਸੰਗਰੂਰ, ਮੋਗਾ, ਮੁਕਤਸਰ, ਫਿਰੋਜ਼ਪੁਰ, ਫਾਜ਼ਿਲਕਾ ਨਾਲ ਸੰਬੰਧਤ ਹਨ। ਇਹ ਪੰਜਾਬ ਦੇ ਮਾਲਵਾ ਖਿੱਤੇ ਦੇ ਲੋਕਾਂ ਦੇ ਕੈਂਸਰ ਰੋਗ ਤੋਂ ਪੀੜਤ ਹੋਣ ਦੀ ਵੱਡੀ ਦਾਸਤਾਨ ਹਨ। ਇਹ ਮਰੀਜ਼ ਅਚਾਰੀਆ ਤੁਲਸੀ ਡਿਜਟਲ ਕੈਂਸਰ ਹੌਸਪੀਟਲ ਐਂਡ ਰੀਸਰਚ ਸੈਂਟਰ ਬੀਕਾਨੇਰ 'ਚ ਇਲਾਜ ਲਈ ਜਾਂਦੇ ਹਨ ਪਰ ਕਰੋਨਾ ਕਾਰਨ ਹੁਣ ਐਡਵਾਂਸ ਕੈਂਸਰ ਇਨਸਟੀਚੀਊਟ ਐਂਡ ਹੋਮੀ ਭਾਬਾ ਕੈਂਸਰ ਹੌਸਪੀਟਲ ਸੰਗਰੂਰ 'ਚ ਇਲਾਜ ਲਈ ਪੁੱਜਦੇ ਹਨ।

ਪੰਜਾਬ ਦਾ ਮਾਲਵਾ ਖਿੱਤਾ ਇਹੋ ਜਿਹਾ ਹੈ, ਜਿਥੇ ਖੇਤੀ ਪੈਦਾਵਾਰ ਲਈ ਵਧੇਰੇ ਕੈਮੀਕਲਾਂ ਜਿਹਨਾਂ ਵਿੱਚ ਜ਼ਹਿਰੀਲੀਆਂ ਕੀੜੇਮਾਰ ਦਵਾਈਆਂ, ਖਾਦ ਦੀ ਵਰਤੋਂ ਕੀਤੀ ਜਾਂਦੀ ਹੈ। ਜਿਹੜੀਆਂ 15 ਕੀੜੇਮਾਰ ਦਵਾਈਆਂ ਪੰਜਾਬ ਦੇ ਖੇਤਾਂ ਵਿੱਚ ਖੇਤੀ ਪੈਦਾਵਾਰ ਲਈ ਵਰਤੀਆਂ ਜਾਂਦੀਆਂ ਹਨ, ਯੂ.ਐਸ.ਏ. ਇਨਵਾਇਰਮੈਂਟ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਉਹਨਾਂ ਵਿੱਚੋਂ 7 ਕੀੜੇਮਾਰ ਦਵਾਈਆਂ ਪੀਣ ਵਾਲੇ ਪਾਣੀ ਲਈ ਘਾਤਕ ਹਨ। ਬਿਨਾਂ ਸ਼ੱਕ ਪੰਜਾਬ ਨੂੰ ਇਸ ਵੇਲੇ ਅਫੀਮ, ਚਿੱਟੇ ਅਤੇ ਸਮੈਕ ਨੇ ਮਧੋਲਿਆ ਹੋਇਆ ਹੈ, ਪਰ ਪੀਣ ਵਾਲੇ ਜ਼ਹਿਰੀਲੇ ਪਾਣੀ ਅਤੇ ਪ੍ਰਦੂਸ਼ਿਤ ਹਵਾ ਨੇ ਤਾਂ ਪੰਜਾਬ ਨੂੰ ਪੰਜ+ਆਬ ਹੀ ਨਹੀਂ ਰਹਿਣ ਦਿੱਤਾ ਸਗੋਂ ਇੱਕ ਜ਼ਹਿਰੀਲੇ ਖਿੱਤੇ ਵਿੱਚ ਤਬਦੀਲ ਕਰ ਦਿੱਤਾ ਹੋਇਆ ਹੈ।

ਪੰਜਾਂ ਪਾਣੀਆਂ ਦੀ ਧਰਤੀ ਪੰਜਾਬ ਦੇ ਬੰਜਰ ਹੋਣ ਦੀਆਂ ਭਵਿੱਖਬਾਣੀਆਂ ਕੀਤੀਆਂ ਜਾ ਰਹੀਆਂ ਹਨ, ਕਿਉਂਕਿ ਧਰਤੀ ਹੇਠਲਾ ਪਾਣੀ ਬਹੁਤ ਹੀ ਡੂੰਘਾ ਚਲਾ ਗਿਆ ਹੈ , ਜਿਸਦੀ ਬਦੌਲਤ ਅਧਿਐਨ ਵੇਲੇ ਦੇ ਪੰਜਾਬ ਦੇ 138 ਬਲਾਕਾਂ ਵਿੱਚੋਂ 109 ਬਲਾਕ ਤਾਂ ਅਤਿ ਸ਼ੋਸ਼ਤ ਖਿੱਤੇ ਵਿੱਚ ਚਲੇ ਗਏ ਹਨ। ਕੁਝ ਕੁ ਹੋਰ ਸੇਮ ਦੇ ਮਾਰੇ ਹਨ। ਪੰਜਾਬ ਦੀ ਰੁਮਕਦੀ ਪੌਣ ਪਲੀਤ ਹੋ ਚੁੱਕੀ ਹੈ ਅਤੇ ਖੇਤੀਬਾੜੀ ਦੇ ਉਦਯੋਗਿਕ ਮਾਡਲ ਨੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਢਾਅ ਲਾਈ ਹੈ। ਤੰਦਰੁਸਤ ਤੇ ਰਿਸ਼ਟ-ਪੁਸ਼ਟ ਮੌਤ ਨੂੰ ਮਖੌਲਾਂ ਕਰਨ ਵਾਲੇ ਪੰਜਾਬੀਆਂ ਦੇ ਘਰਾਂ ਵਿੱਚ ਕੈਂਸਰ, ਕਾਲਾ ਪੀਲੀਆ ਅਤੇ ਹੋਰ ਭਿਆਨਕ ਰੋਗਾਂ ਨੇ ਪੈਰ ਪਸਾਰ ਲਏ ਹਨ।

ਧਰਤੀ ਹੇਠਲੇ ਪਾਣੀ ਦੀ ਖੇਤੀ ਲਈ ਉਪਲੱਬਧਤਾ ਔਖੀ ਹੋਣ ਅਤੇ ਖੇਤੀ ਲਈ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਲੋੜੋਂ ਵੱਧ ਵਰਤੋਂ ਨੇ ਪੰਜਾਬ ਦੇ ਪਾਣੀਆਂ 'ਚ ਜ਼ਹਿਰ ਹੀ ਨਹੀਂ ਘੋਲੀ ਸਗੋਂ ਸ਼ਹਿਰਾਂ ਦੀਆਂ ਫੈਕਟਰੀਆਂ ਦੇ ਕੈਮੀਕਲ ਯੁਕਤ ਪਾਣੀ, ਘਰਾਂ ਵਿੱਚੋਂ ਨਿਕਲਦੇ ਗੰਦੇ ਪਾਣੀ (ਸੀਵਰੇਜ ਵਾਟਰ) ਨੇ ਵੀ ਇਸ ਵਿੱਚ ਵਾਧਾ ਕੀਤਾ ਹੈ। ਸਰਕਾਰੀ ਰਿਪੋਰਟਾਂ ਅਨੁਸਾਰ ਧਰਤੀ ਹੇਠਲਾ 60 ਮੀਟਰ ਡੂੰਘਾਈ ਤੱਕ ਦਾ 50 ਤੋਂ 60 ਫੀਸਦੀ ਪਾਣੀ, ਪੰਜਾਬ ਦੇ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਨਵਾਂ ਸ਼ਹਿਰ, ਰੋਪੜ, ਲੁਧਿਆਣੇ, ਫਤਹਿਗੜ੍ਹ ਸਾਹਿਬ ਮੁਹਾਲੀ ਜ਼ਿਲਿਆਂ ਦਾ, ਸਾਫ-ਸੁਥਰਾ ਤੇ ਪੀਣ ਯੋਗ ਹੈ ਅਤੇ ਜਦਕਿ ਲਗਭਗ 20 ਤੋਂ 30 ਫੀਸਦੀ ਤਰਨਤਾਰਨ, ਪਟਿਆਲਾ, ਸੰਗਰੂਰ, ਬਰਨਾਲਾ, ਮੋਗਾ ਦਾ ਪਾਣੀ ਸਲੂਣਾ ਅਤੇ ਠੀਕ-ਠੀਕ ਪੱਧਰ ਦਾ ਹੈ। ਪਰ ਮੁਕਤਸਰ, ਬਠਿੰਡਾ, ਮਾਨਸਾ ਅਤੇ ਸੰਗਰੂਰ ਦਾ 15 ਤੋਂ 25 ਫੀਸਦੀ ਧਰਤੀ ਹੇਠਲਾ ਪਾਣੀ ਸਲੂਣਾ, ਅਲਕਲੀ ਭਰਪੂਰ ਹੈ ਜੋ ਕਿ ਸਿੰਚਾਈ ਲਈ ਵੀ ਦਰੁਸਤ ਨਹੀਂ ਹੈ।ਪੰਜਾਬ 'ਚ ਵੇਖਿਆ ਜਾ ਰਿਹਾ ਇਹ ਜ਼ਹਿਰੀਲਾ ਪਾਣੀ ਅੱਜ ਦੀ ਨਹੀਂ ਸਗੋਂ ਦਹਾਕਿਆਂ ਤੋਂ ਵੱਡੀ ਸਮੱਸਿਆ ਹੈ, ਕਿਉਂਕਿ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਲਗਾਤਾਰ ਦੁਰਵਰਤੋਂ ਹੋਈ ਹੈ।



ਬੁੱਢਾ ਨਾਲਾ, ਲੁਧਿਆਣਾ ਜੋ ਕਦੇ ਲੁਧਿਆਣਾ ਦੇ ਨਜ਼ਦੀਕ ਵਗਦਾ ਹੈ ਸਾਫ ਸੁਥਰੇ ਪਾਣੀ ਦਾ ਸੋਮਾ ਸੀ, ਜਿਥੇ ਲੋਕ ਪਸ਼ੂਆਂ ਨੂੰ ਪਾਣੀ ਪਿਆਉਂਦੇ ਸਨ, ਕੱਪੜੇ ਧੋਂਦੇ ਸਨ, ਕਈ ਘਰਾਂ 'ਚ ਪੀਣ ਲਈ ਵਰਤਦੇ ਸਨ, ਅੱਜ ਇਹ ਗੰਦੇ ਨਾਲੇ ਦਾ ਰੂਪ ਧਾਰਨ ਕਰ ਚੁੱਕਾ ਹੈ ਕਿਉਂਕਿ ਲੁਧਿਆਣਾ ਸ਼ਹਿਰ ਦੀ ਇੰਡਸਟਰੀ ਦਾ ਕੈਮੀਕਲ ਅਤੇ ਹੋਰ ਗੰਦਮੰਦ ਇਸ ਨਾਲੇ ਵਿੱਚ ਪੈਂਦਾ ਹੈ ਜਿਹੜਾ ਅੱਗੋਂ ਦਰਿਆ ਸਤਲੁਜ ਵਿਚ ਪੈਂਦਾ ਹੈ ਅਤੇ ਸਤਲੁਜ ਦਰਿਆ ਤੋਂ ਨਿਕਲਦੀਆਂ ਨਹਿਰਾਂ ਜੋ ਫਿਰੋਜ਼ਪੁਰ, ਮਲੋਟ, ਜੀਰਾ ਆਦਿ ਪੁੱਜਦੀਆਂ ਹਨ, 'ਚ ਪੈਂਦਾ ਹੈ ਤਾਂ ਪਾਣੀ ਨੂੰ ਬੁਰੀ ਤਰ੍ਹਾਂ ਦੂਸ਼ਿਤ ਕਰਦੇ ਹੈ। ਇਸੇ ਤਰ੍ਹਾਂ ਕਾਲੀ ਬੇਂਈ ਸੁਲਤਾਨਪੁਰ ਲੋਧੀ ਜੋ ਸਾਫ ਸੁਥਰੇ ਪਾਣੀ ਦਾ ਇਕ ਸੋਮਾ ਸੀ, ਅਤੇ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਪਵਿੱਤਰ ਬੇਂਈ ਵਿਚ ਗੁਰੂ ਨਾਨਕ ਦੇਵ ਦੀ ਇਸ਼ਨਾਨ ਕਰਿਆ ਕਰਦੇ ਸਨ, ਉਸ ਬੇਂਈ ਦੇ ਮੁੱਢ ਤੋਂ ਸੁਲਤਾਨਪੁਰ ਲੋਧੀ ਤੱਕ ਪੈਂਦੇ ਪਿੰਡਾਂ ਸ਼ਹਿਰਾਂ ਦਾ ਗੰਦਾ ਪਾਣੀ ਇਸ ਬੇਂਈ ਵਿੱਚ ਰਲਾ ਦਿੱਤਾ ਗਿਆ ਹੈ, ਜਿਸ ਨਾਲ ਇਹ ਬੇਂਈ ਪੂਰੀ ਤਰ੍ਹਾਂ ਦੂਸ਼ਿਤ ਹੋਈ। ਇਹੋ ਹਾਲ ਬੰਗਾ-ਨਵਾਂਸ਼ਹਿਰ ਤੋਂ ਆਉਂਦੀ ਚਿੱਟੀ ਬੇਈਂ ਅਤੇ ਫਗਵਾੜਾ ਦੇ "ਗੰਦੇ ਨਾਲੇ" ਦਾ ਹੈ, ਜਿਥੇ ਸ਼ਹਿਰਾਂ 'ਚ ਲਗਾਈਆਂ ਫੈਕਟਰੀਆਂ ਦਾ ਗੰਦਾ ਪਾਣੀ ਸਾਫ ਸੁਥਰੇ ਪਾਣੀਆਂ ਨੂੰ ਦੂਸ਼ਿਤ ਕਰਦਾ ਹੈ।

ਭਾਵੇਂ ਕਿ ਸਮੇਂ-ਸਮੇਂ ਉਤੇ ਗੰਦੇ ਪਾਣੀ ਨੂੰ ਟਰੀਟ ਕਰਕੇ ਖੇਤੀਬਾੜੀ ਦੀ ਵਰਤੋਂ ਲਈ ਪੰਜਾਬ ਸਰਕਾਰ ਵਲੋਂ ਕਦਮ ਪੁੱਟੇ ਜਾ ਰਹੇ ਹਨ। ਪੰਜਾਬ ਦਾ ਪੌਲਿਊਸ਼ਨ ਕੰਟਰੋਲ ਬੋਰਡ ਕੈਮੀਕਲ ਯੁਕਤ ਪਾਣੀ ਨੂੰ ਟਰੀਟ ਕਰਨ ਲਈ ਕਾਰਖ਼ਾਨਿਆਂ, ਮਿੱਲਾਂ, ਫਾਊਂਡਰੀਆਂ ਉਤੇ ਕਰੜੀ ਨਜ਼ਰ ਰੱਖ ਰਿਹਾ ਹੈ, ਪਰ ਇਸ ਮਾਮਲੇ ਉਤੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਨਾ ਕਰਨ ਕਰਕੇ, ਲਗਾਏ ਗਏ ਟਰੀਟਮੈਂਟ ਪਲਾਂਟਾਂ ਨੂੰ ਨਾ ਚਲਾਕੇ, ਉਦਯੋਗਪਤੀ ਖ਼ਰਚ ਬਚਾ ਲੈਂਦੇ ਹਨ। ਗੰਨਾ ਮਿੱਲਾਂ ਦੀਆਂ ਸਿਰਫ਼ ਚਿਮਨੀਆਂ ਰਾਹੀਂ ਧੂੰਆਂ ਹੀ ਨਹੀਂ ਛੱਡਦੀਆਂ ਆਪਣਾ ਕੈਮੀਕਲ ਯੁਕਤ ਪਾਣੀ ਸ਼ਹਿਰਾਂ ਦੇ ਸੀਵਰੇਜ ਪਾਣੀ 'ਚ ਰਲਾਕੇ ਗੰਦੇ ਪਾਣੀ ਨੂੰ ਹੋਰ ਗੰਦਾ ਕਰ ਰਹੀਆਂ ਹਨ। ਪਿਛਲੇ ਦਿਨੀਂ ਹਮੀਰੇ ਦੀ ਸ਼ਰਾਬ ਫੈਕਟਰੀ 'ਚੋਂ ਨਿਕਲਿਆ ਪ੍ਰਦੂਸ਼ਤ ਪਾਣੀ ਮੱਛੀਆਂ ਅਤੇ ਹੋਰ ਜੀਵਾਂ ਦਾ ਕਾਰਨ ਬਣਿਆ, ਇਸ ਦੀ ਵੱਡੀ ਚਰਚਾ ਵੀ ਹੋਈ।

ਚਿੱਟੀ ਬੇਂਈ ਅਤੇ ਬੁੱਢੇ ਨਾਲੇ ਨੂੰ ਸਾਫ਼ ਕਰਨ ਲਈ ਲਹਿਰ ਵਾਂਗਰ ਕੁਝ ਵਾਤਾਵਰਨ ਪ੍ਰੇਮੀਆਂ ਨੇ ਯਤਨ ਵੀ ਕੀਤਾ। ਮੌਜੂਦਾ ਪੰਜਾਬ ਸਰਕਾਰ ਨੇ ਸਟੇਟ ਵਾਟਰ ਅਥਾਰਟੀ ਵੀ ਕਾਇਮ ਕੀਤੀ, ਜਿਸ ਵਲੋਂ ਘਰੇਲੂ, ਖੇਤੀ, ਇੰਡਸਟਰੀ ਅਤੇ ਹੋਰ ਕੰਮਾਂ ਲਈ ਸਾਫ਼-ਸੁਥਰਾ ਪਾਣੀ ਮੁਹੱਈਆ ਕਰਨ ਦੀ ਗੱਲ ਵੀ ਕੀਤੀ ਗਈ ਹੈ ਪਰ ਆਈ.ਟੀ.ਆਈ. ਖੜਗਪੁਰ ਵਲੋਂ ਹੁਣੇ ਪ੍ਰਕਾਸ਼ਿਤ ਹੋਈ ਰਿਪੋਰਟ ਦਿਖਾਉਂਦੀ ਹੈ ਕਿ ਇਸ ਸੰਬੰਧੀ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ ਗਈ।

ਅਸਲ 'ਚ ਧਰਤੀ ਉਪਰਲਾ ਪਾਣੀ ਜਦੋਂ ਧਰਤੀ 'ਚ ਸਿੰਮਦਾ ਹੈ, ਉਹ ਧਰਤੀ ਤੇ ਫੈਲੇ ਦਵਾਈਆਂ ਖਾਦਾਂ ਦੇ ਜ਼ਹਿਰ ਨੂੰ ਵੀ ਆਪਣੇ 'ਚ ਜ਼ਜਬ ਕਰਦਾ ਹੈ। ਜਦੋਂ ਇਹ ਪਾਣੀ ਧਰਤੀ ਹੇਠਲੇ ਪੱਧਰ ਤੱਕ ਪੁੱਜਦਾ ਹੈ ਤਾਂ ਆਪਣੇ ਵਿੱਚ ਉਹ ਸਾਰੇ ਕਣ ਜ਼ਜਬ ਕਰਦਾ ਹੈ, ਜੋ ਧਰਤੀ 'ਚ ਸਿਮਕੇ ਉਸ ਤੱਕ ਪੁੱਜਦੇ ਹਨ। ਜੇਕਰ ਧਰਤੀ ਉਪਰਲਾ ਪਾਣੀ ਗੰਦਲਾ ਹੋਏਗਾ, ਨਿਕੰਮਾ ਹੋਏਗਾ, ਤਾਂ ਧਰਤੀ ਹੇਠਲਾ ਪਾਣੀ ਵੀ ਗੰਦਾ ਹੋਏਗਾ। ਜਿਸ ਨੂੰ ਜਦੋਂ ਅਸੀਂ ਪੰਪਾਂ ਰਾਹੀਂ ਬਾਹਰ ਕੱਢਕੇ ਪੀਂਦੇ ਹਾਂ ਤਾਂ ਇਹ ਸਾਡੀ ਸਿਹਤ ਉੱਤੇ ਬੁਰਾ ਅਸਰ ਕਰਦਾ ਹੈ। ਇਹੋ ਪਾਣੀ ਜਦੋਂ ਖੇਤੀ ਲਈ ਵਰਤਦੇ ਹਾਂ ਤਾਂ ਇਹ ਘੁੰਮਦਾ ਘੁੰਮਾਉਂਦਾ-ਪੌਦਿਆਂ, ਜਾਨਵਰਾਂ, ਮਨੁੱਖਾਂ ਦੀ ਸਿਹਤ ਲਈ ਹਾਨੀਕਾਰਕ ਬਣਦਾ ਹੈ। ਪੰਜਾਬ ਦੇ ਹਰੇ ਇਨਕਲਾਬ ਨੇ ਪੰਜਾਬ 'ਚ ਪਾਣੀ ਦੀ ਵੱਧ ਜ਼ਰੂਰਤ ਪੈਦਾ ਕੀਤੀ ਅਤੇ ਧਰਤੀ ਹੇਠਲਾ ਵੱਧ ਪਾਣੀ ਸਿੰ-ਚਾਈ ਲਈ ਵਰਤਿਆਂ।

ਕ ਦ ੇ ਪੰਜਾਬ 'ਚ ਛੱਪੜਾਂ ਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਸੀ, ਨਹਿਰਾਂ ਦਾ ਪਾਣੀ ਵੀ ਸਾਫ ਸੁਥਰਾ ਹੁੰਦਾ ਸੀ। ਹੁਣ ਨਾ ਪਿੰਡਾਂ ਦੇ ਛੱਪੜ ਗੰਦਗੀ ਤੋਂ ਬਚੇ ਹਨ, ਨਾ ਨਹਿਰਾਂ, ਨਾ ਪਿੰਡਾਂ ਦੇ ਲਗਲੀਆਂ ਝੀਲਾਂ ਪ੍ਰਦੂਸ਼ਣ ਤੋਂ ਬਚੀਆਂ ਹਨ ਅਤੇ ਨਾ ਹੀ ਸ਼ਹਿਰਾਂ ਦੇ ਨਜ਼ਦੀਕ ਵਗਦੇ ਨਾਲੇ-ਖਾਲੇ। ਹੁਣ ਤਾਂ ਪਹਾੜਾਂ ਦੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰਨ ਤੋਂ ਮਨੁੱਖ ਨੇ ਗੁਰੇਜ਼ ਨਹੀਂ ਕੀਤਾ ਭਾਵ ਪਾਣੀ ਦੇ ਪ੍ਰਦੂਸ਼ਣ ਨਾਲ ਉਸ ਖਿੱਤੇ 'ਚ ਵਗਦੇ ਦਰਿਆ, ਝੀਲਾਂ, ਪ੍ਰਦੂਸ਼ਤ ਹੁੰਦੇ ਹਨ ਅਤੇ ਦੇਸ਼ ਭਾਰਤ ਦੇ 25 ਕਰੋੜ ਲੋਕ ਪ੍ਰਦੂਸ਼ਤ ਪਾਣੀ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਦੇ ਵੱਡੀ ਗਿਣਤੀ ਲੋਕ ਵੀ ਪ੍ਰਦੂਸ਼ਤ ਪਾਣੀ ਦੀ ਮਾਰ ਹੇਠ ਆਏ ਹਨ। ਪਾਣੀ ਦਾ ਪ੍ਰਦੂਸ਼ਣ ਇਕੱਲਿਆਂ ਮਨੁੱਖੀ ਜੀਵਨ ਨੂੰ ਹੀ ਪ੍ਰਵਾਵਿਤ ਨਹੀਂ ਕਰਦਾ ਸਗੋਂ ਧਰਤੀ ਨੂੰ ਵੀ ਜ਼ਹਿਰੀ ਬਣਾਉਂਦਾ ਹੈ, ਪੌਦਿਆਂ ਨੂੰ ਮਾਰਦਾ ਹੈ, ਪਸ਼ੂਆਂ ਪੰਛੀਆਂ ਦੇ ਜੀਵਨ ਲਈ ਘਾਤਕ ਬਣਦਾ ਹੈ। ਇਸੇ ਕਰਕੇ ਪ੍ਰਦੂਸ਼ਤ ਪਾਣੀ ਕਾਰਨ ਪੰਜਾਬ ਦਾ ਖੇਤ-ਖਿਲਵਾੜ, ਪਸ਼ੂ ਪੰਛੀ ਵੀ ਉਨੇ ਹੀ ਪ੍ਰਭਾਵਿਤ ਹੋਏ ਜਿੰਨਾ ਪੰਜਾਬ ਦਾ ਮਨੁੱਖ।

ਇਸ ਵਾਯੂਮੰਡਲ ਵਿੱਚ ਧਰਤੀ ਉਤੇ ਜੇਕਰ ਸਭ ਤੋਂ ਵੱਧ ਕੀਮਤੀ ਚੀਜ਼ ਹੈ ਤਾਂ ਉਹ ਪਾਣੀ ਹੈ। ਧਰਤੀ ਦਾ ਦੋ ਤਿਹਾਈ ਹਿੱਸਾ ਪਾਣੀ ਨਾਲ ਘਿਰਿਆ ਪਿਆ ਹੈ। ਸਮੁੰਦਰਾਂ, ਨਦੀਆਂ, ਝੀਲਾਂ ਦੇ ਬੇਅੰਤ ਪਾਣੀ ਵਿੱਚੋਂ ਮਨੁੱਖੀ ਵਰਤੋਂ ਲਈ 0.3 ਹਿੱਸਾ ਉਪਲੱਬਧ ਹੈ। ਇਸ ਉਪਲੱਬਧ ਪਾਣੀ ਨੂੰ ਸ਼ਹਿਰੀਕਰਨ, ਜੰਗਲਾਂ ਦੇ ਵੱਢ-ਵਢਾਂਗੇ, ਉਦਯੋਗਿਕ ਰਹਿੰਦ-ਖੂੰਹਦ, ਸਮਾਜੀ ਅਤੇ ਧਾਰਮਿਕ ਰਹੂਰੀਤਾਂ, ਖਾਦਾਂ ਕੀਟਨਾਸ਼ਕਾਂ, ਡਿਟਰਜਿੰਟ ਪਾਊਡਰ ਨੇ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਲਗਭਗ 6 ਬਿਲੀਅਨ ਕਿਲੋਗ੍ਰਾਮ ਕੂੜਾ ਕਰਕਟ (ਪਲਾਸਟਿਕ, ਇਲੈਕਟ੍ਰੋਨਿਕ ਆਈਟਮਾਂ ਆਦਿ) ਹਰ ਵਰ੍ਹੇ ਸਮੁੰਦਰ ਦੀ ਭੇਟ ਚੜ੍ਹਾਇਆ ਜਾ ਰਿਹਾ ਹੈ ਜਿਸ ਨਾਲ ਸਮੁੰਦਰ ਵਿਚਲੇ ਜੀਵਾਂ ਦਾ ਕਈ ਹਾਲਾਤਾਂ ਵਿੱਚ ਸਰਵਨਾਸ਼ ਵੇਖਣ ਨੂੰ ਮਿਲ ਰਿਹਾ ਹੈ।

ਇਥੇ ਹੀ ਬਸ ਨਹੀਂ ਭੈੜੇ ਪਾਣੀ ਦੀ ਉਪਜ ਮੱਛੀਆਂ ਅਤੇ ਹੋਰ ਕੀੜੇ-ਮਕੌੜੇ ਜਿਹੜੇ ਮਨੁੱਖਾਂ ਦਾ ਭੋਜਨ ਵੀ ਬਣਦੇ ਹਨ, ਉਹ ਵੀ ਮਨੁੱਖੀ ਸਿਹਤ ਦਾ ਘਾਣ ਕਰਦੇ ਹਨ।

ਪੰਜਾਬ ਦੀ ਖੁਸ਼ਹਾਲੀ ਅਤੇ ਚੰਗੇ ਜੀਵਨ ਜੀਊਣ ਦੇ ਮੁਕਾਬਲੇ ਨੇ ਆਪਣੀ ਰਿਵਾਇਤੀ ਖ਼ੁਰਾਕ ਛੱਡਕੇ ਬਜ਼ਾਰੂ ਖ਼ੁਰਾਕ ਵੱਲ ਵੱਧ ਧਿਆਨ ਦਿੱਤਾ ਹੈ, ਇਸ ਮਿਲਾਵਟੀ ਭੋਜਨ ਕਾਰਨ ਪੰਜਾਬੀਆਂ ਦੇ ਸੁਡੋਲ ਜੁੱਸੇ ਨਕਾਰਾ ਹੁੰਦੇ ਜਾ ਰਹੇ ਹਨ, ਜਿਹੜੇ ਇਸ ਖਿੱਤੇ 'ਚ ਵੱਸਦੇ ਲੋਕਾਂ ਲਈ ਖ਼ਤਰੇ ਦੀ ਘੰਟੀ ਹਨ ਅਤੇ ਕਿਸੇ ਸਮੇਂ ਪੰਜਾਬ ਦਾ ਇਹ ਜ਼ਹਿਰੀਲਾ ਪਾਣੀ ਪੰਜਾਬੀਆਂ ਦੀ ਨਸਲ ਦੇ ਉਜਾੜੇ ਦਾ ਕਾਰਨ ਬਣੇਗਾ।

# ਜ਼ਿੰਦਗੀ ਨੂੰ ਜਿਊਣਾ ਜ਼ਰੂਰ ਸਿੱਖ ਲਓ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸੋਹਣੀ ਜ਼ਿੰਦਗੀ ਜਿਉਣ ਲਈ ਬਹੁਤ ਸਾਰੇ ਤੱਤ ਜ਼ਰੂਰੀ ਹੁੰਦੇ ਹਨ। ਪਰ ਸਭ ਤੋਂ ਜ਼ਿਆਦਾ ਜ਼ਰੂਰੀ ਤੱਤ ਹੈ ਹਾਸ-ਰਸ ਦੀ ਕਲਾ। ਜੇਕਰ ਤੁਹਾਡੇ ਵਿੱਚ ਇਹ ਤੱਤ ਮੌਜੂਦ ਨਹੀਂ ਹੈ ਤਾਂ ਤੁਸੀਂ ਇਨਸਾਨ ਨਹੀਂ ਮਸ਼ੀਨ ਹੋ। ਮਸ਼ੀਨ ਦਾ ਕੰਮ ਹੁੰਦਾ ਆਪਣਾ ਕੰਮ ਕਰੀ ਜਾਣਾ ਅਤੇ ਅੰਤ ਵਿੱਚ ਖ਼ਰਾਬ ਹੋ ਕੇ ਖਤਮ ਹੋ ਜਾਣਾ। ਹਾਸੇ-ਮਜ਼ਾਕ ਤੋਂ ਸੱਖਣਾ ਵਿਅਕਤੀ ਵੀ ਇਸੇ ਤਰ੍ਹਾਂ ਹੀ ਜ਼ਿੰਦਗੀ ਗੁਜ਼ਾਰ ਜਾਂਦਾ ਹੈ। ਮੈਂ ਅਕਸਰ ਲੋਕਾਂ ਨੂੰ ਉਦਾਸ ਮੂੰਹ ਲੈ ਕੇ ਕੰਮ ਤੇ ਜਾਂਦੇ ਜਾਂ ਕੰਮ ਕਰਦੇ ਦੇਖਦਾ ਹਾਂ। ਕਈ ਵਾਰ ਤਾਂ ਉਦਾਸੀ ਦਾ ਆਲਮ ਇੱਥੋਂ ਤੱਕ ਹੁੰਦਾ ਹੈ ਕਿ ਲੋਕ ਵਿਆਹਾਂ-ਸ਼ਗਨਾਂ ਦੇ ਮੌਕਿਆਂ ਤੇ ਵੀ ਉਤਰੇ ਜਿਹੇ ਮੂੰਹ ਲੈ ਤੁਰੇ ਫ਼ਿਰਦੇ ਨਜ਼ਰ ਆਉਂਦੇ ਹਨ। ਪਤਾ ਨਹੀਂ ਜ਼ਿੰਦਗੀ ਦਾ ਉਹਨਾਂ ਤੇ ਐਡਾ ਕਿੱਡਾ ਕੁ ਬੋਝ ਹੁੰਦਾ ਹੈ ਕਿ ਖੁਸ਼ੀ ਦੇ ਮੌਕੇ ਤੇ ਵੀ ਹੱਸਣਾ ਭੁੱਲ ਜਾਂਦੇ ਹਨ। ਦੁੱਖ, ਚਿੰਤਾਵਾਂ, ਪ੍ਰੇਸ਼ਾਨੀਆਂ, ਉਲਝਣਾਂ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਕੋਈ ਮਨੁੱਖ ਇਹਨਾਂ ਤੋਂ ਸੱਖਣਾ ਨਹੀਂ ਰਹਿ ਸਕਦਾ। ਪਰ ਇਹਨਾਂ ਸਭ ਦੇ ਬਾਵਜੂਦ ਸਾਡੇ ਕੋਲ ਖੁਸ਼ ਹੋਣ ਦੇ ਵੀ ਬਹੁਤ ਮੌਕੇ ਹੁੰਦੇ ਹਨ। ਸਾਡੀ ਬਦਕਿਸਮਤੀ ਇਹ ਹੁੰਦੀ ਹੈ ਕਿ ਅਸੀਂ ਬੋਝ ਥੱਲੇ ਖ਼ੁਦ ਨੂੰ ਐਨਾ ਦੱਬ ਲੈਂਦੇ ਹਾਂ ਕਿ ਹਾਸੇ ਕਿੱਧਰੇ ਗਵਾਚ ਹੀ ਜਾਂਦੇ ਨੇ। ਇਹਨਾਂ ਹਾਸਿਆਂ ਨੂੰ ਗਵਾਚਣ ਤੋਂ ਪਹਿਲਾਂ ਹੀ ਬੋਚ ਲੈਣਾ ਜ਼ਰੂਰੀ ਹੈ। ਸੋ ਹਾਲਾਤ ਨੂੰ ਸੁਖਾਵੇਂ ਕਰਨ ਲਈ ਝੂਠ-ਮੂਠ ਦਾ ਖੁਸ਼ ਹੋਣ ਵਿੱਚ ਵੀ ਕੋਈ ਹਰਜ਼ ਨਹੀਂ ਹੈ।

ਇੱਕ ਹੋਰ ਕਾਰਨ ਹੈ ਜੋ ਸਾਡੇ 'ਚੋਂ ਹਾਸ-ਰਸ ਨੂੰ ਖ਼ਤਮ ਕਰਦਾ ਜਾ ਰਿਹਾ ਹੈ। ਉਹ ਹੈ ਸਾਡਾ ਖ਼ੁਦ ਨੂੰ ਬਹੁਤ ਸਿਆਣੇ ਸਮਝਣਾ। ਮਾੜੀ-ਮੋਟੀ ਪ੍ਰਾਪਤੀ ਨਾਲ ਅਸੀਂ ਖ਼ੁਦ ਨੂੰ ਬਹੁਤ ਸਮਝਦਾਰ ਸਮਝਣ ਲੱਗ ਪੈਂਦੇ ਹਾਂ ਅਤੇ ਸੋਚਦੇ ਹਾਂ ਕਿ ਜੇ ਮੈਂ ਕੋਈ ਕਮਲ ਮਾਰਿਆ ਤਾਂ ਲੋਕ ਮੇਰੇ ਬਾਰੇ ਪਤਾ ਨਹੀਂ ਕੀ ਸੋਚਣਗੇ। ਫ਼ਿਕਰ ਨਾ ਕਰੋ ਤੁਸੀਂ ਐਨੇ ਮਸ਼ਹੂਰ ਨਹੀਂ ਹੋ ਕਿ ਲੋਕ ਸਦਾ ਤੁਹਾਡੇ ਵੱਲ ਹੀ ਧਿਆਨ ਦੇਈ ਜਾਣ। ਤੇ ਤੁਸੀਂ ਕਿੰਨੇ ਵੀ ਚੰਗੇ ਕੰਮ ਕਰ ਲਵੋ, ਨੁਕਸ ਲੱਭਣ ਵਾਲੇ ਨੇ ਤਾਂ ਲੱਭ ਹੀ ਲੈਣਾ। ਸੋ ਆਪਣੀ ਮਿਹਨਤ, ਲਗਨ ਅਤੇ ਕੰਮ ਦੇ ਨਾਲ-ਨਾਲ ਹੱਸਣਾ ਨਾ ਭੁੱਲੋ। ਆਪਣੀ ਸਿਆਣਪ ਨੂੰ ਜੇਬ੍ਹ ਵਿਚ ਪਾ ਕੇ ਨਾ ਰੱਖਿਆ ਕਰੋ ਸਦਾ। ਘਰੇ ਵੀ ਛੱਡ ਆਇਆ ਕਰੋ। ਕਦੇ ਕਦੇ ਇਸਨੂੰ ਭੁੱਲ ਕੇ ਕੋਈ ਕਮਲ ਵੀ ਮਾਰ ਲਿਆ ਕਰੋ, ਯਾਰਾਂ-ਦੋਸਤਾਂ ਨਾਲ ਹੱਸ-ਖੇਡ ਲਿਆ ਕਰੋ। ਐਂਵੇ ਹੀ ਨਾ ਘਮੰਡ 'ਚ ਤੁਰੇ ਫਿਰਿਆ ਕਰੋ ਕਿ ਅਸੀਂ ਪਤਾ ਨਹੀਂ ਕੀ ਹਾਂ। ਇੱਥੇ ਕੋਈ ਕੁਝ ਵੀ ਨਹੀਂ ਹੈ। ਇੱਕ ਜ਼ਿੰਦਾ ਇਨਸਾਨ ਅਤੇ ਉਸਦੇ ਲਾਸ਼ ਹੋਣ ਵਿੱਚ ਕੁਝ ਪਲ ਦਾ ਫ਼ਾਸਲਾ ਹੀ ਹੁੰਦਾ ਹੈ ਅਤੇ ਉਹ ਪਲ ਕਦੋਂ ਆ ਜਾਵੇ ਕਿਸੇ ਨੂੰ ਨਹੀਂ ਪਤਾ। ਉਸ ਪਲ ਦੇ ਆਉਣ ਤੋਂ ਪਹਿਲਾਂ ਜ਼ਿੰਦਗੀ ਨੂੰ ਜਿਊਣਾ ਜ਼ਰੂਰ ਸਿੱਖ ਲਓ।

*ਨੋਟ:* ਮੈਂ ਤਾਂ ਖ਼ੁਦ ਕਦੇ ਆਪਣੇ ਆਪ ਨੂੰ ਸਿਆਣਾ ਨਹੀਂ ਸਮ-ਝਿਆ। ਅਤੇ ਲੋਕ ਕੀ ਸੋਚਦੇ ਨੇ ਇਸ ਗੱਲ ਦੀ ਮੈਂ ਬਹੁਤੀ ਕਦੇ ਪਰਵਾਹ ਕੀਤੀ ਨਹੀਂ।


# ਵਿਦਿਆਰਥੀਆਂ ਇਕਾਗਰ ਮਨ ਨਾਲ ਪੜ੍ਹਨ ਇਹਨਾਂ ਦਿਨ ਸ਼ੋਰ ਪ੍ਰਦੂਸ਼ਣ ਘਟਾਉਣ ਚਾਹੀਦਾ- ਵਿਜੈ ਗਰਗ

ਦੇਸ਼ ਅੰਦਰ ਸੀਬੀਐਸਈ ਅਤੇ ਸਟੇਟ ਬੋਰਡ ਦੀਆਂ ਦਸਵੀਂ ਤੇ ਬਾਰ੍ਹਵੀ ਜਮਾਤ ਦੀਆਂ ਪ੍ਰੀਖਿਆਵਾਂ ਮਾਰਚ- ਮਈ ਮਹੀਨੇ ਤੋਂ ਸ਼ੁਰੂ ਹੋਣ ਜਾ ਰਹੀਆਂ ਹਨ ਜਦਕਿ ਪ੍ਰੀ-ਬੋਰਡ ਪ੍ਰੀਖਿਆਵਾਂ ਫਰਵਰੀ - ਮਾਰਚ ਤੋਂ ਸ਼ੁਰੂ ਹੋ ਰਹੀਆਂ ਹਨ। ਇਸ ਤਰ੍ਹਾਂ ਜੇ ਵੇਖਿਆ ਜਾਵੇ ਤਾਂ ਇਹ ਦਿਨ ਬੱਚਿਆਂ ਦੀ ਪੜ੍ਹਾਈ ਲਈ ਬੇਹੱਦ ਮਹੱਤਵਪੂਰਨ ਹੁੰਦੇ ਹਨ। ਉਨ੍ਹਾਂ ਦੀ ਸਾਲ ਭਰ ਦੀ ਮਿਹਨਤ ਇਨ੍ਹਾਂ-ਦਿਨਾਂ 'ਚ ਕੀਤੀ ਜਾਣ ਵਾਲੀ ਪੜ੍ਹਾਈ 'ਤੇ ਜ਼ਿਆਦਾ ਨਿਰਭਰ ਕਰਦੀ ਹੈ ਕਿਉਂਕਿ ਸਾਲਾਨਾ ਇਮਤਿਹਾਨ ਹੋਣ ਸਦਕਾ ਵਿਦਿਆਰਥੀ ਪੂਰੇ ਜੋਸ਼ ਅਤੇ ਹੋਸ਼ ਨਾਲ ਇਕਾਗਰ ਚਿੱਤ ਹੋ ਕੇ ਪੜ੍ਹਦੇ ਹਨ। ਇਹ ਦਿਨ ਉਨ੍ਹਾਂ ਲਈ 'ਕਰੋ ਜਾਂ ਮਰੋ' ਵਾਲੀ ਸਥਿਤੀ ਵਾਲੇ ਹੁੰਦੇ ਹਨ ਪਰ ਇਨ੍ਹਾਂ ਦਿਨਾਂ ਦਾ ਵਿਦਿਆਰਥੀ ਤਾਂ ਹੀ ਸਹੀ ਅਤੇ ਪੂਰਾ ਲਾਹਾ ਲੈ ਸਕਦੇ ਹਨ ਜੇਕਰ ਉਨ੍ਹਾਂ ਨੂੰ ਪੜ੍ਹ-ਾਈ ਵਾਲਾ ਮਾਹੌਲ ਮਿਲੇ। ਸੋ ਇਨ੍ਹਾਂ ਦਿਨਾਂ 'ਚ ਜਿੱਥੇ ਇਕ ਪਾਸੇ ਅਧਿਆਪਕ, ਵਿਦਿਆਰਥੀ ਤੇ ਮਾਪੇ ਬੱਚਿਆਂ ਦੀ ਪੜ੍ਹਾਈ ਲਈ ਗੰਭੀਰ ਹੁੰਦੇ ਹਨ, ਦੂਜੇ ਪਾਸੇ ਵੱਖ-ਵੱਖ ਥਾਵਾਂ 'ਤੇ ਵੱਜਣ ਵਾਲੇ ਲਾਊਡ ਸਪੀਕਰ ਅਤੇ ਡੀਜੇ ਆਵਾਜ਼ ਪ੍ਰਦੂਸ਼ਣ ਤਾਂ ਫੈਲਾਉਂਦੇ ਹੀ ਹਨ, ਨਾਲ ਹੀ ਬੱਚਿਆਂ ਦੀ ਪੜ੍ਹਾਈ 'ਤੇ ਵੀ ਬੇਹੱਦ ਮਾੜਾ ਅਸਰ ਪਾਉਂਦੇ ਹਨ।

ਉਹ ਬੱਚਿਆਂ ਦਾ ਧਿਆਨ ਭਟਕਾਉਂਦੇ ਹਨ। ਉਨ੍ਹਾਂ ਦਾ ਮਨ ਪੜ੍ਹਾਈ ਵੱਲੋਂ ਹਟ ਕੇ ਦੂਜੇ ਪਾਸੇ ਚਲਾ ਜਾਂਦਾ ਹੈ। ਸਵੇਰੇ-ਸ਼ਾਮ ਹੀ ਪੜ੍ਹਾਈ ਵਾਲਾ ਸਹੀ ਵਾਤਾਵਰਨ ਹੁੰਦਾ ਅਤੇ ਉਸੇ ਸਮੇਂ ਵੱਜਣ ਵਾਲੇ ਲਾਊਡ ਸਪੀਕਰ ਅਤੇ ਡੀਜੇ ਪੜ੍ਹਾਈ ਦੇ ਮਾਹੌਲ ਨੂੰ ਖ਼ਰਾਬ ਕਰਦੇ ਹਨ। ਇਸ ਲਈ ਲਾਜ਼ਮੀ ਬਣ ਜਾਂਦਾ ਹੈ ਕਿ ਸਰਕਾਰ ਤੇ ਪ੍ਰਸ਼ਾਸਨ ਇਮਤਿਹਾਨਾਂ ਦੇ ਦਿਨਾਂ 'ਚ ਲਾਊਡ ਸਪੀਕਰਾਂ 'ਤੇ ਪੂਰਨ ਤੌਰ 'ਤੇ ਪਾਬੰਦੀ ਲਾਉਣ ਤਾਂ ਜੋ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਉਹ ਮਨ ਲਾ ਕੇ ਪੜ੍ਹ ਸਕਣ। ਦੂਜੇ ਪਾਸੇ ਲੋਕਾਂ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਫਰਵਰੀ, ਮਾਰਚ ਤੇ ਅਪ੍ਰੈਲ ਮਹੀਨਿਆਂ ਦੌਰਾਨ ਲਾਊਡ ਸਪੀਕਰਾਂ, ਡੀਜੇ ਆਦਿ ਦੀ ਆਵਾਜ਼ ਮੱਧਮ ਰੱਖਣ ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਨ ਸਮੇਂ ਕੋਈ ਮੁਸ਼ਕਲ ਨਾ ਆਵੇ ਅਤੇ ਉਹ ਪ੍ਰੀਖਿਆ ਦੀ ਤਿਆਰੀ ਚੰਗੀ ਤਰ੍ਹਾਂ ਕਰ ਸਕਣ ਅਤੇ ਚੰਗੇ ਅੰਕ ਲੈ ਕੇ ਪਾਸ ਹੋ ਸਕਣ। ਇਸ ਸਬੰਧੀ ਪ੍ਰਸ਼ਾਸਨ ਨੂੰ ਪੂਰੀ ਗੰਭੀਰਤਾ ਤੋਂ ਕੰਮ ਲੈਂਦਿਆਂ ਲਾਊਡ ਸਪੀਕਰਾਂ ਬਾਰੇ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਚਾਹੀਦਾ ਹੈ ਕਿ ਜੇਕਰ ਕਿਸੇ ਥਾਂ ਉੱਚੀ ਆਵਾਜ਼ 'ਚ ਸਪੀਕਰ ਜਾਂ ਡੀਜੇ ਚਲਾਏ ਜਾ ਰਹੇ ਹਨ ਤਾਂ ਪਹਿਲਾਂ ਪ੍ਰਬੰਧਕਾਂ ਨੂੰ ਸਮਝਾਇਆ ਜਾਵੇ। ਜੇਕਰ ਉਹ ਫਿਰ ਵੀ ਆਵਾਜ਼ ਘੱਟ ਨਹੀਂ ਕਰਦੇ ਤਾਂ ਤੁਰੰਤ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਸਪੀਕਰਾਂ ਅਤੇ ਡੀਜੇ ਦੀ ਆਵਾਜ਼ ਨੂੰ ਠੱਲ੍ਹ ਪਾਈ ਜਾ ਸਕੇ ਅਤੇ ਸ਼ੋਰ ਪ੍ਰਦੂਸ਼ਣ ਘਟ-ਾਉਣ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਵੀ ਰਾਹਤ ਦਿਵਾਈ ਜਾ ਸਕੇ। ਤਾਂ ਜੋ ਵਿਦਿਆਰਥੀਆਂ ਬੋਰਡ ਸਾਲਾਨਾ ਇਮਤਿਹਾਨ ਵਿਚੋਂ ਵਧੀਆ ਨੰਬਰ ਲੈ ਕੇ ਪਾਸ ਹੋ ਸਕੇ।

# ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ 'ਤੇ ਗੀਤਕਾਰਾਂ ਅਤੇ ਕਲਾਕਾਰਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਦੇ ਫੁੱਲ ਭੇਂਟ ਕਰਨ ਵਜੋਂ ਗੁਰੂ ਮਹਾਰਾਜ ਦੀਆਂ ਰਿਲੀਜ਼ ਕੀਤੀਆਂ ਕੁਝ ਧਾਰਮਿਕ ਵੀਡੀਓਜ਼ ਅਤੇ ਕੈਲੰਡਰਜ਼ ਦੀਆਂ ਝਲਕੀਆਂ!!!

## ਅਦਾਰਾ ਦੇਸ਼ ਦੁਆਬਾ ਵੱਲੋਂ ਲੱਖ-ਲੱਖ ਵਧਾਈਆਂ










# ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦਾ ਪੋਸਟਰ ਜਾਰੀ



**ਭੋਗਪੁਰ (ਸੀ ਐਸ ਬਿਨਪਾਲਕੇ)–** ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਵਿਖੇ ਵਿਸ਼ਵ ਸਾਂਝੀਵਾਲਤਾ ਦੇ ਸਿਰਜਕ, ਇਨਕਲਾਬੀ ਮਸੀਹਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 644 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਭੋਗਪੁਰ ਬਲਾਕ ਦੇ 24 ਵੇਂ ਨਗਰ ਕੀਰਤਨ ਦਾ ਪੋਸਟਰ ਜਾਰੀ ਕੀਤਾ ਗਿਆ। ਸ੍ਰੀ ਰਾਕੇਸ਼ ਬੱਗਾ ਸਾਬਕਾ ਐਮ.ਸੀ. ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਮਹਾਨ ਨਗਰ ਕੀਰਤਨ ਫੁੱਲਾਂ ਨਾਲ ਸਜਾਈ ਬੱਸ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ 26 ਫਰਵਰੀ ਨੂੰ ਠੀਕ ਸਵੇਰੇ 10 ਵਜੇ ਸ੍ਰੀ ਗੁਰੂ ਰਵਿਦਾਸ ਨਗਰ ਤੋਂ ਆਰੰਭ ਹੋ ਕੇ ਸ਼ਹੀਦ ਭਗਤ ਸਿੰਘ ਚੌਕ ਭੋਗਪੁਰ ਤੋਂ ਪਿੰਡ ਮੋਗਾ, ਸਨੌਰਾ, ਪੁਰਾਣੀ ਆਬਾਦੀ ਭੋਗਪੁਰ, ਨਵੀਂ ਆਬਾਦੀ ਭੋਗਪੁਰ, ਡੱਲੀ, ਸੱਧਾ-ਚੱਕ, ਘੋੜਾ ਵਾਹੀ, ਕਿੰਗਰਾ ਚੋਅ ਵਾਲਾ, ਲੁਹ-ਾਰਾਂ, ਚੱਕ ਝੰਡੂ, ਲਾਹਦੜਾ, ਨੰਗਲ ਅਰਾਈਆਂ, ਬਿਨਪਾਲਕੇ ਤੋਂ ਹੁੰਦਾ ਹੋਇਆ ਸ੍ਰੀ ਗੁਰੂ ਰਵਿਦਾਸ ਨਗਰ ਭੋਗਪੁਰ ਵਿਖੇ ਸੰਪੰਨ ਹੋਵੇਗਾ। ਨਗਰਾਂ ਦੀਆਂ ਪਰਕਰਮਾ ਦੌਰਾਨ ਸ਼ਬਦ ਕੀਰਤਨ ਦੀ ਸੇਵਾ ਭਾਈ ਇਕਬਾਲ ਸਿੰਘ ਦਾ ਰਾਗੀ ਜਥਾ ਅਤੇ ਸਟੇਜ ਸਕੱਤਰ ਦੀ ਭੂਮਿਕਾ ਚਰਨਜੀਤ ਸਿੰਘ ਬਿਨਪਾਲਕੇ ਨਿਭਾਉਣਗੇ। ਹਰੇਕ ਸਾਲ ਦੀ ਤਰ੍ਹਾਂ ਨਗਰ ਕੀਰਤਨ ਦਾ ਵਿਸ਼ਰਾਮ ਅਤੇ ਲੰਗਰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਪਿੰਡ ਡੱਲੀ ਦੀਆਂ ਸੰਗਤਾਂ ਵੱਲੋਂ ਹੋਵੇਗਾ। ਇਸ ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਸੰਗਤਾਂ ਵਿਚ ਭਾਰੀ ਉਤਸ਼ਾਹ ਅਤੇ ਸ਼ਰਧਾ ਹੈ। ਇਸ ਮੌਕੇ ਰਾਕੇਸ਼ ਬੱਗਾ, ਨਰਿੰਦਰ ਮਿੰਟੂ, ਬਲਬੀਰ ਸਿੰਘ, ਹਰਜੀਤ ਕੁੱਕੂ, ਅਮਰਜੀਤ ਨੋਨੀ, ਹੈਪੀ ਮਾਹੀ, ਰਘਬੀਰ, ਜਸਬੀਰ ਸ਼ੀਰਾ, ਗੁਰਭੇਜ ਭੇਜਾ, ਚਰਨਜੀਤ ਸਿੰਘ ਬਿਨਪਾਲਕੇ, ਚਮਨ ਲਾਲ, ਕੈਪਟਨ ਸਤਪਾਲ ਲੰਬੜਦਾਰ ਘੋੜਾ ਵਾਹੀ, ਜਗਦੀਸ਼ ਲਾਲ' ਇੰਦਰਜੀਤ ਸਿੰਘ, ਸੁਰਿੰਦਰਜੀਤ ਸਿੰਘ, ਚਰਨਜੀਤ ਚੰਨੀ, ਹੈਪੀ ਡੱਲੀ, ਅਮਰਜੀਤ ਬਿਨਪਾਲਕੇ, ਹਰਬੰਸ ਸਿੰਘ, ਅਮਰਜੀਤ ਨੰਗਲ ਅਰਾਈਆਂ ਅਤੇ ਹੋਰ ਬਹੁਤ ਸਾਰੀਆਂ ਸੰਗਤਾਂ ਨੇ ਹਾਜ਼ਰੀ ਭਰੀ। ਸੰਗਤਾਂ ਨੂੰ ਮਾਸਕ ਅਤੇ ਸੈਨੀਟਾਈਜ਼ਰ ਵਰਤੋਂ ਦੀ ਪੁਰਜ਼ੋਰ ਅਪੀਲ ਕੀਤੀ ਗਈ।







# ਡਾ.ਭੀਮ ਰਾਓ ਅੰਬੇਡਕਰ ਚੇਤਨਾ ਮੰਚ ਵਲੋਂ ਗੁਰੂ ਰਵਿਦਾਸ ਕੈਲੰਡਰ ਜਾਰੀ



**ਭੋਗਪੁਰ (ਸੀ ਐਸ ਬਿਨਪਾਲਕੇ)–** ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ. ਬਿਨਪਾਲਕੇ ਵੱਲੋਂ ਗੁਰੂ ਜੀ ਦੇ 644 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਵੇਂ ਸਾਲ ਦਾ 6ਵਾਂ ਸਾਲਾਨਾ ਕੈਲੰਡਰ ਪ੍ਰਕਾਸ਼ਿਤ ਕੀਤਾ ਗਿਆ। ਇਹ ਕੈਲੰਡਰ ਡਾ. ਭੀਮ ਰਾਓ ਅੰਬੇਡਕਰ ਚੇਤਨਾ ਮੰਚ ਦੀ ਮੀਟਿੰਗ ਵਿਚ ਜਾਰੀ ਕੀਤਾ ਗਿਆ। ਮੰਚ ਦੇ ਜਨਰਲ ਸਕੱਤਰ ਮਾਸਟਰ ਸੂਰਤੀ ਲਾਲ ਨੇ ਦੱਸਿਆ ਕਿ ਇਸ ਕੈਲੰਡਰ ਵਿੱਚ ਗੁਰੂ ਰਵਿਦਾਸ ਜੀ ਦੀ ਸੁੰਦਰ ਤਸਵੀਰ ਦੇ ਨਾਲ ਸਾਰੇ ਸਾਲ ਦੀਆਂ ਸੰਗਰਾਂਦਾਂ, ਪੂਰਨਮਾਸ਼ੀ, ਮੱਸਿਆ ਦੇ ਦਿਹਾੜੇ ਅਤੇ ਪੰਜਾਬ ਸਰਕਾਰ ਦੀਆਂ ਗਜ਼ਟਿਡ ਛੁੱਟੀਆਂ ਅੰਕਿਤ ਹਨ। ਇਹ ਕੈਲੰਡਰ ਸੰਗਤਾਂ ਨੂੰ ਮੁਫਤ ਭੇਟ ਕੀਤਾ ਜਾ ਰਿਹਾ ਹੈ। ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਸੂਬੇਦਾਰ ਹੰਸ ਰਾਜ ਭੋਗਪੁਰ ਨੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੱਤੀ ਅਤੇ ਗੁਰੂ ਜੀ ਦੀ ਬਾਣੀ ਵਿੱਚ ਅੰਕਿਤ ਕੁਦਰਤ ਦੇ ਅਟੱਲ ਸਿਧਾਂਤ, ਨਿਯਮਾ ਅਤੇ ਗੁਰੂ ਜੀ ਦੀ ਪਾਵਨ ਵਿਚਾਰਧਾਰਾ ਨੂੰ ਆਪਣੇ ਜੀਵਨ ਵਿਚ ਅਪਨਾਉਣ ਦੀ ਪ੍ਰੇਰਨਾ ਕੀਤੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸੱਤ ਪਾਲ ਸਾਹਲੋਂ ਵਲੋਂ ਤਿੰਨ ਧਾਰਮਿਕ ਗੀਤ ਰਿਲੀਜ਼ ਕੀਤੇ ਗਏ












**ਬੰਗਾ (ਰੇਸ਼ਮ ਕਰਨਾਣਵੀ)–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 644 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਤਿਗੁਰਾਂ ਦੀ ਮਹਿਮਾਂ ਦਾ ਗਾਇਨ ਕਰਦੇ ਹੋਏ ਆਪਣੇ ਲਿਖੇ ਤਿੰਨ ਗੀਤ ਸੰਗਤਾਂ ਦੀ ਝੋਲੀ ਪਾਏ ਹਨ ਜਿਨ੍ਹਾਂ ਨੂੰ ਕੌਰ ਦਵਿੰਦਰ ਅਤੇ ਗੁਰ-ਦੀਪ ਸਕੋਹਪੁਰੀ ਨੇ ਅਵਾਜ਼ਾਂ ਦਿੱਤੀਆਂ ਹਨ। ਨਵੀਆਂ ਅਵਾਜ਼ਾਂ ਨੂੰ ਸਤਿਗੁਰਾਂ ਦੀ ਵਿਚਾਰਧਾਰਾ ਨਾਲ ਜੋੜਣ ਦਾ ਇਹ ਇੱਕ ਸਾਰਥਿਕ ਉਪਰਾਲਾ ਹੈ। ਗੁਰਦੀਪ ਸਕੋਹਪੁਰੀ ਦੀ ਅਵਾਜ਼ ਵਿੱਚ ਗਾਏ ਗੀਤ 'ਸਤਿਗੁਰ ਦੇ ਗੁਣ' ਅਤੇ 'ਜੁਗਨੀ' ਨੂੰ ਸ਼੍ਰੀ 108 ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਨੇ ਆਪਣੇ ਕਰ ਕਮਲਾਂ ਨਾਲ ਰਿਲੀਜ਼ ਕੀਤਾ ਅਤੇ ਉਨ੍ਹਾਂ ਦਾ ਸਾਥ ਡਾ. ਮਨੋਜ ਦਈਆ ਦਿੱਲੀ ਨੇ ਦਿੱਤਾ ਇਸ ਮੌਕੇ ਤੇ ਬੋਲਦਿਆਂ ਸੰਤ ਕੁਲਵੰਤ ਰਾਮ ਜੀ ਨੇ ਕਿਹਾ ਕਿ ਸਤਿਗੁਰਾਂ ਦੀ ਵਿਚਾਰਧਾਰਾ ਮਾਨਵ ਲਈ ਕਲਿਆਣਕਾਰੀ ਹੈ ਤੇ ਉਨ੍ਹਾਂ ਵਲੋਂ ਦਿੱਤਾ ਬੇਗਮਪੁਰਾ ਦਾ ਸੰਕਲਪ ਸਮਾਜ ਵਿੱਚ ਬਰਾਬਰਤਾ ਦੀ ਨੀਂਹ ਮਜਬੂਤ ਕਰਦਾ ਹੈ।

ਇਨਸਾਨ ਨੂੰ ਸਤਿਗੁਰਾਂ ਦੀ ਵਿਚਾਰਧਾਰਾ ਨਾਲ ਜੁੜ ਕੇ ਜੀਵਨ ਸਫਲਾ ਕਰਨ ਦੀ ਲੋੜ ਹੈ। ਡਾ. ਮਨੋਜ ਦਈਆ ਦਿੱਲੀ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਬਹੁਤ ਹੀ ਉੱਚੀ ਤੇ ਸੁੱਚੀ ਹੈ ਤੇ ਉਨ੍ਹਾਂ ਦੀ ਸਿਖਿਆਵਾਂ ਉੱਪਰ ਰਵਿਦਾਸੀਆ ਸਮਾਜ ਨੂੰ ਚੱਲਣ ਦੀ ਲੋੜ ਹੈ।

ਉਨ੍ਹਾਂ ਸਤ ਪਾਲ ਸਾਹਲੋਂ ਅਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਵੀ ਦਿੱਤੀ। ਕੌਰ ਦਵਿੰਦਰ ਵਲੋਂ ਗਾਏ ਗੀਤ 'ਗੁਰੂ ਜੀ ਤੁਹਾਡੇ ਮੰਦਰਾਂ ਤੇ' ਨੂੰ ਨਾਮਵਰ ਕਥਾਵਾਚਕ ਗਿਆਨੀ ਉਂਕਾਰ ਸਿੰਘ ਨੇ ਰਿਲੀਜ਼ ਕੀਤਾ। ਉਨ੍ਹਾਂ ਨੇ ਵੀ ਸਤਿਗੁਰਾਂ ਦੀ ਮਹਿਮਾ ਦਾ ਵਿਖਿਆਨ ਕਰਦੇ ਹੋਏ ਉਨ੍ਹਾਂ ਦੀ ਬਾਣੀ ਅਤੇ ਵਿਚਾਰਧਾਰਾ ਨੂੰ ਜੀਵਨ ਵਿੱਚ ਗ੍ਰਹਿਣ ਕਰਨ ਦੀ ਲੋੜ ਤੇ ਜੋਰ ਦਿੱਤਾ।

ਇਨ੍ਹਾਂ ਗੀਤਾਂ ਨੂੰ ਅਦਬੀ ਮਹਿਕ ਪ੍ਰੋਡਕਸ਼ਨ ਵਲੋਂ ਰਿਲੀਜ਼ ਕੀਤਾ ਗਿਆ ਹੈ ਜਿਸ ਦੇ ਪ੍ਰੋਡਿਊਸਰ ਕਮਲਾ ਸੱਲ੍ਹਣ ਹਨ ਤੇ ਪ੍ਰੋਜੈਕਟ ਮੈਨੇਜਰ ਅਮਨਦੀਪ ਸਿੰਘ ਹਨ।

ਇਨ੍ਹਾਂ ਦਾ ਮਿਊਜਿਕ ਇੰਦ ਜੱਸੀ ਨੇ ਤਿਆਰ ਕੀਤਾ ਹੈ ਤੇ ਵੀਡਿਉ ਡਾਇਰੈਕਟਰ ਪੀ.ਕੇ. ਕਲੇਰ ਤੇ ਸਹਾਇਕ ਜੇ.ਬੀ. ਇੰਦਰ ਹਨ। ਸਤ ਪਾਲ ਸਾਹਲੋਂ ਦਾ ਇਹ ਯਤਨ ਸ਼ਲਾਘਾਯੋਗ ਹੈ। ਜਿਹੜੇ ਨਵੀਆਂ ਅਵਾਜਾਂ ਨੂੰ ਉਤਸ਼ਾਹਿਤ ਕਰਕੇ ਮਿਸ਼ਨ ਨਾਲ ਜੋੜਣ ਦਾ ਕਾਰਜ ਲੰਬੇ ਸਮੇਂ ਤੋਂ ਕਰਦੇ ਆ ਰਹੇ ਹਨ। ਇਸ ਮੌਕੇ ਤੇ ਸਰਵ ਸ਼੍ਰੀ ਡੀ.ਸੀ. ਭਾਟੀਆ, ਪੀ.ਕੇ. ਕਲੇਰ, ਜਸਵੰਤ ਬੰਟੀ, ਜਗਦੀਪ ਸਕੋਹਪੁਰੀ, ਮਕਬੂਲ, ਸ਼ਿੰਗਾਰਾ ਸਿੰਘ ਸੱਲ੍ਹਣ, ਯਸ਼ ਰਾਣਾ, ਕਸ਼ਮੀਰੀ ਕੈਂਥ, ਸਰਪੰਚ ਬੇਗੋਵਾਲ, ਵੀਰੂ ਰਾਮ, ਕਮਲਾ ਸੱਲ੍ਹਣ, ਸੀਮਾ ਰਾਣੀ, ਅਮਨਦੀਪ ਸਿੰਘ ਹਾਜ਼ਰ ਸਨ।

## ਮਲਕੀਤ ਬਬੇਲੀ ਦਾ ਧਾਰਮਿਕ ਗੀਤ "ਦੁਨੀਆਂ ਨੂੰ ਤਾਰਨ ਆਏ ਸਤਿਗੁਰੂ ਗੁਰੂ ਰਵੀਦਾਸ ਜੀ" ਹੋਇਆ ਰਿਲੀਜ

ਸ੍ਰੀ ਗੁਰੂ ਰਵੀਦਾਸ ਮਹਾਰਾਜ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰਸਿੱਧ ਗਾਇਕ ਮਲਕੀਤ ਬਬੇਲੀ ਦੀ ਸੁਰੀਲੀ ਆਵਾਜ਼ ਵਿੱਚ ਨਵਾਂ ਧਾਰਮਿਕ ਗੀਤ 'ਦੁਨੀਆਂ ਨੂੰ ਤਾਰਨ ਆਏ ਸਤਿਗੁਰੂ ਰਵੀਦਾਸ ਜੀ' ਸਾਊਂਡ ਵੇਵਜ ਮਿਊਜ਼ਿਕ ਕੰਪਨੀ ਦੇ ਐਮ ਡੀ ਰਾਜਵਿੰਦਰ ਕੋਰ ਅਤੇ ਅਮਨ ਮਾਹੀ ਵੱਲੋਂ 15 ਫ਼ਰਵਰੀ 2021 ਨੂੰ ਵਿਸ਼ਵ ਪੱਧਰ ਤੇ ਰਿਲੀਜ ਕੀਤਾ ਗਿਆ ।

ਰਣਜੀਤ ਮਾਹੀ ਦੀ ਪੇਸ਼ਕਸ਼ ਵਿੱਚ ਇਸ ਗੀਤ ਦਾ ਫਿਲਮਾਂਕਣ ਵੀਡਿਓ ਡਾਇਰੈਕਟਰ ਜਸਵਿੰਦਰ ਬੱਲ ਵੱਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਕੀਤਾ ਗਿਆ। ਇਸ ਗੀਤ ਨੂੰ ਕਲਮਬੱਧ ਕੀਤਾ ਹੈ "ਕਾਂਸ਼ੀ ਰਾਮ ਸੂਰਮਾ" ਫੇਮ ਲੇਖਕ ਪਵਨ ਮਾਹੀ ਯੂ ਐਸ ਏ ਨੇ ਅਤੇ ਇਸ ਦਾ ਸੰਗੀਤ ਸਾਹਿਬ ਹੀਰਾ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਗੀਤ ਨੂੰ ਤਿਆਰ ਕਰਨ ਲਈ ਖੁਸ਼ੀ ਟੀ. ਵੀ. ਇਟਲੀ, ਨਰਿੰਦਰ ਪਾਲ ਰਾਏਪੁਰ, ਇੰਸਪੈਕਟਰ ਨਛੱਤਰਪਾਲ, ਗੁਰਬਖਸ਼ ਕੌਰ, ਸਨਦੀਪ ਕੁਮਾਰ, ਕਰਮਵੀਰ ਪਾਲ, ਡਾ. ਸ਼ਤੀਸ਼ ਸੁਮਨ, ਜੁਗਿੰਦਰ ਪਾਲ ਖਲਵਾੜਾ, ਫ਼ੌਜੀ ਸੀਮਿੰਟ ਸਟੋਰ, ਹਨੀਸ਼ ਮੱਲ, ਅਮਨ ਮੱਲ, ਪਾਲੀ, ਗਿਰਧਾਰੀ ਲਾਲ ਨੇ ਵਿਸ਼ੇਸ਼ ਸਹਿਯੋਗ ਕੀਤਾ । ਇਸ ਗੀਤ ਦੀ ਸ਼ੂਟਿੰਗ ਦੌਰਾਨ ਕੈਮਰਾਮੈਨ ਸ਼ੰਕਰ, ਵਿਸ਼ਵ ਪ੍ਰਸਿੱਧ ਲੇਖਕ ਰੱਤੂ ਰੰਧਾਵਾ, ਗਾਇਕਾ ਪੈਰੇਮਲਤਾ, ਸਾਬਕਾ ਬਲਾਕ ਸੰਮਤੀ ਮੈਂਬਰ ਰਣਜੀਤ ਕੋਲ ਬੱਲ, ਨਿਰਮਲ ਗੁੜਾ, ਕੇਵਲ ਬਿਲਗਾ, ਸੁਰਿੰਦਰ ਪਾਲ ਦੁਸਾਂਝ, ਸੁਮਨ ਬਬੇਲੀ, ਅਮਰਜੀਤ ਕੌਰ, ਮਾਤਾ ਦੀਪ ਕੌਰ, ਉਰਵਸ਼ੀ, ਗੋਰਵ, ਬਲਨੂਰ ਵਿਰਦੀ, ਅਮਨ, ਸੁਖੀ, ਹੈਵਨ ਲੁਕੇਸ਼ਨ ਦੇ ਮਾਲਕ ਬੱਗਾ ਦੁਸਾਂਝ ਵਿਸ਼ੇਸ਼ ਤੋਰ ਤੇ ਹਾਜ਼ਰ ਸਨ।





'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


## ਸਿੰਗਲ ਟਰੈਕ, ਧੰਨਵਾਦ ਗੁਰੂ ਰਵਿਦਾਸ ਜੀ, ਜਲਦ ਹੋਵੇਗਾ ਰਿਲੀਜ

**ਲਸਾੜਾ/ਫਿਲੌਰ, ਬੱਗਾ ਸੇਲਕੀਆਣਾ–** ਨਾਮਵਰ ਪ੍ਰਸਿੱਧ ਗਾਇਕਾ ਅਨਮੋਲ ਵਿਰਕ ਵਲੋਂ ਸਤਿਗੁਰ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਮੋਕੇ ਇੱਕ ਸਿੰਗਲ ਧਾਰਮਿਕ ਟਰੈਕ ਲੈ ਕੇ ਬਹੁਤ ਜਲਦ ਹਾਜਰ ਹੋ ਰਹੀ ਹੈ ਜੋ ਬਿਲਕੁਲ ਤਿਆਰ ਹੈ ਜਾਣਕਾਰੀ ਦਿੰਦੇ ਹੋਏ ਗਾਇਕਾ ਅਨਮੋਲ ਵਿਰਕ ਤੇ ਸਤਨਾਮ ਅਣਖੀ ਨੇ ਦੱਸਿਆ ਕਿ ਇਸ ਧਾਰਮਿਕ ਰਚਨਾ ਨੂੰ ਨਾਮਵਰ ਗੀਤਕਾਰ ਬਿੱਟੂ ਦੋਲਤਪੁਰੀਆਂ ਯੂਐਸਏ ਵਲੋਂ ਕਲਮਬੱਧ ਕੀਤਾ ਤੇ ਇਸ ਦਾ ਮਿਊਜਿਕ ਜੱਸੀ ਬ੍ਰਦਰਜ ਵਲੋਂ ਤਿਆਰ ਕੀਤਾ ਇਸ ਦਾ ਵੀਡੀਓ ਹਨੀ ਹਰਦੀਪ ਵਲੋਂ ਧਾਰਮਿਕ ਲੋਕੇਸ਼ਨਾਂ ਤੇ ਕੀਤਾ ਗਿਆ ਤੇ ਇਸ ਟਰੈਕ ਦੇ ਰਮਨ ਕੁਮਾਰ ਡਰੈਕਟਰ ਹਨ ਇਸ ਸਿੰਗਲ ਟਰੈਕ ਨੂੰ ਸਤਿਗੁਰ ਜੀ ਦੇ ਪ੍ਰਕਾਸ਼ ਦਿਹਾੜੇ ਮੋਕੇ ਸੰਗੀਤ ਜਗਤ ਦੀ ਨਾਮਵਰ ਸੰਗੀਤਕ ਕੰਪਨੀ ਏ ਕੇ ਰਿਕਾਰਡ ਲੇਬਲ ਤਹਿਤ ਅਰਸ਼ਦੀਪ ਬੰਗੜ ਅਮਰੀਕਾ ਦੀ ਦੇਖ ਰੇਖ ਚ ਬਹੁਤ ਜਲਦ ਸੰਗਤਾਂ ਦੇ ਸਨ-ਮੁੱਖ ਸ਼ੋਸਲ ਮੀਡੀਆ ਤੇ ਮਿਸ਼ਨਰੀ ਸਖਸ਼ੀਅਤਾ ਵਲੋਂ ਰਿਲੀਜ ਕਰਵਾ ਦਿਤੀ ਜਾਵੇਗੀ ਤੇ ਆਸ ਕਰਦੇ ਹਾਂ ਕਿ ਸਤਿਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਜਿਸ ਤਰਾਂ ਪਹਿਲਾ ਆਏ ਸਾਰੇ ਗੀਤਾਂ ਨੂੰ ਪਿਆਰ ਦਿਤਾ ਤੇ ਇਸ ਧਾਰਮਿਕ ਸਿੰਗਲ ਟਰੈਕ ਨੂੰ ਬੜਾ ਮਾਣ ਸਤਿਕਾਰ ਦੇਕੇ ਸਾਡਾ ਮਾਣ ਸਤਿਕਾਰ ਕਰਨਗੀਆਂ।




## ਗਾਇਕ ਰਿੱਕੀ ਮਨ ਦਾ ਬੇਗਮਪੁਰਾ-2 ਜਲਦ ਹੋਵੇਗਾ ਰਿਲੀਜ

**ਲਸਾੜਾ/ਫਿਲੌਰ, ਬੱਗਾ ਸੇਲਕੀਆਣਾ–** ਮਿਸ਼ਨਰੀ ਗੀਤਾਂ ਦੇ ਗਾਇਕ ਰਿੱਕੀ ਮਨ ਵਲੋਂ ਸਤਿਗੁਰ ਰਵਿਦਾਸ ਜੀ ਦੇ ਮਿਸ਼ਨ ਨੂੰ ਸਮਰਪਿਤ ਸਿੰਗਲ ਟਰੈਕ, ਬੇਗਮਪੁਰਾ-2 ਲੈ ਕੇ ਬਹੁਤ ਜਲਦ ਸੰਗਤਾਂ ਅੱਗੇ ਰੁਬਰੂ ਹੋ ਰਿਹਾ ਜਾਣਕਾਰੀ ਦਿੰਦੇ ਸਮੀਤ ਸਟੈਲੋ ਰੱਤੂ ਪੱਦੀ ਖਾਲਸਾ ਨੇ ਦੱਸਿਆ ਕਿ ਇਸ ਰਚਨਾ ਨੂੰ ਗਗਨ ਕੰਦੋਲਾ ਨੇ ਲਿਖਿਆ ਹੈ ਤੇ ਇਸ ਦਾ ਸੰਗੀਤ ਮੈਲੋਡੀ ਬੀਟ ਵਲੋਂ ਤਿਆਰ ਕੀਤਾ ਤੇ ਇਸ ਦਾ ਫਿਲਮਾਂਕਣ ਵੀ ਮੁਕੰਮਲ ਕਰਕੇ ਸੰਗੀਤ ਦੀ ਜਗਤ ਦੀ ਨਾਮਵਰ ਕੰਪਨੀ ਅਸ਼ੋਕਾ ਇੰਟਰ-ਟੇਨਮੈਂਟ ਦੇ ਲੈਬਲ ਤਹਿਤ ਲਵਿਕ ਤੇ ਰੋਮਿਕ ਬੈਂਸ ਦੀ ਦੇਖ ਰੇਖ ਹੇਠ ਜਲਦ ਰਿਲੀਜ ਹੋ ਜਾਵੇਗਾ ਤੇ ਆਸ ਕਰਦੇ ਹਾਂ ਆਪਣੇ ਰਹਿਬਰਾਂ ਦੇ ਮਿਸ਼ਨ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਪਹਿਲਾਂ ਆਏ ਗੀਤਾਂ ਵਾਂਗ ਇਸ ਧਾਰਮਿਕ ਟਰੈਕ ਨੂੰ ਮਾਣ ਸਤਿਕਾਰ ਦੇਣਗੀਆਂ ਧੰਨਵਾਦ ਏ ਸਾਰੀਆਂ ਸੰਗਤਾਂ ਦਾ ਜਿਨਾ ਸਾਡੇ ਗੀਤਾਂ ਨੂੰ ਭਰਵਾਂ ਹੁੰਗਾਰਾ ਦਿਤਾ।





## ਗਾਇਕ ਬਲਵਿੰਦਰ ਬਿੱਟੂ ਦਾ ਧਾਰਮਿਕ ਟਰੈਕ ਜਲਦ ਹੋਵੇਗਾ ਰਿਲੀਜ

**ਲਸਾੜਾ/ਫਿਲੌਰ, ਬੱਗਾ ਸੇਲਕੀਆਣਾ–** ਮਿਸ਼ਨਰੀ ਗੀਤਾਂ ਦੇ ਪ੍ਰਸਿੱਧ ਲੋਕ ਸਵ.ਜਨਾਬ ਮੋਹਣ ਬੰਗੜ ਦੇ ਲਾਡਲੇ ਸ਼ਾਗਿਰਦ ਤੇ ਸੁਰੀਲੇ ਗਾਇਕ ਬਲਵਿੰਦਰ ਬਿੱਟੂ ਵਲੋਂ ਸਤਿਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਗਟ ਦਿਵਸ ਤੇ ਸਿੰਗਲ ਟਰੈਕ, ਬਾਣੀ ਨਾਲ ਜੋੜੋ ਸਤਿਗੁਰੂ, ਧਾਰਮਿਕ ਟਰੈਕ ਆ ਰਿਹਾ ਹੈ ਜਾਣਕਾਰੀ ਦਿੰਦੇ ਹੋਏ ਗਾਇਕ ਬਲਵਿੰਦਰ ਬਿੱਟੂ ਨੇ ਦੱਸਿਆ ਕਿ ਇਸ ਧਾਰਮਿਕ ਰਚਨਾ ਨੂੰ ਐਮ ਕੇ ਝੰਮਟ ਮੇਹਲੀਆਣਾ ਨੇ ਕਲਮਬੱਧ ਕੀਤਾ ਇਸ ਦਾ ਸੰਗੀਤ ਦੀਪ ਮਹਿਰਾ ਵਲੋਂ ਤਿਆਰ ਕੀਤਾ ਤੇ ਇਸ ਦਾ ਵੀਡੀਓ ਐਨ.ਬੀ ਸਾਬ ਵਲੋਂ ਬਣਾਇਆ ਹੈ ਇਸ ਦੀ ਮਿਕਸਿੰਗ ਅਨਿਲ ਸ਼ਰਮਾ ਨੇ ਕੀਤੀ ਹੈ ਤੇ ਇਸ ਟਰੈਕ ਚ ਮੇਰਾ ਸਾਥ ਗਾਇਕਾ ਪ੍ਰੀਆ ਬੰਗਾ ਤੇ ਰਿਧੀ ਬੰਗਾ ਨੇ ਦਿਤਾ ਤੇ ਇਸ ਧਾਰਮਿਕ ਟਰੈਕ ਨੂੰ ਸੰਗੀਤ ਜਗਤ ਦੀ ਨਾਮਵਰ ਕੰਪਨੀ ਓਨ ਰਿਕਾਰਡ ਵਲੋਂ ਬਹੁਤ ਵੱਡੇ ਪੱਧਰ ਤੇ ਸੰਗਤਾਂ ਦੇ ਸਨਮੁੱਖ ਕਰ ਦਿਤੀ ਜਾਵੇਗੀ ਤੇ ਸੰਗਤਾਂ ਇਸ ਟਰੈਕ ਨੂੰ ਬੜਾ ਭਰਵਾਂ ਹੁੰਗਾਰਾ ਦੇਣਗੀਆਂ ਤੇ ਧੰਨਵਾਦ ਏ ਸਾਰੀਆਂ ਸੰਗਤਾਂ ਦਾ ਜੋ ਮੇਰੇ ਮਿਸ਼ਨਰੀ ਗੀਤਾਂ ਨੂੰ ਬਹੁਤ ਪਿਆਰ ਸਤਿਕਾਰ ਦੇਣਗੇ ਤੇ ਜਿਹੜੇ ਸਹਿਜੋਗੀਆਂ ਨੇ ਸਾਡਾ ਸਾਥਾ ਦਿਤਾ ਉਨਾਂ ਦਾ ਤਹਿ ਦਿਲੋਂ ਰਿਣੀ ਰਹਾਂਗੇ।



# ਜੈਤੋ ਦਾ ਮੋਰਚਾ (21 ਫਰਵਰੀ)
# ਜਦੋਂ ਅੰਗਰੇਜ਼ ਹਕੂਮਤ ਨੂੰ ਝੁਕਣਾ ਪਿਆ



ਸਿੱਖ ਧਰਮ ਅਤੇ ਰਾਜਨੀਤੀ ਦੁਨੀਆਂ ਵਿਚ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਹਰ ਕੁਰਬਾਨੀ ਕੌਮ ਦੀ ਅਣਖ ਵਾਸਤੇ ਦਿੱਤੀ ਹੈ। ਮਨੁੱਖਤਾ ਵਿਰੋਧੀ ਹਕੂਮਤ ਦੇ ਜ਼ੁਲਮ ਅਤੇ ਅਨਿਆ ਦੀ ਹਮੇਸ਼ਾ ਵਿਰੋਧਤਾ ਕੀਤੀ ਹੈ। ਸਮੇਂ ਦੇ ਜ਼ਾਲਮ ਹੁਕਮਰਾਨਾਂ ਦੇ ਅਣ-ਮਨੁੱਖੀ ਤਸੀਹੇ ਆਪਣੇ ਤਨ 'ਤੇ ਹੰਢਾਏ। ਦੁਸ਼ਮਣਾਂ ਨੇ ਹਮੇਸ਼ਾ ਸਿੱਖਾਂ ਨੂੰ ਖਤਮ ਕਰਨ ਦੇ ਯਤਨ ਕੀਤੇ। ਪਰ ਸਿੱਖਾਂ ਨੇ ਹਰ ਜੁਲਮ ਅਤੇ ਤਸ਼ੱਦਦ ਦੇ ਕੰਮ ਹਿਲਾ ਦਿੱਤੇ। ਦੁਸ਼ਮਣ ਵੀ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਕਿ ਇਹਨਾਂ ਵਿਚ ਕਿਹੜੀ ਸ਼ਕਤੀ ਹੈ ਜੋ ਹੱਸ ਹੱਸ ਕੇ ਜ਼ੁਲਮ ਸਹਾਰਦੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਮਹਾਰਾਜਾ ਰਣਜੀਤ ਸਿੰਘ ਨੇ ਬੜੀ ਸ਼ਰਧਾ ਨਾਲ ਗੁਰਧਾਮਾਂ ਦੇ ਨਾਉਂ ਬੜੀ ਸੰਪਤੀ ਲਗਵਾਈ ਅਤੇ ਉਹਨਾਂ ਦੀ ਖੂਬਸੂਰਤ ਦਿਖ ਵੀ ਬਣਾਈ। ਪਰ ਅੰਦਰੂਨੀ ਤੌਰ ਤੇ ਠਾਕੁਰਦੁਆਰਾ ਮਰਿਆਦਾ ਹੀ ਪ੍ਰਚੱਲਿਤ ਰਹੀ। ਅੰਗਰੇਜ਼ਾਂ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਧਾਮਾਂ ਤੇ ਮਹੰਤਾਂ ਦੇ ਕਬਜ਼ੇ ਕਰਵਾ ਕੇ ਸਿੱਖੀ ਤਾਕਤ ਨੂੰ ਠੇਸ ਪਹੁੰਚਾਉਣ ਦੀ ਸਾਜਿਸ਼ ਰਚੀ ਹੋਈ ਸੀ। ਸੰਨ 1920-25 ਦੌਰਾਨ ਗੁਰਧਾਮਾਂ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹੇਠ ਹਕੂਮਤ ਦੀ ਸ਼ਹਿ 'ਤੇ ਕਬਜ਼ਾ ਕਰੀ ਬੈਠੇ ਦੁਰਾਚਾਰੀ ਮਹੰਤਾਂ ਤੋਂ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ। ਜਿਸ ਨਾਲ ਗੁਰਧਾਮਾਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ ਗਿਆ। ਭਾਵੇਂ ਇੱਥੇ ਤੱਕ ਪਹੁੰਚਦਿਆਂ ਕਈ ਮੋਰਚੇ ਲਾਉਣੇ ਪਏ ਅਤੇ ਅਣਗਿਣਤ ਸ਼ਹੀਦੀਆਂ ਦੇਣੀਆਂ ਪਈਆਂ। 'ਜੈਤੋ ਦਾ ਮੋਰਚਾ' ਵੀ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਕਿ 28 ਸਾਲਾਂ ਦੇ ਮਹਾਰਾਜਾ ਰਿਪੁਦਮਨ ਸਿੰਘ ਆਜ਼ਾਦ ਖੁੱਲ੍ਹੇ ਵਿਚਾਰਾਂ ਦਾ ਕੌਮਪ੍ਰਸਤ ਨੌਜਵਾਨ ਸੀ। ਉਹ ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਵਿਚ ਸੇਵਾ ਭਾਵਨਾ ਰੱਖਦਾ ਸੀ। ਉਹ ਸਿੱਖ ਧਰਮ ਦੀਆਂ ਰਵਾਇਤਾਂ ਦੀ ਕਦਰ ਕਰਦਾ ਸੀ। ਅੰਗਰੇਜ਼ ਸਰਕਾਰ ਦੀਆਂ ਗਲਤ ਨੀਤੀਆਂ ਦੀ ਹਮੇਸ਼ਾ ਵਿਰੋਧਤਾ ਕਰਦਾ ਸੀ। ਅਕਾਲੀ ਲਹਿਰਾਂ ਦਾ ਵੀ ਸਮਰਥਕ ਸੀ। ਜਦੋਂ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਰੋਸ ਦਿਵਸ ਅਤੇ ਅਰਦਾਸ ਦਿਵਸ ਮਨਾਉਣ ਲਈ ਸੰਗਤਾਂ ਨੇ ਕਾਲੀਆਂ ਦਸਤਾਰਾਂ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ ਤਾਂ ਮਹਾਰਾਜਾ ਰਿਪੁਦਮਨ ਸਿੰਘ ਨੇ ਵੀ ਇਸਦਾ ਸਵਾਗਤ ਕੀਤਾ। ਅੰਗਰੇਜ਼ ਸਰਕਾਰ ਨੇ ਮਹਾਰਾਜਾ ਨੂੰ ਬਾਗੀ ਕਰਾਰ ਦਿੰਦੇ ਹੋਏ 9 ਜੁਲਾਈ 1923 ਨੂੰ ਗੱਦੀ ਤੋਂ ਲਾਂਭੇ ਕਰ ਦਿੱਤਾ। ਸਰਕਾਰ ਮਹਾਰਾਜ ਦਾ ਸਿੱਖਾਂ ਨਾਲ ਚੰਗਾ ਸਬੰਧ ਹੋਣ ਤੇ ਔਖੀ ਸੀ ਤੇ ਬਹਾਨੇ ਦੀ ਤਲਾਸ਼ ਵਿਚ ਸੀ। ਸੰਗਤ ਨੇ ਅਨੁਭਵ ਕੀਤਾ ਕਿ ਇਹ ਅੰਗਰੇਜ਼ੀ ਹਕੂਮਤ ਦਾ ਸਿੱਖ ਧਰਮ ਵਿਚ ਸਿੱਧਾ ਦਖਲ ਹੈ। ਸ਼੍ਰੋਮਣੀ ਕਮੇਟ ਨੇ ਅਗਸਤ 5, 1923 ਨੂੰ ਮਹਾਰਾਜਾ ਦੀ ਬਹਾਲੀ ਦਾ ਮਤਾ ਪਾਸ ਕੀਤਾ। ਇਹ ਫੈਸਲਾ ਵੀ ਹੋਇਆ ਕਿ 25, 26 ਅਤੇ 27 ਅਗਸਤ 1923 ਨੂੰ ਗੁਰਦੁਆਰਾ ਗੰਗ ਸਾਹਿਬ ਵਿਖੇ ਦੀਵਾਨ ਸਜਾ ਕੇ ਪਾਠ ਕੀਤਾ ਜਾਵੇ। ਉਸੇ ਵੇਲੇ ਗਿਆਨੀ ਇੰਦਰ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸਤੰਬਰ 1, 1923 ਨੂੰ ਸ਼੍ਰੋਮਣੀ ਕਮੇਟੀ ਨੇ ਫਿਰ ਸਿੰਘਾਂ ਨੂੰ ਪਾਠ ਕਰਨ ਭੇਜਿਆ। ਸਰਕਾਰੀ ਅਫਸਰਾਂ ਨੇ ਫਿਰ ਪਾਠੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

14 ਸਤੰਬਰ, 1923 ਨੂੰ ਇਸ ਪਾਠ ਖੰਡਿਤ ਦੀ ਘਟਨਾ ਨੇ ਰਾਜਨੀਤਿਕ ਅਤੇ ਧਾਰਮਿਕ ਰੰਗਤ ਫੜ ਲਈ। ਇਸ ਦੇ ਨਾਲ ਹੀ 'ਜੈਤੋ ਦਾ ਮੋਰਚਾ' ਆਰੰਭ ਹੋਇਆ ਜੋ ਬਾਕੀ ਮੋਰਚਿਆਂ ਤੋਂ ਲੰਮਾ ਚੱਲਿਆ। ਜੋ ਗੁਰਦੁਆਰਾ ਸੁਧਾਰ ਲਹਿਰ ਦਾ ਸਭ ਤੋਂ ਵੱਡਾ ਮੋਰਚਾ ਹੈ। 15 ਸਤੰਬਰ 1923 ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ 25-25 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਹੋ ਗਏ। ਸਿੰਘਾਂ ਨੂੰ ਗ੍ਰਿਫਤਾਰ ਕਰਕੇ ਮਾਰ ਕੁੱਟ ਕਰਕੇ ਦੂਰ ਲਿਜਾ ਕੇ ਛੱਡ ਦਿੱਤਾ ਜਾਂਦਾ। ਸਿੰਘ ਫਿਰ ਤੋਂ ਜਥੇ ਵਿਚ ਸ਼ਾਮਲ ਹੋਣ ਲਈ ਚਲੇ ਜਾਂਦੇ। ਲੱਗਭੱਗ 5 ਮਹੀਨੇ ਜਥਿਆਂ ਦੀਆਂ ਗ੍ਰਿਫਤਾਰੀਆਂ ਹੁੰਦੀਆਂ ਰਹੀਆਂ। ਇਸ ਮੋਰਚੇ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਚਲਾਈ ਜਾ ਰਹੀ ਸੀ। ਅੰਗਰੇਜ਼ ਸਰਕਾਰ ਨੇ ਇਹਨਾਂ ਦੋਹਾਂ ਜਥੇਬੰਦੀਆਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ। ਸਿਰਕੱਢ ਆਗੂਆਂ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨੂੰ ਬਾਗੀ ਕਰਾਰ ਦੇ ਕੇ ਸਜ਼ਾਵਾਂ ਅਤੇ ਜੁਰਮਾਨਾ ਕੀਤਾ।

ਦੂਜੇ ਪੜਾਅ ਵਿਚ 500-500 ਸਿੰਘਾਂ ਦਾ ਜਥਾ ਭੇਜੇ ਜਾਣ ਦਾ ਫੈਸਲਾ ਹੋਇਆ। ਤਦ 3000 ਸਿੰਘ ਗ੍ਰਿਫਤਾਰੀ ਦੇਣ ਲਈ ਪਹੁੰਚ ਗਏ। ਫਰਵਰੀ 9, 1924 ਨੂੰ 500 ਸਿੰਘਾਂ ਦਾ ਪਹਿਲਾ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਭੇਜਿਆ ਗਿਆ। ਜਦੋਂ ਬਰਗਾੜੀ (ਫਰੀਦਕੋਟ) ਪੁੱਜਾ ਜੋ ਜੈਤੋ ਤੋਂ 6 ਕੁ ਮੀਲ 'ਤੇ ਹੈ। ਇੱਥੇ ਕੁਝ ਦਿਨ ਠਹਿਰ ਕੇ ਜਥੇ ਨੇ 21 ਫਰਵਰੀ, 1924 ਨੂੰ ਜੈਤੋ ਵੱਲ ਵਧਣਾ ਸ਼ੁਰੂ ਕੀਤਾ। ਜਥੇ ਦੇ ਨਾਲ 10,000 ਦੀ ਸੰਗਤ ਵੀ ਆ ਜੁੜੀ ਸੀ। ਜਥੇਵਿਚ ਡਾ. ਕਿਚਲੂ, ਪ੍ਰਿੰ: ਗਿਡਵਾਨੀ ਅਤੇ ਜਿਮੰਡ, ਨਿਊਯਾਰਕ ਟਾਈਮਜ਼ ਦੇ ਐਡੀਟਰ ਵੀ ਸ਼ਾਮਲ ਸਨ। ਬਰਗਾੜੀ ਤੋਂ ਜਥਾ ਗੁਰਦੁਆਰਾ ਟਿੱਬੀ ਸਾਹਿਬ ਵੱਲ ਵਧਿਆ। ਅੰਗਰੇਜ਼ ਫੌਜ ਜਥੇ ਨੂੰ ਖਿਦਰਾਣੇ ਲਈ ਤਿਆਰ ਖੜ੍ਹੀ ਸੀ। ਅੰਗਰੇਜ਼ ਅਫਸਰ ਵਿਲਸਨ ਜੌਹਨਸਨ ਨੇ ਨਿਹੱਥੇ ਜਥੇ ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਸਿੰਘ ਫੱਟੜ ਅਤੇ ਸ਼ਹੀਦ ਹੁੰਦੇ ਗਏ ਪਰ ਜਥਾ ਸ਼ਾਂਤਮਈ ਅੱਗੇ ਵਧਦਾ ਗਿਆ। ਚਲਦੀ ਗੋਲੀ ਵਿਚ ਜਥਾ ਗੁਰਦੁਆਰਾ ਟਿੱਬੀ ਸਾਹਿਬ ਪਹੁੰਚ ਗਿਆ। ਜਿਹੜੀ ਸੰਗਤ ਬਚ ਨਿਕਲੀ ਸੀ ਨੂੰ ਵੀ ਗ੍ਰਿਫਤਾਰ ਕਰ ਲਿਆ। ਜਿਹਨਾਂ ਤੇ ਕੈਦ ਵਿਚ ਬਹੁਤ ਸਖਤੀ ਕੀਤੀ ਗਈ। ਇਸ ਤੋਂ ਬਾਅਦ ਵੀ 16 ਸ਼ਹੀਦੀ ਜਥੇ ਭੇਜੇ ਗਏ। ਆਖਰੀ ਜਥੇ ਤੋਂ ਬਿਨਾਂ ਸਭ ਨੂੰ ਗ੍ਰਿਫਤਾਰ ਕੀਤਾ ਜਾਂਦਾ ਰਿਹਾ। ਕੈਦ ਵਿਚ ਮਾਰ-ਕੁੱਟ ਕੀਤੀ ਜਾਂਦੀ। ਕੈਦ ਵਿਚ ਕਈ ਰੋਗੀ ਅਤੇ ਨਿਕਾਰਾ ਹੋ ਗਏ ਜਾਂ ਸ਼ਹੀਦੀ ਪਾ ਗਏ। ਪਰ ਕਿਸੇ ਨੇ ਵੀ ਹਾਰ ਨਹੀਂ ਮੰਨੀ। ਇਹਨਾਂ ਸੂਰਬੀਰਾਂ ਨੇ ਅਡੋਲ ਰਹਿ ਕੇ ਸਾਰੇ ਕਸ਼ਟ ਝੱਲੇ। ਗ੍ਰਿਫਤਾਰੀਆਂ ਦਾ ਸਿਲਸਿਲਾ ਨਾ ਮੁੱਕਦਾ ਵੇਖ ਕੇ ਕਿ ਸਿੱਖਾਂ ਦੀ ਧਰਮ ਅਤੇ ਰਾਜਨੀਤੀ ਵਿਚ ਦਖਲ ਦੇਣ ਨੇ ਅੰਗਰੇਜ਼ੀ ਸਰਕਾਰ ਨੂੰ ਬੜੀ ਮੁਸ਼ਕਿਲ ਵਿਚ ਪਾ ਦਿੱਤਾ। ਇਸ ਲੰਮੇ ਹੁੰਦੇ ਮੋਰਚੇ ਅੱਗੇ ਹਕੂਮਤ ਨੂੰ ਝੁਕਣਾ ਪਿਆ। ਇਸੇ ਵੇਲੇ ਗੁਰਦੁਆਰਾ ਕਾਨੂੰਨ ਨੰਬਰ 8, 1925 ਪਾਸ ਹੋ ਗਿਆ। ਜੁਲਾਈ, 27 1925 ਨੂੰ 'ਜੈਤੋ ਦੇ ਮੋਰਚਾ' ਦੇ ਸਾਰੇ ਕੈਦੀ ਰਿਹਾ ਹੋ ਗਏ। ਖੰਡਿਤ ਪਾਠ ਜਾਰੀ ਹੋਏ। ਸਿੰਘਾਂ ਦੇ ਸ਼ਾਂਤਮਈ ਹੌਸਲੇ ਅਤੇ ਨਿਸਚੈ ਦੀ ਸ਼ਲਾਘਾ ਹੋਈ। ਅੰਗਰੇਜ਼ੀ ਹਕੂਮਤ ਦੇ ਇਸ ਜ਼ੁਲਮ ਦੀ ਨਿਖੇਧੀ ਹੋਈ। ਸਰਕਾਰ ਰਿਪੋਰਟ ਵਿਚ ਲੱਗਭੱਗ 10,000 ਸਿੰਘਾਂ ਦੀ ਗ੍ਰਿਫਤਾਰੀ ਹੋਈ ਅਤੇ ਇਕ ਲੱਖ ਜੁਰਮਾਨਾ ਸਿੰਘਾਂ ਵੱਲੋਂ ਭਰਿਆ ਗਿਆ। ਦੇਸ਼ ਵਿਦੇਸ਼ ਤੋਂ ਗ੍ਰਿਫਤਾਰੀ ਲਈ ਜਥੇ ਪਹੁੰਚਦੇ ਰਹੇ।

# ਜ਼ਿੰਦਗੀ 'ਚ ਸਾਦਗੀ, ਸਹਿਜਤਾ ਤੇ ਸਾਰਥਿਕਤਾ ਦੀ ਅਹਿਮੀਅਤ

ਸੋਧ ਸਾਰ

ਸੁਰਜੀਤ ਮਜਾਰੀ
91+98721-93237



ਜ਼ਿੰਦਗੀ ਦੇ ਸਫ਼ਰ 'ਚ ਅਸੀਂ ਚਿੰਤਾ, ਈਰਖਾ ਤੇ ਲਾਲਚ ਦੇ ਕੰਡੇ ਬੀਜ ਕੇ ਸਾਂਤੀ, ਸਥਿਰਤਾ ਤੇ ਅਨੰਦ ਤੋਂ ਸੱਖਣੇ ਹੋ ਗਏ ਹਾਂ। ਦਿਨ ਰਾਤ ਨਿੱਜਵਾਦ ਭਾਰੂ ਹੋਣ ਨਾਲ ਸਾਕ ਸਬੰਧੀਆਂ ਤੋਂ ਮਿਲਣ ਵਾਲੀ ਅਪਣੱਤ ਵੀ ਮਨਫ਼ੀ ਹੋ ਗਈ ਹੈ। ਇਹੀ ਕਾਰਨ ਹੈ ਕਿ ਅੱਜ ਬਹੁਗਿਣਤੀ ਮਾਨਸਿਕ ਬੋਝ ਢੋਹ ਰਹੀ ਹੈ। ਦੂਜੇ ਬੰਨ੍ਹੇ ਅਮੀਰੀ ਅਤੇ ਮਸ਼ਹੂਰੀ ਦੀ ਦੌੜ 'ਚ ਦਿਲਾਂ ਦੇ ਸਕੂਨ ਨੂੰ ਪਿੱਛੇ ਛੱਡਣ ਵੀ ਮੰਦਭਾਗਾ ਹੈ। ਇਸ ਘਾਤਕ ਵਰਤਾਰੇ ਨੂੰ ਮੋੜ ਦੇਣ ਲਈ ਜੀਵਨ ਸਫ਼ਰ 'ਚ ਸਾਦਗੀ, ਸਹਿਜਤਾ ਤੇ ਸਾਰਥਿਤਾ ਦੇ ਰੰਗ ਭਰਨ ਦੀ ਲੋੜ ਹੈ।

ਵਿਅਗਤੀਗਤ ਤੌਰ 'ਤੇ ਜਨ ਜੀਵਨ 'ਚ ਸਭ ਤੋਂ ਪਹਿਲਾਂ ਤਾਂ ਸਰੀਰਕ ਤੰਦਰੁਸਤੀ ਬਣੀ ਰਹਿਣੀ ਜ਼ਰੂਰੀ ਹੈ। ਸਾਨੂੰ ਜ਼ਿੰਦਗੀ ਦੇ ਮੈਅਨੇਦਾਰ ਪਾਤਰ ਬਣਨ ਲਈ ਚੰਗੇ ਵਿਚਾਰਾਂ ਦੇ ਧਾਰਨੀ , ਮਾਪਿਆਂ ਦੇ ਕਹਿਣੇਕਾਰ, ਸੁਚੱਜਾ ਜੀਵਨ ਸਾਥ, ਦੂਜਿਆਂ ਲਈ ਸਹਿਯੋਗੀ ਭਾਵਨਾ ਅਤੇ ਸਾਂਝੇ ਕਾਰਜਾਂ 'ਚ ਸੇਵਾਵਾਂ ਆਦਿ ਗੁਣਾਂ 'ਚ ਲਬਰੇਜ ਰਹਿਣਾ ਚਾਹੀਦਾ ਹੈ। ਜੇਕਰ ਅਸੀਂ ਦੂਜਿਆਂ ਕੋਲੋਂ ਹਾਂ ਪੱਖੀ ਵਤੀਰਾ ਚਾਹੁੰਦੇ ਹਾਂ ਤਾਂ ਉਸੇ ਤਰਜ 'ਤੇ ਖ਼ੁਦ ਵੀ ਦੂਜਿਆਂ ਲਈ ਭਲਾਈ ਭਾਵਨਾਂ ਰੱਖਣੀ ਚਾਹੀਦੀ ਹੈ। ਚੰਗੇ ਮਿਲਵਰਤਣ ਨਾਲ ਰਿਸ਼ਤਾ ਵੀ ਚੰਗਾ ਨਿਭਦਾ ਹੈ ਨਹੀਂ ਤਾਂ ਇੱਕ ਵਾਰੀ ਦਿਲ ਤੋਂ ਲਹਿ ਜਾਣ ਵਾਲੇ ਲੋਕ ਚਾਹੇ ਸਾਹਮਣੇ ਖੜ੍ਹੇ ਰਹਿਣ ਤਾਂ ਵੀ ਨਜ਼ਰ ਨਹੀਂ ਆਉਂਦੇ।

ਅੱਜ ਲੋੜ ਹੈ ਅਹਿਸਾਸ ਤੇ ਅਨੁਭਵ ਦਾ ਸੁਮੇਲ ਬਣਾਉਣ ਦੀ। ਇਹ ਸਮੇਲ ਜਦੋਂ ਯਥਾਰਤ ਦੇ ਰਾਹ ਤੁਰੇਗਾ ਤਾਂ ਤੇਹ ਮੋਹ ਵਾਲੇ ਰਿਸ਼ਤਿਆਂ ਦੀ ਧਮਾਲ ਦਿਲਾਂ ਦੇ ਵਿਹੜਿਆਂ 'ਚ ਰੂਹਾਨੀਅਤ ਦਾ ਸ਼ਾਨਦਾਰ ਮੁਜ਼ਾਹਰਾ ਕਰਦੀ ਹੈ। ਕੋਸ਼ਿਸ਼ ਵੀ ਇਹੀ ਹੋਣੀ ਚਾਹੀਦੀ ਹੈ ਕਿ ਗਿਲੇ ਸ਼ਿਕਵਿਆਂ ਨਾਲ ਰਿਸ਼ਤੇ ਤੋੜਨ ਵੀ ਬਜਾਏ ਵੱਡਾ ਦਿਲ ਰੱਖਦਿਆਂ ਉਹਨਾਂ ਨੂੰ ਕਾਇਮ ਰੱਖਣ ਦੀ ਪਿਰਤ ਪਾਈ ਜਾਵੇ। ਲਿਹਾਜ਼ ਬਦਲੇ ਦਰਦ ਤੋਂ ਸਵਾਏ ਕੁੱਝ ਨਾ ਦੇਣ ਵਾਲੇ ਰਿਸ਼ਤਿਆਂ ਨੂੰ ਅਜ਼ਾਦ ਕਰ ਦੇਣਾ ਸੌਖਾ ਹੱਲ ਤਾਂ ਹੈ ਪਰ ਹੋ ਸਕਦਾ ਥੋਹੜਾ ਹੋਰ ਸਮਾਂ ਪਾ ਕੇ ਮੋੜਾ ਪੈ ਜਾਵੇ। ਗ੍ਰਹਿਸਥੀ ਜੀਵਨ 'ਚ ਬੁਨਿਆਦੀ ਰਿਸ਼ਤੇ ਵਜੋਂ ਮੋਹਰੀ ਕਤਾਰ 'ਚ ਨਿਭਣ ਵਾਲਾ ਰਿਸ਼ਤਾ ਹਮਸਫ਼ਰ ਦਾ ਹੁੰਦਾ ਹੈ। ਇਸ ਬਾਰੇ ਇਹ ਧਾਰਨਾ ਸਰਬਪ੍ਰਮਾਣਿਤ ਹੈ ਕਿ ਜਦੋਂ ਹਮਸਫ਼ਰ ਹਰ ਹਾਲ 'ਚ ਸਾਥ ਦੇਣ ਵਾਲਾ ਹੋਵੇ ਤਾਂ ਹਿੰਮਤ ਟੁੱਟ ਨੀ ਸਕਦੀ ਹੈ ਤੇ ਨਾ ਹੀ ਰਿਸ਼ਤਾ।

ਸਿਆਣੇ ਕਹਿੰਦੇ ਆ ਕਿ ਚੰਗੇ ਰਿਸ਼ਤਿਆਂ ਦਾ ਸਾਥ ਸਭ ਤੋਂ ਵੱਡੀ ਪ੍ਰਾਪਤੀ 'ਚ ਗਿਣਿਆਂ ਜਾਂਦਾ ਹੈ। ਇਹ ਸਾਥ ਆਖ਼ਰੀ ਸਾਹ ਤੱਕ ਦੁੱਖ ਸੁੱਖ ਦਾ ਭਾਗੀਦਾਰ ਬਣਿਆਂ ਰਹਿਣਾ ਚਾਹੀਦਾ ਹੈ। ਰਾਹੇ ਵਗਾਹੇ ਸਫ਼ਰ ਤਹਿ ਕਰਦਿਆਂ ਵਕਤ ਤੇ ਹਾਲਾਤ ਤਾਂ ਬਦਲਦੇ ਰਹਿੰਦੇ ਹਨ ਪਰ ਚੰਗੇ ਰਿਸ਼ਤਿਆਂ 'ਚ ਕਿਸੇ ਤਰ੍ਹਾਂ ਦਾ ਬਦਲ ਨਹੀਂ ਆਉਂਣਾ ਚਾਹੀਦਾ। ਇਸੇ ਕਰਕੇ ਰਿਸ਼ਤਿਆਂ ਦੀ ਸਾਂਝ ਤੋਂ ਪਹਿਲਾਂ ਸੋਚ ਤੇ ਸਾਥ ਦੀ ਪਰਖ ਕਰ ਲੈਣੀ ਹੀ ਉਚਿੱਤ ਹੈ। ਅਸਲ 'ਚ ਅਸੀਂ ਅਪਣੱਤ ਦੇ ਅਰਥਾਂ ਤੋਂ ਹੀ ਅਣਜਾਨ ਹਾਂ। ਅਪਣੱਤ ਦਾ ਸਹੀ ਅਨੁਵਾਦ ਸਹੀ ਅਰਥਾਂ 'ਚ ਉੱਥੇ ਹੁੰਦਾ ਹੈ ਜਿੱਥੇ ਅਗਲਾ ਤੁਹਾਡੀ ਮੁਸਕਾਨ ਪਿਛਲੇ ਦਰਦ, ਗੁੱਸੇ ਪਿਛਲੇ ਪਿਆਰ, ਚੁੱਪ ਪਿਛਲੇ ਕਾਰਨ ਤੇ ਸਫ਼ਲਤਾ ਪਿਛਲੇ ਸੰਘਰਸ਼ ਨੂੰ ਸਮਝਦਾ ਹੋਵੇ।

ਜ਼ਿੰਦਗੀ 'ਚ ਕਈ ਵਾਰ ਇਹ ਵਰਤਾਰਾ ਵੀ ਦੇਖਿਆ ਕਿ ਅਸੀਂ ਕਈ ਵਾਰ ਕਈ ਰਿਸ਼ਤੇ ਹਾਲਤਾਂ ਦੀ ਮਜ਼ਬੂਰੀ 'ਚ ਹੀ ਨਿਭਾ ਕਰ ਰਹੇ ਹੁੰਦੇ ਹਾਂ। ਅਜਿਹਾ ਨਿਭਾ ਥੋਹੜੇ ਸਮੇਂ ਲਈ ਤਾਂ ਸਹੀ ਅਵਸਥਾ ਵਰਗਾ ਮਾਹੌਲ ਸਿਰਜ ਸਕਦਾ ਹੈ ਪਰ ਲੰਬੇ ਸਮੇਂ ਲਈ ਇਹ ਦਰਦ ਤਕਲੀਫ਼ ਤੇ ਤੰਗੀ ਦਾ ਹੀ ਰੂਪ ਧਾਰ ਜਾਂਦਾ ਹੈ। ਇਸ ਲਈ ਮਜ਼ਬੂਰੀ ਰਹਿਤ ਹੋ ਕੇ ਨਫ਼ੇ ਨੁਕਸਾਨ ਦੀ ਪ੍ਰਵਾਹ ਕੀਤੇ ਬਿਨਾਂ ਆਜ਼ਾਦ ਰੂਪ 'ਚ ਨਿਭਣਾ ਚਾਹੀਦਾ ਹੈ। ਤੁਸੀਂ ਦੇਖਿਆ ਹੋਣਾ ਕਿ ਕਈ ਵਾਰ ਵੱਡੇ ਪੱਥਰਾਂ 'ਤੇ ਜੁੱਤੀ ਪਾ ਕੇ ਸਫ਼ਰ ਕਰਨ 'ਚ ਕੋਈ ਮੁਸ਼ਕਲ ਨਹੀਂ ਆਉਂਦੀ ਪਰ ਜਦੋਂ ਜੁੱਤੀ 'ਚ ਕੰਕਰ ਪੈ ਜਾਵੇ ਤਾਂ ਦੋ ਪੈਰ ਚੱਲਣਾ ਔਖਾ ਹੋ ਜਾਂਦਾ। ਇਹੀ ਹਾਲ ਰਿਸ਼ਤਿਆਂ ਨਾਲ ਤੁਰਨ ਵੇਲੇ ਹੁੰਦਾ ਹੈ ਜੇ ਕਈ ਵਾਰ ਤਾਂ ਔਖੀ ਤੋਂ ਔਖੀ ਘੜੀ 'ਚ ਵੀ ਰਿਸ਼ਤੇ ਦੀ ਅਪਣੱਤ 'ਚ ਸਫ਼ਰ ਤਹਿ ਹੋ ਜਾਂਦਾ ਹੈ ਪਾਰ ਕਈ ਵਾਰ ਸੁਖਾਲੇ ਪਲਾਂ 'ਚ ਵੀ ਕਿਸੇ ਰਿਸ਼ਤੇ ਦਾ ਰੁੱਖਾਪਨ ਬੇਚੈਨ ਕਰ ਜਾਂਦਾ ਹੈ। ਇਸ ਸਥਿਤੀ 'ਚ ਜਾਂ ਤਾਂ ਇਨਸਾਨ ਦੀ ਅਹਿਮੀਅਤ ਸਮਝ ਕੇ ਉਸ ਦੀ ਬੁਰੀ ਗੱਲ ਵੀ ਭੁੱਲ ਜਾਵੋ ਨਹੀਂ ਤਾਂ ਜੇ ਗੱਲ ਚੰਗੀ ਆ ਤਾਂ ਉਸ ਇਨਸਾਨ ਦਾ ਮਾੜਾ ਵਿਵਹਾਰ ਭੁੱਲ ਜਾਵੋ।

ਰਿਸ਼ਤਿਆਂ ਦੀ ਦੁਨੀਆਂ 'ਚ ਇਹ ਸੱਚਾਈ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕੱਦਾ ਕਿ ਕਿਸੇ ਰਿਸ਼ਤੇ ਦੇ ਟੁੱਟਣ ਜਾਣ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਜਦੋਂ ਕਿਸੇ ਰਿਸ਼ਤੇ ਦੇ ਹੁੰਦੇ ਹੋਏ ਉਸ ਰਿਸ਼ਤੇ ਦਾ ਅਹਿਸਾਸ ਮਰ ਜਾਂਦਾ ਹੈ ਤਾਂ ਬੜੀ ਤਕਲੀਫ਼ ਹੁੰਦੀ ਹੈ। ਕਈ ਵਾਰ ਦੇਖਿਆ ਕਿ ਆਪਣੇ ਆਪ ਨੂੰ ਸਿਰਮੌਰ ਅਖਵਾਉਂਣ ਵਾਲਾ ਮਨੁੱਖ ਰਿਸ਼ਤੇ ਨਾਤਿਆਂ ਨਾਲ ਸਾਂਝ ਤੋੜਣ ਦੇ ਮੁੱਦੇ ਤਹਿਤ ਛੋਟੀ ਜਿਹੇ ਨੁਕਤੇ 'ਤੇ ਹੀ ਫ਼ੇਲ੍ਹ ਹੋ ਜਾਂਦਾ ਹੈ।

ਹਾਊਮੇਂ ਦੀ ਬੇਸੁਰਤੀ 'ਚ ਉਹ ਜ਼ਿੰਦਗੀ 'ਚ ਕਈ ਅਹਿਮ ਮੌਕੇ ਗੁਆ ਬਹਿੰਦਾ ਹੈ। ਅਜਿਹੇ ਮਨੁੱਖ ਲਈ ਰਿਸ਼ਤੇ ਨਿਭਾਉਣ ਦਾ ਹੁਨਰ ਦੱਸਦਾ ਉਹ ਜ਼ਿੰਦਾ ਵੱਡੀ ਉਦਾਹਰਣ ਬਣਦਾ ਹੈ ਜਿਹੜਾ ਟੁੱਟ ਤਾਂ ਜਾਂਦਾ ਹੈ ਪਰ ਚਾਬੀ ਨੀ ਬਦਲਦਾ।

ਮੁੱਕਦੀ ਗੱਲ ਕਿ ਰਿਸ਼ਤੇ ਨਾਤਿਆਂ ਦੀ ਵੱਧ ਗਿਣਤੀ ਉੱਨਾ ਮੈਅਨਾ ਨੀ ਰਖਾਉਂਦੀ ਸਗੋਂ ਉਹਨਾਂ ਦੀ ਗੁਣਵੰਨਤਾ ਹੀ ਸਾਥ ਨਿਭਾਉਂਦੀ ਹੈ। ਦੂਜੇ ਬੰਨ੍ਹੇ ਕਮੀਆਂ ਕਮਜ਼ੋਰੀਆਂ ਲਕਾਉਣ ਲਈ ਪੈਸੇ ਹੱਥ ਪ੍ਰਧਾਨਗੀ ਦੇਣਾਂ ਵੀ ਅਜਿਹੀ ਪ੍ਰੀਵਿਰਤੀ ਲਈ ਘਾਤਕੀ ਹੈ। ਸੋ ਜਦੋਂ ਤੁਸੀਂ ਗੁੱਸਾ ਆਉਣ ਦੀ ਸਥਿਤੀ 'ਚ ਰੁਕਣਾ ਅਤੇ ਗਲਤੀ ਗਲਤੀ ਕਰਕੇ ਝੁੱਕਣਾ ਸਿੱਖ ਗਏ ਤਾਂ ਆਪੇ ਸਭ ਕੁਝ ਬਦਲਿਆ ਬਦਲਿਆ ਲੱਗੇਗਾ। ਜੇਕਰ ਕੁਝ ਪਲ ਰੁਕ ਕੇ ਗੁੱਸਾ ਸ਼ਾਂਤ ਹੋਣ ਬਾਅਦ ਲਾਭ ਹੋ ਸਕਦਾ ਹੈ ਜਾਂ ਝੁਕਣ ਨਾਲ ਗਲਤੀ ਅੱਖੋਂ ਪਰੋਖੇ ਹੋਣ ਦਾ ਵਸੀਲਾ ਬਣ ਸਕਦਾ ਹੈ ਤਾਂ ਇਹਦੇ ਨਾਲ ਦੀ ਕੋਈ ਰੀਸ ਵੀ ਨਹੀਂ। ਇਹ ਵੀ ਸੱਚਾਈ ਹੈ ਕਿ ਰਿਸ਼ਤੇ ਕਦੀ ਵੀ ਕੁਦਰਤੀ ਮੌਤ ਨਹੀਂ ਮਰਦੇ ਇਹਨਾਂ ਨੂੰ ਨਫ਼ਰਤਾ ਦੀ ਘੁੱਟਣ 'ਚ ਹਮੇਸ਼ਾਂ ਅਸੀਂ ਹੀ ਕਤਲ ਕਰਦੇ ਹਾਂ।

ਸੋ ਰਿਸ਼ਤਿਆਂ ਨੂੰ ਹਮੇਸ਼ਾਂ ਅਪਣੱਤ ਦੀ ਮਹਿਕ ਦਿਓ। ਖੁਸ਼ ਰਹੋ, ਦੂਜਿਆਂ ਦੀ ਖੁਸ਼ੀ ਦਾ ਸਬੱਬ ਬਣੋ ਅਤੇ ਖੁਦ ਜੀਓ, ਦੂਜਿਆਂ ਨੂੰ ਜੀਣ ਦਿਓ।

# 21 ਮਾਰਚ ਨੂੰ ਧਰਤੀ ਕੋਲੋਂ ਲੰਘੇਗਾ ਬੇਹੱਦ ਵਿਸ਼ਾਲ ਐਸਟਰਾਇਡ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਕ ਐਸਟਰਾਇਡ ਧਰਤੀ ਦੇ ਕੋਲ ਆਉਣ ਲਈ ਤਿਆਰ ਹੈ। ਹੁਣ ਤਕ ਦਾ ਸਭ ਤੋਂ ਵੱਡਾ ਮੰਨਿਆ ਜਾਣ ਵਾਲਾ ਇਹ ਐਸਟਰਾਇਡ 21 ਮਾਰਚ ਨੂੰ ਸਾਡੀ ਧਰਤੀ ਦੇ ਸਭ ਤੋਂ ਨੇੜੇ ਹੋਵੇਗਾ। 231937 (2001 ਐੱਫਓ 32) ਨਾਮਕ ਇਹ ਐਸਟਰਾਇਡ ਆਈਫਿਲ ਟਾਵਰ ਤੋਂ ਤਿੰਨ ਗੁਣਾ ਵੱਡਾ ਦੱਸਿਆ ਜਾ ਰਿਹਾ ਹੈ। ਨਾਸਾ ਦੇ ਹਿਸਾਬ ਨਾਲ ਇਹ ਸਪੇਸ ਰਾਕ ਤਕਰੀਬਨ 34.4 ਕਿਲੋਮੀਟਰ ਪ੍ਰਤੀ ਸੈਕੰਡ ਜਾਂ 123,000 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਸੋਲਰ ਸਿਸਟਮ ਤੋਂ ਲੰਘਣ ਵਾਲਾ ਹੈ। ਇਹ ਐਸਟਰਾਇਡ 5.3 ਲੂਨਾਰ ਡਿਸਟੈਂਸ ਨਾਲ ਸਾਡੀ ਧਰਤੀ ਦੇ ਕੋਲੋਂ ਹੋ ਕੇ ਜਾਵੇਗਾ। ਇਕ ਲੂਨਾਰ ਡਿਸਟੈਂਸ 384,317 ਕਿਲੋਮੀਟਰ ਦੇ ਬਰਾਬਰ ਹੁੰਦਾ ਹੈ ਭਾਵ ਧਰਤੀ ਅਤੇ ਚੰਦਰਮਾ ਦੇ ਵਿਚਕਾਰ ਦੀ ਦੂਰੀ। ਉਥੇ ਹੀ ਧਰਤੀ ਅਤੇ 2001 ਐੱਫਓ 32 ਦੀ ਦੂਰੀ ਤਕਰੀਬਨ ਦੋ ਮਿਲੀਅਨ ਕਿਲੋਮੀਟਰ ਤੋਂ ਜ਼ਿਆਦਾ ਹੋਣ ਵਾਲੀ ਹੈ। ਜੇਕਰ ਤੁਸੀਂ ਇਸ ਨੂੰ ਦੇਖਣਾ ਚਾਹੁੰਦੇ ਹੋ ਤਾਂ ਤੁਹਾਨੂੰ 8" ਜਾਂ ਉਸਤੋਂ ਜ਼ਿਆਦਾ ਵੱਡੇ ਡਾਇਆਮੀਟਰ ਵਾਲਾ ਟੈਲੀਸਕੋਪ ਇਸਤੇਮਾਲ ਕਰਕੇ ਸਵੇਰੇ 8 ਵਜੇ ਤੋਂ 8.30 ਵਿਚਕਾਰ ਦੇਖ ਸਕਦੇ ਹੋ। 2001 ਐੱਫਓ 32 ਨਾਮਕ ਇਸ ਦੀ ਖੋਜ 23 ਮਾਰਚ, 2001 'ਚ ਕੀਤੀ ਗਈ ਸੀ। ਇਸ ਨੂੰ ਨਾਸਾ ਦੁਆਰਾ ਅਪੋਲੋ ਗਰੁੱਪ ਤਹਿਤ ਕਲਾਸੀਫਾਈ ਕੀਤਾ ਗਿਆ ਸੀ। 020 6 ਨਾਮ ਦਾ ਇਕ ਐਸਟਰਾਇਡ ਧਰਤੀ ਦੇ ਪਿਛਲੇ ਹਿੱਸੇ ਲਈ ਤਿਆਰ ਹੈ ਅਤੇ 22 ਫਰਵਰੀ ਨੂੰ ਸਾਡੇ ਗ੍ਰਹਿ ਦੇ ਸਭ ਤੋਂ ਨੇੜੇ ਹੋਣ ਦੀ ਉਮੀਦ ਹੈ। ਅੰਤਰਰਾਸ਼ਟਰੀ ਰਿਪੋਰਟਾਂ ਅਨੁਸਾਰ ਐਸਟਰਾਇਡ ਦੀ ਲੰਬਾਈ 213 ਮੀਟਰ ਅਤੇ ਸਟੈਚੂ ਆਫ ਲਿਬਰਟੀ ਦੇ ਆਕਾਰ ਤੋਂ ਲਗਪਗ ਦੁੱਗਣੀ ਹੈ। ਇਹ ਵਰਤਮਾਨ 'ਚ ਇਕ ਘੰਟੇ 'ਚ 30,240 ਕਿਲੋਮੀਟਰ ਦੀ ਜ਼ਬਰਦਸਤ ਗਤੀ ਨਾਲ ਸੌਰ ਪ੍ਰਣਾਲੀ ਦੇ ਕਰੀਬ ਪਹੁੰਚ ਰਿਹਾ ਹੈ। ਆਪਣੀ ਗਤੀ ਦਾ ਅਹਿਸਾਸ ਕਰਵਾਉਣ ਲਈ ਇਕ ਘੰਟੇ 'ਚ ਧਰਤੀ ਦੇ ਚਾਰੋਂ ਪਾਸਿਆਂ ਤੋਂ ਯਾਤਰਾ ਕਰ ਸਕਦਾ ਹੈ। ਨਾਸਾ ਨੇ ਕਿਹਾ ਕਿ ਧਰਤੀ ਨਾਲ ਨਹੀਂ ਟਕਰਾਏਗਾ, ਪਰ ਇਸਨੂੰ 'ਸੰਭਾਵਿਤ ਖ਼ਤਰਨਾਕ' ਦੇ ਰੂਪ 'ਚ ਵਰਗੀਕ੍ਰਿਤ ਕੀਤਾ ਗਿਆ ਹੈ। ਪ੍ਰਮੁੱਖ ਪੁਲਾੜ ਸੰਗਠਨ ਨੇ ਐਸਟਰਾਇਡ ਨੂੰ 'ਨਿਯਰ ਆਰਥ ਆਬ-ਜੈਕਟ' ਦੇ ਰੂਪ 'ਚ ਵਰਣਿਤ ਕੀਤਾ ਹੈ।



# ਜ਼ਿੰਦਗੀ ਦੇ ਅਧਵਾਟਿਉਂ ਹੀ ਅਲਵਿਦਾ ਕਹਿ ਗਿਆ ਸਾਡਾ ਆਪਣਾ ਡਾ.ਦਰਸ਼ਨ ਬੜੀ

ਡਾ: ਦਰਸ਼ਨ ਬੜੀ ਦੀ ਬੀਤੀ 6 ਫਰਵਰੀ ਨੂੰ ਆਪਣੇ ਯਾਰਾਂ, ਮਿੱਤਰਾ ਚਹੇਤਿਆਂ ਨਾਲ ਬੜੀ ਅਣਹੋਣੀ ਕਰ ਗਿਆ। ਦਰਸ਼ਨ ਬੜੀ ਕਬੱਡੀ ਦੀ ਕੁਮੈਂਟਰੀ ਦਾ, ਸੱਭਿਆਚਾਰ ਸਟੇਜ ਦਾ, ਥੀਏਟਰ ਦਾ , ਗੱਲਾਂ ਬਾਤਾਂ ਦੇ ਭੰਡਾਰ ਦਾ ਬੜਾ ਕਮਾਲ ਦਾ ਕਲਾਕਾਰ ਸੀ ਪਰ ਜ਼ਿੰਦਗੀ ਦੇ ਅੱਧ ਵਾਟਿਓਂ ਹੀ ਉਹ ਤੁਰ ਗਿਆ ਅਜੇ ਉਸ ਦੇ ਮਨ ਦੀਆਂ ਕਾਫ਼ੀ ਰੀਝਾਂ ਅਧੂਰੀਆਂ ਸਨ ਜੋ ਉਸ ਨੇ ਪੂਰੀਆਂ ਕਰਨੀਆਂ ਸਨ।

ਬੜੀ ਸਾਹਿਬ ਨਾਲ ਮੇਰੀ ਪਹਿਲੀ ਮੁਲਾਕਾਤ 1993 ਵਿੱਚ ਜਰਖੜ ਖੇਡਾਂ ਤੇ ਹੀ ਹੋਈ ਸੀ ਜਦੋਂ ਜਗਦੇਵ ਸਿੰਘ ਜੱਸੋਵਾਲ ਦੇ ਨਾਲ ਉਹ ਆਏ ਸਨ, ਮਿਲਣ ਸਾਰ ਹੀ ਉਸ ਦੇ ਇਹ ਬੋਲ ਸਨ ਤੇ ਅਗਲੇ ਸਾਲ ਭਾਵੇਂ ਸੱਦੀ ਭਾਵੇਂ ਨਾ , ਮੈਂ ਜਰਖੜ ਆਉਂਗਾ ਦੇਖੀ ਫਿਰ ਤੇਰੀਆਂ ਖੇਡਾਂ ਦੇ ਰੰਗ ਕਿਵੇਂ ਬੰਨਦਾ ,ਵਾਕਿਆ ਹੀ ਉਸ ਨੇ ਫਿਰ ਕਈ ਸਾਲ ਜਰਖੜ ਖੇਡਾਂ ਤੇ ਆਪਣੀ ਕਲਾਕਾਰੀ ਦਾ ਰੰਗ ਬੰਨ੍ਹਿਆ। 1995 ਦੀਆਂ ਖੇਡਾਂ ਤੇ ਬੜੀ ਨੇ ਮੇਰੇ ਨਾਲ ਕੀਤਾ 2 ਹਜਾਰ ਦਾ ਇਕਰਾਰ ਪਰ ਗੱਲਾਂਬਾਤਾਂ ਮਾਰ ਕੇ ਮੈਥੋਂ ਲੈ ਗਿਆ 3 ਹਜਾਰ ਫਿਰ ਮੈਂ ਵੀਂ ਤਿੰਨ ਚਾਰ ਸਾਲ ਉਸ ਨੂੰ ਇਹ ਕਹਿ ਕੇ ਪੈਸੇ ਨਹੀਂ ਦਿੱਤੇ ਕਿ ਬੜੀ ਸਾਹਿਬ ਪਿਛਲੀ ਵਾਰ ਤੁਹਾਡੇ ਵੱਲ ਵੱਧ ਚਲੇ ਗਏ ਸਨ ਪਰ ਫਿਰ ਵੀ ਵਿਚਾਰਾ ਕਿਸੇ ਗੱਲ ਦਾ ਗਿਲਾ ਨਹੀਂ ਕਰਦਾ ਸੀ ਕੋਈ ਗੱਲ ਨ੍ਹੀਂ ਪੈਸੇ ਕਿਹੜਾ ਨਾਲ ਲੈ ਜਾਨੇ ਆਂ ਤੁਹਾਡਾ ਪਿਆਰ ਚਾਹੀਦਾ। ਵੱਡੇ ਬਾਦਲ ਸਾਹਿਬ ਜਦੋਂ 1995 ਵਿੱਚ ਜਰਖੜ ਖੇਡਾਂ ਤੇ ਆਏ ਤਾਂ ਉਨ੍ਹਾਂ ਨੇ ਬੜੀ ਦੀ ਰੱਜ ਕੇ ਤਾਰੀਫ਼ ਕੀਤੀ ਕਿ ਬੁਲਾਰਾ ਹੋਵੇ ਤਾਂ ਬੜੀ ਵਰਗਾ। ਸਾਲ 2006 ਦੇ ਵਿੱਚ ਜਦੋਂ ਗੁਰਦਾਸ ਮਾਨ ਜਰਖੜ ਖੇਡਾਂ ਦੀ ਸਟੇਜ ਤੇ ਚੜ੍ਹਿਆ ਉਸ ਨੇ ਵੀ ਕਿਹਾ ਕਿ ਬੜੀ ਵਰਗਾ ਹੀਰਾ ਨਹੀਂ ਮਿਲਣਾ ਮੈਂ ਤੇ ਬੜੀ ਦੋਨੋਂ ਕੈਰੀਅਰ ਦੀ ਸ਼ੁਰੂਆਤ ਵੇਲੇ ਭੁੰਜੇ ਸੌਂਦੇ ਰਹੇ ਹਾਂ ਅੱਜ ਮੈਂ ਸਟੇਜ ਤੇ ਇਹ ਖੇਡ ਮੈਦਾਨਾਂ ਦੇ ਵਿਚ ਆਪਣੀ ਕਲਾਕਾਰੀ ਦਾ ਰੰਗ ਬਖੇਰ ਰਿਹਾ ਹੈ। ਮੈਂ ਆਪਣੀ ਪੱਤਰਕਾਰੀ ਦਾ ਪਹਿਲਾ ਆਰਟੀਕਲ ਵੀ ਬੜੀ ਕੋਲੋਂ ਹੀ ਲਿਖਵਾਇਆ ਸੀ ਉਸ ਤੋਂ ਬਾਅਦ ਮੇਰੀ ਪੱਤਰਕਾਰੀ ਦੀ ਚਲੋ ਚੱਲ ਹੋਈ।

ਇੱਕ ਵਾਰ ਤਾਂ ਬੜੀ ਸਾਹਿਬ ਨੇ ਸਾਡਾ ਚੰਗਾ ਕੁਟਾਪਾ ਵੀ ਕਰਵਾ ਦੇਣਾ ਸੀ ਮੈਨੂੰ ਕਹਿੰਦਾ ਜਗਰੂਪ ਸਿੰਘ ਇੰਗਲੈਂਡ ਦਾ ਵੀਜਾ ਲਗਵਾ ਕੇ ਦੇਵਾਂ ਮੈਂ ਕਿਹਾ ਹੋਰ ਕੀ ਚਾਹੀਦੈ ਕਹਿੰਦਾ ਕੱਲ੍ਹ ਨੂੰ ਝੋਰੜਾਂ ਖੇਡ ਮੇਲੇ ਤੇ ਆ ਜਾਵੀਂ ਮੈਂ ਤੇ ਮੇਰਾ ਸਾਥੀ ਹਾਕੀ ਵਾਲਾ ਕੋਚ ਹਰਮਿੰਦਰਪਾਲ ਪੱਪੂ ਵੀਜ਼ੇ ਦੇ ਲਾਲਚ ਵਿੱਚ ਝੋਰੜਾਂ ਚਲੇ ਗਏ। ਸਾਨੂੰ ਕਬੱਡੀ ਗਰਾਊਂਡ ਦੇ ਵਿਚ ਪਰੇ ਕਰਕੇ ਕਹਿੰਦਾ ਜਗਰੂਪ ਸਿਆਂ ਤੇਰੇ ਚ ਜਾਨ ਬਥੇਰੀ ਬਥੇਰੀ ਆਂ ,ਪੱਪੂ ਕੋਚ ਵਿੱਚ ਚਲਾਕੀ ਬਹੁਤਾ ਆਂ ਇਹ ਰੇਡਾਂ ਪਾਊ ਤੂੰ ਜੱਫੇ ਲਾਵੀਂ ਬਸ ਜੇ ਥੋੜ੍ਹਾ ਜਿਹਾ ਚੰਗਾ ਖੇਡ ਦਿਉ, ਮੈਂ ਆਪੇ ਇੰਗਲੈਂਡ ਵਾਲਿਆਂ ਨੂੰ ਕਹਿ ਕੇ ਤੁਹਾਡਾ ਵੀਜਾ ਲਵਾ ਦੇਣਾ ਪਰ ਜਦੋਂ ਅਸੀਂ ਉਥੇ ਹਰਜੀਤ ਬਾਜਾਖਾਨਾ, ਕੋਕਤ ਵਾਲਾ ਫੌਜੀ, ਭਿੰਦਰ ਨਵਾਂਪਿੰਡੀਆ ਵਰਗੇ ਤਕੜੇ ਕਬੱਡੀ ਖਿਡਾਰੀ ਦੇਖੇ ਸਾਨੂੰ ਇਹ ਨਾ ਪਤਾ ਲੱਗੇ ਤੇ ਗਰਾਊਂਡ ਚੋਂ ਬਾਹਰ ਨਿਕਲ ਕੇ ਝੋਰੜਾ ਦਾ ਬੱਸ ਅੱਡਾ ਕਿੱਥੇ ਆ,ਅਸੀਂ ਬੱਸ ਵੀ ਨਹੀਂ ਉਡੀਕੀ , ਟੈਂਪੂ ( ਭੂੰਡ ਜਿਹਾ) ਚ ਚੜ੍ਹ ਕੇ ਮੁੱਲਾਪੁਰ ਆਕੇ ਸਾਹ ਲਿਆ। ਇਕ ਵਾਰੀ ਮੈਂ ਕਿਹਾ ਬੜੀ ਸਾਹਿਬ ਹੁਣ ਬਹੁਤ ਲੇਟ ਹੋ ਗਏ ਵਿਆਹ ਤਾਂ ਕਰਵਾ ਲਵੋ ਮੈਨੂੰ ਕਹਿੰਦਾ ਤੁਹਾਡੇ ਭਾਈਚਾਰੇ ਵਿੱਚ ਫਲਾਨੀ ਕੁੜੀ ਪੱਤਰਕਾਰ ਹੈ ਉਦੋਂ ਨਾਲ ਕਰਵਾ ਦੇ , ਮੈਂ ਜਾ ਕੇ ਉਸ ਕੁੜੀ ਕੋਲ ਫਰਿਆਦ ਕੀਤੀ ਉਹ ਕੁੜੀ ਕਹਿੰਦੀ ਬੜੀ ਨੇ ਤਾਂ ਜੁੱਤੀਆਂ ਖਾਣੀਆਂ ਨੇ, ਤੂੰ ਵੀ ਮੇਰਾ ਖ਼ਿਆਲ ਖਾਵੇਂਗਾ ਮੈਂ ਆ ਕੇ ਬੜੀ ਕੋਲ ਗੱਲ ਕੀਤੀ ਕਹਿੰਦਾ ਹੁਣ ਤੂੰ ਵਿਆਹ ਵਾਲਾ ਵਰਕਾ ਪਾੜ ਹੀ ਦੇ, ਮੁੜਕੇ ਨਾ ਵਿਆਹ ਉਹ ਕੁੜੀ ਦਾ ਹੋਇਆ ਨਾ ਬੜੀ ਦਾ ਹੈ। ਬੜੀ ਸਾਹਿਬ ਦੇ ਨਾਲ ਬੜੀਆਂ ਯਾਦਾਂ ਜੁੜੀਆਂ ਹੋਈਆਂ ਹਨ ਭਾਵੇਂ ਉਨ੍ਹਾਂ ਨੂੰ ਯਾਦ ਕਰਕੇ ਦੋ ਕਿਤਾਬਾਂ ਲਿਖ ਲੋ।



ਕਬੱਡੀ ਦੇ ਸਟਾਰ ਹਰਜੀਤ ਬਾਜਾਖਾਨਾ ਅਤੇ ਸਰਬਜੀਤ ਸੱਬਾ ਦੀ ਗੱਲ ਉਹ ਹਮੇਸ਼ਾਂ ਕਰਦਾ ਦੋਵਾਂ ਦੀ ਫੋਟੋ ਵੀ ਉਸ ਨੇ ਆਪਣੇ ਕਮਰੇ ਵਿੱਚ ਲਾਈ ਹੋਈ ਸੀ ਹਾਕੀ ਵਾਲੇ ਸੁਰਜੀਤ ਅਤੇ ਗੁੱਜਰਵਾਲ ਵਾਲੇ ਅਮਰਜੀਤ ਗਰੇਵਾਲ ਦਾ ਦਾ ਵੀ ਬਹੁਤ ਕਦਰਦਾਨ ਸੀ। ਕੋਟਲਾ ਸ਼ਾਹੀਆ, ਗੁੱਜਰਵਾਲ, ਜਰਖੜ ਖੇਡਾਂ ਜੋਧਾਂ ਕਬੱਡੀ ਕੱਪ ਦੀ ਹਮੇਸ਼ਾਂ ਹੀ ਉਹ ਬਾਤ ਪਾਉਂਦਾ ਸੀ ਕਬੱਡੀ ਪ੍ਰਮੋਟਰ ਮੋਹਣਾਂ ਜੋਧਾਂ ਨਾਲ ਉਸਦਾ ਸੌਕਣਾਂ ਵਾਲਾ ਪਿਆਰ ਸੀ ਉਸ ਦੇ ਨਾਲ ਹਰ ਵਕਤ ਠਹਿਕਦਾ ਰਹਿੰਦਾ ਇੱਕ ਵਾਰ ਮੋਹਣੇ ਦੇ ਘਰ ਕੰਘਾ ਕੜਾ ਕ੍ਰਿਪਾਨ ਕਛਹਿਰਾ ਤੋਹਫੇ ਵਜੋਂ ਦੇ ਕੇ ਆਇਆ ਕਹਿੰਦਾ ਉਸ ਨੂੰ ਬੰਦਾ ਬਣਾਉਣਾ ਬੱਸ, ਬੜਾ ਕੁਝ ਅਜੀਬ ਜਿਹਾ ਉਹ ਕਰਦਾ ਹੀ ਰਹਿੰਦਾ ਸੀ ਹਰ ਕਿਸੇ ਨਾਲ , ਆਪਣੇ ਘਰ ਆਏ ਨੂੰ ਕਿਸੇ ਨੂੰ ਤੂੰਬੀ ਚੱਕਕੇ ਦੇ ਦਿੰਦਾ ਕਿਸੇ ਨੂੰ ਕੋਈ ਟਰਾਫੀ ਚੁੱਕ ਕੇ ਦੇ ਦਿੰਦਾ ਕਿਸੇ ਨੂੰ ਕੋਈ ਕਿਤਾਬ ਦੇ ਦਿੰਦਾ ਕਿਸੇ ਨੂੰ ਕੋਈ ਹੋਰ ਚੀਜ਼ ਦੇ ਦਿੰਦਾ , ਉਸ ਦੇ ਇਕ ਬੜੀ ਵਧੀਆ ਫਿਤਰਤ ਸੀ ਕਿ ਪਹਿਲੀ ਵਾਰ ਘਰ ਆਏ ਹਰ ਮਹਿਮਾਨ ਨੂੰ 100 ਰੁਪਏ ਸ਼ਗਨ ਜ਼ਰੂਰ ਦਿੰਦਾ ਸੀ। ਦੋ ਤਿੰਨ ਵਾਰ ਉਹ ਕੈਨੇਡਾ ਵੀ ਗਿਆ, ਆਸਟ੍ਰੇਲੀਆ ਵੀ ਗਿਆ ਪਾਕਿਸਤਾਨ ਵੀ ਗਿਆ 1981ਵਿੱਚ ਭਲੇ ਟਾਇਮਾਂ ਚ ਅਮਰੀਕਾ ਵੀ ਗਿਆ ਹਰ ਜਗ੍ਹਾ ਉਹ ਆਪਣਾ ਪਿਆਰ ਸਤਿਕਾਰ ਵੰਡ ਕੇ ਆਇਆ ਹੈ ਪਰ ਇੱਕ ਬੜੀ ਸਾਹਿਬ ਨੂੰ ਜੰਦਿਗੀ ਦਾ ਬੜਾ ਵੱਡਾ ਝੋਰਾ ਸੀ ਜੋ ਉਸ ਨੇ ਕਬੱਡੀ ਦੇ ਜੁਗਾੜੀ ਅਤੇ ਚੋਰ ਚੁੱਕੇ ਪ੍ਰਮੋਟਰਾਂ ਨੂੰ ਬਿਨਾਂ ਵਜ੍ਹਾ ਉਤਸਾਹਤ ਕੀਤਾ ਇਕ ਉਸ ਨੂੰ ਹੋਰ ਦੁੱਖ ਸੀ ਕਿ ਉਹ ਆਪਣਾ ਮਕਾਨ ਕਿਉਂ ਨਹੀਂ ਜਲਦੀ ਪਾ ਸਕਿਆ ਜੋ ਵਿਚਾਰੇ ਤੋਂ ਅੱਜ ਤਕ ਵੀ ਨਹੀਂ ਪਿਆ ਯੂਨੀਵਰਸਿਟੀ ਦੇ ਵਿੱਚ ਵੀ ਨੌਕਰੀ ਕਰਦਿਆਂ ਉਸ ਨੂੰ ਅਫਸਰਸ਼ਾਹੀ ਨਾਲ ਵੀ ਕਾਫ਼ੀ ਗਿਲੇ ਸਨ।



ਜਗਰੂਪ ਸਿੰਘ ਜਰਖੜ
98143-00722

ਜ਼ਿੰਦਗੀ ਦੇ ਬਹੁਤ ਚਾਅ ਵੀ ਅਤੇ ਬਹੁਤ ਗ਼ਮ ਵੀ ਉਹ ਨਾਲ ਲੈ ਕੇ ਗਿਆ ਪਰ ਲੱਠਾ ਬੰਦਾ ਸੀ ਦਰਿਆ ਦਿਲ ਇਨਸਾਨ ਸੀ ਲੋਹੜੇ ਦਾ ਜ਼ਿੱਦੀ ਵੀ ਸੀ ਦੁਨੀਆਂ ਭਰ ਦੇ ਆਕੜ ਗਈ ਸੀ ਪਰ ਹੱਦੋਂ ਵੱਧ ਨਿਮਰਤਾ ਵੀ ਸੀ, ਉਹ ਲੋਕਾਂ ਤੋਂ ਅੱਕ ਵੀ ਜਾਂਦਾ ਸੀ ਲੋਕ ਉਸ ਤੋਂ ਵੀ ਅੱਕ ਜਾਂਦੇ ਸਨ ਉਹ ਇੱਕ ਵਿਰਲਾ ਅਤੇ ਨਿਵੇਕਲਾ ਹੀ ਇਨਸਾਨ ਸੀ ਬੜੀ ਸਾਹਿਬ ਦੀ ਜ਼ਿੰਦਗੀ ਦਾ ਨਿਚੋੜ ਇਹ ਹੈ ਕਿ ਉਹਦੇ ਵਰਗਾ ਬੰਦਾ ਜ਼ਿੰਦਗੀ ਚ ਨਾ ਕਦੇ ਮਿਲਿਆ ਸੀ ਨਾ ਹੀ ਆਉਣ ਵਾਲੇ ਸਮੇਂ ਵਿਚ ਕਦੇ ਮਿਲੇਗਾ ਉਸ ਰੱਬ ਦੇ ਬੰਦੇ ਨੂੰ ਜਾਂਦੀ ਵਾਰ ਦਾ ਖੇਡਾਂ ਵਾਲਿਆਂ ਵੱਲੋਂ ਮੇਰਾ ਸਲੂਟ ਹੈ ਪ੍ਰਮਾਤਮਾ ਉਸ ਦਾ ਲੇਖਾ ਜੋਖਾ ਕਰਕੇ ਮੁੜ ਸਾਡੀ ਇਸ ਵਸਦੀ ਦੁਨੀਆਂ ਵਿੱਚ ਭੇਜੇ ਸਾਡਾ ਫੇਰ ਸੰਗੀ ਸਾਥੀ ਬਣੇ।।

ਸਦੀਆਂ ਬਾਅਦ ਪੈਦਾ ਹੋਣ ਵਾਲੀ ਸ਼ਖਸੀਅਤ ਨੂੰ 14 ਫਰਵਰੀ ਦਿਨ ਐਤਵਾਰ ਨੂੰ ਪਿੰਡ ਬੜੀ ਜ਼ਿਲ੍ਹਾ ਸੰਗਰੂਰ ਵਿਖੇ ਦੁਪਹਿਰ 1 ਵਜੇ ਉਸ ਨੂੰ ਆਖਰੀ ਸਲਾਮ ਵਜੋਂ ਸ਼ਰਧਾ ਦੇ ਫੁੱਲ ਭੇਟ ਕਰਾਂਗੇ।

# ਪਾਕਿ ਦੱਸੇ ਦੇਸ਼ ਦੀ ਵੰਡ ਤੋਂ ਪਹਿਲੇ ਤੇ ਬਾਅਦ 'ਚ ਬਣੇ ਗੁਰਦੁਆਰਿਆਂ ਦੀ ਗਿਣਤੀ- ਸ਼੍ਰੋਮਣੀ ਕਮੇਟੀ

**ਨਵੀਂ ਦਿੱਲੀ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਦੇਸ਼ ਦੀ ਵੰਡ ਤੋਂ ਪਹਿਲੇ ਤੇ ਬਾਅਦ 'ਚ ਬਣੇ ਗੁਰਦੁਆਰਿਆਂ ਦੀ ਤਾਜ਼ਾ ਗਿਣਤੀ ਦੱਸੇ। ਅਜਿਹਾ ਇਵੈਕਿਊ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ) ਅਤੇ ਸੱਤਾਧਾਰੀ ਪਾਰਟੀ ਦੇ ਮੈਂਬਰ ਨੈਸ਼ਨਲ ਅਸੈਂਬਲੀ (ਐੱਮਐੱਨਏ) ਰਮੇਸ਼ ਕੁਮਾਰ ਵੰਕਾਨੀ ਵੱਲੋਂ ਦਿੱਤੇ ਵੱਖ-ਵੱਖ ਬਿਆਨਾਂ ਕਾਰਨ ਪੈਦਾ ਹੋਏ ਵਿਵਾਦ ਕਾਰਨ ਕੀਤਾ ਗਿਆ ਹੈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਈਟੀਪੀਬੀ ਦੇ ਬੁਲਾਰੇ ਆਮਿਰ ਹਾਸ਼ਮੀ ਨੇ ਦੱਸਿਆ ਕਿ ਪਾਕਿਸਤਾਨ ਵਿਚ ਇਸ ਸਮੇਂ 105 ਗੁਰਦੁਆਰੇ ਹਨ ਜਿਨ੍ਹਾਂ ਵਿੱਚੋਂ ਸਿਰਫ਼ 18 ਹੀ ਖੁੱਲ੍ਹੇ ਹਨ ਜਦਕਿ ਬਾਕੀ ਕਈ ਕਾਰਨਾਂ ਕਰਕੇ ਬੰਦ ਹਨ। ਜ਼ਿਕਰ ਯੋਗ ਹੈ ਕਿ ਕੁਝ ਗੁਰਦੁਆਰੇ ਜਿਨ੍ਹਾਂ ਦੇ ਕੇਸ ਅਦਾਲਤਾਂ 'ਚ ਚੱਲ ਰਹੇ ਹਨ 'ਤੇ ਲੈਂਡ ਮਾਫ਼ੀਆ ਵੱਲੋਂ ਈਟੀਪੀਬੀ ਦੇ ਅਧਿਕਾਰੀਆਂ ਨਾਲ ਮਿਲੀ ਭੁਗਤ ਕਰ ਕੇ ਉੱਥੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ।

ਦੂਜੇ ਪਾਸੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਐੱਮਐੱਨਏ ਵੰਕਾਨੀ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਵਿਚ 105 ਨਹੀਂ 588 ਗੁਰਦੁਆਰੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਈਟੀਪੀਬੀ ਨਾਲ ਪਾਕਿਸਤਾਨ ਸਿੱਖ ਗੁਰਦੁਆਰਾ ਕਮੇਟੀ ਦੇ ਕੁਝ ਮੈਂਬਰ ਰਲੇ ਹੋਏ ਹਨ ਜਿਸ ਕਾਰਨ ਗੁਰਦੁਆਰਿਆਂ 'ਤੇ ਕਬਜ਼ੇ ਹੋ ਰਹੇ ਹਨ।

ਉਨ੍ਹਾਂ ਦੱਸਿਆ ਕਿ ਫੈਡਰਲ ਸਰਕਾਰ ਵੱਲੋਂ ਗੁਰਦੁਆਰਿਆਂ ਦੇ ਵਿਕਾਸ ਲਈ ਦਿੱਤੇ ਜਾ ਰਹੇ ਫੰਡ ਨੂੰ ਵੀ ਈਟੀਪੀਬੀ ਉਨ੍ਹਾਂ ਤਕ ਨਹੀਂ ਪਹੁੰਚਾ ਰਹੀ ਜਿਸ ਕਾਰਨ ਜ਼ਿਆਦਾਤਰ ਗੁਰਦੁਆਰੇ ਬੰਦ ਹਨ। ਵੰਕਾਨੀ ਨੇ ਦੱਸਿਆ ਕਿ ਇਤਿਹਾਸਕਾਰ ਇਕਬਾਲ ਕੇਸਰ ਵੱਲੋਂ ਲਿਖੀ ਪੁਸਤਕ 'ਹਿਸਟੋਰੀਕਲ ਸਿੱਖ ਸ਼੍ਰਾਈਨਜ਼ ਇਨ ਪਾਕਿਸਤਾਨ' ਵਿਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਪਾਕਿ 'ਚ 135 ਇਤਿਹਾਸਕ ਗੁਰਦੁਆਰੇ ਹਨ ਜਦਕਿ ਕੁਲ ਗਿਣਤੀ 300 ਤੋਂ ਉਪਰ ਹੈ। ਪਾਕਿਸਤਾਨ ਇਸ ਸਮੇਂ ਸਿਰਫ਼ ਛੇ ਇਤਿਹਾਸਕ ਗੁਰਦੁਆਰਿਆਂ ਦੇ ਹੀ ਸਿੱਖ ਸ਼ਰਧਾਲੂਆਂ ਨੂੰ ਦਰਸ਼ਨ ਕਰਵਾਉਂਦਾ ਹੈ।

# ਟੂਲਕਿੱਟ ਮਾਮਲੇ 'ਚ ਮੁਲਜ਼ਮ ਨਿਕਿਤਾ ਜੈਕਬ ਨੂੰ ਅਦਾਲਤ ਤੋਂ ਰਾਹਤ

**ਬੰਬੇ** ਹਾਈਕੋਟ ਨੇ ਟੂਲਕਿੱਟ ਮਾਮਲੇ 'ਚ ਮੁਲਜ਼ਮ ਨਿਕਿਤਾ ਜੈਕਬ ਨੂੰ ਰਾਹਤ ਦਿੰਦਿਆਂ ਉਸ ਦੀ ਗ੍ਰਿਫ਼ਤਾਰੀ 'ਤੇ ਤਿੰਨ ਹਫ਼ਤਿਆਂ ਲਈ ਰੋਕ ਲਗਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਸ ਦੌਰਾਨ ਦਿੱਲੀ ਪੁਲਿਸ ਨਿਕਿਤਾ ਨੂੰ ਗ੍ਰਿਫ਼ਤਾਰ ਨਹੀਂ ਕਰ ਸਕਦੀ। ਅਦਾਲਤ ਦਾ ਇਹ ਵੀ ਕਹਿਣਾ ਹੈ ਕਿ ਜੇ ਨਿਕਿਤਾ ਦੀ ਗ੍ਰਿਫ਼ਤਾਰੀ ਹੁੰਦੀ ਹੈ ਤਾਂ ਉਸ ਨੂੰ 25 ਹਜ਼ਾਰ ਦੇ ਮੁਚਲਕੇ 'ਤੇ ਰਾਹਤ ਮਿਲ ਸਕਦੀ ਹੈ। ਜ਼ਿਕਰਯੋਗ ਹੈ ਕਿ ਜਸਟਿਸ ਨਾਈਕ ਦੀ ਬੈਂਚ ਨੇ ਔਰੰਗਾਬਾਦ ਬੈਂਚ ਦੇ ਫ਼ੈਸਲੇ ਦਾ ਵੀ ਜ਼ਿਕਰ ਕੀਤਾ ਸੀ। ਇਸ ਤੋਂ ਬਾਅਦ ਨਿਕਿਤਾ ਨੂੰ ਰਾਹਤ ਦਿੱਤੀ ਗਈ। ਦਿੱਲੀ ਪੁਲਿਸ ਨੇ ਨਿਕਿਤਾ ਜੈਕਬ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਵੀ ਜਾਰੀ ਕੀਤਾ ਸੀ।



**ਕਿਸਾਨ ਅੰਦੋਲਨ ਦੇ ਸਮੱਰਥਨ ਲਈ ਟਲਕਿੱਟ**

ਅਦਾਲਤ 'ਚ ਨਿਕਿਤਾ ਜੈਕਬ ਵੱਲੋਂ ਪੈਰਵੀ ਕਰਦਿਆਂ ਸੀਨੀਅਰ ਵਕੀਲ ਮਿਹਿਰ ਦੇਸਾਈ ਨੇ ਦੱਸਿਆ ਸੀ ਕਿ ਟੂਲਕਿੱਟ ਕਈ ਲੋਕਾਂ ਵੱਲੋਂ ਕਿਸਾਨਾਂ ਦੇ ਅੰਦੋਲਨ ਨੂੰ ਸਮੱਰਥਨ ਲਈ ਤਿਆਰ ਕੀਤਾ ਗਿਆ ਸੀ। ਇਸ 'ਚ ਨਾ ਤਾਂ ਲਾਲ ਕਿਲ੍ਹੇ 'ਤੇ ਹੋਏ ਪ੍ਰਦਰਸ਼ਨ ਦਾ ਜ਼ਿਕਰ ਹੈ ਤੇ ਨਾ ਹੀ ਕਿਸੇ ਤਰ੍ਹਾਂ ਦੀ ਹਿੰਸਾ ਨੂੰ ਉਤਸ਼ਾਹਿਤ ਕੀਤਾ ਗਿਆ ਹੈ ਪਰ ਇਸ ਦੇ ਬਾਵਜੂਦ ਵੀ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

# ਨੌਕਰੀਆਂ ਦੌਰਾਨ ਮਿਲਣ ਵਾਲੀਆਂ ਪ੍ਰਮੋਸ਼ਨਾਂ ਬਾਰੇ ਪੱਤਰ ਤੇ ਤਰੁੰਤ ਰੋਕ ਲਗਾਉਣ ਦੇ ਆਦੇਸ਼ ਦਾ ਕੀਤਾ ਸਵਾਗਤ

**ਫਗਵਾੜਾ–** ਅੰਬੇਡਕਰਾਈਟ ਲੀਗਲ ਫੋਰਮ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਚੰਡੀਗੜ੍ਹ ਵਲੋਂ ਹੁਕਮ ਜਾਰੀ ਕਰਕੇ ਨੌਕਰੀਆਂ ਦੌਰਾਨ ਮਿਲਣ ਵਾਲੀਆਂ ਪ੍ਰਮੋਸ਼ਨਾਂ ਬਾਰੇ ਪ੍ਰਸੋਨਲ ਵਿਭਾਗ ਦੇ ਮਿਤੀ 10-10-2014 ਨੂੰ ਜਾਰੀ ਗੈਰ-ਸੰਵਿਧਾਨਿਕ ਅਤੇ ਵਿਵਾਦਿਤ ਪੱਤਰ ਤੇ ਤਰੁੰਤ ਰੋਕ ਲਗਾਉਣ ਦੇ ਆਦੇਸ਼ ਦਾ ਸਵਾਗਤ ਕੀਤਾ ਹੈ।

ਜਿਕਰਯੋਗ ਹੈ ਕਿ ਪ੍ਰਸੋਨਲ ਵਿਭਾਗ ਵਲੋਂ ਪੰਜਾਬ ਸਰਕਾਰ ਦੇ ਐਲੋਕੇਸ਼ਨ ਆਫ ਬਿਜ਼ਨਸ ਰੂਲਜ਼ ਰਾਹੀਂ ਤੈਅ ਕੀਤੇ ਗਏ ਅਧਿਕਾਰ ਖੇਤਰਾਂ ਦੀ ਉਲੰਘਣਾ ਕਰਦਿਆਂ ਆਪਣੇ ਪੱਧਰ ਤੇ ਹੀ ਇਹ ਪੱਤਰ ਜਾਰੀ ਕਰ ਦਿੱਤਾ ਗਿਆ ਸੀ। ਫੋਰਮ ਦੇ ਪ੍ਰਧਾਨ ਐਡਵੋਕੇਟ ਪ੍ਰਿਤਪਾਲ ਸਿੰਘ ਨੇ ਕਿਹਾ ਹੈ ਕਿ ਕਮਿਸ਼ਨ ਦਾ ਇਹ ਫੈਸਲਾ ਮਾਣਯੋਗ ਸੁਪਰੀਮ ਕੋਰਟ ਦੇ ਐਮ. ਨਾਗਰਾਜ ਬਨਾਮ ਭਾਰਤ ਸਰਕਾਰ(2006) ਕੇਸ ਦੇ ਫੈਸਲੇ ਅਤੇ ਭਾਰਤੀ ਸੰਵਿਧਾਨ ਦੀ ਧਾਰਾ 16 (4ਅ) ਅਨੁਸਾਰ ਬਿਲਕੁਲ ਸਹੀ ਅਤੇ ਉਚਿਤ ਹੈ। ਮਾਣਯੋਗ ਸੁਪਰੀਮ ਕੋਰਟ ਵਲੋਂ ਐਮ. ਨਾਗਰਾਜ ਬਨਾਮ ਭਾਰਤ ਸਰਕਾਰ ਕੇਸ ਦੇ ਫੈਸਲੇ ਅਨੁਸਾਰ ਕੰਪੈਲਿੰਗ ਰੀਜ਼ਨਜ਼ ਸਬੰਧੀ ਲੋੜੀਂਦੇ ਅੰਕੜਿਆਂ ਦੀ ਸ਼ਰਤਾਂ ਦੀ ਮੰਤਰੀ ਪ੍ਰੀਸ਼ਦ ਅਤੇ ਵਿਧਾਨ ਸਭਾ ਦੀ ਪ੍ਰਵਾਨਗੀ ਨਾਲ, ਸਾਲ 2018 ਵਿੱਚ ਹੀ ਸਰਕਾਰ ਵੱਲੋਂ ਪੂਰਤੀ ਕਰ ਲਈ ਗਈ ਸੀ। ਇਸ ਉਪਰੰਤ ਇਸ ਮਾਮਲੇ ਵਿੱਚ ਕਾਨੂੰਨੀ ਅਤੇ ਪ੍ਰਸ਼ਾਸਕੀ ਅੜਚਨਾਂ ਹਮੇਸ਼ਾ ਲਈ ਖਤਮ ਹੋ ਗਈਆਂ ਸਨ। ਇਸ ਲਈ 85ਵੀਂ ਸੋਧ ਸਬੰਧੀ ਹਦਾਇਤਾਂ ਮਿਤੀ 15-12-2005 (ਜੋ ਸਰਕਾਰ ਵਲੋਂ ਕਦੇ ਵੀ ਵਾਪਿਸ ਨਹੀਂ ਲਈਆਂ ਗਈਆਂ) ਕਾਨੂੰਨੀ ਤੌਰ ਤੇ ਪੂਰੀ ਤਰਾਂ ਵੈਲਿਡ ਹੋ ਚੁੱਕੀਆਂ ਹਨ। ਹੁਣ ਸਮੂਹ ਵਿਭਾਗਾਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 15-12-2005 ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਇਸ ਸਬੰਧੀ ਪੰਜਾਬ ਵਿਧਾਨ ਸਭਾ ਦੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਕਮੇਟੀ ਦਾ ਰੋਲ ਵੀ ਸ਼ਲਾਘਾਯੋਗ ਰਿਹਾ ਹੈ, ਜਿਸ ਕਰਕੇ ਅਨੁਸੂਚਿਤ ਜਾਤੀ ਵਰਗ ਦੇ ਕਰਮਚਾਰੀਆਂ ਦੇ ਗੈਰਸੰਵਿਧਾਨਿਕ ਤਰੀਕੇ ਨਾਲ ਹੋ ਰਹੇ ਸ਼ੋਸ਼ਣ ਦਾ ਇਹ ਗੰਭੀਰ ਮਾਮਲਾ ਧਿਆਨ ਵਿੱਚ ਆਇਆ ਅਤੇ ਇਸ ਤੇ ਰੋਕ ਲਗਾਉਣੀ ਸੰਭਵ ਹੋ ਸਕੀ।




ਇਸ ਮੋਕੇ ਤੇ ਜਲੰਧਰ ਦੇ ਬਹੁਤ ਸਾਰੇ ਹੇਠ ਲਿਖੇ ਵਕੀਲ ਸਾਹਿਬਾਨ ਹਾਜਿਰ ਸਨ। ਐਡਵੋਕੇਟ ਪ੍ਰਿਤ ਪਾਲ ਸਿੰਘ (ਪ੍ਰਧਾਨ),ਐਡਵੋਕੇਟ ਰਾਜੂ ਅੰਬੇਡਕਰ (ਜਨਰਲ ਸਕੱਤਰ), ਐਡਵੋਕੇਟ ਰਜਿੰਦਰ ਆਜਾਦ (ਵਾਈਸ ਪ੍ਰਧਾਨ), ਐਡਵੋਕੇਟ ਬਲਦੇਵ ਪ੍ਰਕਾਸ਼ ਰਲ੍ਹ,ਐਡਵੋਕੇਟ ਰਜਿੰਦਰ ਪਾਲ ਬੋਪਾਰਾਏ, ਐਡਵੋਕੇਟ ਆਰ.ਕੇ. ਮਹਿਮੀ, ਐਡਵੋਕੇਟ ਸਤਪਾਲ ਵਿਰਦੀ, ਐਡਵੋਕੇਟ ਸੂਰਜ ਪ੍ਰਕਾਸ਼, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਸੰਨੀ ਕੌਲ, ਐਡਵੋਕੇਟ ਮਧੂ ਰਚਨਾ, ਐਡਵੋਕੇਟ ਰਾਜ ਕੁਮਾਰ ਬੈਂਸ, ਐਡਵੋਕੇਟ ਰਮਨ ਸਿੱਧੂ, ਐਡਵੋਕੇਟ ਹਰਪ੍ਰੀਤ ਸਿੰਘ, ਐਡਵੋਕੇਟ ਚਰਨਜੀਤ ਪੁਆਰੀ, ਐਡਵੋਕੇਟ ਜਗਜੀਵਨ ਰਾਮ, ਐਡਵੋਕੇਟ ਪਵਨ ਵਿਰਦੀ ਆਦਿ ਹਾਜ਼ਰ ਸਨ।

# ਕੁੱਝ ਤਾਂ ਕਰ

ਕੇਹਰ ਸ਼ਰੀਫ
+49 173 3546050



ਅੰਨ ਦਾਤੇ ਦੀ
ਹੋਂਦ ਦਾ ਸਵਾਲ ਹੈ-
ਤੇਰੀ ਥਾਲੀ ਵਿਚ ਪਈ
ਰੋਟੀ ਬਚਾਉਣ ਦਾ ਸਵਾਲ ਹੈ
ਇਹ ਲੋਕ ਅੰਦੋਲਨ ਹੈ
ਅਣਖ ਦਾ ਸਵਾਲ ਵੀ ਹੈ
ਅਜੇ ਤੱਕ ਵੀ - ਸੰਘਰਸ਼ ਤੋਂ
ਬਾਹਰ ਬੈਠਣ ਵਾਲੇ
ਜੋ ਵੀ ਕਰ ਸਕਦੈਂ - ਕਰ !!
ਜੇ ਬੋਲ ਸਕਦੈਂ - ਤਾਂ ਬੋਲ
ਲਿਖ ਸਕਦੈਂ - ਤਾਂ ਲਿਖ
ਗਾ ਸਕਦੈਂ ਤਾਂ - ਗਾ
ਸੇਵਾ ਕਰ ਸਕਦੈਂ -ਸੇਵਾ ਕਰ

ਖੂਨੀ ਗਿਰਝਾਂ ਭੌਂਦੀਆਂ ਨੇ
ਇਨ੍ਹਾਂ 'ਭੌਂਕਦੀਆਂ' ਗਿਰਝਾਂ ਤੋਂ
ਮੋਰਚਿਆਂ ਦੀ ਰਾਖੀ ਕਰ
ਮਨੁੱਖਤਾ ਦਾ ਅੰਗ ਹੋਣ ਦੇ ਨਾਤੇ
ਕੁੱਝ ਤਾਂ ਕਰ, ਕੁੱਝ ਤਾਂ ਕਰ !!
ਅੱਜ 'ਤੇ ਨਿਗ੍ਹਾ ਰੱਖ
ਇਸ ਤਰ੍ਹਾਂ, ਤੇਰਾ ਆਉਣ ਵਾਲਾ ਕੱਲ੍ਹ
ਰੋਸ਼ਨ ਹੋਵੇਗਾ।
ਜੀਊਂਦੇ ਰਹਿਣਾ ਹੈ
ਤਾਂ ਕੁੱਝ ਕਰ ।

# ਹਾਲਾਤ ਏ ਸੋਸ਼ਲ ਮੀਡੀਆ

ਮੈਨੂੰ ਹੀ ਗਿਆਨ ਹੋਰ ਬੈਠੇ ਅਗਿਆਨੀ ਐਥੇ
ਸਵਾਲ ਹੀ ਪੈਦਾ ਨੀ ਹੁੰਦਾ ਮਾਫੀ ਭੁੱਲ-ਚੁੱਕ ਦਾ।

ਫਾਨਾ ਠੋਕ ਮਹਿਕਮਾ ਘੜੰਮ-ਲਾਠੀ ਮਾਰੀ ਜਾਵੇ
ਕਿੱਲੀ ਦੱਬੀ ਜਾਂਦੇ ਆ ਪਤਾ ਨਾ ਗਿੱਲ-ਸੁੱਕ ਦਾ।

ਚੱਲਦੇ ਵਿਸ਼ੇ ਦੇ ਬਾਰੇ ਹੋਵੇ ਨਾ ਗਿਆਤ ਭਾਵੇਂ
ਫੇਰ ਵੀ 'ਕਮੈਂਟ' ਦੇਣੋ ਹੱਥ ਨਹੀਉਂ ਰੁਕਦਾ।

ਪੜੇ-ਅੱਧਪੜੇ ਬੜੇ-ਛੋਟੇ ਦਾ 'ਫਰਕ' ਮੁੱਕਾ
ਧੌਲ਼ੀ ਦਾਹੜੀ ਵਾਲ਼ਾ ਵੀ ਨਿਆਣਿਆਂ ਤੋਂ ਠੁਕਦਾ।

ਲਾ ਨਾ ਦੇਵੇ ਲੇਬਲ ਕੋਈ 'ਦੱਲੇ ਜਾਂ ਗੱਦਾਰ' ਵਾਲ਼ਾ
ਸਾਊਆਂ ਸ਼ਰੀਫਾਂ ਦਾ ਤਾਂ ਸਾਹ ਈ ਰਹਿੰਦਾ ਸੁੱਕਦਾ।

ਮਿੱਤਰਾਂ ਦੀ ਮਹਿਫਲ ਬਣੀ ਐਂ ਸੋਹਣੀ ਫੇਸ ਬੁੱਕ
ਦੇਈਏ ਨਾ ਜੀ ਰੂਪ ਏਸਨੂੰ 'ਕਲ਼ੇਸ-ਬੁੱਕ' ਦਾ !

**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268



# ਕਿਸਾਨੀ ਸੰਘਰਸ਼ ਨੂੰ ਸਮਰਪਿਤ

# ਹੱਕ

ਨਿਸ਼ਚੇ ਕਰ ਕਰਨੀ ਜਿੱਤ, ਨਾ ਕਦਮ ਉਠਾਉਣਾ ਪਿੱਛੇ ਨੂੰ,
ਵੱਧਣਾ ਵੱਲ ਅਗਾਂਹ ਦੇ, ਨਾ ਪਰਤ ਕੇ ਆਉਣਾ ਪਿੱਛੇ ਨੂੰ,
ਸੀਸ ਤਲੀ 'ਤੇ ਧਰ ਖੰਡੇ ਖੜਕਾਉਣੇ ਪੈਂਦੇ ਨੇ।
ਮੰਗਿਆਂ ਹੱਕ ਨਾ ਮਿਲਦੇ ਇਹ ਤਾਂ ਖੋਹਣੇ ਪੈਂਦੇ ਨੇ।
ਜਿੱਤਿਆ ਸਦਾ ਮੈਦਾਨ ਪਰਬਤੋਂ ਭਾਰੀ ਜੇਰਿਆਂ ਨੇ,
ਚਾਨਣ ਦੇ ਸੰਗ ਕਦੇ ਨਿਭਾਈ ਨਹੀਂ ਹਨ੍ਹੇਰਿਆਂ ਨੇ,
ਹਿੰਮਤ ਹੌਸਲੇ ਵਾਲੇ ਦੀਪ ਜਗਾਉਣੇ ਪੈਂਦੇ ਨੇ।
ਮੰਗਿਆਂ ਹੱਕ............।

ਤੇਰੀ ਮਿਹਨਤ ਉਤੋਂ ਮਲਾਈ ਹਾਕਮ ਲਾਹਉਣ ਲੱਗੇ.
ਕਿਰਤ ਕਮਾਈ ਤੇਰੀ ਵੱਸ ਬਿਗਾਨੇ ਪਾਉਣ ਲੱਗੇ,
ਦੇ ਕੇ ਪਹਿਰਾ ਆਪਣੇ ਬੋਹਲ ਬਚਾਉਣੇ ਪੈਂਦੇ ਨੇ।
ਮੰਗਿਆਂ ਹੱਕ..............।

ਧਰਤੀ ਉਪਰ ਲਿਆਉਣ ਲਈ ਹੰਕਾਰੀ ਅਰਸ਼ਾਂ ਨੂੰ,
ਜਥੇਬੰਦ ਹੋ ਤਿੱਖਾ ਕਰਨਾ ਪਏ ਸੰਘਰਸ਼ਾਂ ਨੂੰ,
ਵਿਚ ਮੈਦਾਨੇ ਯੁੱਧ ਦੇ ਬਿਗਲੇ ਵਜਾਉਣੇ ਪੈਂਦੇ ਨੇ।
ਮੰਗਿਆਂ ਹੱਕ.............।

ਨੀਤੀਵਾਨ ਨਾ ਸਮਝਣ ਤੇਰੀ ਦਰਦ ਕਹਾਣੀ ਨੂੰ,
ਧੱਕੇ ਨਾਲ ਲੰਘਾਉਂਦੇ ਪੁੱਲ ਦੇ ਉਪਰੋਂ ਪਾਣੀ ਨੂੰ,
ਕੁਰਬਾਨੀ ਦੇ ਨਾਲ ਹੇਠਾਂ ਵੱਲ ਵਗਾਉਣੇ ਪੈਂਦੇ ਨੇ।
ਮੰਗਿਆਂ ਹੱਕ...............।

ਹਾਕਮ ਧਿਰ ਹੰਕਾਰ ਦਾ ਚਰਖਾ ਡਾਹੀ ਬੈਠੀ ਹੈ,
ਜਾਣ ਬੁੱਝ ਕੇ ਤੰਦਾਂ ਨੂੰ ਉਹ ਉਲਝਾਈ ਬੈਠੀ ਹੈ,
ਇੱਕ ਮੁੱਠਤਾ ਨਾਲ ਉਲਝਏ ਤੰਦ ਸੁਲਝਾਉਣੇ ਪੈਂਦੇ ਨੇ।
ਮੰਗਿਆਂ ਹੱਕ...............।

ਕਾਰਪੋਰੇਟ ਘਰਾਣਿਆਂ ਕੋਲੋਂ ਖੁਸ਼ੀਆਂ ਪਾਉਣ ਲਈ,
ਤੇਰਾ ਧੰਦਾ ਚਾਹੁੰਦੇ ਦਾਅ ਦੇ ਉਪਰ ਲਗਾਉਣ ਲਈ,
ਲੁਕਵੇਂ ਜੋ ਮਨਸੂਬੇ ਪ੍ਰਤੱਖ ਕਰਾਉਣੇ ਪੈਂਦੇ ਨੇ।
ਮੰਗਿਆਂ ਹੱਕ............।

ਬਾਜ ਕਰਾਰੇ ਹੱਥ ਦੇ ਵੈਰੀ ਮਿੱਤ ਨਹੀਂ ਹੁੰਦੇ,
ਲੜਿਆਂ ਬਿੰਨਾ ਮੈਦਾਨ ਕਦੇ ਵੀ ਜਿੱਤ ਨਹੀਂ ਹੁੰਦੇ,
ਸੂਰਮਿਆਂ ਨੂੰ ਤਲੀ 'ਤੇ ਸੀਸ ਟਿਕਾਉਣੇ ਪੈਂਦੇ ਨੇ।
ਮੰਗਿਆਂ ਹੱਕ..............।

ਖੇਤੀ ਨੂੰ ਵਡਿਆਇਆ ਸਾਡੇ ਵੱਡੇ ਬਾਬੇ ਨੇ,
ਹੱਥੀਂ ਹੱਲ ਚਲਾਇਆ ਸਾਡੇ ਵੱਡੇ ਬਾਬੇ ਨੇ,
ਕਦੇ ਸਮੇਂ ਨੂੰ ਮੁੜ ਇਤਹਾਸ ਦੁਹਰਉਣੇ ਪੈਂਦੇ ਨੇ।
ਮੰਗਿਆਂ ਹੱਕ............।

ਸੱਚੇ ਪਾਤਸ਼ਾਹ ਅੱਗੇ ਇਹ ਅਰਦਾਸ ਹੈ 'ਚੋਹਲੇ' ਦੀ,
ਕੂੜ ਨਿਖੁੱਟੂ ਇੱਕ ਦਿਨ ਵੱਡੀ ਆਸ ਹੈ 'ਚੋਹਲੇ' ਦੀ,
'ਰਮੇਸ਼ ਬੱਗੇ' ਨੂੰ ਲਿਖਕੇ ਕਾਵਿ ਛਪਾਉਣੇ ਪੈਂਦੇ ਨੇ।
ਮੰਗਿਆਂ ਹੱਕ ਨਹੀਂ ਮਿਲਦੇ ਇਹ ਤਾਂ ਖੋਹਣੇ ਪੈਂਦੇ ਨੇ।

**-ਰਮੇਸ਼ ਬੱਗਾ ਚੋਹਲਾ**
91- 9463132719



# ਸਮੇਂ ਦੀ ਸੁਣ

ਜੇ ਜੀਊਂਦਾ ਐਂ , ਤਾਂ ਬੋਲ !

ਜਬਰ/ਜ਼ੁਲਮ ਦੇ ਖਿਲਾਫ

ਵਗਦੀ ਕੁਲੈਹਣੀ ਹਵਾ ਦੇ

ਵਿਰੋਧ ਵਾਲੇ ਰੁਖ 'ਚ

ਗਲਤ ਨੂੰ ਗਲਤ ਕਹਿਣਾ

ਠੀਕ ਦਾ ਸਾਥ ਦੇਣਾ

ਮਨੁੱਖੀ ਫ਼ਰਜ਼ ਵੀ ਤਾਂ ਹੈ,

ਨਹੀਂ ਤਾਂ ਲੋਕ ਕਹਿਣਗੇ

ਇਹ ਤਾਂ ਜੀਊਂਦਾ ਹੀ ਨਹੀਂ

ਜੇ ਜੀਊਂਦਾ ਹੁੰਦਾ

ਤਾਂ ਜਰੂਰ ਬੋਲਦਾ -

ਇਹ ਵੀ ਸਭ ਜਾਣਦੇ ਹਨ ਕਿ

ਮੁਰਦੇ ਬੋਲਦੇ ਨਹੀਂ ਹੁੰਦੇ !

ਤੂੰ ਮੁਰਦਾ ਨਾ ਬਣ।

ਜੇ ਜੀਊਂਦਾ ਐਂ, ਤਾਂ ਬੋਲ।

ਆਈ ਬਸੰਤ ਪਾਲਾ ਉਡੰਤ,
ਰੁੱਤਾਂ ਦੀ ਰਾਣੀ।
ਮੌਲਣ ਲੱਗੀ ਬਨਸਪਤੀ,
ਸ਼ੁਰੂ ਨਵੀਂ ਕਹਾਣੀ।
ਚਾਰ ਚੁਫੇਰਾ ਮਹਕਿਆ,
ਗੁਲਦਾਉਦੀਆਂ ਖਿੜੀਆਂ,
ਭੌਰੇ ਗੇੜੇ ਲਾਂਵਦੇ,
ਕਲੀਆਂ ਅੱਧ ਖਿੜੀਆਂ।
ਜਵਾਨ ਦਿਲਾਂ ਦੀਆਂ ਧੜਕਣਾਂ,
ਨੇ ਲਈ ਅੰਗੜਾਈ,
ਨਵੀਂ ਊਰਜਾ ਭਰ ਗਈ,
ਤਨ ਮਨ ਨਸ਼ਿਆਈ।
ਪੰਛੀ ਆਲ੍ਹਣੇ ਪਾਂਵਦੇ,
ਨਵੀਂ ਪੀੜ੍ਹੀ ਆਉਣੀ।
ਕੁਝ ਦਿਨ ਰੁੱਤ ਇਹ ਰਾਂਗਲੀ,
ਹੈ ਵਾਂਗ ਪ੍ਰਾਉਹਣੀ।
ਰੁੱਤਾਂ ਹੋਈਆਂ ਭਰ ਜਵਾਨ,
ਖੁਸ਼ਬੂ ਖਿੰਡਿਆਈ,
ਮੌਲ ਪਈ ਬਨਸਪਤੀ,
ਬਸੰਤ ਰੁੱਤ ਆਈ।

**- ਰਾਜਨਦੀਪ ਕੌਰ ਮਾਨ**
91-62393-26166



# ਮੁਹੱਬਤ

ਮੁਹੱਬਤ ਕਰਨੀ ਏ ਤਾਂ ਏਦਾਂ ਕਰੀ,
ਜਿਸ ਵਿੱਚ ਕੋਈ ਸ਼ੱਕ ਨਾ ਹੋਵੇ।
ਇਤਬਾਰ ਕਰਨਾ ਏ ਤਾਂ ਏਦਾਂ ਕਰੀ,
ਦੂਰ ਹੋ ਕੇ ਵੀ ਮੋਹ ਘੱਟ ਨਾ ਹੋਵੇ।

ਨਾਮ ਬੋਲੇਂ ਤੂੰ ਹਰ ਜਨਮ ਵਿੱਚ ਮੇਰਾ,
ਕਿਸੇ ਦਾ ਤੇਰੇ ਤੇ ਹੱਕ ਨਾ ਹੋਵੇ।
ਹੋਂਵੇ ਨਾ ਇੱਕ ਦੂਜੇ ਬਿਨ ਬਜੂਦ ਸਾਡਾ,
ਛੱਲੀ ਬਿਨ ਜਿਦਾ ਮੱਕ ਨਾ ਹੋਵੇ।

ਬਾਗ ਹੋਂਵੇ ਤੂੰ ਮੇਰਾ ਫੁੱਲਾਂ ਦਾ,
ਲੱਗਿਆ ਵਿੱਚ ਕੋਈ ਅੱਕ ਨਾ ਹੋਵੇ।
ਹੋਵੇਂ ਮੇਰੀ ਜ਼ਿੰਦਗੀ ਦਾ ਚੜੈਹਦਾ ਸੂਰਜ ਤੂੰ,
ਤੇਰੇ ਬਿਨ ਖੁਲਦੀ ਅੱਖ ਨਾ ਹੋਵੇ।

ਭਰੋਸਾ ਰੱਖੀ ਡੂੰਘੇ ਸਾਗਰ ਜਿਹਾ,
ਦੁਨੀਆਂ ਤੋਂ ਜੋ ਤੱਕ ਨਾ ਹੋਵੇ।
ਰਿਸ਼ਤਾ ਰੱਖੀ ਪਾਕ ਪਵਿੱਤਰ ਤੂੰ,
ਜਿਸ ਤੇ ਕੋਈ ਦਾਗੀ ਪੱਛ ਨਾ ਹੋਵੇ।

ਹਰ ਵਾਰ !
ਜ਼ਿੰਦਗੀ ਤੇਰੇ ਨਾਲ ਸੋਂਹਣੀ ਲੱਗੇ ,
ਤੇਰੇ ਬਗੈਰ ਇਹ ਕੱਖ ਨਾ ਹੋਵੇ।
ਮੁਹੱਬਤ ਕਰਨੀ ਏ ਤਾਂ ਏਦਾਂ ਕਰੀ,
ਜਿਸ ਵਿੱਚ ਕੋਈ ਸ਼ੱਕ ਨਾ ਹੋਵੇ।

# ਬਿਨਾਂ ਜਲ

ਬਿਨਾਂ ਜਲ ਨਹੀਂ ਆ ਕਲ,
ਆਓ ਬਚਾਈਏ ਜਲ,
ਖੱਦ ਸਮਝੋ ਹੋਰਾਂ ਨੂੰ ਸਮਝਾਉ।
ਜਲ ਬਚਾਓ,ਕਲ ਬਚਾਓ।
ਬੂੰਦ ਬੂੰਦ ਨਾਲ ਘੜਾ ਭਰ ਜਾਂਦਾ,
ਹਰ ਕੋਈ ਇਹ ਸਮਝ ਨਾ ਪਾਂਦਾ,
ਪਰ ਤੁਸੀਂ ਤਾਂ ਆਪਣਾ ਫਰਜ਼ ਨਿਬਾਓ।
ਜਲ ਬਚਾਓ, ਕਲ ਬਚਾਓ।
ਜਲ ਪੱਧਰ ਹੈ ਡਿਗਦਾ ਜਾਂਦਾ,
ਜੀਂਵ ਜੰਤੂਆਂ ਨੂੰ ਵੀ ਤਰਸਾਉਂਦਾ,
ਆਪਣਾ ਭਵਿੱਖ ਨਾ ਹਨੈਹੇਰਾ ਬਣਾਓ।
ਜਲ ਬਚਾਓ, ਕਲ ਬਚਾਓ।
ਜਲ ਨਾਲ ਹੀ ਕੁਦਰਤ ਦੀ ਸਾਂਝ,
ਬਿਨਾਂ ਜਲ ਤੋਂ ਧਰਤੀ ਹੋਵੇ ਬਾਂਝ,
ਸਭ ਮਿਲਕੇ ਇਹ ਰੀਤ ਚਲਾਓ।
ਜਲ ਬਚਾਓ,ਕਲ ਬਚਾਓ।
ਕਰੀਏ ਨਾ ਜਲ ਨੂੰ ਬਰਬਾਦ,
ਤਾਹੀਂ ਰਹਾਂਗੇ ਅਸੀਂ ਆਬਾਦ,
'ਬੇਦੀ' ਦਿਮਾਗ਼ 'ਚ ਗੱਲ ਬਿਠਾਓ।
ਜਲ ਬਚਾਓ, ਕਲ ਬਚਾਓ।

**- ਬਲਦੇਵ ਸਿੰਘ ਬੇਦੀ**
91-9041-925181



# ਸਾਂਝੇ ਪਰਿਵਾਰ

ਪਿਆਰ ਦੇ ਨਾਲ ਜਿੱਥੇ ਹੋਵੇ ਸਤਿਕਾਰ,
ਹੁੰਦਾ ਉੱਥੇ, ਜਿੱਥੇ ਹੋਣ ਸਾਂਝੇ ਪਰਿਵਾਰ।
ਸਾਂਝੇ ਪਰਿਵਾਰ ਦੀ ਕੀ ਗੱਲ ਸੁਣਾਈਏ,
ਕਿਹੜੇ ਕਿਹੜੇ ਦਸੋ ਫਾਇਦੇ ਗਣਾਈਏ।
ਮਿਹਨਤ, ਮਿਲਵਰਤਣ ਭਾਵਨਾਂ ਤੇ ਸੇਵਾ,
ਪਰਿਵਾਰਾਂ ਚੋ ਮਿਲਦਾ ਇਹਨਾਂ ਦਾ ਮੇਵਾ।
ਲਾਲਚ, ਝੂਠ, ਬੇਈਮਾਨੀ ਤੇ ਨਫ਼ਰਤ,
ਇਹਨਾਂ ਪਰਿਵਾਰਾਂ ਦੀ ਨਹੀਓ ਫ਼ਿਤਰਤ।
ਮਿਲ ਜੁਲ ਕੇ ਸਾਰੇ ਇਕੱਠੇ ਰਹਿਣ,
ਦੁਖ ਸੁਖ ਤੇ ਇਕ ਦੂਜੇ ਨਾਲ ਬਹਿਣ।
ਨਾ ਹੀ ਭਰਾ ਤੋਂ ਭਰਾ ਕੋਈ ਹੋਵੇ ਵੱਖ,
ਨਾ ਹੀ ਕੋਈ ਮਾਂ ਪਿਓ ਦੀ ਰੋਵੇ ਅੱਖ।
ਮਾ ਪਿਓ ਦੇ ਚਿਹਰੇ ਵੀ ਰਹਿੰਦੇ ਹੱਸਦੇ,
ਜਿੱਥੇ ਸਾਰੇ ਭਰਾ ਰਲਮਿਲ ਇਕੱਠੇ ਵਸਦੇ।
ਸਾਂਝੇ ਪਰਿਵਾਰ ਵਸਦੇ ਜਿਸ ਵੀ ਵੇਹੜੇ,
ਰਹਿਣ ਉਥੇ ਹਮੇਸ਼ਾ ਖੁਸ਼ੀਆਂ ਤੇ ਖੇੜੇ।
ਬਿਜਲੀ ਪਾਣੀ ਦਾ ਖਰਚਾ ਵੀ ਘਟ ਆਵੇ,
ਇੱਕੋ ਰਸੋਈਂ ਚ ਬਣ ਸਾਰਾ ਪਰਿਵਾਰ ਖਾਵੇ।
ਇੱਕ ਮਿੱਕ ਹੋ ਜਦੋਂ ਫੇਰ ਰੋਟੀ ਖਾਵਣ,
ਸਵਾਦ ਰੋਟੀ ਦਾ ਤੇ ਫੇਰ ਉਹੀ ਪਾਵਣ।
ਪਰਿਵਾਰ ਚੋ ਜੇ ਹੋਵੇ ਕੋਈ ਇਕ ਬਿਮਾਰ,
ਸਾਰੇ ਉਸ ਨਾਲ ਖੜਨ ਨੂੰ ਹੋਣ ਤਿਆਰ।
ਬੱਚਿਆਂ ਨੂੰ ਵੀ ਮਿਲਦੀ ਚੰਗੀ ਸਿਖਿਆ,
ਸਫਲ ਹੁੰਦੀ ਉਹਨਾਂ ਦੀ ਹਰ ਪ੍ਰੀਖਿਆ।
ਬੱਚੇ ਵੀ ਸਾਰੇ ਇਕੱਠੇ ਖੇਡਣ ਗਾਉਣ,
ਸਾਰੇ ਪਰਿਵਾਰ ਦਾ ਫੇਰ ਮਨ ਪੈਰਚਉਣ।
ਮੀਂਹ ਹਨੇਰੀ ਗਰਮੀ ਜਾ ਹੋਵੇ ਸਿਆਲ,
ਇਹਨਾਂ ਪਰਿਵਾਰਾ ਦੀ ਲੋਕੀਂ ਦੇਣ ਮਿਸਾਲ।
ਅਪਣੱਤ ਦੀਆਂ ਮਹਿਕਾਂ ਜਦੋਂ ਫੈਲਾਉਂਦੇ,
'ਬੇਦੀ' ਤਾਹੀਂਓ ਬਾਗ਼ ਪਰਿਵਾਰ ਕਹਾਉਂਦੇ।

# ਦੰਗੇ ਭੜਕਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਦਿਸ਼ਾ ਰਵੀ ਕੌਣ ਹੈ?

**ਬੰਗਲੁਰੁ** ਦੀ 22 ਸਾਲਾ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਵਾਤਾਵਰਨ ਬਚਾਉਣ ਦੇ ਲਈ ਕੰਮ ਕਰਨ ਵਾਲੇ ਨੌਜਵਾਨਾਂ ਵਿਚਾਲੇ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਦਿਸ਼ਾ ਰਵੀ 'ਫ੍ਰਾਈਡੇ ਫ਼ੌਰ ਫ਼ਿਊਚਰ' ਨਾਮ ਦੀ ਮੁਹਿਮ ਦੀ ਸਹਿ-ਸੰਸਥਾਪਕ ਹਨ। ਉਨ੍ਹਾਂ ਨੂੰ ਦਿੱਲੀ ਪੁਲਿਸ ਦੀ ਸਪੈਸ਼ਲ ਸੈੱਲ ਨੇ ਸ਼ਨੀਵਾਰ 13 ਫਰਵਰੀ ਦੀ ਸ਼ਾਮ ਬੰਗਲੁਰੂ ਤੋਂ ਗ੍ਰਿਫ਼ਤਾਰ ਕੀਤਾ। ਗ੍ਰੇਟਾ ਥਨਬਰਗ ਦੇ ਕਿਸਾਨਾਂ ਦੇ ਹੱਕ ਵਿੱਚ ਟਵੀਟ ਤੋਂ ਬਾਅਦ ਦਰਜ ਹੋਏ ਮਾਮਲੇ ਵਿੱਚ ਇਹ ਪਹਿਲੀ ਗ੍ਰਿਫ਼ਤਾਰੀ ਹੈ। ਬੰਗਲੁਰੂ ਦੀ ਇੱਕ ਮੰਨੀ-ਪ੍ਰਮੰਨੀ ਕਾਰਕੁਨ ਤਾਰਾ ਕ੍ਰਿਸ਼ਨਾਸਵਾਮੀ ਨੇ ਬੀਬੀਸੀ ਨੂੰ ਆਖਿਆ, "ਅਸੀਂ ਵਾਤਾਵਰਨ ਬਚਾਉਣ ਨੂੰ ਲੈ ਕੇ ਕਈ ਮੁਹਿੰਮਾਂ ਦੇ ਸਿਲਸਿਲੇ ਵਿੱਚ ਇੱਕ-ਦੂਜੇ ਨਾਲ ਗੱਲ ਕੀਤੀ ਹੈ। ਪਰ ਮੈਂ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਨਹੀਂ ਜਾਣਦੀ। ਹਾਂ, ਪਰ ਮੈਂ ਹਮੇਸ਼ਾ ਇਹ ਨੋਟਿਸ ਕੀਤਾ ਹੈ ਕਿ ਕਦੇ ਵੀ ਕਾਨੂੰਨ ਦੀ ਉਲੰਘਣਾ ਨਹੀਂ ਕਰਦੀ, ਇੱਕ ਵਾਰ ਵੀ ਨਹੀਂ।" ਦਿੱਲੀ ਪੁਲਿਸ ਨੇ ਦਿਸ਼ਾ ਰਵੀ ਨੂੰ ਦਿੱਲੀ ਦੀ ਇੱਕ ਅਦਾਲਤ 'ਚ ਪੇਸ਼ ਕਰਦਿਆਂ ਕਿਹਾ ਕਿ "ਦਿਸ਼ਾ ਰਵੀ ਟੂਲਕਿੱਟ ਗੂਗਲ ਡੌਕੂਮੈਂਟ ਦੀ ਐਡਿਟਰ ਹੈ ਅਤੇ ਇਸ ਡਾਕੂਮੈਂਟ ਨੂੰ ਬਣਾਉਣ ਅਤੇ ਇਸ ਨੂੰ ਪ੍ਰਸਾਰਿਤ ਕਰਨ ਵਿੱਚ ਉਸ ਦੀ ਅਹਿਮ ਭੂਮਿਕਾ ਹੈ।"





ਪੁਲਿਸ ਨੇ ਆਪਣੇ ਬਿਆਨ 'ਚ ਕਿਹਾ ਹੈ ਕਿ "ਇਸ ਸਿਲਸਿਲੇ 'ਚ ਉਸ ਨੇ ਖਾਲਿਸਤਾਨ ਸਮਰਥਕ 'ਪੋਇਟਿਕ ਜਸਟਿਸ ਫਾਉਂਡੇਸ਼ਨ' ਦੇ ਨਾਲ ਮਿਲ ਕੇ ਭਾਰਤ ਪ੍ਰਤੀ ਉਦਾਸੀ ਫੈਲਾਉਣ ਦਾ ਕੰਮ ਕੀਤਾ ਅਤੇ ਉਸ ਨੇ ਹੀ ਗ੍ਰੇਟਾ ਥਨਬਰਗ ਦੇ ਨਾਲ ਇਹ ਟੂਲਕਿੱਟ ਸ਼ੇਅਰ ਕੀਤੀ ਸੀ।" ਦਿਸ਼ਾ ਰਵੀ ਦੀ ਇਮਾਨਦਾਰੀ ਅਤੇ ਉਨ੍ਹਾਂ ਦੀ ਪ੍ਰਤੀਬੱਧਤਾ ਦਾ ਉਨ੍ਹਾਂ ਦੇ ਨਾਲ ਕੰਮ ਕਰਨ ਵਾਲੇ ਹਮੇਸ਼ਾ ਜ਼ਿਕਰ ਕਰਦੇ ਹਨ। ਤਾਰਾ ਕ੍ਰਿਸ਼ਨਾਸਵਾਮੀ ਕਹਿੰਦੇ ਹਨ, "ਸਿਰਫ਼ ਇਹੀ ਨਹੀਂ, ਸਾਰੇ ਸੰਗਠਨ ਦਾਇਰੇ 'ਚ ਰਹਿ ਕੇ ਹੀ ਕੰਮ ਕਰਦੇ ਹਨ। ਇਸ 'ਚ ਵੀ ਪੂਰੀ ਤਰ੍ਹਾਂ ਸਹਿਯੋਗ ਕਰਦੀ ਹੈ ਅਤੇ ਹਮੇਸ਼ਾ ਸ਼ਾਂਤਮਈ ਰਹਿੰਦੀ ਹੈ।" ਇੱਕ ਹੋਰ ਕਾਰਕੁਨ ਨੇ ਆਪਣਾ ਨਾਮ ਨਾ ਜ਼ਾਹਿਰ ਕਰਨ ਦੀ ਸ਼ਰਤ ਉੱਤੇ ਬੀਬੀਸੀ ਨੂੰ ਕਿਹਾ, "ਉਹ ਇੱਕ ਮਜ਼ਾਹੀਆ ਅਤੇ ਨਾਸਮਝ ਕੁੜੀ ਹੈ। ਉਹ ਅਕਸਰ ਪ੍ਰੋਗਰਾਮਾਂ ਵਿੱਚ ਦੇਰੀ ਨਾਲ ਆਉਂਦੀ ਹੈ।" "ਅਸੀਂ ਹਮੇਸ਼ਾ ਉਸ ਦੀ ਇਸ ਆਦਤ ਤੋਂ ਚਿੜ ਜਾਂਦੇ ਹਾਂ, ਪਰ ਕਦੇ ਕੁਝ ਕਹਿ ਨਹੀਂ ਸਕਦੇ ਕਿਉਂਕਿ ਉਹ ਜੋ ਕਰਦੀ ਹੈ, ਉਸ ਨੂੰ ਲੈ ਕੇ ਉਸ 'ਚ ਬਹੁਤ ਜਨੂੰਨ ਰਹਿੰਦਾ ਹੈ।" "ਦਿਸ਼ਾ ਨੇ ਕਦੇ ਵੀ ਕੋਈ ਕਾਨੂੰਨ ਨਹੀਂ ਤੋੜਿਆ। ਸਾਡੇ 'ਦਰਖ਼ਤ ਬਚਾਓ' ਅੰਦੋਲਨ 'ਚ ਉਸ ਨੇ ਹੀ ਪੁਲਿਸ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਅਤੇ ਅਧਿਕਾਰੀਆਂ ਤੋਂ ਇਸ ਦੀ ਇਜਾਜ਼ਤ ਲਈ। ਦਿਸ਼ਾ ਨੇ ਹਮੇਸ਼ਾ ਪੂਰੀ ਵਫ਼ਾਦਾਰੀ ਨਾਲ ਕਾਨੂੰਨੀ ਢਾਂਚੇ 'ਚ ਰਹਿ ਕੇ ਹੀ ਕੰਮ ਕੀਤਾ ਹੈ।" ਇੱਕ ਹੋਰ ਵਾਤਾਵਰਨ ਕਾਰਕੁਨ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਉੱਤੇ ਕਿਹਾ ਕਿ "ਲੋਕ ਡਰੇ ਹੋਏ ਹਨ, ਇਸ ਲਈ ਚੁੱਪ ਹੋ ਗਏ ਹਨ।

ਇੱਕ ਹੋਰ ਕਾਰਕੁਨ ਯਾਦ ਕਰਦੇ ਹਨ ਕਿ ਕਿਵੇਂ ਅੱਤਵਾਦ ਰੋਧੀ ਕਾਨੂੰਨ ਲਗਾਏ ਜਾਣ ਦੇ ਖ਼ਤਰੇ ਨੇ ਨੌਜਵਾਨਾਂ ਨੂੰ ਡਰਾ ਦਿੱਤਾ ਸੀ ਅਤੇ ਜੂਨ 2020 ਵਿੱਚ 'ਫ੍ਰਾਈਡੇ ਫੌਰ ਫ਼ਿਊਚਰ' ਨੂੰ ਬੰਦ ਕਰਨਾ ਪਿਆ ਸੀ। ਕੇਂਦਰ ਸਰਕਾਰ ਵੱਲੋਂ ਲੌਕਡਾਊਨ ਦੌਰਾਨ ਲਿਆਂਦੇ ਗਏ ਇਨ-ਵਾਇਰਮੈਂਟ ਇੰਪੈਕਟ ਅਸੈਸਮੈਂਟ ਦੇ ਵਿਰੋਧ 'ਚ ਅਭਿਆਨ ਚਲਾਉਣ ਦੀ ਵਜ੍ਹਾ ਕਰਕੇ ਇਸ ਨੂੰ ਬੰਦ ਕਰਨਾ ਪਿਆ ਸੀ। ਦਿਸ਼ਾ ਰਵੀ ਨੇ ਉਦੋਂ ਇੱਕ ਵੈਬਸਾਈਟ .. ਨੂੰ ਕਿਹਾ ਸੀ, "ਭਾਰਤ 'ਚ ਲੋਕ ਜਨ-ਵਿਰੋਧੀ ਕਾਨੂੰਨਾਂ ਨੂੰ ਲਗਾਤਾਰ ਸਵਿਕਾਰ ਬਣਾ ਰਹੇ ਹਨ। ਅਸੀਂ ਇੱਕ ਅਜਿਹੇ ਦੇਸ਼ ਵਿੱਚ ਰਹਿ ਰਹੇ ਹਾਂ, ਜਿੱਥੇ ਅਸਹਿਮਤੀ ਦੀ ਆਵਾਜ਼ ਨੂੰ ਦੱਬਿਆ ਜਾ ਰਿਹਾ ਹੈ।" "ਫ੍ਰਾਈਡੇ ਫ਼ੌਰ ਫਿਊਚਰ ਨਾਲ ਜੁੜੇ ਲੋਕਾਂ ਉੱਤੇ ਅੱਤਵਾਦੀ ਦਾ ਠੱਪਾ ਲਗਾਇਆ ਜਾ ਰਿਹਾ ਹੈ, ਕਿਉਂਕਿ ਉਹ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ ਦੇ ਡ੍ਰਾਫਟ ਦਾ ਵਿਰੋਧ ਕਰ ਰਹੇ ਹਨ। ਮੁਨਾਫ਼ੇ ਨੂੰ ਲੋਕਾਂ ਦੀ ਜ਼ਿੰਦਗੀ ਤੋਂ ਉੱਤੇ ਤਰਜੀਹ ਦੇਣ ਵਾਲੀ ਸਰਕਾਰ ਇਹ ਤੈਅ ਕਰ ਰਹੀ ਹੈ ਕਿ ਸਾਫ਼ ਹਵਾ, ਸਾਫ਼ ਪਾਣੀ ਅਤੇ ਜੀਉਣ ਲਾਇਕ ਧਰਤੀ ਦੀ ਮੰਗ ਕਰਨਾ ਇੱਕ ਅੱਤਵਾਦੀ ਗਤੀਵਿਧੀ ਹੈ।"

### ਇਲਜ਼ਾਮ

ਦਿਸ਼ਾ ਉੱਤੇ ਰਾਜ ਧ੍ਰੋਹ, ਸਮਾਜ ਵਿੱਚ ਭਾਈਚਾਰਿਆਂ ਵਿਚਾਲੇ ਨਫ਼ਰਤ ਫੈਲਾਉਣ ਅਤੇ ਅਪਰਾਧਿਕ ਸਾਜ਼ਿਸ਼ ਦੇ ਮਾਮਲੇ ਦਰਜ ਕੀਤੇ ਗਏ ਹਨ। ਦਿਸ਼ਾ ਨੇ 'ਫ੍ਰਾਈਡੇ ਫ਼ੌਰ ਫਿਊਚਰ' ਦੀ ਸ਼ੁਰੂਆਤ ਉਦੋਂ ਕੀਤੀ ਸੀ, ਜਦੋਂ 2018 ਵਿੱਚ ਗ੍ਰੇਟਾ ਥਨਬਰਗ ਨੇ ਆਪਣੇ ਵਾਤਾਵਰਨ ਬਚਾਓ ਮੁਹਿਮ ਨਾਲ ਦੁਨੀਆਂ ਭਰ ਵਿੱਚ ਹਲਚਲ ਮਚਾ ਦਿੱਤੀ ਸੀ। ਉਹ ਵਿਰੋਧ-ਪ੍ਰਦਰਸ਼ਨਾਂ ਤੋਂ ਜ਼ਿਆਦਾ ਝੀਲਾਂ ਨੂੰ ਸਾਫ਼ ਕਰਨ ਅਤੇ ਦਰਖ਼ਤਾਂ ਨੂੰ ਵੱਢਣ ਤੋਂ ਰੋਕਣ ਨੂੰ ਲੈ ਕੇ ਸਰਗਰਮ ਰਹਿੰਦੇ ਹਨ। ਇੱਕ ਹੋਰ ਵਾਤਾਵਰਨ ਕਾਰਕੁਨ ਮੁਕੁੰਦ ਗੌਡਾ ਕਹਿੰਦੇ ਹਨ, 'ਉਹ ਹੁਣ ਤੱਕ ਇੱਕ ਵਿਦਿਆਰਥੀ ਹੀ ਹੈ। ਉਸ ਨੇ ਇੱਕ ਵਰਕਸ਼ੌਪ 'ਚ ਪ੍ਰੈਜ਼ੇਂਟੇਸ਼ਨ ਨਾਲ ਸਾਰੇ ਸੀਨੀਅਰਜ਼ ਨੂੰ ਹੈਰਾਨ ਕੀਤਾ ਸੀ। ਹਰ ਕੋਈ ਕਹਿ ਰਿਹਾ ਸੀ ਕਿ ਇੰਨੀ ਘੱਟ ਉਮਰ 'ਚ ਇਹ ਕੁੜੀ ਇੱਕ ਸੁਰੱਖਿਅਤ ਗ੍ਰਹਿ ਦੀ ਸ਼ਾਨਦਾਰ ਢੰਗ ਨਾਲ ਵਕਾਲਤ ਕਰ ਰਹੀ ਹੈ।" ਇੱਕ ਹੋਰ ਕਾਰਕੁਨ, ਜੋ ਆਪਣਾ ਨਾਮ ਨਹੀਂ ਦੱਸਣਾ ਚਾਹੁੰਦੇ ਨੇ ਕਿਹਾ, "ਉਹ ਵਿਦਿਆਰਥੀਆਂ ਅਤੇ ਦੂਜੇ ਲੋਕਾਂ ਨਾਲ ਹਰ ਸ਼ੁੱਕਰਵਾਰ ਨੂੰ ਗੱਲ ਕਰਦੀ ਹੈ ਅਤੇ ਉਨ੍ਹਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਦੀ ਹੈ। ਉਸ 'ਚ ਜਾਨਵਰਾਂ ਪ੍ਰਤੀ ਬਹੁਤ ਦਯਾ ਭਾਵ ਹੈ। ਉਸ ਬਾਰੇ ਕਈ ਸਕਾਰਾਤਮਕ ਗੱਲਾਂ ਹਨ, ਜਿਨ੍ਹਾਂ ਬਾਰੇ ਲੋਕ ਗੱਲਾਂ ਕਰ ਸਕਦੇ ਹਨ, ਪਰ ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਾਰੇ ਹੈਰਾਨ ਹਨ।"



### ਦਿਸ਼ਾ ਰਵੀ ਦੀ ਗ੍ਰਿਫ਼ਤਾਰੀ ਕਾਨੂੰਨ ਮੁਤਾਬਕ ਹੋਈ- ਦਿੱਲੀ ਪੁਲੀਸ ਕਮਿਸ਼ਨਰ


ਨਵੀਂ ਦਿੱਲੀ- ਦਿੱਲੀ ਪੁਲੀਸ ਕਮਿਸ਼ਨਰ ਐੱਸਐੱਨ ਸ੍ਰੀਵਾਸਤਵ ਨੇ ਮੰਗਲਵਾਰ ਨੂੰ ਕਿਹਾ ਕਿ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਦੀ ਗ੍ਰਿਫਤਾਰੀ ਕਾਨੂੰਨ ਅਨੁਸਾਰ ਕੀਤੀ ਗਈ ਹੈ, ਜੋ 22 ਤੋਂ 50 ਸਾਲ ਦੇ ਲੋਕਾਂ ਨਾਲ ਕੋਈ ਵਿਤਕਰਾ ਨਹੀਂ ਕਰਦਾ। ਸ੍ਰੀਵਾਸਤਵ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਹ ਗਲਤ ਹੈ ਜਦੋਂ ਲੋਕਾਂ ਨੂੰ ਕਿਹਾ ਜਾਂਦਾ ਹੈ ਕਿ 22 ਸਾਲਾ ਵਰਕਰ ਦੀ ਗ੍ਰਿਫਤਾਰੀ ਖਾਮੀਆਂ ਭਰਪੂਰ ਹੈ। ਦਿਸ਼ਾ ਰਵੀ ਨੂੰ ਬੀਤੇ ਸ਼ਨਿਚਰਵਾਰ ਬੰਗਲੌਰ ਤੋਂ ਤਿੰਨ ਖੇਤੀਬਾੜੀ ਕਾਨੂੰਨਾਂ ਨਾਲ ਜੁੜੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨਾਲ ਸਬੰਧਤ 'ਟੂਲਕਿੱਟ' ਨੂੰ ਸੋਸ਼ਲ ਮੀਡੀਆ 'ਤੇ ਸਾਂਝੀ ਕਰਨ ਦੇ ਦੋਸ਼ ਵਿੱਚ ਕਾਬੂ ਕੀਤਾ ਗਿਆ ਸੀ।

### ਅਨੀਤਾ ਲਾਲ ਦੀ ਵੀ ਹੋ ਸਕਦੀ ਹੈ ਗ੍ਰਿਫਤਾਰੀ

ਟੂਲ ਕਿੱਟ ਮਾਮਲੇ 'ਚ ਦਿਸ਼ਾ ਰਵੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਦਿੱਲੀ ਪੁਲਿਸ ਦੀ ਜਾਂਚ ਜਿਉਂ-ਜਿਉਂ ਅੱਗੇ ਵਧ ਰਹੀ ਹੈ, ਤਿਉਂ-ਤਿਉਂ ਨਵੇਂ ਨਾਂ ਸਾਹਮਣੇ ਆ ਰਹੇ ਹਨ। ਇਸੇ ਲੜੀ 'ਚ ਦਿੱਲੀ ਪੁਲਿਸ ਸਾਈਬਰ ਸੈੱਲ ਨੂੰ ਧਾਲੀਵਾਲ ਦੀ ਸਹਿਯੋਗੀ ਅਨੀਤਾ ਲਾਲ ਬਾਰੇ ਵੀ ਪਤਾ ਚੱਲਿਆ ਹੈ। ਜਿਹੜੀ ਜਾਣਕਾਰੀ ਸਾਹਮਣੇ ਆ ਰਹੀ ਹੈ, ਉਸ ਦੇ ਮੁਤਾਬਿਕ, ਟੂਲ ਕਿੱਟ ਤਿਆਰ ਕਰਨ 'ਚ ਅਨੀਤਾ ਲਾਲ ਵੀ ਸ਼ਾਮਲ ਹਨ। ਅਨੀਤਾ ਕੈਨੇਡਾ 'ਚ ਰਹਿੰਦੀ ਹੈ। ਉਹ ਪੋਇਟਿਕ ਜਸਟਿਸ ਫਾਊਂਡੇਸ਼ਨ ਦੀ ਸਹਿ-ਸੰਸਥਾਪਕ ਤੇ ਵਿਸ਼ਵ ਸਿੱਖ ਸੰਗਠਨ 'ਚ ਸੰਸਥਾਪਕ ਮੈਂਬਰ ਹੈ।

### ਟੂਲਕਿੱਟ ਜ਼ਰੀਏ ਦੰਗੇ ਭੜਕਾਉਣ ਦਾ ਨਹੀਂ ਸੀ ਏਜੰਡਾ : ਨਿਕਿਤਾ

ਦਿੱਲੀ ਦੀ ਇਕ ਅਦਾਲਤ ਵੱਲੋਂ ਗ਼ੈਰ-ਜ਼ਮਾਨਤੀ ਵਰੰਟ ਜਾਰੀ ਹੋਣ ਤੋਂ ਬਾਅਦ ਨਿਕਿਤਾ ਜੈਕਬ ਨੇ ਮੁੰਬਈ ਹਾਈ ਕੋਰਟ 'ਚ ਟ੍ਰਾਂਜ਼ਿਟ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਲਗਾਈ ਹੈ ਜਿਸ 'ਤੇ ਮੰਗਲਵਾਰ ਨੂੰ ਸੁਣਵਾਈ ਹੋਵੇਗੀ। ਮੁੰਬਈ ਹਾਈ ਕੋਰਟ 'ਚ ਵਕੀਲ ਨਿਕਿਤਾ ਨੇ ਚਾਰ ਹਫ਼ਤੇ ਲਈ ਗ੍ਰਿਫ਼ਤਾਰੀ 'ਤੇ ਰੋਕ ਲਗਾਉਣ ਦੀ ਮੰਗ ਕਰਦੇ ਹੋਏ ਟ੍ਰਾਂਜ਼ਿਟ ਪੇਸ਼ਗੀ ਜ਼ਮਾਨਤ ਮੰਗੀ ਹੈ। ਨਿਕਿਤਾ ਨੇ ਪਟੀਸ਼ਨ 'ਚ ਸਿਆਸੀ ਬਦਲੇ ਤੇ ਮੀਡੀਆ ਟ੍ਰਾਇਲ ਕਾਰਨ ਗ੍ਰਿਫ਼ਤਾਰੀ ਦਾ ਖਦਸ਼ਾ ਪ੍ਰਗਟਾਇਆ ਤੇ ਕਿਹਾ ਕਿ ਟੂਲਕਿੱਟ ਮਾਮਲੇ 'ਚ ਦਰਜ ਐੱਫਆਈਆਰ ਗਲਤ ਤੇ ਬੇਬੁਨਿਆਦ ਹੈ। ਉਸ ਦਾ ਟੂਲਕਿੱਟ ਜ਼ਰੀਏ ਦੰਗੇ ਭੜਕਾਉਣ ਜਾਂ ਕਿਸੇ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਦਾ ਕੋਈ ਏਜੰਡਾ ਨਹੀਂ ਸੀ।



### ਗ੍ਰੇਟਾ ਟਲਕਿੱਟ 'ਚ ਵੱਡਾ ਖ਼ੁਲਾਸਾ, ਖ਼ਾਲਿਸਤਾਨੀਆਂ ਨਾਲ ਜੁੜਿਆ ਹੈ ਟੂਲਕਿੱਟ ਰਿਸੋਰਸ ਪਰਸਨ

ਵਾਤਾਵਰਨ ਪ੍ਰੇਮੀ ਗ੍ਰੇਟਾ ਥਨਬਰਗ ਦੁਆਰਾ ਪੋਸਟ ਟੂਲਕਿੱਟ ਦੇ 'ਰਿਸੋਰਸ ਪਰਸਨ' ਦੇ ਰੂਪ 'ਚ ਇਕ ਵਿਦੇਸ਼ੀ ਮਾਹਿਰ ਪੀਟਰ ਫ੍ਰਾਈਡਰਿੱਕ ਦਾ ਨਾਮ ਸਾਹਮਣੇ ਆਇਆ ਹੈ। ਡਿਸਇੰਫੋਲੈਬ ਦੀ ਇਕ ਰਿਪੋਰਟ ਅਨੁਸਾਰ, ਇੰਫੋ-ਵਾਰ ਅਗੇਂਸਟ ਇੰਡੀਆ (ਭਾਰਤ ਖ਼ਿਲਾਫ਼ ਸੂਚਨਾ ਯੁੱਧ) ਸਬੰਧੀ ਓਐੱਸਆਈਐੱਨਟੀ ਜਾਂਚ 'ਚ ਇਹ ਵੀ ਨਾਮ ਪ੍ਰਮੁੱਖਤਾ ਨਾਲ ਸਾਹਮਣੇ ਆਇਆ ਸੀ। ਪੀਟਰ ਦਾ ਸਬੰਧ ਖ਼ਾਲਿਸਤਾਨੀ ਅੱਤਵਾਦੀ ਨਾਲ ਹੈ।

'ਦਿ ਯੂਐੱਸ-ਐੱਡਿੰਗ ਵਾਰ : ਫ੍ਰਾਮ ਪ੍ਰੌਕਸੀ ਵਾਰ ਟੂ ਇੰਫੋ-ਵਾਰ ਅਗੇਂਸਟ ਇੰਡੀਆ'ਸਿਰਲੇਖ ਨਾਲ ਇਸ ਰਿਪੋਰਟ 'ਚ 2007 ਤੋਂ ਜਾਰੀ ਇਸ ਲੜਾਈ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ। ਇਸ 'ਚ ਅਮਰੀਕਾ 'ਚ ਸ਼ੱਕੀ ਕੰਪਨੀਆਂ, ਫ਼ਰਜ਼ੀ ਵਿਦੇਸ਼ੀ ਮਾਹਿਰ ਅਤੇ ਮੁਖੌਟਾ ਸੰਸਥਾਵਾਂ ਸ਼ਾਮਿਲ ਹਨ। ਰਿਪੋਰਟ ਅਨੁਸਾਰ ਇਸਦੇ ਪਿੱਛੇ ਅਤੀਤ ਦੀ ਇਕ ਕਹਾਣੀ ਹੈ। 1980 ਦੇ ਆਸਪਾਸ ਦੀ ਉਥਲ-ਪੁਥਲ ਦੇ ਸਾਲਾਂ 'ਚ ਇਕ ਅਣਜਾਣ ਜਿਹਾ ਖ਼ਾਲਿਸਤਾਨੀ ਭਜਨ ਸਿੰਘ ਭਿੰਡਰ ਉਰਫ ਇਕਬਾਲ ਚੌਧਰੀ ਦ੍ਰਿਸ਼ 'ਚ ਆਉਂਦਾ ਹੈ। ਉਸਦਾ ਦਾਅਵਾ ਸੀ ਕਿ ਉਹ ਮੂਲ ਰੂਪ ਨਾਲ ਮਲੇਸ਼ੀਆ ਦਾ ਹੈ ਅਤੇ ਅਮਰੀਕਾ ਤੋਂ ਕੰਮ ਕਰ ਰਿਹਾ ਸੀ।


ਉਹ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਦੀ ਮਦਦ ਨਾਲ ਇਹ ਹੋਰ ਅੱਤਵਾਦੀ ਲਾਲ ਸਿੰਘ ਰਾਹੀਂ ਭਾਰਤ ਦੇ ਵਿਭਿੰਨ ਸ਼ਹਿਰਾਂ 'ਚ ਵੱਡੇ ਪੈਮਾਨੇ 'ਤੇ ਹਿੰਸਕ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਅੱਤਵਾਦੀ ਨੈੱਟਵਰਕ ਦੀ ਫੰਡਿੰਗ ਕਰ ਰਿਹਾ ਸੀ। ਲਾਲ ਸਿੰਘ ਦੇ ਦਾਦਰ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਹੋਣ ਤੋਂ ਬਾਅਦ ਉਸਦੀ ਸਾਜਿਸ਼ ਨਾਕਾਮ ਹੋ ਗਈ।

ਰਿਪੋਰਟ ਅਨੁਸਾਰ, 2011 'ਚ ਭਾਰਤ ਨੇ ਭਿੰਡਰ ਨੂੰ ਵੀ ਕਾਲੀ ਸੂਚੀ 'ਚ ਸ਼ਾਮਿਲ ਕਰ ਦਿੱਤਾ ਸੀ। ਭਾਰਤ 'ਚ ਉਕਤ ਹਮਲਿਆਂ ਦੀ ਯੋਜਨਾ ਕੇ-2 (ਕਸ਼ਮੀਰ-ਖ਼ਾਲਿਸਤਾਨ) ਨਾਮਕ ਵੱਡੀ ਸਾਜ਼ਿਸ਼ ਦਾ ਹਿੱਸਾ ਸੀ। ਇਹ ਸਾਜ਼ਿਸ਼ ਲਾਹੌਰ 'ਚ ਜਮਾਤ ਏ ਇਸਲਾਮੀ ਦੇ ਤਤਕਾਲੀਨ ਸਕੱਤਰ ਆਮਿਰ ਓਲ ਅਜੀਮ ਦੀ ਸੁਰੱਖਿਆ 'ਚ ਕਈ ਪਾਕਿਸਤਾਨੀ ਅਦਾਰਿਆਂ ਦੀ ਮਦਦ ਨਾਲ ਰਚੀ ਗਈ ਸੀ। ਸਾਜਿਸ਼ ਕਰਤਾਵਾਂ 'ਚ ਪਾਕਿਸਤਾਨ ਦੇ ਵਰਤਮਾਨ ਮੰਤਰੀ ਫਵਾਦ ਚੌਧਰੀ ਦੇ ਚਾਚਾ ਚੌਧਰੀ ਅਲਤਾਫ ਹੁਸੈਨ ਵੀ ਸ਼ਾਮਿਲ ਸੀ।

ਭਿੰਡਰ ਅਮਰੀਕਾ 'ਚ ਆਪਣੇ ਗੈਂਗ ਦੇ ਨਾਲ ਡਰੱਗਸ ਤਸਕਰੀ ਨੈੱਟਵਰਕ ਅਤੇ ਡੀਵੀਡੀ ਪਾਈਰੇਸੀ ਨੈੱਟਵਰਕ 'ਚ ਲਿਪਤ ਸੀ। ਆਪਣੇ ਡਰੱਗਜ਼ ਨੈੱਟਵਰਕ ਲਈ ਧਨ ਇਕੱਠਾ ਕਰਨ ਦੇ ਮਕਸਦ ਨਾਲ ਉਸਨੇ ਜ਼ਬਰਦਸਤ ਖ਼ੂਨ-ਖ਼ਰਾਬੇ ਤੋਂ ਬਾਅਦ ਅਮਰੀਕਾ ਦੇ ਸਭ ਤੋਂ ਪ੍ਰਮੁੱਖ ਗੁਰਦੁਆਰੇ (ਫ੍ਰੀਮੋਂਟ ਗੁਰਦੁਆਰਾ) 'ਤੇ ਕੰਟਰੋਲ ਹਾਸਿਲ ਕਰ ਲਿਆ ਸੀ। ਫ੍ਰੀਮੋਂਟ ਗੁਰਦੁਆਰੇ ਨੂੰ ਹਰ ਸਾਲ ਕਰੋੜਾਂ ਡਾਲਰ ਦਾ ਦਾਨ ਮਿਲਦਾ ਸੀ। ਇਸ ਦੌਰਾਨ ਭਿੰਡਰ ਪਾਕਿਸਤਾਨ ਦੇ ਰਸਤੇ ਭਾਰਤ ਭੇਜਣ ਲਈ ਹਥਿਆਰਾਂ ਦੀ ਖ਼ਰੀਦ ਦੀ ਕੋਸ਼ਿਸ਼ ਵੀ ਕਰ ਰਿਹਾ ਸੀ। ਇਸ ਕੋਸ਼ਿਸ਼ 'ਚ ਉਹ ਅਮਰੀਕੀ ਪੁਲਿਸ ਦੀ ਰਡਾਰ 'ਤੇ ਆ ਗਿਆ। ਡੀਈਓ ਦੇ ਵਿਸ਼ੇਸ਼ ਏਜੰਟ ਟਿਮ ਲੁਮ ਦੀ ਜਾਂਚ 'ਚ ਪਤਾ ਚੱਲਿਆ ਕਿ ਭਿੰਡਰ ਕਾਫੀ ਵੱਡੀ ਮਾਤਰਾ 'ਚ ਭਾਰਤ 'ਚ ਹਥਿਆਰ ਭੇਜਣ ਦੀ ਫ਼ਿਰਾਕ 'ਚ ਸੀ। ਹਾਲਾਂਕਿ ਉਸਦੀ ਇਹ ਯੋਜਨਾ ਪਰਵਾਨ ਨਹੀਂ ਚੜ ਪਾਈ।

ਇਹ ਯੋਜਨਾ ਅਸਫ਼ਲ ਹੋਣ ਅਤੇ ਨਵੀਂ ਸਦੀ 'ਚ ਆਨਲਾਈਨ ਪਲੇਟਫਾਰਮ ਦੇ ਉਦੈ ਨੇ ਭਿੰਡਰ ਨੇ ਆਪਣਾ ਧਿਆਨ ਭਾਰਤ ਖ਼ਿਲਾਫ਼ ਇੰਫੋ-ਵਾਰ ਛੇੜਣ 'ਤੇ ਲਗਾ ਦਿੱਤਾ। ਇਸਦੇ ਲਈ ਉਸਨੇ ਸੰਗਠਨ ਬਣਾਉਣ ਅਤੇ ਉਪਯੁਕਤ ਸਾਫ਼ ਚਿਹਰੇ ਚੁਣਨ ਦੀ ਯੋਜਨਾ ਬਣਾਈ।

2006-07 'ਚ ਭਿੰਡਰ ਨੂੰ ਯੁਵਾ ਈਸਾਈ ਮਿਸ਼ਨਰੀ ਪੀਟਰ ਫ੍ਰਾਈਡਰਿਕ ਮਿਲਿਆ ਜੋ ਬੋਲਣ ਅਤੇ ਲਿਖਣ 'ਚ ਕੁਸ਼ਲ ਸੀ, ਪਰ ਚੰਗੀ ਆਮਦਨ ਦੇ ਵਿਕਲਪ ਦੀ ਤਲਾਸ਼ 'ਚ ਸੀ। ਇਸਦੇ ਲਈ ਉਹ ਸਿਕਿਓਰਿਟੀ ਗਾਰਡ ਵੀ ਬਣਨ ਨੂੰ ਤਿਆਰ ਸੀ, ਲਿਹਾਜ਼ਾ ਮਾਹਿਰ-ਕਾਰਜਕਰਤਾ ਬਣਨ ਦਾ ਪ੍ਰਸਤਾਵ ਉਹ ਠੁਕਰਾ ਨਹੀਂ ਪਾਇਆ।




## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਅਗਲਾ 645ਵਾਂ ਪ੍ਰਕਾਸ਼ ਦਿਹਾੜਾ
## 16 ਫਰਵਰੀ 2022 - ਬੁੱਧਵਾਰ

**ਸੰਨ 2021 ਈ., ਨਾਨਕਸ਼ਾਹੀ ਸੰਮਤ 552-53, ਬਿਕ੍ਰਮੀ ਸੰਮਤ 2077-78, ਸਤਿਗੁਰੂ ਰਵਿਦਾਸ ਸੰਮਤ-643-44**

| ਮਹੀਨਾ | ਸੰਗਰਾਂਦ ਤੇ ਦੇਸੀ ਮਹੀਨਾ | ਪੂਰਨਮਾਸ਼ੀ | ਮੱਸਿਆ |
|---|---|---|---|
| ਜਨਵਰੀ | 14-ਵੀਰਵਾਰ (ਮਾਘ) | 28-ਵੀਰਵਾਰ | 13-ਬੁੱਧਵਾਰ |
| ਫਰਵਰੀ | 12-ਸ਼ੁੱਕਰਵਾਰ (ਫੱਗਣ) | 27-ਸ਼ਨੀਵਾਰ | 11-ਵੀਰਵਾਰ |
| ਮਾਰਚ | 14-ਐਤਵਾਰ (ਚੇਤ) | 28-ਐਤਵਾਰ | 13-ਸ਼ਨੀਵਾਰ |
| ਅਪ੍ਰੈਲ | 13-ਮੰਗਲਵਾਰ (ਵਿਸਾਖ) | 27-ਮੰਗਲਵਾਰ | 11-12-ਐਤ-ਸੋਮ |
| ਮਈ | 14-ਸ਼ੁੱਕਰਵਾਰ (ਜੇਠ) | 26-ਬੁੱਧਵਾਰ | 11-ਮੰਗਲਵਾਰ |
| ਜੂਨ | 15-ਮੰਗਲਵਾਰ (ਹਾੜ) | 24-ਵੀਰਵਾਰ | 10-ਵੀਰਵਾਰ |
| ਜੁਲਾਈ | 16-ਸ਼ੁੱਕਰਵਾਰ (ਸਾਵਣ) | 24-ਸ਼ਨੀਵਾਰ | 9-10-ਸ਼ੁੱਕਰ-ਸ਼ਨੀ |
| ਅਗਸਤ | 16-ਸੋਮਵਾਰ (ਭਾਦਰੋਂ) | 22-ਐਤਵਾਰ | 8-ਐਤਵਾਰ |
| ਸਤੰਬਰ | 16-ਵੀਰਵਾਰ (ਅੱਸੂ) | 20-ਸੋਮਵਾਰ | 7-ਮੰਗਲਵਾਰ |
| ਅਕਤੂਬਰ | 17-ਐਤਵਾਰ (ਕੱਤਕ) | 20-ਬੁੱਧਵਾਰ | 6-ਬੁੱਧਵਾਰ |
| ਨਵੰਬਰ | 16-ਮੰਗਲਵਾਰ (ਮੱਘਰ) | 19-ਸ਼ੁੱਕਰਵਾਰ | 4-ਵੀਰਵਾਰ |
| ਦਸੰਬਰ | 15-ਬੁੱਧਵਾਰ (ਪੋਹ) | 19-ਐਤਵਾਰ | 4-ਸ਼ਨੀਵਾਰ |

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜ਼ਿ.)
ਪਿੰਡ: ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144201, # 98725-88620
078141-42944

## ਪੰਜਾਬ ਸਰਕਾਰ ਵੱਲੋਂ ਸਾਲ 2021 ਦੀਆਂ ਛੁੱਟੀਆਂ

**ਜਨਵਰੀ**
ਪ੍ਰਕਾਸ਼ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ — 20 ਬੁੱਧਵਾਰ
ਗਣਤੰਤਰ ਦਿਵਸ — 26 ਮੰਗਲਵਾਰ

**ਫਰਵਰੀ**
ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਜੀ — 27 ਸ਼ਨੀਵਾਰ

**ਮਾਰਚ**
ਮਹਾਂਸ਼ਿਵਰਾਤਰੀ — 11 ਵੀਰਵਾਰ
ਹੋਲੀ — 29 ਸੋਮਵਾਰ

**ਅਪ੍ਰੈਲ**
ਗੁੱਡ ਫਰਾਈਡੇ — 02 ਸ਼ੁੱਕਰਵਾਰ
ਵਿਸਾਖੀ — 13 ਮੰਗਲਵਾਰ
ਜਨਮ ਦਿਵਸ ਡਾ.ਬੀ.ਆਰ. ਅੰਬੇਡਕਰ — 14 ਬੁੱਧਵਾਰ
ਰਾਮ ਨੌਮੀ — 21 ਬੁੱਧਵਾਰ
ਭਗਵਾਨ ਮਹਾਂਵੀਰ ਜੈਅੰਤੀ — 25 ਐਤਵਾਰ

**ਮਈ**
ਈਦ-ਉਲ ਫਿਤਰ/ਸ੍ਰੀ ਪਰਸ਼ੂਰਾਮ ਜਯੰਤੀ — 14 ਸ਼ੁੱਕਰ.

**ਜੂਨ**
ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ — 14 ਸ਼ੁੱਕਰਵਾਰ
ਪ੍ਰਕਾਸ਼ ਪੁਰਬ ਸਤਿਗੁਰੂ ਕਬੀਰ ਜੀ — 24 ਵੀਰਵਾਰ

**ਜੁਲਾਈ**
ਈਦ-ਉਲ-ਜ਼ੁਹਾ (ਬਕਰੀਦ) — 21 ਬੁੱਧਵਾਰ

**ਅਗਸਤ**
ਸੁਤੰਤਰਤਾ ਦਿਵਸ — 15 ਐਤਵਾਰ
ਜਨਮ ਅਸ਼ਟਮੀ — 30 ਸੋਮਵਾਰ

**ਅਕਤੂਬਰ**
ਜਨਮ ਦਿਵਸ ਮਹਾਤਮਾ ਗਾਂਧੀ — 02 ਸ਼ਨੀਵਾਰ
ਮਹਾਰਾਜਾ ਅਗਰਸੈਨ ਜੈਯੰਤੀ — 07 ਵੀਰਵਾਰ
ਦੁਸਹਿਰਾ — 15 ਸ਼ੁੱਕਰਵਾਰ
ਪ੍ਰਗਟ ਦਿਵਸ ਮਹਾਂਰਿਸ਼ੀ ਵਾਲਮੀਕਿ ਜੀ — 20 ਬੁੱਧਵਾਰ

**ਨਵੰਬਰ**
ਦੀਵਾਲੀ — 04 ਵੀਰਵਾਰ
ਵਿਸ਼ਵਕਰਮਾ ਦਿਵਸ — 05 ਸ਼ੁੱਕਰਵਾਰ
ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ — 19 ਸ਼ੁੱਕਰਵਾਰ

**ਦਸੰਬਰ**
ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ — 08 ਬੁੱਧਵਾਰ
ਕ੍ਰਿਸਮਿਸ — 25 ਸ਼ਨੀਵਾਰ

ਸ੍ਰੀ ਗੁਰੂ ਰਵਿਦਾਸ, ਆਦਿਵਾਸੀ ਰਹਿਬਰਾਂ ਦੇ ਬੇਗ਼ਮਪੁਰੇ ਦੀ ਵਿਚਾਰਧਾਰਾ ਨੂੰ ਜਾਨਣ ਲਈ visit at www.begumpuramission.com

ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਹਾੜਿਆਂ ਤੇ ਨਗਰ ਕੀਰਤਨ ਸਜਾਉਣ ਲਈ ਪਾਲਕੀ ਸਾਹਿਬ (ਬੱਸ) ਲਈ ਸੰਪਰਕ ਕਰੋ।



ਤੇਜਿੰਦਰ ਚੋਪੜਾ
ਚੋਪੜਾ ਇਲੈਕਟਰੀਕਲਜ਼
ਆਦਮਪੁਰ ਰੋਡ, ਭੋਗਪੁਰ, ਜ਼ਿਲ੍ਹਾ ਜਲੰਧਰ
98158-65169, 97791-38521 ਜਾਂ visit at www.begumpuramission.com

| | |
|---|---|
| 13 ਅਪ੍ਰੈਲ | ਸਾਲਾਨਾ ਵਿਸਾਖੀ ਜੋੜ ਮੇਲਾ ਖੁਰਾਲਗੜ੍ਹ ਸਾਹਿਬ |
| 26 ਅਕਤੂਬਰ | ਪ੍ਰਕਾਸ਼ ਦਿਵਸ ਸਤਿਗੁਰੂ ਨਾਮਦੇਵ ਜੀ ਮਹਾਰਾਜ |

## ਸ੍ਰੀ ਗੁਰੂ ਰਵਿਦਾਸ ਜੀ ਦੇ 644ਵੇਂ ਪ੍ਰਕਾਸ਼ ਦਿਹਾੜੇ ਦੀਆਂ ਅਦਾਰਾ ਦੇਸ਼ ਦੁਆਬਾ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

# Raja
SWEETS & CATERING

AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets



# Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# HAPPY BAZAAR
HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com



# INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ
ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC
ARTIFICIAL
JEWELRY, SWEETS,
FRESH VEGETABLES
& MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow
Threading Now Open

Eyebrow Threading
& Henna Tattoo

7 times,
Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell :
916-798-8142

Email:
IndiaMarketRoseville@gmail.com



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop